# ਸਿਰਜਣਾ



ਅਕਤੂਬਰ-ਦਸੰਬਰ 2020 **198** 50 ਰੁਪਏ

# ਸਿਰਜਣਾ

**198**

**ਅਕਤੂਬਰ-ਦਸੰਬਰ 2020**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**


※


**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**


※


***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***


※

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**


Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਅੱਜ ਦਾ ਸਮਾਂ, ਸਾਹਿਤ ਅਤੇ ਸਿਆਸਤ/1

ਗਗਨਦੀਪ ਸ਼ਰਮਾ/ਪੰਜ ਕਵਿਤਾਵਾਂ/4

ਅਜੈ ਤਨਵੀਰ/ਦੋ ਗ਼ਜ਼ਲਾਂ/7

ਜਤਿੰਦਰ ਸਿੰਘ ਹਾਂਸ/ਕਹਾਣੀ/ਗੰਦਲਾਂ/8

ਜਰਨੈਲ ਸਿੰਘ ਸੇਖਾ/ਕਹਾਣੀ/ਗੁੱਡ ਮੋਰਨਿੰਗ/14

ਬਲਬੀਰ ਪਰਵਾਨਾ/ਕਹਾਣੀ/ਇਕ ਸੱਚੇ ਕਾਮਰੇਡ ਦਾ ਇਕਲਾਪਾ/22

ਪ੍ਰੇਮ ਮਾਨ/ਕਹਾਣੀ/ਜਿਸ ਤਨ ਲਾਗੈ/31

ਅਮਰਜੀਤ ਕੌਰ ਪੰਨੂੰ/ਕਹਾਣੀ/ਸੁੱਚਾ ਗੁਲਾਬ/43

ਅਵਤਾਰ ਸਿੰਘ ਬਿਲਿੰਗ/ਸਕੈੱਚ/ਬਾਪੂ/52

ਸਾਧੂ ਬਿਨਿੰਗ/ਲੇਖ/ਨੈਤਿਕਤਾ ਅਤੇ ਧਰਮ/59

ਦਵਿੰਦਰ ਦਮਨ/ਲੇਖ/ਰੰਗਮੰਚ ਅਤੇ ਲੋਕਤੰਤਰ/71

ਬਲਜੀਤ ਬਾਸੀ/ਸ਼ਬਦ ਝਰੋਖਾ/ਵੱਡਾ ਫਲਾਤੂ/76

ਚੰਦਰ ਮੋਹਨ/ਰਿਵਿਊ ਨਿਬੰਧ/ਚਿਹਰਾ ਚਿਹਰਾ ਮੈਂ/79

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਆਜ਼ਾਦੀ ਸੰਗਰਾਮ: ਗਦਰੀ ਲਹਿਰਾਂ ਦੀ ਹਿੱਸੇਦਾਰੀ/83

ਹਰਿੰਦਰ ਸਿੰਘ/ਰਿਵਿਊ/ਹਾਰੀਂ ਨਾ ਬਚਨਿਆ/86/ ਇਸ਼ਕ ਮਲੰਗੀ/93

ਜੇ.ਬੀ. ਸੇਖੋਂ/ਰਿਵਿਊ/ਸ਼ੋਅ-ਰੂਮ/88

ਪਰਗਟ ਸਿੰਘ ਬਰਾੜ/ਰਿਵਿਊ/ਮਿਲ ਗਿਆ ਨੈੱਕਲੈਸ/91


**ਟਾਈਟਲ ਚਿੱਤਰ : ਦੇਵ**


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

**ਸੰਪਾਦਕੀ**

# ਅੱਜ ਦਾ ਸਮਾਂ, ਸਾਹਿਤ ਅਤੇ ਸਿਆਸਤ

*ਹੁਣ ਸਮਾਂ ਸਾਧਾਰਨ ਨਹੀਂ...*

ਭਾਰਤ ਦੀ ਸਥਾਪਤੀ ਹੁਣ ਜਿਸ ਦੌਰ ਵਿਚ ਦਾਖ਼ਲ ਹੋ ਰਹੀ ਹੈ, ਉਸ ਬਾਬਤ ਖਿਆਲ ਝੰਜੋੜਨ ਵਾਲਾ ਹੈ। ਸੰਵਿਧਾਨ ਨੂੰ ਤਾਕ ਅੰਦਰ ਤੱਜ ਦਿੱਤਾ ਗਿਆ ਹੈ। ਜਮਹੂਰੀਅਤ ਅਤੇ ਜਮਹੂਰੀ ਸੰਸਥਾਵਾਂ ਦਾ ਸਵਾਲ ਤਾਂ ਪਹਿਲਾਂ ਹੀ ਸਵਾਲਾਂ ਦੇ ਘੇਰੇ ਵਿਚ ਸੀ, ਹੁਣ ਆਸ ਦਾ ਇਹ ਅਤਿ ਮਹੀਨ ਲੜ ਵੀ ਤੇਜ਼ੀ ਨਾਲ ਛੁੱਟਦਾ ਜਾਪਦਾ ਹੈ। ਹੁਣ ਤਾਂ ਸਗੋਂ ਫੈਡਰਲ ਢਾਂਚੇ ਦੇ ਉਡਦੇ ਪਰਖਚਿਆਂ ਦਾ ਮਸਲਾ ਹੁੱਝ ਮਾਰ ਕੇ ਸਾਹਮਣੇ ਆਣ ਖਲੋਇਆ ਹੈ। ਸਿਤਮਜ਼ਰੀਫ਼ੀ ਇਹ ਕਿ ਅਜਿਹੇ ਮਸਲਿਆਂ ਬਾਰੇ ਸਵਾਲ ਕਰਨ ਵਾਲੇ ਹਰ ਸਿਆਸੀ ਕਾਰਕੁਨ, ਬੁੱਧੀਜੀਵੀ ਅਤੇ ਕਲਾਕਾਰ ਦੀ ਜ਼ੁਬਾਨ ਕੱਟੀ ਜਾ ਰਹੀ ਹੈ। ਇਸ ਪ੍ਰਸੰਗ ਵਿਚ ਦਿੱਲੀ ਦੰਗਿਆਂ ਦੀ ਸਿਰਫ਼ ਇਕ ਮਿਸਾਲ ਹੀ ਸਾਰਾ ਕੁਝ ਸਪਸ਼ਟ ਕਰ ਦਿੰਦੀ ਹੈ। ਦਿੱਲੀ ਦੰਗਿਆਂ ਦਾ ਮਸਲਾ ਜਿਸ ਢੰਗ-ਤਰੀਕੇ ਨਾਲ ਨਜਿੱਠਿਆ ਜਾ ਰਿਹਾ ਹੈ, ਉਸ ਨੇ ਹੁਣ ਕੋਈ ਭਰਮ-ਭੁਲੇਖਾ ਨਹੀਂ ਰਹਿਣ ਦਿੱਤਾ ਕਿ ਆਉਣ ਵਾਲੇ ਭਾਰਤ ਦੇ ਨਕਸ਼ ਕਿਸ-ਕਿਸ ਤਰ੍ਹਾਂ ਦੇ ਘੜਨ ਦੀ ਕਵਾਇਦ ਚੱਲ ਰਹੀ ਹੈ। ਸ਼ਾਹੀਨ ਬਾਗ਼ ਮੋਰਚਾ ਦਸੰਬਰ 2019 ਵਿਚ ਆਰੰਭ ਹੋਇਆ। ਇਹ ਨਾਗਰਿਕਤਾ (ਸੋਧ) ਐਕਟ ਦੀ ਮੁਖ਼ਾਲਫ਼ਤ ਵਾਲੇ ਦਿਨ ਸਨ। ਫਰਵਰੀ 2020 ਵਿਚ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਾਲੀ ਨਿੱਘਰੀ ਸਿਆਸਤ ਵੀ ਔਰਤਾਂ ਦੇ ਇਸ ਵਿਲੱਖਣ ਮੋਰਚੇ ਨੇ ਝੱਲ ਲਈ ਪਰ ਅਮਰੀਕੀ ਸਦਰ ਡੋਨਲਡ ਟਰੰਪ ਦੀ ਫੇਰੀ (24-25 ਫਰਵਰੀ) ਤਕ ਪੁੱਜਦਿਆਂ-ਪੁੱਜਦਿਆਂ ਫਿਜ਼ਾ ਅੰਦਰ ਇੰਨੀ ਜ਼ਹਿਰ ਘੋਲ਼ੀ ਜਾ ਚੁੱਕੀ ਸੀ ਅਤੇ ਸਿਆਸਤ ਦੀਆਂ ਗੋਟੀਆਂ ਇਸ ਢੰਗ ਨਾਲ ਸੁੱਟੀਆਂ ਜਾ ਚੁੱਕੀਆਂ ਸਨ ਕਿ ਮੌਤ, ਅੱਗਜ਼ਨੀ ਅਤੇ ਲੁੱਟ-ਖੋਹ ਦਾ ਤਾਂਡਵ ਸਭ ਨੇ ਦੇਖਿਆ; ਇਕ ਫ਼ਿਰਕੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ ਗਿਆ ਅਤੇ ਸੱਤਾਧਾਰੀ ਪਾਰਟੀ ਨਾਲ ਜੁੜੇ ਆਗੂਆਂ ਦੇ ਭੜਕਾਊ ਬਿਆਨ ਨਾ ਚੋਣ ਕਮਿਸ਼ਨ ਨੂੰ ਸੁਣੇ, ਨਾ ਅਦਾਲਤ ਨੇ ਹੀ ਇਨ੍ਹਾਂ ਨੂੰ ਗੌਲਣ ਦੀ ਜ਼ਹਿਮਤ ਉਠਾਈ। ਹੁਣ ਪੁਲਿਸ ਦੇ ਰਵੱਈਏ ਨੇ ਰਹਿੰਦੀ ਕਸਰ ਕੱਢ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਅਧੀਨ ਕੰਮ ਕਰਦੀ ਦਿੱਲੀ ਪੁਲਿਸ ਨੇ ਇਨ੍ਹਾਂ ਦਿੱਲੀ ਦੰਗਿਆਂ ਬਾਰੇ 17500 ਸਫਿਆਂ ਦੀ ਜਿਹੜੀ ਚਾਰਜਸ਼ੀਟ ਹੁਣ ਅਦਾਲਤ ਵਿਚ ਪੇਸ਼ ਕੀਤੀ ਹੈ, ਉਸ ਵਿਚ ਨਾਗਰਿਕਤਾ (ਸੋਧ) ਐਕਟ ਦੀ ਮੁਖ਼ਾਲਫ਼ਤ ਕਰਨ ਵਾਲਿਆਂ ਦੇ ਹੀ ਨਾਂ ਸ਼ਾਮਿਲ ਕੀਤੇ ਗਏ ਹਨ। ਇਨ੍ਹਾਂ ਵਿਚ ਖੱਬੇ-ਪੱਖੀ ਵਿਦਿਆਰਥੀ ਜੱਥੇਬੰਦੀਆਂ ਨਾਲ ਸੰਬੰਧਤ ਕਾਰਕੁਨ ਅਤੇ ਸ਼ਾਹੀਨ ਬਾਗ਼ ਮੋਰਚੇ ਦੀ ਹਮਾਇਤ ਵਾਲੇ ਬੁੱਧੀਜੀਵੀ ਸ਼ਾਮਿਲ ਹਨ। ਗ੍ਰਿਫ਼ਤਾਰੀਆਂ ਵੀ ਇਨ੍ਹਾਂ ਧਿਰਾਂ ਨਾਲ ਸੰਬੰਧਤ ਲੋਕਾਂ ਦੀਆਂ ਹੀ ਹੋਈਆਂ ਹਨ।

ਅਸਲ ਵਿਚ, ਸਮੁੱਚੇ ਸੰਸਾਰ ਉੱਤੇ ਛਾਈ ਕਰੋਨਾ ਵਾਇਰਸ ਦੀ ਮਹਾਮਾਰੀ ਦੇ ਬਹਾਨੇ ਸੱਤਾਧਾਰੀਆਂ ਨੇ ਅਵਾਮ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕੀਤਾ ਹੋਇਆ ਹੈ। ਨਵੇਂ ਬਣਾਏ ਖੇਤੀ ਐਕਟ, ਬਿਜਲੀ (ਸੋਧ) ਬਿੱਲ ਮੁਲਕ ਦੇ ਫੈਡਰਲ ਢਾਂਚੇ ਉੱਤੇ ਸਿੱਧਾ ਹਮਲਾ ਹਨ। ਇਸ ਤੋਂ ਪਹਿਲਾਂ ਜੀ.ਐੱਸ.ਟੀ. ਨੂੰ ਵੀ ਰਾਜਾਂ ਦੇ ਹੱਕਾਂ ਦਾ ਘਾਣ ਕਰਨ ਲਈ ਵਰਤਿਆ ਗਿਆ। ਜੰਮੂ ਕਸ਼ਮੀਰ ਲਈ ਵਿਸ਼ੇਸ਼ ਰਾਜ ਵਾਲੀ ਧਾਰਾ 370 ਇਕੋ ਝਟਕੇ ਨਾਲ ਮਨਸੂਖ ਕਰ ਦਿੱਤੀ ਗਈ। ਇਕ-ਇਕ ਕਰ ਕੇ ਰਾਜਾਂ ਦੀਆਂ ਤਾਕਤਾਂ ਦਾ ਕੇਂਦਰੀਕਰਨ ਕਰ ਕੇ ਤਾਨਾਸ਼ਾਹ

ਕੇਂਦਰ ਵੱਲ ਕਦਮ ਵਧਾਏ ਜਾ ਰਹੇ ਹਨ। ਇਸ ਦਾ ਸਿੱਧਾ ਅਸਰ ਰਾਜਾਂ ਦੀ ਸਾਹਿਤਕ-ਸੱਭਿਆਚਾਰਕ ਅਤੇ ਭਾਸ਼ਾਈ ਵੰਨ-ਸਵੰਨਤਾ ਉੱਤੇ ਪੈਣਾ ਹੈ। ਇਸ ਦੀ ਹਾਲੀਆ ਮਿਸਾਲ ਜੰਮੂ ਕਸ਼ਮੀਰ ਅਤੇ ਰਾਜਸਥਾਨ ਵਿਚ ਪੰਜਾਬੀ ਨਾਲ ਕੀਤਾ ਵਿਤਕਰਾ ਹੈ।

*ਸੱਚਮੁੱਚ ਨਵੇਂ ਉਸਰ ਰਹੇ ਭਾਰਤ ਦੇ ਨਕਸ਼ ਹੁਣ ਪਛਾਣੇ ਨਹੀਂ ਜਾ ਰਹੇ... ।*

ਖ਼ੈਰ! ਇਨ੍ਹਾਂ ਅਸਾਧਾਰਨ ਸਮਿਆਂ ਅੰਦਰ ਹੋਰ ਵੀ ਕਈ ਕੁਝ ਅਸਾਧਾਰਨ ਵਾਪਰਿਆ ਹੈ... ਜਦੋਂ ਕਰੋਨਾ ਵਾਇਰਸ ਦੇ ਬਹਾਨੇ ਸਰਕਾਰ ਸਹਿਮ, ਖ਼ੌਫ਼ ਅਤੇ ਦਹਿਸ਼ਤ ਦੀ ਵਾਛੜ ਕਰ ਰਹੀ ਸੀ ਤਾਂ ਸੋਸ਼ਲ ਮੀਡੀਆ ਉੱਤੇ ਕੁਝ ਜਿਊੜੇ ਇਨ੍ਹਾਂ ਔਖੇ ਸਮਿਆਂ ਦੌਰਾਨ ਇਕ-ਦੂਜੇ ਨਾਲ ਆਪਣਾ ਹਾਲ-ਚਾਲ ਸਾਂਝਾ ਕਰ ਰਹੇ ਸਨ। ਇਸੇ ਕਵਾਇਦ ਵਿਚੋਂ ਆਨਲਾਈਨ ਗੱਲਾਂਬਾਤਾਂ ਲਈ ਰਾਹ ਖੁੱਲ੍ਹਿਆ ਅਤੇ ਮਸਲੇ ਵਿਚਾਰੇ ਜਾਣ ਲੱਗੇ। ਇਸੇ ਕਵਾਇਦ ਵਿਚੋਂ ਹੀ ਪੰਜਾਬ ਅਤੇ ਪੰਜਾਬੀ ਬਾਰੇ ਜਿਹੜੀਆਂ ਗੱਲਾਂ ਤੁਰੀਆਂ, ਉਹ ਕਈ ਪੱਖਾਂ ਤੋਂ ਬੇਮਿਸਾਲ ਹੋ ਨਿਬੜੀਆਂ ਅਤੇ ਇਸ ਨੇ ਦੋਹਾਂ ਪੰਜਾਬਾਂ ਵਿਚਕਾਰ ਪੈਦਾ ਹੋਏ ਪਾੜੇ ਨੂੰ ਪੂਰਨ ਵੱਲ ਨਰੋਈ ਪੁਲਾਂਘ ਭਰੀ। 1947 ਤੋਂ ਬਾਅਦ ਲਿੱਪੀ ਇਕ ਤਰ੍ਹਾਂ ਨਾਲ ਪੰਜਾਬੀ ਸਾਹਿਤ-ਸੱਭਿਆਚਾਰ ਅੰਦਰਲੀ ਸਾਂਝ ਵਿਚਕਾਰ ਵੱਡਾ ਮਸਲਾ ਬਣੀ ਹੋਈ ਸੀ ਕਿਉਂਕਿ ਫ਼ਿਰਕੂ ਸਿਆਸਤ ਕਾਰਨ ਚੜ੍ਹਦੇ ਪੰਜਾਬ ਵਿਚ ਸ਼ਾਹਮੁਖੀ ਅਤੇ ਲਹਿੰਦੇ ਪੰਜਾਬ ਵਿਚ ਗੁਰਮੁਖੀ ਨਾਲੋਂ ਨਾਤਾ ਇਕ ਲਿਹਾਜ਼ ਨਾਲ ਟੁੱਟ ਹੀ ਗਿਆ ਸੀ। ਦੋਹੀਂ ਪਾਸੀਂ ਬੈਠੇ ਪਾਠਕ ਅਤੇ ਲੇਖਕ ਇਕ ਦੂਜੇ ਦੀਆਂ ਲਿਖਤਾਂ ਪੜ੍ਹਨ ਤੋਂ ਆਹਰੀ ਹੋ ਗਏ ਸਨ। ਹੁਣ ਆਡੀਓ ਨੇ ਲਿਪੀ ਦੀਆਂ ਇਹ ਦੂਰੀਆਂ ਕੁਝ ਹੱਦ ਤਕ ਮਿਟਾ ਦਿੱਤੀਆਂ ਹਨ। ਇਹ ਅਸਲ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਪੱਖ ਤੋਂ ਇਸ ਦੌਰ ਦਾ ਸਭ ਤੋਂ ਵੱਡਾ ਹਾਸਲ ਹੈ। ਇਸ ਪ੍ਰਸੰਗ ਵਿਚ ਲਾਇਲਪੁਰੀਆਂ ਦੀ ਗੱਲ ਕਰਨਾ ਵੀ ਵਾਜਬ ਪ੍ਰਤੀਤ ਹੁੰਦਾ ਹੈ। ਇਤਿਹਾਸ ਨਾਲ ਜੁੜੇ ਇਨ੍ਹਾਂ ਨੌਜਵਾਨ ਪਿਆਰਿਆਂ ਨੇ ਸੰਸਾਰ ਭਰ ਵਿਚ ਵੱਖ-ਵੱਖ ਵਿਸ਼ਿਆਂ ਦੇ ਮਾਹਿਰਾਂ ਨੂੰ ਇਕ ਮੰਚ 'ਤੇ ਲਿਆਂਦਾ ਅਤੇ ਉਚੇਚੇ ਤੌਰ 'ਤੇ ਪੰਜਾਬੀ ਵਿਚ ਲੈਕਚਰਾਂ ਦੇ ਇੰਤਜ਼ਾਮ ਕੀਤੇ। ਇਸੇ ਪ੍ਰਸੰਗ ਵਿਚ ਹੋਰ ਵੀ ਪੰਜਾਬੀ ਸਿਆਣਿਆਂ ਦੇ ਨਾਂ ਸਹਿਜੇ ਹੀ ਗਿਣਾਏ ਜਾ ਸਕਦੇ ਹਨ ਜਿਨ੍ਹਾਂ ਦੀ ਬਦੌਲਤ ਦੋਹਾਂ ਪੰਜਾਬਾਂ ਦੇ ਸਿਰ ਜੁੜੇ ਅਤੇ ਸਾਹਿਤ ਤੇ ਸੱਭਿਆਚਾਰ ਬਾਰੇ ਗੱਲ ਅਗਾਂਹ ਤੁਰੀ। ਇਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਧੰਨਭਾਗ ਹਨ।

ਸੰਤਾਲੀ ਵਿਚ ਪੰਜਾਬ ਦੀ ਵੰਡ ਇਸ ਖਿੱਤੇ ਦੀ ਸਿਆਸਤ ਅਤੇ ਸੱਭਿਆਚਾਰ ਉੱਤੇ ਵੱਡੇ ਪੱਧਰ 'ਤੇ ਅਸਰਅੰਦਾਜ਼ ਹੋਈ ਹੈ। ਦੋਹਾਂ ਪਾਸਿਆਂ ਦੇ ਜਿਊੜੇ ਜਦੋਂ-ਜਦੋਂ ਵੀ ਆਪਸ ਵਿਚ ਮਿਲਦੇ ਰਹੇ ਹਨ, ਦੋਹਾਂ ਪੰਜਾਬਾਂ ਦੇ ਇਕੱਠੇ ਹੋਣ ਦੀਆਂ ਗੱਲਾਂ ਅਕਸਰ ਚੱਲਦੀਆਂ ਰਹੀਆਂ ਹਨ। ਅਜਿਹੀਆਂ ਗੱਲਾਂ ਦੀ ਬੁਨਿਆਦ ਬਿਨਾਂ ਸ਼ੱਕ, ਨਿਰੋਲ ਭਾਵੁਕਤਾ ਦੀ ਜੂਨੇ ਪਈ ਹੁੰਦੀ ਹੈ, ਕਿਉਂਕਿ 1947 ਤੋਂ ਪਿੱਛੋਂ ਦੋ ਦੇਸ਼ਾਂ ਦੀ ਹੋਂਦ ਤੋਂ ਨਾ ਤਾਂ ਹਕੀਕੀ ਤੌਰ 'ਤੇ ਇਨਕਾਰੀ ਹੋਇਆ ਜਾ ਸਕਦਾ ਹੈ ਅਤੇ ਨਾ ਹੀ ਦੋਹਾਂ ਦੇ ਆਪਣੇ ਕੌਮੀ ਸਵੈਮਾਣ ਨੂੰ ਕਿਸੇ ਤਰ੍ਹਾਂ ਦੀ ਠੇਸ ਪੁਚਾਉਣੀ ਵਾਜਬ ਹੈ। ਤਦ ਵੀ ਸਾਹਿਤ-ਸੱਭਿਆਚਾਰ ਦੇ ਪਿੜ ਵਿਚ ਜਿਹੜੀ ਗਲਵੱਕੜੀ ਪਈ ਹੈ, ਉਸ ਨੂੰ ਖ਼ੁਸ਼-ਆਮਦੀਦ ਕਹਿਣਾ ਬਣਦਾ ਹੈ। ਇਸ ਗਲਵੱਕੜੀ ਅਤੇ ਤਕਨੀਕੀ ਤਰੱਕੀ ਦੇ ਇਸ ਦੌਰ ਵਿਚ ਕੱਲ੍ਹ ਨੂੰ ਜੇ ਕੋਈ ਪੰਜਾਬੀ ਆਡੀਓ ਰਿਸਾਲਾ ਸਿਰ ਕੱਢ ਲਵੇ ਤਾਂ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ।

ਉਂਝ ਵੀ ਇਹ ਕੋਈ ਇਤਫ਼ਾਕ ਨਹੀਂ ਕਿ ਕੇਂਦਰੀ ਸੱਤਾ ਖ਼ਿਲਾਫ਼ ਸਭ ਤੋਂ ਵੱਧ ਰੋਹ ਪੰਜਾਬ ਤੋਂ ਹੀ ਦਰਜ ਹੋਇਆ ਹੈ। ਇਸ ਨੁਕਤੇ ਅੰਦਰ ਹੀ ਮੌਲਦੇ ਪੰਜਾਬ ਦੀ ਕਥਾ ਲੁਕੀ ਹੋਈ ਹੈ। 000

# *ਸਿਰਜਣਾ ਦੇ ਪੁਰਾਣੇ ਅੰਕ*

## *SIRJANA ARCHIVES ON INTERNET*

*ਕੈਨੇਡਾ ਵਸਦੇ ਪੰਜਾਬੀ ਚਿੰਤਕ-ਲੇਖਕ ਅਤੇ 'ਸਿਰਜਣਾ' ਦੇ ਸਹਿਯੋਗੀ ਤੇ ਕਦਰਦਾਨ ਸੁਖਵੰਤ ਹੁੰਦਲ ਨੇ 'ਸਿਰਜਣਾ' ਦੀਆਂ ਸਾਰੀਆਂ ਪ੍ਰਾਪਤ ਫਾਈਲਾਂ ਨੂੰ ਡਿਜੀਟਲ ਰੂਪ ਵਿਚ ਇੰਟਰਨੈੱਟ 'ਤੇ ਪਾਉਣ ਦਾ ਵੱਡਾ ਕੰਮ ਕੀਤਾ ਹੈ। ਬਹੁਤ ਮਿਹਨਤ ਮੰਗਦਾ ਇਹ ਕਾਰਜ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਆਪਣੀ ਸੇਵਾ-ਮੁਕਤੀ ਤੋਂ ਪਿੱਛੋਂ ਉਸਨੇ ਕਾਫੀ ਸਮਾਂ ਨਿੱਠਕੇ ਕੰਮ ਕਰਦਿਆਂ ਨਿਪਟਾਇਆ ਹੈ। ਉਸਨੇ ਲਿਖਿਆ ਹੈ ਕਿ 1965 ਤੋਂ ਪ੍ਰਕਾਸ਼ਨਾ ਆਰੰਭ ਕਰਨ ਵਾਲੇ 'ਤ੍ਰੈਮਾਸਕ ਸਾਹਿਤਕ ਮੈਗਜ਼ੀਨ 'ਸਿਰਜਣਾ' ਦੀ ਪੰਜਾਬੀ ਸਾਹਿਤਕ ਜਗਤ ਵਿਚ ਇਕ ਮਹੱਵਪੂਰਨ ਥਾਂ ਹੈ। 'ਸਿਰਜਣਾ' ਸਾਹਵੇਂ ਇਹ ਗੱਲ ਹਮੇਸ਼ਾ ਸਪਸ਼ਟ ਰਹੀ ਹੈ ਕਿ ਸਾਹਿਤ ਰਚਨਾ ਨੂੰ ਸੁਹਜ ਤੇ ਕਲਾ ਦੀਆਂ ਲੋੜਾਂ ਪੂਰੀਆਂ ਕਰਨ ਦੇ ਨਾਲ ਨਾਲ ਜੀਵਨ ਦੀ ਡੂੰਘੀ ਤੇ ਅਰਥਪੂਰਨ ਸਮਝ ਪ੍ਰਦਾਨ ਕਰਨ ਦਾ ਵਾਹਣ ਬਣਨਾ ਚਾਹੀਦਾ ਹੈ। ਇਸੇ ਕਰਕੇ ਹੀ ਆਪਣੇ ਅੱਧੀ ਸਦੀ ਤੋਂ ਵੱਧ ਲੰਮੇ ਸਫਰ ਦੌਰਾਨ 'ਸਿਰਜਣਾ' ਪ੍ਰਗਤੀਵਾਦੀ ਅਤੇ ਮਾਨਵਵਾਦੀ ਪੰਜਾਬੀ ਸਾਹਿਤ ਦੇ ਆਦਾਨ ਪ੍ਰਦਾਨ ਲਈ ਇਕ ਕੀਮਤੀ ਅਤੇ ਬਹੁਤ ਹੀ ਜ਼ਰੂਰੀ ਮੰਚ ਪ੍ਰਦਾਨ ਕਰਦਾ ਆ ਰਿਹਾ ਹੈ'। ਏਡਾ ਵੱਡਾ ਕੰਮ ਕਰਨ ਲਈ ਸੁਖਵੰਤ ਹੁੰਦਲ ਦਾ ਬਹੁਤ ਬਹੁਤ ਧੰਨਵਾਦ। ਬਹੁਤ ਸਾਰੀਆਂ ਪੁਰਾਣੀਆਂ ਫਾਈਲਾਂ ਸੁਖਵੰਤ ਹੁੰਦਲ ਨੂੰ ਉਪਲਭਦ ਕਰਾਉਣ ਵਿਚ ਉਸਦੇ ਅਤੇ ਸੰਪਾਦਕ 'ਸਿਰਜਣਾ' ਦੇ ਸੁਹਿਰਦ ਮਿੱਤਰ ਸਾਧੂ ਬਿਨਿੰਗ ਨੇ ਵੀ ਯੋਗਦਾਨ ਪਾਇਆ ਹੈ। ਇਸ ਲਈ ਮਿੱਤਰ ਸਾਧੂ ਬਿਨਿੰਗ ਦੇ ਵੀ ਅਸੀਂ ਸ਼ੁਕਰਗਜ਼ਾਰ ਹਾਂ। ਸੁਖਵੰਤ ਵੱਲੋਂ ਤਿਆਰ ਕੀਤੀ 'ਸਿਰਜਣਾ' ਦੀ ਇਸ ਵੈੱਬਸਾਈਟ ਦਾ ਪਤਾ ਹੈ:*

***https://sirjanaarchives.wordpress.com/***

*ਇਸ ਸਾਈਟ ਉੱਤੇ 'ਸਿਰਜਣਾ' ਦੀਆਂ ਪੀਡੀਐੱਫ ਫਾਈਲਾਂ ਦੇ ਨਾਲ ਨਾਲ 'ਸਿਰਜਣਾ' ਵਿਚ ਛਪੀਆਂ ਲਿਖਤਾਂ ਦੀ ਸੂਚੀ ਵੀ ਦਿੱਤੀ ਗਈ ਹੈ। ਹਾਲੇ ਇਸ ਸਾਈਟ ਉੱਤੇ ਸਿਰਜਣਾ ਦੇ ਪਹਿਲੇ ਛੇ ਵਰ੍ਹਿਆਂ ਦੀਆਂ ਫਾਈਲਾਂ ਮੌਜੂਦ ਨਹੀਂ। ਛੇਤੀ ਹੀ ਇਹ ਫਾਈਲਾਂ ਵੀ ਮੁਹਈਆ ਕਰਵਾ ਦਿੱਤੀਆਂ ਜਾਣਗੀਆਂ। ਇੰਝ ਹੁਣ ਪੰਜਾਬੀ ਸਾਹਿਤ ਦੇ ਵਿਦਿਆਰਥੀ ਅਤੇ ਹੋਰ ਚਾਹਵਾਨ ਪਾਠਕ ਮਾਊਸ ਦੇ ਇਕ ਕਲਿੱਕ ਨਾਲ 'ਸਿਰਜਣਾ' ਦੀ ਸਮੁੱਚੀ ਫਾਈਲ ਦੇਖ ਸਕਦੇ ਹਨ।*

*-ਸੰਪਾਦਕ*

# ਪੰਜ ਕਵਿਤਾਵਾਂ: ਗਗਨਦੀਪ ਸ਼ਰਮਾ

## ਰੰਗਾਂ ਦੀ ਜ਼ੁਬਾਨ ਨਹੀਂ ਹੁੰਦੀ

ਰੰਗਾਂ ਦੀ ਜ਼ੁਬਾਨ ਨਹੀਂ ਹੁੰਦੀ
ਨਾ ਸੁਣਨਾ ਹੀ ਆਉਂਦਾ ਰੰਗਾਂ ਨੂੰ
ਨੀਲਾ, ਪੀਲ਼ਾ, ਚਿੱਟਾ--ਲਾਲ, ਹਰਾ, ਭਗਵਾਂ
ਜਿਸ ਨੂੰ ਜੋ ਚਾਹੋ, ਆਖ ਲਵੋ
ਰੰਗਾਂ ਨੂੰ ਕੀ ਫ਼ਰਕ ਪੈਂਦਾ।

ਹਰੇ ਨੂੰ ਲਾਲ ਆਖ ਲਵੋ, ਲਾਲ ਨੂੰ ਪੀਲ਼ਾ
ਪੀਲ਼ੇ ਨੂੰ ਆਖੀ ਜਾਵੋ ਨੀਲਾ -- ਰੰਗਾਂ ਨੂੰ ਕੀ ਹੈ।

ਹੁੰਦੇ ਜੇ ਰੰਗਾਂ ਦੇ ਕੰਨ, ਤਾਂ ਸੁਣ ਜਾਣੀ ਸੀ
ਹਰ ਪਾਸੇ ਇੱਕੋ ਰੰਗ ਚਾੜ੍ਹ ਦੇਣ ਦੀ ਆਹਟ
ਉੱਠ ਖਲ੍ਹੋਣਾ ਸੀ ਭਗਵੇਂ ਨੇ,ਤੇ ਹਲੀਮੀ ਨਾਲ ਆਖਣਾ ਸੀ -
ਹਜ਼ੂਰ! ਮੇਰੀ ਇਕੱਲੇ ਦੀ ਕਾਹਦੀ ਪਛਾਣ
ਨੀਲੇ ਤੇ ਚਿੱਟੇ ਨਾਲ ਹੀ ਸੋਂਹਦਾ ਹਾਂ ਮੈਂ ਤਾਂ
ਬੋਲ ਉੱਠਣਾ ਸੀ ਹਰੇ ਨੇ ਵੀ -
ਇਹ ਤਾਂ ਮੇਰੇ ਆਪਣੇ ਨੇ ਨੀਲਾ ਤੇ ਪੀਲ਼ਾ
ਇਹਨਾਂ ਬਾਝ ਮੈਂ ਕਾਹਦੇ ਜੋਗਾ।

ਰੰਗਾਂ ਦੀ ਜ਼ੁਬਾਨ ਹੁੰਦੀ
ਤਾਂ ਜ਼ੁਬਾਨ ਸੁਰਾਂ ਵਿਚ ਰਚੀ-ਮਿਚੀ ਹੁੰਦੀ
ਸ਼ਾਂਤ ਹੋ ਜਾਂਦੀਆਂ ਅਨੇਕਾਂ ਬੇਸੁਰੀਆਂ ਜ਼ੁਬਾਨਾਂ।

ਰੰਗਾਂ ਦੀ ਜ਼ੁਬਾਨ ਹੁੰਦੀ
ਤਾਂ ਨਰੇਸ਼ ਸਕਸੈਨਾ ਨੂੰ ਲਿਖਣੀ ਨਾ ਪੈਂਦੀ
'ਰੰਗ' ਨਾਮ ਦੀ ਕਵਿਤਾ। 00

## ਔਖੇ ਵੇਲਿਆਂ ਵਿਚ ਇਸ਼ਕ

ਉਹ ਬੜਾ ਉਚਾਟ ਸੀ
ਚੁੱਪ-ਚਾਪ, ਗੁੰਮ-ਸੁੰਮ, ਚੁਫੇਰਲੇ ਵਰਤਾਰਿਆਂ ਤੋਂ ਹੈਰਾਨ
ਮੈਂ ਉਸ ਨੂੰ ਕੀ ਦੇ ਦਿੰਦਾ
ਕਵੀ ਕੋਲ਼ ਹੈ ਹੀ ਕੀ, ਸ਼ਬਦਾਂ ਤੋਂ ਬਿਨਾਂ।

ਮੈਂ ਸ਼ਬਦ ਦੀ ਪੋਟਲੀ ਖੋਲ੍ਹੀ
ਸ਼ਬਦ ਉਸ ਅੱਗੇ ਢੇਰੀ ਕਰ ਦਿੱਤੇ
ਚੁਣ ਲੈ ਜਿਹੜਾ ਚੁਣਨਾ।

ਉਸ ਨੇ ਅਛੋਪਲੇ ਜਿਹੇ ਚੁੱਕ ਲਿਆ
ਇਕ ਸ਼ਬਦ – ਇਸ਼ਕ
ਰੰਗਾਂ–ਤਰੰਗਾਂ ਨਾਲ ਭਰ ਗਿਆ
ਉਸਦਾ ਆਲ਼ਾ–ਦੁਆਲ਼ਾ।

ਹਾਲਾਤ ਕਿੰਨੇ ਵੀ ਔਖੇ ਕਿਉਂ ਨਾ ਹੋਣ
ਇਸ਼ਕ ਦੀ ਜਾਦੂਗਰੀ ਨਹੀਂ ਜਾਂਦੀ।

ਸਮਝ ਜਾਓਗੇ
ਜਦੋਂ ਹੋ ਜਾਏਗਾ ਇਸ਼ਕ। 00

## ਇਤਿਹਾਸ

ਰਚਣ ਵਾਲੇ, ਰਚ ਗਏ ਇਤਿਹਾਸ
ਲਿਖ ਦਿੱਤਾ ਇਤਿਹਾਸ, ਲਿਖਣ ਵਾਲੇ ਲਿਖਾਰੀਆਂ।

ਨਾ ਰਚਿਆ, ਨਾ ਲਿਖਿਆ ਜਿਹਨਾਂ
ਆ ਗਏ ਨੇ ਬਹੁਗਿਣਤੀ ਲੈ ਕੇ
ਇਤਿਹਾਸ ਨੂੰ ਬਦਲਣ।

ਜੇ ਪੜ੍ਹਿਆ ਵੀ ਹੁੰਦਾ ਇਤਿਹਾਸ
ਤਾਂ ਸਮਝ ਜਾਂਦੇ, ਇਤਿਹਾਸ ਰਚਣ ਵਾਲੇ
ਹਮੇਸ਼ਾ ਘੱਟਗਿਣਤੀ ਵਿਚ ਹੁੰਦੇ। 00

## ਅਲਜਬਰਾ

ਜ਼ਿੰਦਗੀ ਦੇ ਸਾਰੇ ਰਿਸ਼ਤਿਆਂ ਦਾ
ਹਿਸਾਬ–ਕਿਤਾਬ ਲਗਾਉਣ ਤੋਂ ਬਾਅਦ
ਮੈਂ ਆਖਿਆ ਉਸਨੂੰ
'ਓਹ ਹੋ, ਤੈਨੂੰ ਤਾਂ ਮੈਂ ਗਿਣਨਾ ਹੀ ਭੁੱਲ ਗਿਆ'।

'ਜਾਣਦੀ ਹਾਂ', ਉਹ ਬੋਲੀ
'ਮੈਨੂੰ ਵੀ ਸਾਹਾਂ 'ਚੋਂ ਕੱਢ ਕੇ, ਧਰ ਦਿੰਦਾ ਪੰਨਿਆਂ 'ਤੇ
ਤਾਂ ਕਵਿਤਾ ਲਿਖਣ ਜੋਗੇ ਸਾਹ
ਕਿੱਥੋਂ ਮੰਗਦਾ ਉਧਾਰੇ'। 00

## ਸਹਿਜ ਇਸ਼ਕ

ਸਿੱਧ-ਪੱਧਰੇ ਜਿਹੇ ਦਿਨ ਸਨ
ਉਹ ਪਹਿਲ-ਪਲੇਠੀ ਜ਼ਿੰਦਗੀ ਦੇ
ਜਦੋਂ ਮਿਲੇ ਸਾਂ ਪਹਿਲੀ ਵਾਰ ਆਪਾਂ
ਰੌਸ਼ਨ-ਰੌਸ਼ਨ ਚਾਰ-ਚੁਫੇਰਾ, ਚਾਰੇ ਪਾਸੇ ਸੰਦਲੀ 'ਵਾਵਾਂ।

ਜੋਬਨ ਆਪਣੇ ਚਰਮ 'ਤੇ ਸੀ ਠਾਠਾਂ ਮਾਰਦਾ
ਮੇਰੇ ਸਾਹਾਂ ਵਿਚ ਤੇਰੀ ਮਹਿਕ ਬਿਖਰਦੀ
ਤੇਰੀਆਂ ਅੱਖਾਂ ਵਿਚ ਮੇਰਾ ਮੋਹ ਚੁੱਭੀਆਂ ਮਾਰਦਾ।

ਸਿੱਧ-ਪੱਧਰੇ ਜਿਹੇ ਦਿਨਾਂ ਵਿਚ
ਕਿੰਨਾ ਸਹਿਜ ਲੱਗਿਆ ਸੀ, ਇਸ਼ਕ ਦਾ ਹੋ ਜਾਣਾ।

ਮੈਂ ਸੋਚਦਾ ਸਾਂ
ਔਖ ਵਾਲੇ ਸਮਿਆਂ ਵਿਚ
ਕਿਵੇਂ ਨਿਭੇਗਾ ਇਸ਼ਕ
ਸਮਾਂ ਕਿੱਥੇ ਵਿਹਲ ਦੇਵੇਗਾ
ਕਿੱਥੋਂ ਆਵੇਗਾ ਏਨਾ ਸਬਰ
ਏਨਾ ਸਹਿਜ ਕਿਵੇਂ ਚਿਤਵਾਂਗਾ ਮੈਂ।

ਬਦਸਤੂਰ ਬਦਲਦੇ ਰਹੇ ਦਿਨ
ਸੌਖੇ-ਔਖੇ, ਔਖੇ-ਸੌਖੇ
ਤੇਰਾ ਇਸ਼ਕ
ਮੈਨੂੰ ਉਂਗਲ਼ ਫੜਾਈ, ਤੋਰੀ ਫਿਰਿਆ।

ਜ਼ਿੰਦਗੀ ਦੇ ਸਭ ਤੋਂ ਔਖੇ ਸਮਿਆਂ ਵਿਚ
ਤੇਰੇ ਇਸ਼ਕ ਨੇ ਵਿਖਾਇਆ, ਆਪਣਾ ਸਭ ਤੋਂ ਸਹਿਜ ਰੂਪ
ਮੈਨੂੰ ਸਮਝ ਹੀ ਨਾ ਰਹੀ, ਇਹ ਔਝੜ ਰਾਹ ਸਨ
ਮੈਂ ਤਾਂ ਮਸਤ ਮੌਲਾ ਬਣ
ਤੇਰੀ ਮੁਹੱਬਤ ਦੇ ਮਿੱਠੇ ਗੀਤ ਗਾਉਂਦਾ
ਸਹਿਜੇ ਹੀ ਲੰਘ ਆਇਆ।

ਕਿੰਨੇ ਸਹਿਜ ਨਾਲ
ਸਿਖਾ ਦਿੰਦਾ ਹੈ ਇਸ਼ਕ, ਜਿਊਣ ਦਾ ਵੱਲ। 000

***(University School of Management,***
***Guru Gobind Singh Indraprastha University,***
***Sector 16 C, Dwarka, New Delhi-110 078)***

## ਦੋ ਗ਼ਜ਼ਲਾਂ: ਅਜੈ ਤਨਵੀਰ

ਮੈਂ ਸਦਾ ਚੜ੍ਹਦੀ ਕਲਾ ਵਿਚ ਦਿਨ ਗੁਜ਼ਾਰੇ ਦੇਖ ਲੈ।
ਹਰ ਕਦਮ 'ਤੇ ਹਾਦਸੇ ਮੇਰੇ ਤੋਂ ਹਾਰੇ ਦੇਖ ਲੈ।

ਧੁੱਪ ਤੋਂ ਡਰਦੇ ਜੋ ਛਤਰੀ ਤਾਣ ਕੇ ਸਨ ਰੱਖਦੇ,
ਮੰਜ਼ਿਲਾਂ ਵੱਲ ਤੁਰ ਪਏ ਹਨ ਲੋਕ ਸਾਰੇ ਦੇਖ ਲੈ।

ਆਪਣੇ ਪੈਰਾਂ 'ਤੇ ਖੜ੍ਹਨਾ ਸਿੱਖ, ਨਾ ਕਮਜ਼ੋਰ ਬਣ,
ਬੇ-ਸਹਾਰੇ ਹੋ ਗਏ ਹਨ ਸਭ ਸਹਾਰੇ ਦੇਖ ਲੈ।

ਮੋਮ ਵਰਗਾ ਅੰਦਰੋਂ ਹਾਂ, ਹਰ ਕਿਸੇ ਨੂੰ ਹੈ ਪਤਾ,
ਆ ਰਹੇ ਹੱਥਾਂ 'ਚ ਲੈ ਕੇ ਅੰਗਿਆਰੇ ਦੇਖ ਲੈ।

ਜੋ ਲੜੇ ਹੱਕਾਂ ਲਈ ਕੁਰਬਾਨ ਹੋਏ ਹੱਸ ਕੇ,
ਸੂਰਮੇ ਕਿੱਦਾਂ ਤੁਸੀਂ ਮਨ ਤੋਂ ਵਿਸਾਰੇ ਦੇਖ ਲੈ।

ਸੋਚ ਤੇਰੀ ਹਰ ਚੁਰਸਤਾ ਹਰ ਗਲ਼ੀ ਰੁਸ਼ਨਾ ਰਹੀ,
ਚੰਦ ਤਾਰੇ ਵੀ ਨੇ ਭਰਦੇ ਹੁਣ ਹੁੰਗਾਰੇ ਦੇਖ ਲੈ।

ਖੁਰ ਗਿਆ ਤਨਵੀਰ ਤੇਰੀ ਯਾਦ ਵਿਚ ਕਿੱਦਾਂ ਭਲਾ,
ਜਾ ਕੇ ਸਾਹਿਲ 'ਤੇ ਕਿਵੇਂ ਖੁਰਦੇ ਕਿਨਾਰੇ ਦੇਖ ਲੈ।

0 0 0 0 0

ਤੇਰੇ ਵਰਗਾ ਨਹੀਂ ਲੱਭਣਾ ਜੋ ਰੁੱਸੇ ਨੂੰ ਮਨਾਵੇ ਹੁਣ,
ਤੇਰਾ ਰੁੱਸਣਾ ਅਤੇ ਮੰਨਣਾ ਬੜਾ ਹੀ ਯਾਦ ਆਵੇ ਹੁਣ।

ਜਦੋਂ ਰੁੱਖਾਂ ਨੂੰ ਦੇਖਾਂ ਮੈਂ ਖੁਸ਼ੀ ਵਿਚ ਝੂਮਦੇ ਹੋਏ,
ਉਦੋਂ ਸੋਚਾਂ ਅਗਰ ਦਿਲਬਰ ਹਵਾ ਬਣਕੇ ਆ ਜਾਵੇ ਹੁਣ।

ਪਤਾ ਤੈਨੂੰ ਜਦੋਂ ਆਪਾਂ ਮਿਲੇ ਸੀ ਪਾਣੀਆਂ ਵਾਂਗਰ,
ਬਰੇਤੀ ਬਣ ਗਏ ਕਾਹਤੋਂ ਬੜਾ ਮੈਨੂੰ ਸਤਾਵੇ ਹੁਣ।

ਤੇਰੇ ਸ਼ਹਿਰੋਂ ਜਦੋਂ ਤੈਨੂੰ ਸੀ ਮਿਲਕੇ ਪਰਤਿਆ ਵਾਪਿਸ,
ਤੇਰਾ ਤੱਕਣਾ ਘੁਮਾ ਕੇ ਧੌਣ ਮੁੜ ਮੁੜ ਯਾਦ ਆਵੇ ਹੁਣ।

ਗੁਜ਼ਾਰੇ ਨਾਲ ਜੋ ਤੇਰੇ ਸੁਨਹਿਰੀ ਪਲ ਕਿਵੇਂ ਭੁੱਲਾਂ,
ਲਹੂ ਵਿਚ ਰਚ ਗਈ ਹਰ ਯਾਦ ਜੋ ਮੈਨੂੰ ਰੁਆਵੇ ਹੁਣ।

ਮੈਂ ਰਾਹਾਂ ਵਿਚ ਬੜੀ ਹੀ ਦੇਰ ਤੋਂ ਨਜ਼ਰਾਂ ਵਿਛਾਈਆਂ ਹਨ,
ਰੜਕ ਅੱਖਾਂ 'ਚ ਹੈ 'ਤਨਵੀਰ' ਕਿੱਦਾਂ ਚੈਨ ਆਵੇ ਹੁਣ।000

***(777 North 10th Ave, Hanford, CA 93230 USA)***

# ਗੰਦਲਾਂ: ਕਹਾਣੀ: ਜਤਿੰਦਰ ਸਿੰਘ ਹਾਂਸ

ਇਕ ਹੀ ਆਵਾਜ਼ ਲਗਾਤਾਰ ਆ ਰਹੀ ਸੀ। ਗ... ਰ... ਰ, ਗ... ਰ... ਰ, ਗ... ਰ... ਰ। ਜਿਵੇਂ ਬੰਦਾ ਡਰਾਉਣੇ ਜਿਹੇ ਘੁਰੜੇ ਮਾਰ ਰਿਹਾ ਹੋਵੇ। ਘੁਰਾੜੇ ਤਾਂ ਸੁੱਤੇ ਪਏ ਬੰਦੇ ਦੇ ਹੁੰਦੇ ਨੇ। ਡੈਡੀ (ਸਹੁਰਾ ਸਾਹਿਬ) ਤਾਂ ਪਿਛਲੇ ਪੰਦਰਾਂ-ਸੋਲ਼ਾਂ ਦਿਨਾਂ ਤੋਂ ਸੁੱਤੇ ਹੀ ਨਹੀਂ। ਉਹਨਾਂ ਦਾ ਘੰਡ ਵੱਜ ਰਿਹਾ। ਡਾਕਟਰ ਨੇ ਦੱਸਿਆ, "ਉਹਨਾਂ ਦਾ ਦਿਲ ਫੁੱਲ ਗਿਆ। ਫੇਫੜਿਆਂ 'ਚ ਵੀ ਨੁਕਸ ਹੈ। ਉਸੇ ਕਰਕੇ ਸਾਹ ਮੁਸ਼ਕਿਲ ਨਾਲ ਆਉਂਦਾ।" ਜਦੋਂ ਸਾਹ ਲੈਂਦੇ ਅਜੀਬ ਜਿਹੀ ਆਵਾਜ਼ ਆਉਂਦੀ। ਸਾਰਾ ਟੱਬਰ ਇਸ ਆਵਾਜ਼ ਤੋਂ ਦੁਖੀ ਹੋ ਗਿਆ। ਲੱਗਦਾ ਇਸ ਇੰਜਣ ਵਰਗੀ ਆਵਾਜ਼ ਨੇ ਕਦੇ ਰੁਕਣਾ ਹੀ ਨਹੀਂ। ਸਾਰੀਆਂ ਡਾਕਟਰੀਆਂ ਫੇਲ੍ਹ ਹੋ ਗਈਆਂ। ਇਸ ਉਮਰੇ, ਇਸ ਹਾਲਤ ਵਿਚ ਅਪਰੇਸ਼ਨ ਵੀ ਨਹੀਂ ਹੋ ਸਕਦਾ। ਕਮਜ਼ੋਰੀ ਬਹੁਤ ਹੋ ਗਈ। ਜਿੰਨੀ ਵਾਰ ਵੀ ਹਸਪਤਾਲ ਜਾਂਦੇ. ਬਿਮਾਰੀ ਵਧਦੀ ਜਾਂਦੀ।

ਖ਼ਬਰਾਂ ਲੈਣ ਆਉਣ ਵਾਲਿਆਂ ਤੋਂ ਦੁਖੀ ਹੋਏ ਪਏ ਸੀ। ਇਕ ਜਾਵੇ, ਦੋ ਹੋਰ ਆ ਜਾਣ। ਇਕ ਤਾਂ ਬਿਮਾਰ ਬੰਦੇ ਨੂੰ ਸਾਂਭੋ, ਦੂਜਾ ਇਹਨਾਂ ਦਾ ਸਿਆਪਾ ਕਰੋ।

ਲੋਕਾਂ ਸਾਹਮਣੇ ਡੈਡੀ ਦੀ ਤੰਦਰੁਸਤੀ ਦੀਆਂ ਅਰਦਾਸਾਂ ਕਰਦੇ। ਹਸਪਤਾਲਾਂ ਵਿਚ ਲਈ ਫਿਰਦੇ। ਡਾਕਟਰਾਂ ਨੂੰ ਘਰੇ ਬੁਲਾਈ ਰੱਖਦੇ। ਮਨ 'ਚ ਅਰਦਾਸਾਂ ਕਰਦੇ, "ਰੱਬਾ ਹੁਣ ਇਹਨਾਂ ਦੀ ਜਾਨ ਸੁਖਾਲ਼ੀ ਕਰਦੇ।" ਰੱਬ ਵੀ ਢੀਠ ਹੋਇਆ ਬੈਠਾ। ਜਿਵੇਂ ਉਹਨੇ ਡੈਡੀ ਦੇ ਲਹੂਰ ਦੇਖਣੇ ਹੋਣ, ਪਰ ਸਾਥੋਂ ਨਾ ਦੇਖ ਹੁੰਦੇ। ਕਦੇ ਬਿਸਤਰਾ ਗਿੱਲਾ ਹੋ ਗਿਆ। ਕੱਪੜੇ ਬਦਲ ਲਵੋ। ਦਵਾਈਆਂ ਤੇ ਬਿਮਾਰੀ ਦਾ ਮੁਸਕ ਕਮਰੇ ਵਿੱਚ ਫੈਲਜੇ, ਰੂਮ-ਫਰੈਸ਼ਰ ਛਿੜਕ ਦੋ। ਕਦੇ ਡੈਡੀ ਨੂੰ ਸਾਹ ਬਹੁਤ ਔਖਾ ਆਉਣ ਲੱਗ ਗਿਆ, ਆਕਸੀਜਨ ਦੇ ਸਲੰਡਰ 'ਚੋਂ ਆਕਸੀਜਨ ਲਗਾ ਦੋ। ਕਮਰੇ 'ਚ ਹੀਟਰ ਚਲਾ ਦੋ। ਕਦੇ ਕੁੱਛ-ਕਦੇ ਕੁੱਛ। ਪੂਰਾ ਹਸਪਤਾਲ ਵਰਗਾ ਮਾਹੌਲ ਬਣਿਆ ਪਿਆ, ਜ਼ਿੰਦਗੀ ਨਰਕ।

ਬਿਮਾਰੀ ਬੰਦੇ ਨੂੰ ਕੀ ਤੋਂ ਕੀ ਕਰ ਦਿੰਦੀ ਆ। ਪਹਿਲਾਂ ਲੱਗਦਾ ਸੀ ਇਹਨਾਂ ਨਾਲ ਏ ਘਰ ਚੱਲਦਾ। ਉਹ ਚਿੱਟਾ ਚਾਦਰਾ ਪਾ ਕੇ ਖੇਤਾਂ ਵੱਲ ਜਾਂਦੇ, ਰਸਤੇ 'ਚ ਮਿਲਦੇ ਸਾਰੇ ਲੋਕਾਂ ਨੂੰ ਬੁਲਾ ਕੇ ਲੰਘਦੇ:

-"ਲੰਬੜਦਾਰਾ ਤੇਰੀ ਕੀ ਸੁਲ੍ਹਾਅ ਆ? ਜ਼ਮੀਨ ਵੱਤ ਆ, ਉਪਰੋਂ ਬੱਦਲਬਾਈ ਹੋਈ ਪਈ ਆ। ਕਣਕ ਬੀਜ ਦੇਈਏ, ਕਿ ਅਜੇ ਅਟਕੀਏ?"

-"ਕਰਤਾਰ ਸਿਆਂ, ਕਣਕ ਦਾ ਕਿਹੜਾ ਬੀਅ ਪਾਈਏ ਜਿਹੜਾ ਵੱਧ ਝਾੜ ਦਿੰਦਾ?"

-"ਗਿਆਨੀ ਜੀ ਕੀ ਸੁਲ੍ਹਾਅ ਆ? ਕਣਕ 'ਚ ਸਰ੍ਹੋਂ ਦੀਆਂ ਆਡਾਂ ਲਾ ਦੇਈਏ ਕਿ ਵੱਖਰਾ ਕਿਆਰਾ ਬੀਜੀਏ?"

-"ਦੀਪਿਆ ਕੀ ਸੁਲ੍ਹਾਅ ਆ? ਜੀਰੀ ਨੂੰ ਸੁੰਡੀ ਪੈਗੀ? ਕਿਹੜੀ ਦਵਾਈ ਵਰਤੀਏ?"

ਸਲਾਹ ਤਾਂ ਐਂ ਪੁੱਛਦੇ ਜਿਵੇਂ ਉਸੇ ਦੀ ਮੰਨਣੀ ਹੋਵੇ। ਪਰ ਮੰਨਦੇ ਕਿਸੇ ਦੀ ਨਾ। ਮੰਮੀ (ਸੱਸ) ਨੂੰ ਜਦੋਂ ਪੁੱਛਦੇ:

-"ਤਾਰ ਕੌਰੇ ਐਤਕੀਂ ਜੀਰੀ ਵੱਢ ਕੇ ਆਏ-ਗਏ ਨੂੰ ਬੈਠਕ ਛੱਤ ਲਈਏ, ਤੇਰੀ ਕੀ ਸੁਲ੍ਹਾਅ ਆ?" ਮੰਮੀ ਗੁੱਸੇ ਹੋ ਜਾਂਦੇ, "ਮੈਂ ਕਿਉਂ ਸਿਰ-ਖਪਾਵਾਂ, ਤੈਂ ਕਿਹੜਾ ਕਿਸੇ ਕੰਜਰ ਦੀ ਮੰਨਣੀ ਆ।"

ਡੈਡੀ ਮਨ ਆਈਆਂ ਕਰਦੇ। ਗੱਲ ਕਈ ਸਾਲ ਪੁਰਾਣੀ ਆ। ਆਹ ਦਿਲ ਦੀ ਬਿਮਾਰੀ ਅਜੇ ਉਹਨਾਂ ਨੂੰ ਲੱਗੀ ਹੀ ਸੀ। ਡਾਕਟਰ ਨੇ ਬਹੁਤ ਡਰਾ ਦਿੱਤੇ ਸੀ। ਉਹ ਖੇਤ ਗਏ ਹੋਏ ਸੀ। ਸਾਨੂੰ

ਕਿਸੇ ਨੇ ਸੁਨੇਹਾ ਦਿੱਤਾ ਡੈਡੀ ਨੂੰ ਖੇਤ 'ਚ ਕੁਛ ਹੋ ਗਿਆ। ਸਾਰਾ ਟੱਬਰ ਤੇ ਆਸ ਗੁਆਂਢ ਦੇ ਲੋਕ ਉਹਨਾਂ ਨੂੰ ਹਸਪਤਾਲ ਲਿਜਾਣ ਲਈ ਗੱਡੀਆਂ ਲੈ ਕੇ ਪਹੁੰਚੇ। ਬਰਸੀਮ ਦੇ ਕਿਆਰੇ 'ਚ ਡੈਡੀ ਚਿੱਟੇ ਚਾਦਰੇ 'ਚ ਲਪੇਟੇ ਪਏ ਸੀ। ਮੀਤੋ ਮਰਾਸਣ ਤੇ ਚਾਰ ਜਾਣੀਆਂ, ਵੈਣ ਕੀਰਨੇ ਪਾਉਣ ਲੱਗੀਆਂ ਹੋਈਆਂ ਸੀ।

-"ਅੱਜ ਭੁੰਜੇ ਪਿਆਂ ਵੇ ਗਦੈਲਿਆਂ 'ਤੇ ਪੈਣ ਆਲਿਆ...ਵੇ ਹਾਏ।"

-"ਹਾਏ-ਹਾਏ ਮੌਤ ਚੰਦਰੀ, ਹਾਏ ਹਾਏ ਚੰਦਰੀ।

-"ਹਾਏ-ਹਾਏ ਨੀ ਤੁਰ ਗਿਆ ਸਰਦਾਰ, ਹਾਏ-ਹਾਏ ਤੁਰ ਗਿਆ ਸਰਦਾਰ।"

-"ਹਾਏ-ਹਾਏ ਨੀ ਕੋਈ ਸੱਦਿਓ ਦਖਾਣ!

ਹਾਏ-ਹਾਏ ਨੀ ਤਿਆਰ ਕਰੋ ਬਿਬਾਣ।"

ਜਦੋਂ ਲੋਕ ਪਹੁੰਚੇ ਉਹ ਸਿਆਪਾ ਕਰਨੋਂ ਹਟ ਕੇ ਹੱਸਣ ਲੱਗੀਆਂ। ਡੈਡੀ ਚਾਦਰ ਲਾਹ ਕੇ ਉੱਠ ਕੇ ਬੈਠਗੇ। ਕਹਿੰਦੇ, "ਮੀਤੋ ਹੋਰੀ ਕੱਖਾਂ ਨੂੰ ਜਾਂਦੀਆਂ ਤੀ, ਮੈਂ ਕਿਹਾ ਕਿੱਥੇ ਵੱਟਾਂ 'ਤੇ ਕੱਖ ਖੋਤਦੀਆਂ ਫਿਰੋਗੀਆਂ। ਮੇਰਾ ਸਿਆਪਾ ਕਰਦੋ। ਬਰਸੀਮ ਦੀਆਂ ਪੰਡਾਂ ਵੱਢ ਕੇ ਲੈ ਜਿਓ।"

ਇਹ ਕਹਿੰਦੀਆਂ, "ਸਰਦਾਰਾ! ਅਸੀਂ ਕਿਵੇਂ ਸਿਆਪਾ ਕਰੀਏ ਸੁੱਖੀਂ ਸਾਂਦੀ।"

"ਮਰਨਾ ਤਾਂ ਸਭ ਨੇ ਆ, ਜਦ ਮੈਂ ਮਰ ਗਿਆ ਕਿਹੜਾ ਦੇਖਣ ਆਉਣਾ, ਨਾ ਕੀਰਨੇ ਸੁਣਨੇ ਆ। ਹੁਣ ਪਤਾ ਲੱਗਜੂ ਕਿਹੜੀ ਕੀ ਕਹਿੰਦੀ ਆ। ਤੁਸੀਂ ਪਾਓ ਕੀਰਨੇ।"

"ਬੱਸ ਆਹੀ ਗੱਲ ਆ। ਆਪਾਂ ਆਪਣੇ ਮਰਨ ਦੀ ਬਾਰੀ ਕੱਟਤੀ। ਹੁਣ ਕਈ ਸਾਲ ਕਿਤੇ ਨੀ ਜਾਂਦੇ। ਥੋਡੀ ਕੀ ਸੁਲਾਅ ਆ?"

ਸਭ ਦੀਆਂ ਹੱਸ-ਹੱਸ ਵੱਖੀਆਂ ਟੁੱਟ ਗਈਆਂ।

"ਆਹ ਤਾਂ ਜੱਗੋਂ-ਤੇਰਵੀ ਕਰਤੀ ਨਿਰਭੈ ਸਿੰਘ ਨੇ", ਲੋਕ ਆਖਦੇ। ਸ਼ਾਇਦ ਜਮ ਵੀ ਭੁਲੇਖਾ ਖਾਗੇ। ਹੁਣ ਲੈਣ ਨੀ ਆਉਂਦੇ। ਹੁਣ ਉਹੀ ਬੰਦਾ ਕੇਵਲ ਬੇਵਸ ਪਿਆ, ਜੀਹਦੇ ਹੁਕਮ ਬਿਨਾਂ ਇਸ ਘਰ ਦਾ ਪੱਤਾ ਨਹੀਂ ਸੀ ਹਿੱਲਦਾ। ਹੁਣ ਆਪ ਹਿੱਲਣ ਤੋਂ ਆਹਰਾ ਹੋਇਆ ਪਿਆ। ਉਹਦੀ ਹਾਲਤ ਦੇਖ ਸਾਰੇ ਟੱਬਰ ਦੀ ਜਾਨ ਸੁੱਕੀ ਜਾਂਦੀ ਆ।

--0--

ਮੰਮੀ ਨੇ ਕੌਲੀ ਵਿਚ ਪਾਣੀ ਪਾ ਕੇ ਚਮਚੇ ਨਾਲ ਡੈਡੀ ਦੇ ਮੂੰਹ ਨੂੰ ਲਾਇਆ। ਫਿਰ ਰੂੰ ਨਾਲ ਉਹਨਾਂ ਦੇ ਬੁੱਲ੍ਹਾਂ 'ਤੇ ਜੰਮੀ ਪੇਪੜੀ ਸਾਫ਼ ਕੀਤੀ। ਟੂਟੀ 'ਤੇ ਹੱਥ ਧੋ ਕੇ ਆ ਕੇ ਕਹਿਣ ਲੱਗੇ, "ਕੁੜੇ ਦੀਪੀ ਪੁੱਤ! ਸਾਗ ਤੋੜ ਲਿਆਮਾਂ ਖੇਤ 'ਚੋਂ?"

ਮੈਂ ਹੈਰਾਨ ਹੋਈ, ਉਹਨਾਂ ਦੇ ਮੂੰਹ ਵੱਲ ਦੇਖਣ ਲੱਗੀ। ਇਹੋ ਜਿਹੀ ਮੁਸੀਬਤ ਵਿਚ ਬੈਠੇ ਆਂ। ਇਹਨਾਂ ਨੂੰ ਸਾਗ ਸੁੱਝਦਾ। "ਮੰਮੀ ਛੱਡੋ ਪਰ੍ਹਾਂ। ਜੀਅ ਤਾਂ ਕਰਦਾ ਨੀ। ਸਾਗ ਧਰਨ ਦਾ ਵਿਆਹ ਜਿੰਨਾ ਕੰਮ ਹੁੰਦਾ। ਕਿੱਥੇ ਧਰਿਆ ਜਾਣਾ ਇਹੋ ਜਿਹੇ 'ਚ। ਮੂੰਗੀ-ਮਸਰੀ ਪੰਜ ਮਿੰਟਾਂ 'ਚ ਬਣ ਜਾਣੀ ਆ।" ਮਨ 'ਚ ਕਿਹਾ, 'ਜੇ ਬਿੰਦ-ਝੱਟ ਨੂੰ ਡੈਡੀ ਨੂੰ 'ਕੁੱਛ' ਹੋ ਗਿਆ।'

ਮੰਮੀ ਦੇ ਮੂੰਹ ਤੋਂ ਪੜ੍ਹਿਆ, ਉਹ ਕਹਿ ਰਿਹਾ ਸੀ, 'ਪਿਛਲੇ ਏਨੇ ਦਿਨਾਂ ਤੋਂ ਉਡੀਕ ਰਹੇ ਆਂ, 'ਕੁੱਛ' ਹੋਇਆ ਤਾਂ ਹੈ ਨੀ।'

ਮੰਮੀ, ਡੈਡੀ ਦੇ ਸਾਹ ਵਿਚ ਸਾਹ ਲੈਂਦੀ। ਜਦੋਂ ਡੈਡੀ ਨੇ ਘਰੇ ਆਉਣਾ, ਮੰਮੀ ਨੇ ਝੱਟ ਉਹਦੇ ਕੋਲ਼ ਜਾ ਖੜ੍ਹਨਾ। ਮੈਂ ਸੋਚਣਾ ਪਤਾ ਨਹੀਂ ਡੈਡੀ ਦੇ ਕੰਨਾਂ ਵਿਚ ਕੀ ਫੂਕਾਂ ਜਿਹੀਆਂ ਮਾਰਦੀ ਰਹਿੰਦੀ ਆ। ਹੁਣ ਉਹ ਡੈਡੀ ਤੋਂ ਪਰ੍ਹੇ ਜਾਣ ਦਾ ਬਹਾਨਾ ਲੱਭਦੇ ਰਹਿੰਦੇ ਨੇ। ਕਹਿੰਦੇ, "ਤੇਰੇ ਡੈਡੀ ਵੱਲ ਦੇਖ-ਦੇਖ ਦਿਲ ਘਟੀ ਜਾਂਦਾ। ਸਰ੍ਹੋਂ ਦੀਆਂ ਗੰਦਲ਼ਾਂ ਤੋੜ ਲਿਆਉਨੀ ਆਂ। ਜੀਅ ਕਰਿਆ ਧਰਲਾਂਗੇ, ਨਹੀਂ ਡੰਗਰਾਂ ਨੂੰ ਪਾਦਾਂਗੇ। ਤੇਰੇ ਡੈਡੀ ਨੂੰ ਸਾਗ ਬਹੁਤ ਪਸੰਦ ਆ, ਉਹ ਕਹਿੰਦਾ ਹੁੰਦਾ, "ਹਰਾ ਮੁਰਗ਼ਾ ਧਰਲੋ।"

ਮਨ 'ਚ ਕਿਹਾ, "ਹੁਣ ਕਿਹੜਾ ਇਹਨਾਂ ਨੇ ਖਾਣਾ, ਪਾਣੀ ਤਾਂ ਹਲ਼ਕ 'ਚੋਂ ਲੰਘਦਾ ਨੀ।"

ਮੰਮੀ ਸਾਗ ਲਿਆਉਣ ਲਈ ਕੱਪੜਾ ਚੁੱਕੀ ਖੜ੍ਹੇ ਸੀ। ਮੈਂ ਕਿਹਾ, "ਚਲੋ ਥੋਡੀ ਮਰਜ਼ੀ ਆ।"

ਮੰਮੀ ਦੱਸਣ ਲੱਗੇ, "ਜਦੋਂ ਮੈਂ ਖੇਤ 'ਚ ਸਾਗ ਤੋੜਨ ਜਾਣਾ। ਤੇਰੇ ਡੈਡੀ ਨੇ ਸਾਰੇ ਕੰਮ ਛੱਡਕੇ, ਮੇਰੇ ਨਾਲ ਸਾਗ ਤੜਾਉਣ ਆ ਲੱਗਣਾ।" ਵਾਲ਼ਾਂ 'ਚ ਸਰ੍ਹੋਂ ਦੇ ਫੁੱਲ ਟੰਗਣ ਲੱਗਣਾ। ਇਕ ਦਿਨ ਕਹਿੰਦਾ, "ਦੇਖ ਲਾ ਤਾਰੋ ਏਨੀ ਸੁਹਣੀ ਗੰਦਲ਼ ਆ। ਮਾੜਾ ਜਿਹਾ ਹੱਥ ਲਾਇਆਂ ਟੁੱਟ ਜਾਂਦੀ ਆ। ਏਵੇਂ ਈ ਬੰਦਾ, ਜਦੋਂ ਤਕ ਨੈਣ-ਪੁਰਾਣ ਨੇ, ਉਦੋਂ ਤਕ ਏ ਆ। ਗੰਦਲ਼ ਵਾਂਗ ਟੁੱਟਿਆ ਨੀ, ਤੇ ਮੁਰਝਾਇਆ ਨੀ।" ਮੰਮੀ ਠੰਢਾ ਸਾਹ ਭਰ ਕੇ, ਡੈਡੀ ਦੇ ਕਮਰੇ ਵੱਲ ਦੇਖ ਕੇ ਕਹਿਣ ਲੱਗੇ, "ਦੇਖਲਾ ਕੜੀ ਵਰਗਾ ਸਰੀਰ, ਹੁਣ ਮੰਜੇ 'ਤੇ ਪਿਆ ਨੀ ਦਿਖਦਾ।" ਉਹ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਸਾਗ ਤੋੜਨ ਚਲੀ ਗਈ।

ਮੈਂ ਡੈਡੀ ਦੇ ਕਮਰੇ 'ਚ ਰੂਮ ਫਰੈਸ਼ਰ ਦਾ ਛਿੜਕਾਅ ਕੀਤਾ। ਤੇ ਉਹਨਾਂ ਨੂੰ ਕਿਹਾ, 'ਤੁਸੀਂ ਫ਼ਿਕਰ ਨਾ ਕਰੋ, ਤੁਸੀਂ ਠੀਕ ਹੋ ਜਾਣਾ।' ਉਹਨਾਂ ਖ਼ਾਲੀ ਜਿਹੀਆਂ ਅੱਖਾਂ ਨਾਲ ਦੇਖਿਆ। ਬੱਚਿਆਂ ਨੂੰ ਬਿਠਾ ਕੇ ਸਕੂਲੋਂ ਦੱਸਿਆ 'ਘਰ ਦਾ ਕੰਮ' ਕਰਾਉਣ ਲੱਗੀ। ਭਿੰਦਰ ਤੇ ਸਾਂਝੀ ਮੋਟਰ ਤੋਂ ਬਰਸੀਮ ਲੈ ਆਏ। ਮਸ਼ੀਨ ਅੱਗੇ ਸੁੱਟ ਕੇ ਟੋਕਾ ਕਰਨ ਲੱਗੇ। ਜਦੋਂ ਦੇ ਡੈਡੀ ਬਿਮਾਰ ਹੋਏ ਨੇ, ਸਾਰੀ ਜ਼ਿੰਮੇਵਾਰੀ ਭਿੰਦਰ ਸਿਰ ਆ ਪਈ ਏ। ਕਦੇ ਡੈਡੀ ਨੂੰ ਹਸਪਤਾਲ ਲੈ ਗਏ। ਕਦੇ ਖੇਤੀ ਦੇ ਕੰਮ। ਪਿਛਲੇ ਕਈ ਦਿਨਾਂ ਤੋਂ ਉਹ ਭੱਜ-ਭੱਜ ਕੰਮ ਕਰ ਰਹੇ ਨੇ। ਪਤਾ ਨਹੀਂ ਕਿਹੜੇ ਵੇਲੇ 'ਕੁੱਛ' ਹੋ ਜਾਵੇ।

ਭਗਤਾਂ ਦੇ ਲਾਣੇ ਦਾ ਧਰਮ ਸਿੰਘ ਆਇਆ। ਉਹ ਡੈਡੀ ਦੀ ਹਾਲਤ ਦੇਖ ਕੇ ਵ੍ਹਾਗਰੂ ਵ੍ਹਾਗਰੂ ਕਰੀ ਜਾਵੇ। ਫਿਰ ਡੈਡੀ ਨੂੰ ਹੌਂਸਲਾ ਦੇਣ ਲੱਗਿਆ, "ਕੁੱਛ ਨੀ ਹੁੰਦਾ ਤੈਨੂੰ ਨਿਰਭੈ ਸਿਆਂਹ, ਪੋਤੇ ਦਾ ਵਿਆਹ ਦੇਖਣੈਂ ਤੈਂ।"

ਡੈਡੀ ਨੇ ਹੌਲ਼ੇ ਜਿਹੇ ਹੱਥ ਖੜ੍ਹਾ ਕਰਕੇ 'ਹਾਂ' ਕਿਹਾ। ਜੇ ਠੀਕ ਹੁੰਦੇ ਤਾਂ ਜ਼ਰੂਰ ਪੁੱਛਦੇ, 'ਧਰਮ ਸਿਆਂਹ ਕੀ ਸੁਲ੍ਹਾਅ ਫਿਰ ਪੋਤੇ ਦੇ ਵਿਆਹ 'ਤੇ ਕਿਹੜੀ ਗਾਉਣ ਆਲੀ ਲਿਆਈਏ।'

ਭਿੰਦਰ ਨੇ ਪਹਿਲਾਂ ਹੀ ਬਣਾ ਕੇ ਥਰਮਸ 'ਚ ਪਾਈ ਚਾਹ ਧਰਮ ਸਿੰਘ ਨੂੰ ਦਿੱਤੀ।

ਬਾਹਰ ਵਿਹੜੇ 'ਚ ਆ ਕੇ ਧਰਮ ਸਿੰਘ ਭਿੰਦਰ ਨੂੰ ਕਹਿਣ ਲੱਗਾ, "ਮੈਨੂੰ ਵੀਰ ਦੀ ਹਾਲਤ ਬਹੁਤੀ ਚੰਗੀ ਨੀ ਲੱਗਦੀ। ਜੇ ਮੇਰੀ ਮੰਨੋਂ ਧਰਤੀ 'ਤੇ ਪਰਾਲੀ ਵਿਛਾ ਕੇ, ਉੱਪਰ ਕੱਪੜਾ ਵਿਛਾ ਲੋ। ਇਹਨੂੰ ਲਾਹ ਲੋ, ਚੜ੍ਹਦੇ ਵੱਲ ਪੈਰ, ਲਹਿੰਦੇ ਵੱਲ ਸਿਰ ਕਰ ਕੇ ਪਾ ਲੋ, ਜੇ ਮੰਜੇ 'ਤੇ ਪੂਰਾ ਹੋ ਗਿਆ, ਗਤੀ ਨੀ ਹੋਣੀ।"

ਫਿਰ ਹੋਰ ਉਪਾਅ ਦੱਸਣ ਲੱਗਾ, "ਵੀਰ ਦਾ ਸੰਗਲ਼ ਨੂੰ ਹੱਥ ਲਵਾ ਕੇ ਬਾਹਮਣ ਨੂੰ ਗਊ-ਪੁੰਨ ਕਰਦੇ। ਰੁਪਈਆਂ ਨੂੰ ਹੱਥ ਲਵਾ ਕੇ ਲੰਗਰ 'ਚ ਦਾਨ ਕਰਦੇ। ਇਹਦੀ ਜਾਨ ਸੁਖਾਲ਼ੀ ਛੁੱਟੇ, ਇਹ ਲਹੂਰ ਨੀ ਦੇਖੇ ਜਾਂਦੇ।"

ਭਿੰਦਰ ਜਿਵੇਂ ਸਭ ਨੂੰ 'ਹਾਂ ਜੀ', 'ਹਾਂ ਜੀ' ਕਰਦਾ ਓਵੇਂ ਧਰਮ ਸਿੰਘ ਨੂੰ ਕਰੀ ਗਿਆ। ਉਹਦੇ ਗਏ ਤੇ ਮੈਨੂੰ ਕਹਿਣ ਲੱਗੇ। 'ਦੀਪੀ ਦੱਸ ਕਿਵੇਂ ਪਾ ਲੀਏ ਭੁੰਜੇ। ਬਾਪ ਆ ਸਾਡਾ।'

'ਐਵੇਂ ਬੋਲੀ ਜਾਂਦਾ।' ਮੈਂ ਕਿਹਾ।

ਮੰਮੀ ਸਰ੍ਹੋਂ ਪਾਲਕ ਮੇਥੇ ਤੋੜ ਲਿਆਏ। ਗੰਦਲਾਂ ਨੂੰ ਛਿੱਲ ਕੇ ਕੱਟਿਆ।

ਕਈ ਦਿਨ ਪਹਿਲਾਂ ਭੂਆ ਜੀ ਖ਼ਬਰ ਨੂੰ ਆਏ ਸੀ। ਉਹ ਰਹਿ ਪਏ ਸੀ। ਆਪਣੇ ਭਰਾ ਦੀ ਹਾਲਤ ਦੇਖ ਉਹ ਸਾਰਾ ਦਿਨ ਪਾਠ ਕਰਦੇ ਰਹਿੰਦੇ। ਉਹਨਾਂ ਦਾ ਮੁੰਡਾ ਆ ਕੇ ਲੈ ਗਿਆ। ਉਹ ਹੰਝੂ ਕੇਰਦੇ ਚਲੇ ਗਏ। ਉਹਨਾਂ ਨੂੰ ਤੋਰ ਕੇ ਮੰਮੀ ਨੇ ਚੁੱਲ੍ਹੇ ਵਿਚ ਅੱਗ ਬਾਲ਼ ਦਿੱਤੀ। ਉੱਤੇ ਤੌੜੀ ਪਾਣੀ ਪਾ ਕੇ ਰੱਖੀ। ਉਸ ਵਿੱਚ ਕੱਟੇ ਹੋਏ ਸਰ੍ਹੋਂ, ਪਾਲਕ, ਮੇਥੇ ਪਾ ਦਿੱਤੇ। ਉਹ ਸੱਚਮੁੱਚ ਰੁੱਝ ਗਏ ਸੀ। ਕਦੇ ਲਸਣ, ਹਰੀ ਮਿਰਚ, ਆਦਾ, ਕੁੰਡੇ 'ਚ ਪਾ ਕੇ ਸੋਟੇ ਨਾਲ ਕੁੱਟ ਸਾਗ 'ਚ ਪਾਉਂਦੇ। ਕਦੇ ਸਾਗ 'ਚ ਘੋਟਣਾ ਫੇਰਦੇ, ਕਦੇ ਚੁੱਲ੍ਹੇ 'ਚ ਬਾਲਣ ਨੂੰ ਗਾਹਾਂ ਕਰਤਾ।

ਸਾਗ ਰਿੱਝਣ ਲੱਗਿਆ।

ਮੰਮੀ ਨੂੰ ਅੱਚਵੀ ਜਿਹੀ ਲੱਗੀ ਹੋਈ ਆ। ਮੈਨੂੰ ਸਾਗ ਦਾ ਖ਼ਿਆਲ ਰੱਖਣ ਲਈ ਕਹਿ ਕੇ

ਖ਼ਿਆਲੀ ਪਾਧੇ ਕੋਲ ਪੁੱਛਿਆ ਪਵਾਉਣ ਚਲੀ ਗਈ।

ਡੈਡੀ ਦਾ ਭਰਾ ਹਰੀ ਚਾਚਾ ਖ਼ਬਰ ਨੂੰ ਆ ਗਿਆ। ਉਹਦੀ ਸਾਡੇ ਨਾਲ ਸਾਰੀ ਉਮਰ ਨੀ ਬਣੀ। ਵੱਟਾਂ-ਬੰਨਿਆਂ ਪਿੱਛੇ ਲੜੀ ਗਿਆ। ਸਾਡੇ ਵਿਆਹ ਨੂੰ ਵੀ ਸਾਡੇ ਘਰ ਨਹੀਂ ਆਇਆ। ਹੁਣ ਪਤਾ ਨੀ ਕੀ ਹੇਜ ਜਾਗਿਆ। ਭਿੰਦਰ ਵੀ ਡੰਗਰਾਂ 'ਚੋਂ ਕੰਮ ਮੁਕਾ ਕੇ ਉਹਦੇ ਕੋਲ਼ ਜਾ ਬੈਠਾ।

ਹਰੀ ਚਾਚਾ ਬਿੰਦ ਕੁ ਇੱਧਰ-ਉੱਧਰ ਦੀਆਂ ਮਾਰ ਕੇ ਗਰਮ ਹੋ ਗਿਆ, "ਇਹਨੂੰ ਘਰ ਰੱਖ ਕੇ ਨਾ ਮਾਰੋ। ਹਸਪਤਾਲ ਭਰਤੀ ਕਰੋ। ਜੇ ਪੈਸੇ ਨੀ ਤਾਂ ਮੈਂ ਆੜ੍ਹਤੀਏ ਤੋਂ ਲਿਆ ਦਿੰਨਾਂ।"

-"ਚਾਚਾ ਪਿਛਲੇ ਪੰਜ ਸਾਲਾਂ ਤੋਂ ਅਸੀਂ ਡੈਡੀ ਨੂੰ ਹਸਪਤਾਲਾਂ 'ਚ ਲਈ ਫਿਰਦੇ ਆਂ। ਬੰਦੇ ਦਾ ਦੀਵਾਲ਼ਾ ਨਿਕਲ ਜਾਂਦਾ। ਉਦੋਂ ਦਾ ਤੂੰ ਕਿੱਥੇ ਤੀ। ਕਦੇ ਸਾਰ ਨੀ ਲਈ। ਹੁਣ ਵੀ ਡਾਕਟਰ ਨੇ ਸਲਾਹ ਦਿੱਤੀ ਆ ਤਾਂ ਘਰੇ ਲਿਆਏ ਆਂ। ਅਸੀਂ ਘਰ ਵੀ ਦੇਖਣਾ, ਜੇ ਖੇਤ 'ਚੋਂ ਚਾਰ ਮਣ ਦਾਣੇ ਆਉਣਗੇ, ਤਾਂ ਹੀ ਬਿਮਾਰ 'ਤੇ ਲਾਵਾਂਗੇ। ਦਵਾਈ ਇਹਤੋਂ ਖਾ ਨੀ ਹੁੰਦੀ। ਗੁਲੂਕੋਜ਼ ਲਾਉਣ ਨੂੰ ਨਾੜ ਨੀ ਲੱਭਦੀ। ਉਹ ਤਾਂ ਡਾਕਟਰ ਚੰਗਾ, ਉਹਨੇ ਸਾਰੀ ਗੱਲ ਸਮਝਾ ਕੇ ਘਰੇ ਤੋਰਤਾ। ਨਹੀਂ ਤਾਂ ਹਸਪਤਾਲ ਆਲ਼ੇ ਮਰੇ ਪਏ ਬੰਦੇ ਨੂੰ ਮਸ਼ੀਨ ਨਾਲ ਸਾਹ ਦਵਾ-ਦਵਾ ਕੇ ਨੋਟ ਛਾਪੀ ਜਾਂਦੇ ਨੇ।" ਭਿੰਦਰ ਗ਼ੁੱਸੇ 'ਚ ਬੋਲਿਆ ਸੀ।

-"ਓਏ ਜੱਗ ਜਹਾਨ ਵੀ ਰੱਖਣਾ ਪੈਂਦਾ, ਹਸਪਤਾਲ ਲੈ ਜੋ। ਡਾਕਟਰ ਦੀ ਮਿੰਨਤ ਤਰਲਾ ਮੈਂ ਕਰਲੂੰਗਾ।"

ਡੈਡੀ ਤੋਂ ਬੋਲ ਨਹੀਂ ਹੁੰਦਾ, ਪਰ ਗੱਲ ਸਾਰੀ ਸਮਝਦੇ ਨੇ। ਉਹ ਹੱਥ ਬੰਨ੍ਹਣ ਲੱਗੇ। ਬਈ ਹਸਪਤਾਲ ਨਾ ਲਿਜਾਵੋ। ਬੁੱਚੜਾਂ ਨੇ ਤਜਰਬੇ ਕਰ-ਕਰ ਮੇਰਾ ਇਹ ਹਾਲ ਕਰਤਾ। ਜਿਹੜੇ ਚਾਰ ਸਾਹ ਨੇ ਮੈਂ ਆਪਣੇ ਟੱਬਰ 'ਚ ਏ ਲੈਣੇ ਨੇ। ਉਹ ਇਹ ਕਹਿਣ ਦੀ ਕੋਸ਼ਿਸ਼ ਕਰ ਰਹੇ ਸੀ। ਜਦੋਂ ਉਹ ਬੋਲਦੇ ਸੀ ਇਹੀ ਗੱਲ ਕਹਿੰਦੇ।

ਹਰੀ ਚਾਚਾ ਡੈਡੀ ਦੇ ਇਸ਼ਾਰਿਆਂ ਦੀ ਆਪਣੀ ਮਰਜ਼ੀ ਨਾਲ ਵਿਆਖਿਆ ਕਰਨ ਲੱਗਾ, "ਦੇਖ ਲੋ, ਹੁਣ ਤਾਂ ਤਰਸ ਖਾਓ, ਇਹ ਵੀ ਹੱਥ ਜੋੜਦਾ, ਬਈ ਹਸਪਤਾਲ ਲੈ ਜੋ। ਜਿਹੜੇ ਚਾਰ ਸਾਹ ਆਉਣੇ ਨੇ ਸੁਖਾਲੇ ਆਉਣ। ਹੋਰ ਕਿੰਨੇ ਲਹੂਰ ਕਰਾਉਂਗੇ ਇਹਤੋਂ।"

ਉਹ ਡੈਡੀ ਅੱਗੇ ਹੋ ਕੇ ਛਾਤੀ ਥਾਪੜਨ ਲੱਗਾ, "ਤੇਰਾ ਭਰਾ ਜਿਉਂਦਾ, ਤੈਨੂੰ ਤੱਤੀ ਵਾਅ ਨੀ ਲੱਗਣ ਦਿੰਦਾ।"

-"ਨਾ ਚਾਚਾ ਲਹੂਰ ਅਸੀਂ ਕਰਾਉਨੇ ਆਂ? ਹੋਰ ਇਹਦਾ ਗਲ਼ ਘੁੱਟ ਕੇ ਮਾਰ ਦੇਈਏ। ਜਿੰਨਾ ਚਿਰ ਇਹਦੇ ਸਾਹ ਚੱਲਦੇ ਨੇ ਅਸੀਂ ਝੱਲਾਂਗੇ। ਚਾਰ ਸਾਲ ਪਿਆ ਰਹੇ। ਦਸ ਸਾਲ ਪਿਆ ਰਹੇ। ਰੱਬ ਨੇ ਵਕਤ ਪਾਇਆ ਕੱਟਾਂਗੇ। ਜਦੋਂ ਹੋਰ ਕੋਈ ਹੱਲ ਏ ਨੀ।"

-"ਓਏ ਹੱਲ ਕਿਓਂ ਨੀ। ਤੁਸੀਂ ਓ ਪੱਥਰ ਹੋਗੇ। ਕਾਂਗੜੇ ਪਹਾੜਾਂ 'ਚ ਇਕ ਸਾਧੂ ਬੈਠਾ। ਉਹਦੇ ਕੋਲ਼ ਲੈ ਜੋ। ਉਹ ਭਬੂਤੀ ਮੱਥੇ 'ਤੇ ਲਾਉਂਦਾ। ਬੰਦਾ ਨੌ ਬਰ ਨੋ ਹੋ ਜਾਂਦਾ। ਕਈ ਬੰਦੇ ਉਹਨੇ ਜਮਾਂ ਦੇ ਹੱਥਾਂ 'ਚੋਂ ਮੋੜੇ ਨੇ। ...ਸ਼ੇਰ ਬਣਕੇ ਸੇਵਾ ਕਰਲੋ, ਬਥੇਰੀ ਜਾਇਦਾਦ ਛੱਡ ਜਾਣੀ ਆ।"

ਮੰਮੀ ਨੇ ਘਰ ਅੰਦਰ ਆਉਂਦੀ ਨੇ ਹਰੀ ਚਾਚੇ ਦੀਆਂ ਗੱਲਾਂ ਸੁਣ ਲਈਆਂ। ਉਹ ਖਿਝ ਗਈ, "ਜਾਹ ਬਾਈ ਬਹੁਤੀਆਂ ਮੱਤਾਂ ਨਾ ਦੇ। ਤੂੰ ਆਪਣਾ ਘਰ ਦੇਖ। ਅਸੀਂ ਆਪਣਾ ਦੇਖਣਾ।" ਉਹਨੂੰ ਆਈ ਨੂੰ ਦੇਖ ਚਾਚਾ ਖਿਸਕਣ ਲੱਗਿਆ।

ਭਿੰਦਰ ਬੋਲਿਆ, "ਚੰਗਾ ਚਾਚਾ, ਜਿੱਥੇ ਕਹਿਨਾਂ ਲੈਜਾਂਗੇ। ਸਵੇਰੇ ਚੱਲਾਂਗੇ।"

-"ਮੈਂ ਨਾਲ਼ ਚੱਲੂੰ...," ਉਹ ਬਾਹਰ ਜਾਂਦਾ ਬੋਲਿਆ।

ਡੈਡੀ ਇਸ਼ਾਰਿਆਂ ਨਾਲ ਕਿਧਰੇ ਵੀ ਜਾਣ ਤੋਂ ਮਨ੍ਹਾ ਕਰ ਰਹੇ ਸੀ। ਫਿਰ ਉਹ ਮੰਮੀ ਨੂੰ ਕੁਝ ਕਹਿਣ ਲੱਗੇ। ਮੰਮੀ ਉਹਨਾਂ ਦੇ ਬੁੱਲ੍ਹਾਂ ਨੂੰ ਪਾਣੀ ਨਾਲ ਗਿੱਲਾ ਕਰਦੀ। ਟੂਟੀ 'ਤੇ ਹੱਥ ਧੋ ਕੇ ਚੁੱਲ੍ਹੇ ਅੱਗੇ ਜਾ ਬੈਠੀ। ਗੁੜ ਘੋਲਣ ਲੱਗੀ ਕਹਿੰਦੀ, "ਖ਼ਿਆਲੀ ਪਾਧਾ ਕਹਿੰਦਾ, ਮਿੱਠੀਆਂ ਰੋਟੀਆਂ ਬਣਾ ਕੇ ਕਾਵਾਂ-ਕੁੱਤਿਆਂ ਨੂੰ ਪਾਵੋ। ਜੇ ਵਧੀ ਹੋਈ ਤਾਂ ਠੀਕ ਹੋਜੂ, ਨਹੀਂ ਰੱਬ ਭਲੀ ਕਰੂ।"

ਅਸੀਂ ਰੋਟੀਆਂ ਬਣਾ ਕੇ ਬਾਲਟੀ ਭਰ ਲਈ।

ਭਿੰਦਰ ਨੂੰ ਕਿਹਾ, 'ਹੱਡਾ ਰੋੜੀ ਦੇ ਕੁੱਤਿਆਂ ਨੂੰ ਪਾ ਆ।'

-"ਮੈਂ ਨੀ ਜਾਂਦਾ। ਕਦੇ ਅੱਗੇ ਨਾ ਪਿੱਛੇ, ਇਹੋ ਜਿਹੇ ਵਹਿਮ ਨੀ ਕੀਤੇ। ਲੋਕ ਕੀ ਕਹਿਣਗੇ?" ਉਹ ਡੰਗਰਾਂ ਵੱਲ ਤੁਰ ਗਿਆ।

ਸਾਂਝੀ ਭਜਨੇ ਨੂੰ ਬਾਲਟੀ ਦਿੱਤੀ। ਉਹ ਕੁੱਤਿਆਂ ਨੂੰ ਰੋਟੀਆਂ ਪਾਉਣ ਚਲਿਆ ਗਿਆ।

ਖਿਆਲੀ ਪਾਧਾ 'ਰਾਧੇ... ਰਾਧੇ' ਕਰਦਾ ਘਰੇ ਆ ਗਿਆ। ਉਹ ਗੀਤਾ ਦੇ ਅਠਾਰਵੇਂ ਅਧਿਆਇ ਦਾ ਪਾਠ ਕਰਨ ਲੱਗਿਆ।

ਡੈਡੀ ਉਹਨੂੰ ਹੱਥ ਦੇ ਇਸ਼ਾਰੇ ਨਾਲ ਰੋਕਣ ਲੱਗੇ। ਜਿਵੇਂ ਕਹਿ ਰਹੇ ਹੋਣ ਮੈਂ ਅਜੇ ਮਰਨਾ ਨੀ। ਜੇ ਉਹ ਤੰਦਰੁਸਤ ਹੁੰਦੇ ਪਾਧੇ ਦੇ ਗਲ਼ ਹੱਥਾ ਮਾਰਦੇ, ਨਹੀਂ ਇਹ ਤਾਂ ਜ਼ਰੂਰ ਪੁੱਛਦੇ: "ਖਿਆਲੀ ਤੇਰੀ ਕੀ ਸੁਲ੍ਹਾਮ ਆ, ਐਂ ਪਾਠ ਕਰਨ ਨਾਲ ਬੰਦਾ ਮਰ ਜਾਂਦਾ?"

--0--

ਕਿਧਰੋਂ ਹੀ ਸਵਰਨੀ ਆ ਗਈ। ਉਹ ਮੰਮੀ ਦੀ ਸਹੇਲੀ ਸੀ। ਕਿੰਨੇ ਹੀ ਸਾਲਾਂ ਬਾਅਦ ਸਾਡੇ ਘਰ ਆਈ ਸੀ। ਉਹਨੂੰ ਦੇਖ ਪਹਿਲਾਂ ਹੀ ਤਪੀ ਬੈਠੀ ਮੰਮੀ ਨੂੰ ਅੱਗ ਲੱਗ ਗਈ। ਪਰ ਹੁਣ ਵੇਲ਼ਾ ਲੜਨ-ਲੜਾਉਣ ਦਾ ਨਹੀਂ ਸੀ।

ਮੰਮੀ ਉਹਨੂੰ ਆਉਂਦੀ ਦੇਖ ਅੰਦਰ ਜਾ ਬੜੀ।

ਮੇਰੇ ਵਿਆਹ ਤੋਂ ਪਹਿਲਾਂ ਉਹਦਾ ਸਾਡੇ ਘਰੇ ਆਉਣਾ ਜਾਣਾ ਆਮ ਸੀ। ਉਹ ਮੰਮੀ ਨਾਲ ਘਰ ਦੇ ਕੰਮ ਕਰਾ ਕੇ ਜਾਂਦੀ। ਲੋਕਣੀਆਂ ਤੋਂ ਉਹਦੀਆਂ ਗੱਲਾਂ ਸੁਣੀਆਂ ਸੀ।

ਇਕ ਗੱਲ ਮੰਮੀ ਨੇ ਦੱਸੀ, ਇਕ ਦਿਨ ਦੁਪਹਿਰੇ, ਅੱਜ ਕੀ ਧਰੀਏ ਦਾ ਫ਼ਿਕਰ ਪਿਆ ਹੋਇਆ।

"ਦੀਪੋ ਤੇਰੀ ਕੀ ਸੁਲ੍ਹਾਮ ਆ ਜੇ ਹਰਾ ਮੁਰਗਾ ਬਣਾਈਏ?" ਥੋਡੇ ਡੈਡੀ ਦੀ ਗੱਲ ਸਾਗ 'ਤੇ ਆ ਕੇ ਮੁੱਕ ਜਾਂਦੀ।

-"ਪੱਲ਼ੇ ਨੀ ਧੇਲਾ, ਕਰਦੀ ਮੇਲਾ-ਮੇਲਾ। ਆਪਣੇ ਤਾਂ ਸਰ੍ਹੋਂ ਵੀ ਪਛੇਤੀ ਬੀਜੀ ਆ। ਕੀਹਨਾਂ ਦਿਓਂ ਸਾਗ ਤੋੜ ਲਿਆਵਾਂ।"

ਏਨੇ ਨੂੰ ਕਿਧਰੋਂ ਹੀ ਸਵਰਨੀ ਆਗੀ। ਉਹ ਕਿਸੇ ਦੇ ਖੇਤ 'ਚੋਂ ਸਾਗ ਤੋੜ ਕੇ ਲਿਆਈ ਸੀ। ਆਲਣ ਪਾਉਣ ਨੂੰ ਮੱਕੀ ਦਾ ਆਟਾ ਲੈਣ ਆਈ ਸੀ। ਮੈਂ ਕਿਹਾ, "ਸਵਰਨੀ ਅਸੀਂ ਵੀ ਸਾਗ ਧਰਨ ਦੀਆਂ ਸਲਾਹਾਂ ਕਰਦੇ ਤੀ।"

"ਮੈਨੂੰ ਪਤਾ ਤੀ, ਬੀਬੀ ਥੋਡੇ ਲਈ ਓ ਲਿਆਈ ਆਂ।" ਉਹ ਮੱਕੀ ਦਾ ਆਟਾ ਲੈਣ ਆਈ ਸਾਗ ਦੇ ਕੇ ਤੁਰਗੀ।

ਤੇਰਾ ਡੈਡੀ ਬੋਲਿਆ, "ਚਾਹੇ ਗ਼ਰੀਬ ਆ ਪਰ ਦਿਲ ਦੀ ਦਰਿਆ।"

ਮੈਂ ਕਿਹੜਾ ਉਹਨੂੰ ਕਦੇ ਘਰੋਂ ਖਾਲੀ ਤੋਰਿਆ। ਮੈਂ ਆਪਣਾ ਦਰਿਆ ਦਿਲ ਦੱਸਣ ਲੱਗੀ। ਸਾਗ ਸੁਆਰਨ ਲੱਗੀ, "ਆਹ ਦੇਖੋ ਕਿੰਨੀਆਂ ਸੁਹਣੀਆਂ ਗੰਦਲਾਂ"।

"ਜਿਹੜੀ ਲਿਆਈ ਆ ਉਹ ਆਪ ਕਿਹੜਾ ਕਦੀ ਗੰਦਲ਼ ਤੋਂ ਘੱਟ ਆ।" ਤੇਰਾ ਡੈਡੀ ਮਸਕਰੀ ਹੱਸਦਾ ਬੋਲਿਆ।

ਮੈਂ ਉਹਦਾ ਮੂੰਹ ਦੇਖਿਆ। ਸਾਰਾ ਕੁਛ ਪੜ੍ਹ ਲਿਆ। ਸਵਰਨੀ ਜ਼ਹਿਰ ਲੱਗਣ ਲੱਗੀ। ਸਾਗ ਡੰਗਰਾਂ ਮੂਹਰੇ ਜਾ ਸਿੱਟਿਆ।

ਮੰਮੀ ਦੱਸ ਕੇ ਉਦਾਸ ਹੋਗੀ।

ਲੋਕਣੀਆ ਦੱਸਦੀਆਂ।

ਕੇਰਾਂ ਸਰ੍ਹੋਂ ਦੇ ਖੇਤ 'ਚ ਸਵਰਨੀ ਗੁਣਗੁਣਾਉਂਦੀ ਫਿਰੇ, "ਕਿਹੜੀ ਏਂ ਤੂੰ ਸਾਗ ਤੋੜਦੀ, ਹੱਥ ਸੋਚ ਕੇ ਗੰਦਲ਼ ਨੂੰ ਪਾਈਂ।" ਡੈਡੀ ਨੇ ਉਹਦੀ ਗੁੱਤ 'ਚ ਸਰ੍ਹੋਂ ਦੇ ਫੁੱਲ ਟੰਗੇ। ਨਾਲੇ ਕਹਿਣ ਲੱਗਿਆ,

"ਸਾਰਾ ਖੇਤ ਹਵਾਲੇ ਤੇਰੇ।"

ਖਬਨੀ ਮੰਮੀ ਨੇ ਦੇਖ ਲਿਆ ਜਾਂ ਫਿਰ ਕਿਸੇ ਨੇ ਦੱਸ ਦਿੱਤਾ, ਘਰੇ ਬਹੁਤ ਕਲੇਸ਼ ਹੋਇਆ।

ਸਵਰਨੀ ਉਸ ਦਿਨ ਤੋਂ ਬਾਅਦ ਅੱਜ ਆਈ ਸੀ। ਮੇਰਾ ਮੋਢਾ ਪਲ਼ੋਸਦੀ ਕਹਿਣ ਲੱਗੀ, "ਕੁੜੇ ਰਾਜੀ ਆਂ ਦੀਪੀ?"

–"ਹਾਂ ਚਾਚੀ ਜੀ ਰਾਜੀ ਆਂ," ਕਹਿ ਕੇ ਉਹਦੇ ਪੈਰੀਂ ਹੱਥ ਲਾਏ। ਉਹਨੇ ਬੁੱਢ-ਸੁਹਾਗਣ ਹੋਣ ਦੀਆਂ ਅਸੀਸਾਂ ਦਿੱਤੀਆਂ।

–"ਕਹਿੰਦੇ ਸਰਦਾਰ ਬਾਅਲ਼ਾ ਈ ਬਿਮਾਰ ਆ। ਮੈਥੋਂ ਰੁਕ ਨੀ ਹੋਇਆ। ਮੈਂ ਕਿਹਾ ਮਨਾਂ ਖ਼ਬਰ ਲੈ ਕੇ ਆਵਾਂ।"

"ਹਾਂ ਚਾਚੀ ਜੀ ਬਹੁਤ ਢਿੱਲੇ ਨੇ।"

ਅਸੀਂ ਦੋਵੇਂ ਡੈਡੀ ਵਾਲ਼ੇ ਕਮਰੇ 'ਚ ਚਲੀਆਂ ਗਈਆਂ।

ਉਹ ਹੱਥ ਜੋੜਦੀ ਡੈਡੀ ਦੇ ਮੰਜੇ ਕੋਲ਼ ਪਈ ਕੁਰਸੀ ‘ਤੇ ਜਾ ਬੈਠੀ। ਡੈਡੀ ਦੀਆਂ ਅੱਖਾਂ 'ਚ ਚਮਕ ਆਈ। ਉਹ ਉੱਠ ਕੇ ਬੈਠਣ ਦੀ ਕੋਸ਼ਿਸ਼ ਕਰਨ ਲੱਗੇ। ਬੈਠ ਨਾ ਹੋਇਆ। ਸਵਰਨੀ ਚਾਚੀ ਨੇ ਪਰ੍ਹਾਂ ਨੂੰ ਮੂੰਹ ਕਰ ਕੇ ਚੁੰਨੀ ਦੇ ਲੜ ਨਾਲ ਅੱਖਾਂ ਸਾਫ਼ ਕੀਤੀਆਂ। ਡੈਡੀ ਦੇ ਮੱਥੇ ‘ਤੇ ਹੱਥ ਧਰਿਆ। ਡੈਡੀ ਨੇ ਬਹੁਤ ਔਖਾ ਹੋ ਕੇ ਆਪਣੀ ਬਾਂਹ ਚੱਕੀ, ਉਹਦੇ ਹੱਥ ‘ਤੇ ਹੱਥ ਧਰ ਦਿੱਤਾ।

ਗ... ਰ... ਰ, ਗ... ਰ... ਰ, ਦੀ ਆਵਾਜ਼ ਜਿਸਨੇ ਸਾਰੇ ਟੱਬਰ ਨੂੰ ਵਕਤ ਪਾਇਆ ਹੋਇਆ ਸੀ, ਆਉਣੋਂ ਹਟ ਗਈ। ਜਿਵੇਂ ਚੱਲਦਾ ਇੰਜਣ ਬੰਦ ਹੋ ਗਿਆ ਹੋਵੇ। ਡੈਡੀ ਦੀਆਂ ਅੱਖਾਂ ਖੁੱਲ੍ਹੀਆਂ ਸਨ ਜਿਵੇਂ ਪੁੱਛ ਰਹੀਆਂ ਹੋਣ, "ਕੀ ਸੁਲ੍ਹਾਅ ਆ ਫਿਰ?"

ਸਵਰਨੀ ਚਾਚੀ ਘਬਰਾ ਗਈ। ਕਦੇ ਨਬਜਾਂ ਦੇਖੇ, ਕਦੇ ਮੱਥੇ ‘ਤੇ ਹੱਥ ਧਰ ਕੇ ਦੇਖੇ। ਉਹਦੇ ਹੰਝੂ ਪਰਲ-ਪਰਲ ਵਗਣ ਲੱਗੇ। ਮੈਂ ਰੋਣ ਲੱਗੀ। ਪਲਾਂ ਵਿਚ ਸਾਰਾ ਟੱਬਰ ਇਕੱਠਾ ਹੋ ਗਿਆ। ਮੰਮੀ ਨੇ ਸਾਨੂੰ ਰੋਣ ਤੋਂ ਰੋਕਿਆ, ਕਹਿਣ ਲੱਗੀ, "ਦੋਜਖ ਭਰਦਾ ਤੀ, ਦਸੌਂਟਾ ਕੱਟਿਆ ਗਿਆ, ਰੱਬ ਦਾ ਭਾਣਾ ਮੰਨੋ।"

ਸਵਰਨੀ ਚਾਚੀ ਗੁਨਾਹਗਾਰਾਂ ਵਾਂਗ ਬੋਲੀ, "ਜੇ ਪਤਾ ਹੁੰਦਾ ਐਂ ਹੋਊ, ਮੈਂ ਤੱਤੜੀ ਖ਼ਬਰ ਨੂੰ ਨਾ ਆਉਂਦੀ।"

ਮੰਮੀ ਨੇ ਉਹਦੇ ਮੋਢੇ ‘ਤੇ ਹੱਥ ਧਰਿਆ, ਉਹਦੀਆਂ ਨਜ਼ਰਾਂ ਕਹਿ ਰਹੀਆਂ ਸੀ, 'ਜੇ ਪਤਾ ਹੁੰਦਾ ਐਂ ਹੋਊ, ਮੈਂ ਤੈਨੂੰ ਓਦਣ ਦੀ ਨੂੰ ਸੱਦ ਲੈਂਦੀ। ਐਨੇ ਲਹੂਰ ਕਾਹਨੂੰ ਦੇਖਦੇ।'

ਮੰਮੀ ਡੈਡੀ ਦੀਆਂ ਖੁੱਲ੍ਹੀਆਂ ਅੱਖਾਂ ‘ਤੇ ਹੱਥ ਧਰ ਕੇ ਅੱਖਾਂ ਬੰਦ ਕਰਨ ਲੱਗੇ। ਭਿੰਦਰ ਨੂੰ ਕਹਿੰਦੇ, "ਵੇ ਪੁੱਤ, ਇਹਦੇ ਕੱਪੜੇ ਬਦਲੋ। ਫਿਰ ਸਰੀਰ ਆਕੜਨ ਲੱਗ ਜਾਣਾ। ਮੰਜੇ ‘ਤੇ ਹੋਰ ਦਰੀ ਵਿਛਾਈ ਵਿਛਾ ਦੋ। ਫਿਰ ਲੋਕਾਂ ਨੇ ਆਉਣ ਲੱਗ ਜਾਣਾ।"

ਸਵਰਨੀ ਚਾਚੀ ਸਿਰ ਫੜੀ ਖੜ੍ਹੀ ਸੀ। ਮੰਮੀ ਉਹਨੂੰ ਕਹਿਣ ਲੱਗੀ, "ਆਹ ਸਾਗ ਧਰਿਆ ਤੀ। ਰਿੱਝ ਗਿਆ। ਹੁਣ ਏਥੇ ਸਾਰੇ ਪਿੰਡ ਨੇ ਆ ਜਾਣੈ। ਮੈਂ ਭਜਨੇ ਹੱਥ ਤੇਰੇ ਘਰ ਭੇਜ ਦਿੰਨੀ ਆਂ। ਆਲਣ ਪਾ ਲੀਂ।"

–"ਉਧਰ ਕਿਹੜਾ ਬੀਬੀ, ਕਿਸੇ ਦੇ ਬੁਰਕੀ ਨਿੱਘਰਨੀ ਆਂ। ਜੇ ਤੂੰ ਕਹਿਨੀ ਏਂ...।" ਉਹ ਚੁੰਨੀ ਦੇ ਲੜ ਨਾਲ ਅੱਖਾਂ ਸਾਫ਼ ਕਰਦੀ ਜਾਣ ਲੱਗੀ।

–"ਸਵਰਨੀ ਆ ਜਾਇਆ ਕਰ, ਦੁੱਖ-ਸੁੱਖ ਕਰਿਆ ਕਰਾਂਗੀਆਂ। ...ਕੀ ਲੈ ਜਾਣਾ ਏਥੋਂ।"

ਸਵਰਨੀ ਉੱਥੋਂ ਹੀ ਮੁੜ ਆਈ। ਦੋਵੇਂ ਇਕ ਦੂਜੇ ਦੇ ਗਲ਼ ਲੱਗ ਕੇ ਕੀਰਨੇ ਪਾਉਣ ਲੱਗੀਆਂ, "ਬੁੱਢੇ ਬਾਰੇ ਤੈਨੂੰ ਪੈਗੀਆਂ ਵੇ ਵਾਟਾਂ ਲੰਮੀਆਂ, ਵੇ ਰਾਜਿਆ...।" 000

*(ਪਿੰਡ ਅਲੂਣਾ ਤੋਲਾ, ਡਾਕਖਾਨਾ ਅਲੂਣਾ ਪੱਲਾ, ਤਹਿਸੀਲ ਖੰਨਾ,*
*ਜ਼ਿਲ੍ਹਾ ਲੁਧਿਆਣਾ-141 414 ਫੋਨ: 94633-52107)*

# ਗੁੱਡ ਮੌਰਨਿੰਗ: ਕਹਾਣੀ: ਜਰਨੈਲ ਸਿੰਘ ਸੇਖਾ

ਬਲਜੀਤ ਘਾਲੀ ਮੇਰਾ ਦੋਸਤ ਹੈ। ਉਸ ਦਾ ਇਕਲੌਤਾ ਲੜਕਾ ਇਕ ਫਰਮ ਵਿਚ ਮਨੇਜਰ ਸੀ ਅਤੇ ਉਸ ਦੀ ਨੂੰਹ ਹਸਪਤਾਲ ਵਿਚ ਨਰਸ ਲੱਗੀ ਹੋਈ ਸੀ। ਅਗਾਂਹ ਉਹਨਾਂ ਦੇ ਦੋ ਬੱਚੇ ਸਨ। ਘਾਲੀ ਦੰਪਤੀ ਕੰਮਾਂ ਤੋਂ ਫਾਰਗ ਹੋ ਕੇ ਸੁਹਣੀ ਰਿਟਾਇਰ ਜ਼ਿੰਦਗੀ ਬਤੀਤ ਕਰ ਰਹੇ ਸੀ ਕਿ ਇਕ ਦਿਨ ਉਹਦਾ ਲੜਕਾ ਕਹਿਣ ਲੱਗਾ, "ਪਾਪਾ, ਮੈਨੂੰ ਫਲੈਡਿਲਫੀਆ ਵਿਚ ਮਨ ਪਸੰਦ ਨੌਕਰੀ ਮਿਲ ਗਈ ਹੈ। ਹੁਣ ਆਪਾਂ ਅਗਲੇ ਮਹੀਨੇ ਅਮਰੀਕਾ ਚਲੇ ਜਾਣੈ। ਤੁਹਾਡੇ ਜਿਹੜੇ ਵੀ ਇਥੋਂ ਦੇ ਕੰਮ ਧੰਦੇ ਐ, ਉਹ ਜਾਣ ਤੋਂ ਪਹਿਲਾਂ ਪਹਿਲਾਂ ਨਬੇੜ ਲਵੋ।"

"ਕੀ ਕਿਹਾ! ਅਮਰੀਕਾ ਚਲੇ ਜਾਣੈ!! ਜਦੋਂ ਇੰਗਲੈਂਡ ਵਿਚ ਸੀ ਤਾਂ ਕਨੇਡਾ ਆਉਣ ਦੀ ਦੁਹਾਈ ਪਾਈ ਹੋਈ ਸੀ, ਹੁਣ ਏਥੋਂ ਵੀ ਦਿਲ ਭਰ ਗਿਆ!" ਘਾਲੀ ਨੇ ਗੁੱਸੇ ਵਿਚ ਆਪਣੇ ਪੁੱਤਰ ਵੱਲ ਦੇਖਿਆ।

"ਚਾਰ ਸਾਲ ਹੋ ਗਏ ਇਕ ਕਿੱਲੇ ਨਾਲ ਬੱਝੇ ਨੂੰ, ਕੋਈ ਤਰੱਕੀ ਨਹੀਂ, ਅਗਾਂਹ ਵਧਣ ਦੇ ਕੋਈ ਮੌਕੇ ਨਹੀਂ। ਅਮਰੀਕਾ ਵਿਚ ਤਰੱਕੀ ਕਰਨ ਦੇ ਬੜੇ ਅਵਸਰ ਹਨ। ਏਥੇ ਆਪਣਾ ਕੀ ਹੈ! ਇਹ ਮਕਾਨ ਹੈ, ਇਹ ਕੱਲ੍ਹ ਨੂੰ ਹੀ ਸੇਲ 'ਤੇ ਲਾ ਦੇਣੈ।" ਮੁੰਡੇ ਨੇ ਦਲੀਲ ਨਾਲ ਘਾਲੀ ਨੂੰ ਮਨਾਉਣਾ ਚਾਹਿਆ।

"ਪਹਿਲਾਂ ਮੈਂ ਤੇਈ ਸਾਲ ਦੀ ਉਮਰ ਤਕ ਕਿਤਾਬਾਂ ਨਾਲ ਮੱਥਾ ਮਾਰਿਆ, ਫੇਰ ਸੱਤ ਸਾਲ ਕਿਸੇ ਚੱਜ ਦੀ ਨੌਕਰੀ ਦੀ ਭਾਲ਼ ਵਿਚ ਧੱਕੇ ਖਾਂਦਿਆਂ ਲੰਘਾ ਦਿੱਤੇ। ਬੇਰੁਜ਼ਗਾਰੀ ਦਾ ਸਤਾਇਆ ਚੰਗੇ ਭਵਿੱਖ ਦੀ ਖਾਤਰ ਇੰਗਲੈਂਡ ਆਇਆ। 30 ਸਾਲ ਦੀ ਅਣਥੱਕ ਮਿਹਨਤ ਨਾਲ ਇੰਗਲੈਂਡ ਵਿਚ ਪੈਰ ਲੱਗੇ। ਲੋਕਾਂ ਨਾਲ ਮੇਲ ਜੋਲ ਵਧਿਆ ਤੇ ਦੋਸਤਾਂ ਦਾ ਘੇਰਾ ਵਿਸ਼ਾਲ ਹੋਇਆ। ਓਥੋਂ ਦੀ ਰਹਿਤਲ ਨੂੰ ਅਪਨਾਉਣ ਦੇ ਯੋਗ ਹੋਏ ਤਾਂ ਤੂੰ ਪੇਸ਼ ਨਾ ਜਾਣ ਦਿੱਤੀ। ਤੇਰੇ ਆਖੇ ਲੱਗ, ਡੰਡਾ ਡੇਰਾ ਚੁੱਕ ਕੇ ਕਨੇਡਾ ਆ ਗਏ। ਹੁਣ ਏਥੇ ਬੜੀ ਮੁਸ਼ਕਲ ਨਾਲ ਜੜਾਂ ਲੱਗੀਆਂ ਤਾਂ ਤੂੰ ਫੇਰ ਜੜਾਂ ਪੱਟਣ ਨੂੰ ਤਿਆਰ ਹੋ ਗਿਐਂ। ਤੁਸੀਂ ਜਿੱਥੇ ਮਰਜ਼ੀ ਰਹੋ ਪਰ ਮੈਂ ਅੰਤਲੇ ਸਾਹਾਂ ਤਕ ਏਥੋਂ ਕਿਤੇ ਨਹੀਂ ਜਾਵਾਂਗਾ।"

"ਜਿੱਥੇ ਬੱਚਿਆਂ ਨੇ ਰਹਿਣਾ, ਆਪਾਂ ਨੂੰ ਵੀ ਤਾਂ ਓਥੇ ਈ ਰਹਿਣਾ ਪੈਣੈ।" ਘਾਲੀ ਦੀ ਪਤਨੀ, ਲਾਜਵੰਤ ਕੌਰ ਨੇ ਕਿਹਾ।

"ਲਾਜ, ਤੂੰ ਇਹਨਾਂ ਨਾਲ ਜਾ ਸਕਦੀ ਹੈਂ ਪਰ ਮੈਂ ਨਹੀਂ ਜਾਣਾ। ਇਹ ਮੇਰਾ ਅਖੀਰੀ ਫੈਸਲਾ ਹੈ।"

ਘਾਲੀ ਦਾ ਫੈਸਲਾ ਸੁਣ ਕੇ ਲਾਜਵੰਤ ਚੁੱਪ ਕਰ ਗਈ। ਉਸ ਨੂੰ ਪਤਾ ਸੀ ਕਿ ਜਿਹੜੀ ਗੱਲ ਉਹ ਮਨ ਵਿਚ ਧਾਰ ਲੈਂਦਾ ਸੀ, ਉਸ ਤੋਂ ਕਦੀ ਪਿੱਛੇ ਨਹੀਂ ਸੀ ਹਟਦਾ।ਮੁੰਡੇ ਨੇ ਵੀ ਦਲੀਲਾਂ ਨਾਲ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਘਾਲੀ ਆਪਣੇ ਫੈਸਲੇ ਉਪਰ ਅੜਿਆ ਰਿਹਾ। ਅਖੀਰ, ਇਹ ਫੈਸਲਾ ਹੋਇਆ ਕਿ ਗਰਮੀ ਦੀਆਂ ਛੁੱਟੀਆਂ ਵਿਚ ਬੱਚੇ ਕੁਝ ਸਮਾਂ ਵੈਨਕੂਵਰ ਆ ਜਇਆ ਕਰਨਗੇ ਅਤੇ ਸਰਦੀਆਂ ਵਿਚ ਮਾਂ ਬਾਪ ਫਲੈਡਿਲਫੀਆ ਦਾ ਚੱਕਰ ਮਾਰ ਜਾਇਆ ਕਰਨਗੇ। ਘਾਲੀ ਦਾ ਮੁੰਡਾ ਆਪਣਾ ਪਰਿਵਾਰ ਲੈ ਕੇ ਫਲੈਡਿਲਫੀਆ ਚਲਾ ਗਿਆ। ਪਰਿਵਾਰ ਦੇ ਚਲੇ ਜਾਣ ਮਗਰੋਂ ਘਾਲੀ ਨੂੰ ਘਰ ਸੁੰਞਾ ਸੁੰਞਾ ਲੱਗਣ ਲੱਗਾ। ਕੁਝ ਸਮਾਂ ਦੋਹਾਂ ਜੀਆਂ ਦਾ ਦਿਲ ਉਦਾਸ ਰਿਹਾ। ਘਾਲੀ ਕਈ ਸਾਹਿਤਕ ਸੰਸਥਾਵਾਂ ਨਾਲ ਤਾਂ ਪਹਿਲਾਂ ਹੀ ਜੁੜਿਅ ਹੋਇਆ ਸੀ ਅਤੇ ਉਸ ਨੂੰ ਰੇਡੀਉ ਤੇ ਟੀਵੀ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਵੀ ਬੁਲਾਇਆ ਜਾਂਦਾ ਸੀ। ਹੁਣ ਉਸ ਨੇ ਆਪਣੀਆਂ

ਸਮਾਜਕ ਗਤੀ-ਵਿਧੀਆਂ ਹੋਰ ਵੀ ਵਧਾ ਲਈਆਂ। ਉਹ ਹਸਪਤਾਲ ਜਾ ਕੇ ਕੁਝ ਸਮਾਂ ਮਰੀਜ਼ਾਂ ਦੀ ਸੇਵਾ ਵਿਚ ਵੀ ਬਿਤਉਂਦਾ ਤੇ ਆਪਣੀਆਂ ਹੌਸਲਾ ਵਧਾਊ ਗੱਲਾਂ ਨਾਲ ਉਹਨਾਂ ਦਾ ਦਿਲ ਪਰਚਾਵਾ ਵੀ ਕਰਦਾ। ਲਾਜਵੰਤ ਕੌਰ ਵੀ ਕਦੀ ਵਿਹਲੀ ਨਹੀਂ ਸੀ ਰਹੀ। ਉਹ ਬੱਚਿਆਂ ਦੀ ਦੇਖ ਭਾਲ ਵਿਚ ਰੁੱਝੀ ਰਹਿੰਦੀ ਸੀ। ਹੁਣ ਉਸ ਦੇ ਕਰਨ ਲਈ ਕੋਈ ਕੰਮ ਨਹੀਂ ਸੀ ਰਹਿ ਗਿਆ। ਇਕ ਦਿਨ ਉਹ ਕਹਿਣ ਲੱਗੀ, "ਜੀਤ, ਇਹ ਪਹਾੜ ਜਿੱਡੇ ਦਿਨ ਮੈਥੋਂ ਵਿਹਲੇ ਬਹਿ ਕੇ ਨਹੀਂ ਕੱਟੇ ਜਾਣੇ। ਤੁਸੀਂ ਮੈਨੂੰ ਉੱਨ ਲਿਆ ਦਿਉ। ਮੈਂ ਬੱਚਿਆਂ ਦੇ ਸਵੈਟਰ ਜੁਰਾਬਾਂ ਬਣਾ ਦਿਆ ਕਰਾਂਗੀ। ਜਦੋਂ ਪੰਜ ਸੱਤ ਬਣ ਜਾਇਆ ਕਰਨਗੇ ਤਾਂ ਹਸਪਤਾਲ ਵਿਚ ਜਾਂ ਕਿਸੇ ਦਾਨੀ ਸੰਸਥਾ ਨੂੰ ਦਾਨ ਕਰ ਆਇਆ ਕਰਾਂਗੇ। ਲੋਕ ਸੇਵਾ ਵੀ ਹੋ ਜਾਵੇਗੀ ਤੇ ਮੇਰਾ ਦਿਲ ਵੀ ਲੱਗਿਆ ਰਹੂ।"

"ਇਹ ਬਹੁਤ ਹੀ ਚੰਗੀ ਗੱਲ ਐ। ਚੱਲ, ਹੁਣੇ ਚਲਦੇ ਹਾਂ। ਲੋਕ ਭਲਾਈ ਦੇ ਕੰਮ ਵਿਚ ਢਿੱਲ ਕਾਹਦੀ!" ਘਾਲੀ ਨੇ ਖੁਸ਼ ਹੁੰਦਿਆ ਕਿਹਾ।

ਉਹ ਸਟੋਰ ਤੋਂ ਕਈ ਰੰਗਾਂ ਦੀ ਉੱਨ ਅਤੇ ਸਲਾਈਆਂ ਲੈ ਆਏ। ਲਾਜਵੰਤ ਨੇ ਉਸੇ ਦਿਨ ਹੀ ਹੱਥ ਵਿਚ ਸਲਾਈਆਂ ਫੜ ਲਈਆਂ। ਲਾਜਵੰਤ ਦਾ ਦਿਲ ਲੱਗ ਗਿਆ। ਇਕ ਵਾਰ ਉਹ ਫਲੈਡਿਲਫੀਆ ਦਾ ਚੱਕਰ ਵੀ ਲਾ ਆਏ। ਪੰਜਾਬੀਆਂ ਦੇ ਸੀਨੀਅਰ ਸੈਂਟਰ ਵਿਚ ਹਫਤੇ 'ਚ ਇਕ ਦਿਨ ਉਪਰਲੇ ਹਾਲ ਵਿਚ ਔਰਤਾਂ ਮਿਲ ਬੈਠ ਕੇ ਆਪਣੇ ਮਸਲੇ ਵਿਚਾਰਨ ਦੇ ਨਾਲ ਨਾਲ ਮਨੋਰੰਜਨ ਲਈ ਗੀਤ ਸੰਗੀਤ ਦੀ ਮਹਿਫਲ ਵੀ ਸਜਾਉਂਦੀਆਂ। ਉਸ ਦਿਨ ਉਹ ਦੋਵੇਂ ਜੀਅ ਸੀਨੀਅਰ ਸੈਂਟਰ ਚਲੇ ਜਾਂਦੇ। ਲਾਜਵੰਤ ਔਰਤਾਂ ਦੇ ਇਕੱਠ ਵਿਚ ਸ਼ਾਮਿਲ ਹੋ ਜਾਂਦੀ ਅਤੇ ਬਲਜੀਤ ਘਾਲੀ ਬਜ਼ੁਰਗਾਂ ਵਿਚ ਬੈਠ ਕੇ ਚਲੰਤ ਮਾਮਲਿਆਂ 'ਤੇ ਹੁੰਦੀ ਬਹਿਸ ਵਿਚ ਹਿੱਸਾ ਲੈਂਦਾ। ਕਈ ਵਾਰ ਉਹ ਉਹਨਾਂ ਨੂੰ ਸਮਾਜੀ ਗਿਆਨ ਦੀਆਂ ਗੱਲਾਂ ਵੀ ਸੁਣਾਉਂਦਾ।

ਦਿਨ ਬਹੁਤ ਵਧੀਆ ਬਤੀਤ ਹੋ ਰਹੇ ਸਨ ਕਿ ਲਾਜਵੰਤ ਕੌਰ ਨੂੰ ਦੋ ਕੁ ਵਾਰ ਪੇਟ ਦਰਦ ਦੀ ਸ਼ਕਾਇਤ ਹੋਈ। ਉਸ ਬਹੁਤਾ ਗੌਲ਼ਿਆ ਨਾ। ਉਹ ਘਰ ਪਿਆ ਚੂਰਨ ਖਾ ਲੈਂਦੀ। ਇਕ ਦਿਨ ਜਦੋਂ ਉਹ ਰੋਟੀ ਖਾਣ ਲੱਗੀ ਤਾਂ ਉਸ ਨੂੰ ਮਹਿਸੂਸ ਹੋਇਆ ਜਿਵੇਂ ਰੋਟੀ ਦੀ ਬੁਰਕੀ ਗਲ਼ ਦੇ ਹੇਠਾਂ ਅਟਕ ਗਈ ਹੋਵੇ। ਉਸ ਨੇ ਪਾਣੀ ਦੀ ਘੁੱਟ ਨਾਲ ਬੁਰਕੀ ਅੰਦਰ ਲੰਘਾਈ। ਰੋਟੀ ਖਾਣ ਮਗਰੋਂ ਫੇਰ ਪੇਟ ਦਰਦ ਹੋਇਆ ਤਾਂ ਉਸ ਨੇ ਘਾਲੀ ਨੂੰ ਕਿਹਾ, "ਜੀਤ, ਰਾਤੀਂ ਵੀ ਮੇਰੇ ਢਿੱਡ ਪੀੜ ਹੋਈ ਸੀ ਤੇ ਹੁਣ ਵੀ ਢਿੱਡ ਪੀੜ ਹੋਣ ਲੱਗ ਪਈ, ਨਾਲੇ ਅੱਜ ਰੋਟੀ ਵੀ ਉਗਲ ਨਿਗਲ ਕਰ ਕੇ ਈ ਖਾਧੀ ਐ।"

"ਪਹਿਲਾਂ ਵੀ ਕਿਤੇ ਪੇਟ ਦਰਦ ਹੋਇਆ ਸੀ?"

"ਐਵੇਂ ਇਕ ਦੋ ਵਾਰ ਮਮੂਲੀ ਜਿਹਾ ਹੋਇਆ ਸੀ, ਚੂਰਨ ਲੈਣ ਨਾਲ ਠੀਕ ਹੋ ਜਾਂਦਾ ਸੀ। ਕੁਝ ਦਿਨਾਂ ਤੋਂ ਰੋਟੀ ਵੀ ਸੁਆਦ ਨਾਲ ਨਹੀਂ ਖਾਧੀ ਜਾਂਦੀ।"

"ਜਦੋਂ ਪਹਿਲੇ ਦਿਨ ਪੇਟ ਦਰਦ ਹੋਇਆ ਸੀ ਤਾਂ ਉਸ ਦਿਨ ਕਿਉਂ ਨਹੀਂ ਦੱਸਿਆ?"

"ਇਹਦੇ ਵਿਚ ਦੱਸਣ ਵਾਲੀ ਕਿਹੜੀ ਗੱਲ ਸੀ, ਮਾੜੀ ਮੋਟੀ ਸਰੀਰ ਨੂੰ ਔਰ੍ਹ ਸੌਰ੍ਹ ਤਾਂ ਹੋਈ ਜਾਂਦੀ ਐ।"

"ਚੱਲ ਤਿਆਰ ਹੋ, ਹੁਣੇ ਹਸਪਤਾਲ ਚੱਲਣੈ।" ਦੱਸੀਆਂ ਨਿਸ਼ਾਨੀਆਂ ਤੋਂ ਘਾਲੀ ਨੂੰ ਨਾਮੁਰਾਦ ਬਿਮਾਰੀ ਦੇ ਲੱਛਣ ਹੋਣ ਦਾ ਸ਼ੱਕ ਪਿਆ। ਉਹ ਫੈਮਲੀ ਡਾਕਟਰ ਕੋਲ ਜਾਣ ਦੀ ਥਾਂ ਸਿੱਧੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿਚ ਚਲੇ ਗਏ। ਲਾਜਵੰਤ ਦੇ ਬਹੁਤੇ ਸਾਰੇ ਸਰੀਰਕ ਟੈੱਸਟ ਹੋਣ ਮਗਰੋਂ ਜਿਹੜਾ ਨਤੀਜਾ ਆਇਆ ਉਹ ਬਹੁਤ ਚਿੰਤਾਜਨਕ ਸੀ। ਮਿਹਦੇ ਦਾ ਕੈਂਸਰ ਸਰੀਰ ਦੇ ਬਹੁਤ ਸਾਰੇ ਹਿੱਸਿਆਂ ਵਿਚ ਫੈਲ ਚੁੱਕਾ ਸੀ। ਲਾਜਵੰਤ ਨੂੰ ਉਸੇ ਸਮੇਂ ਹਸਪਤਾਲ ਵਿਚ ਦਾਖਲ ਕਰ ਕੇ ਇਲਾਜ ਸ਼ੁਰੂ ਕਰ ਦਿੱਤਾ ਗਿਆ ਪਰ ਇਲਾਜ ਬੇਅਸਰ ਰਿਹਾ ਤੇ ਇਸ ਨਾਮੁਰਾਦ ਬਿਮਾਰੀ ਨੇ ਤਿੰਨ ਮਹੀਨੇ ਦੇ ਅੰਦਰ ਅੰਦਰ ਹੀ ਲਾਜਵੰਤ ਕੌਰ ਦੀ ਜਾਨ ਲੈ ਲਈ।

ਪਤਨੀ ਦੀ ਮੌਤ ਨੇ ਘਾਲੀ ਦੇ ਪੈਰ ਉਖੇੜ ਦਿੱਤੇ। ਅੰਤਮ ਰਸਮਾਂ ਤੋਂ ਬਾਅਦ ਜਦੋਂ ਪੁੱਤਰ ਨੇ ਨਾਲ ਚੱਲਣ ਲਈ ਕਿਹਾ ਤਾਂ ਉਸ ਨੇ ਇਕ ਵਾਰ ਵੀ 'ਨਾਂਹ' ਨਾ ਕੀਤੀ। ਮਕਾਨ ਵੇਚ ਕੇ ਮੁੰਡੇ ਦੇ

ਨਾਲ ਫਲੈਡਿਲਫੀਆ ਚਲਾ ਗਿਆ ਪਰ ਓਥੇ ਉਸ ਦਾ ਦਿਲ ਨਹੀਂ ਲੱਗਾ। ਉਸ ਫਲੈਡਿਲਫੀਆ ਵਿਚ ਤਿੰਨ ਕੁ ਮਹੀਨੇ ਮਸਾਂ ਹੀ ਲੰਘਾਏ, ਮੁੜ ਆਪਣੇ ਪੁਰਾਣੇ ਸ਼ਹਿਰ ਆ ਗਿਆ। ਇੰਡੀਆ ਤੋਂ ਹੀ ਸਾਡੀ ਮਿੱਤਰਤਾ ਹੋਣ ਕਰ ਕੇ ਉਹ ਕੁਝ ਦਿਨ ਮੇਰੇ ਕੋਲ਼ ਰਿਹਾ, ਫਿਰ ਇਕ ਬੈੱਡਰੂਮ ਦੀ ਬੇਸਮੈਂਟ ਕਰਾਏ 'ਤੇ ਲੈ ਲਈ। ਉਸ ਦੇ ਦੋਸਤ ਮਿੱਤਰ ਉਹਦੇ ਕੋਲ਼ ਗੇੜਾ ਮਾਰਦੇ ਤੇ ਦਰਦ ਵੰਡਾਉਂਦੇ। ਸਮੇਂ ਨੇ ਵੀ ਮਲ੍ਹਮ ਦਾ ਕੰਮ ਕੀਤਾ। ਕਿਸੇ ਨਾ ਕਿਸੇ ਬਹਾਨੇ ਉਹ ਆਪਣੇ ਨੇੜਲੇ ਦੋਸਤਾਂ ਨੂੰ ਬੇਸਮੈਂਟ ਵਿਚ ਸੱਦ ਕੇ ਮਹਿਫਲ ਜਮਾ ਲੈਂਦਾ। ਜਾਪਦਾ ਸੀ ਕਿ ਇਹ ਉਸ ਦਾ ਆਪਣੀ ਇਕੱਲ ਨੂੰ ਠੁੰਮਣਾ ਦੇਣ ਦਾ ਇਕ ਬਹਾਨਾ ਹੋਵੇ। ਉਸ ਦੇ ਬਹੁਤ ਨੇੜਲੇ ਦੋਸਤਾਂ ਨੇ ਇਹ ਫੈਸਲਾ ਕੀਤਾ ਕਿ ਜਦੋਂ ਵੀ ਘਾਲੀ ਦੀ ਬੇਸਮੈਂਟ ਵਿਚ ਮਿਲ ਬਹਿਣਾ ਹੋਵੇ ਤਾਂ ਉਸ 'ਤੇ ਬੋਝ ਨਾ ਬਣਿਆ ਜਾਵੇ, ਸਗੋਂ ਹਾਜ਼ਰ ਮੈਂਬਰ ਖਰਚਾ ਬਰਾਬਰ ਵੰਡ ਲਿਆ ਕਰਨ। ਇਸ ਫੈਸਲੇ ਮਗਰੋਂ ਬੇਸਮੈਂਟ ਵਿਚ ਦੋਸਤਾਂ ਦੀਆਂ ਮਹਿਫਲਾਂ ਵਿਚ ਰੌਣਕ ਵਧਣ ਲੱਗ ਪਈ। ਉਸ ਨੇ ਆਪਣੀਆਂ ਗਤੀ-ਵਿਧੀਆਂ ਪਹਿਲਾਂ ਵਾਂਗ ਹੀ ਮੁੜ ਸ਼ੁਰੂ ਕਰ ਲਈਆਂ। ਇਸ ਤਰ੍ਹਾਂ ਹੀ ਉਸ ਬੇਸਮੈਂਟ ਵਿਚ ਉਹਦੇ ਪੰਜ ਸਾਲ ਬਤੀਤ ਹੋ ਗਏ।

ਭਾਰਤੀ ਮੂਲ਼ ਦੇ ਕਨੇਡੀਅਨਾਂ ਨੇ ਲੋਕ ਭਲਾਈ ਦੇ ਕੰਮਾਂ ਲਈ ਇਕ ਸੁਸਾਇਟੀ ਬਣਾਈ ਹੋਈ ਸੀ, ਜਿਸ ਨੂੰ ਸਰਕਾਰੀ ਸਹਾਇਤਾ ਵੀ ਮਿਲ ਜਾਂਦੀ ਸੀ। ਇਸ ਸੰਸਥਾ ਵੱਲੋਂ ਭਾਰਤੀ ਮੂਲ਼ ਦੇ ਬਜ਼ੁਰਗਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰਖਦਿਆਂ ਇਕ ਬਿਰਧ-ਘਰ ਦੀ ਉਸਾਰੀ ਕਰਵਾਈ ਗਈ, ਜਿਸ ਵਿਚ ਆਪਣੀ ਆਮਦਨ ਦਾ 25% ਦੇ ਕੇ ਬਜ਼ੁਰਗ ਆਜ਼ਾਦੀ ਨਾਲ ਰਹਿ ਸਕਦੇ ਸਨ। ਇਸ ਬਿਲਡਿੰਗ ਦੇ ਸਾਰੇ ਸੂਇਟ ਕੁਝ ਦਿਨਾਂ ਵਿਚ ਹੀ ਭਰ ਗਏ। ਫਿਰ ਇਕ ਹੋਰ ਯੂਨਿਟ ਦੀ ਲੋੜ ਪਈ, ਜਿਸ ਵਿਚ ਆਸ਼ਰਿਤ ਬਜ਼ੁਰਗ ਵੀ ਰਹਿ ਸਕਣ। ਲੋਕਾਂ ਵੱਲੋਂ ਦਿੱਤੇ ਦਾਨ ਤੇ ਕੁਝ ਸਰਕਾਰੀ ਸਹਾਇਤਾ ਮਿਲ ਜਾਣ ਨਾਲ ਬਿਲਡਿੰਗ ਦਾ ਦੂਜਾ ਯੂਨਿਟ ਵੀ ਬਣਨ ਲੱਗ ਪਿਆ। ਘਾਲੀ ਨੇ ਵੀ ਉੱਥੇ ਰਹਾਇਸ਼ ਰੱਖਣ ਲਈ ਅਰਜ਼ੀ ਦੇ ਦਿੱਤੀ। ਜਦੋਂ ਉਹ ਯੂਨਿਟ ਤਿਆਰ ਹੋ ਗਿਆ ਤਾਂ ਉਸ ਨੂੰ ਰਹਾਇਸ਼ ਲਈ ਉਹਦੇ ਵਿਚ ਚੌਥੀ ਮੰਜ਼ਲ 'ਤੇ ਇਕ ਬੈੱਡਰੂਮ ਦਾ ਸੁਇਟ ਮਿਲ ਗਿਆ। ਉਹ ਬੇਸਮੈਂਟ ਛੱਡ ਕੇ ਬਿਰਧ-ਘਰ ਵਿਚ ਆ ਗਿਆ। ਏਸ ਇਕ ਬੈੱਡਰੂਮ ਦੇ ਸੁਇਟ ਨੂੰ ਉਹ ਆਪਣਾ ਘਰ ਕਹਿੰਦਾ। ਉਸ ਨੇ ਕੰਧ 'ਤੇ ਲਿਖ ਕੇ ਚਿਪਕਾਇਆ ਹੋਇਆ ਸੀ:

"ਮੇਰੇ ਘਰ ਦਾ ਦਰਵਾਜ਼ਾ ਸਾਰੇ ਮਿੱਤਰ ਪਿਆਰਿਆਂ ਲਈ ਖੁੱਲ੍ਹਾ ਹੈ। ਇਕੱਲੇ ਦੁਕੱਲੇ ਲਈ ਚਾਹ ਪਾਣੀ ਮੇਰੇ ਵੱਲੋਂ ਪਰ ਮੀਟਿੰਗ ਜਾਂ ਮਹਿਫਲ ਸਮੇਂ ਖਾਣ ਪੀਣ ਦਾ ਖਰਚ ਸਾਂਝਾ।

1. ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ। 2. ਖਾਣ ਪੀਣ ਮਗਰੋਂ ਆਪਣਾ ਭਾਂਡਾ ਆਪ ਸਾਫ ਕਰਨਾ ਹੋਵੇਗਾ।3. ਬੈਠਣ ਲਈ ਫੋਲਡਿੰਗ ਕੁਰਸੀ ਸਟੋਰ ਵਿਚੋਂ ਆਪ ਚੁੱਕ ਕੇ ਲਿਆਉਣੀ ਤੇ ਵਾਪਸੀ 'ਤੇ ਆਪ ਹੀ ਸਟੋਰ ਵਿਚ ਰੱਖਣੀ ਹੋਵੇਗੀ। 4. ਮੀਟਿੰਗ ਵਿਚ ਗੱਲਾਂ ਦਾ ਵਿਸ਼ਾ ਆਰਥਿਕ, ਸਾਹਿਤ, ਸਮਾਜਕ, ਰਾਜਨੀਤਕ ਤੇ ਚਲੰਤ ਮਾਮਲਿਆਂ 'ਤੇ ਅਧਾਰਤ ਹੋਵੇਗਾ। ਏਥੇ ਧਾਰਮਿਕ ਵਿਸ਼ੇ 'ਤੇ ਵਿਚਾਰ ਚਰਚਾ ਨਹੀਂ ਹੋਵੇਗੀ। ਮਹਿਫਲ ਜੰਮ ਜਾਣ ਸਮੇਂ ਮਨੋਰੰਜਨ ਭਰਪੂਰ ਖੁੱਲ੍ਹੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ ਪਰ ਲੁੱਚੀਆਂ ਨਹੀਂ। 5. ਮਹਿਫਲ ਵਿਝੜਣ ਮਗਰੋਂ ਘਰੀਂ ਵਾਪਸ ਜਾਣ ਦਾ ਹਰ ਇਕ ਨੂੰ ਆਪਣਾ ਪ੍ਰਬੰਧ ਆਪ ਕਰਨਾ ਹੋਵੇਗਾ। 6. ਦਾਰੂ ਪੀ ਕੇ ਗੱਡੀ ਚਲਾਉਣ ਦੀ ਮਨਾਹੀ ਹੈ।"

ਮਹੀਨੇ 'ਚ ਦੋ ਕੁ ਵਾਰ ਘਾਲੀ ਦੇ ਇਸ ਘਰ ਵਿਚ ਉਵੇਂ ਹੀ ਮਹਿਫਲਾਂ ਜੁੜਨ ਲੱਗੀਆਂ ਜਿਵੇਂ ਉਸ ਦੀ ਬੇਸਮੈਂਟ ਵਿਚ ਜੁੜਿਆ ਕਰਦੀਆਂ ਸਨ। ਮਹਿਫਲਾਂ ਵਿਚ ਛੇ ਨੁਕਾਤੀ ਆਦੇਸ਼ਾਂ ਦਾ ਪੂਰਾ ਪੂਰਾ ਪਾਲਣ ਕੀਤਾ ਜਾਂਦਾ। ਘਾਲੀ ਦੇ ਦੋਸਤਾਂ ਦਾ ਘੇਰਾ ਤਾਂ ਬਹੁਤ ਵਿਸ਼ਾਲ ਸੀ ਪਰ ਉਸ ਦੇ ਗਿਆਰਾਂ ਦੋਸਤ ਪੱਕੇ ਸਨ ਜੋ ਹਰ ਮਹਿਫਲ ਦਾ ਸ਼ਿੰਗਾਰ ਬਣਦੇ। ਪਰ ਕਈ ਵਾਰ ਹੋਰ ਦੋਸਤ ਵੀ ਕਿਸੇ ਮਹਿਫਲ ਵਿਚ ਸ਼ਾਮਿਲ ਹੋ ਜਾਂਦੇ। ਅਪਣੇ ਨਿੱਜੀ ਦੋਸਤਾਂ ਨਾਲ ਉਹ ਆਪਣੀ ਮਰਹੂਮ ਪਤਨੀ ਦਾ ਜ਼ਿਕਰ ਵੀ ਛੇੜ ਲੈਂਦਾ ਸੀ। ਉਸ ਦੀਆਂ ਗੱਲਾਂ ਕਰ ਕੇ ਸ਼ਾਇਦ ਉਸ ਦੇ ਮਨ ਨੂੰ

ਤਸਕੀਨ ਮਿਲਦੀ ਸੀ। ਉਸ ਨੇ ਆਪਣੀ ਪਤਨੀ ਦੀ ਇਕ ਫੋਟੋ ਵੀ ਕੰਧ ਉਪਰ ਟੰਗੀ ਹੋਈ ਸੀ। ਜਿੰਨੀ ਦੇਰ ਉਹ ਉਸ ਦੀਆਂ ਗੱਲਾਂ ਕਰਦਾ, ਫੋਟੋ ਵੱਲ ਹੀ ਦੇਖੀ ਜਾਂਦਾ ਹੁੰਦਾ ਸੀ। ਇਕ ਵਾਰ, ਗਰਮੀਆਂ ਵਿਚ ਉਹ ਆਪਣੇ ਪੁੱਤਰ ਕੋਲ਼ ਵੀ ਗੇੜਾ ਮਾਰ ਆਇਆ ਸੀ। ਆਪਣੇ ਪਰਿਵਾਰ ਨੂੰ ਮਿਲ ਕੇ ਆਉਣ ਮਗਰੋਂ ਉਸ ਨੇ ਮੇਰੇ ਨਾਲ ਬਹੁਤੀਆਂ ਗੱਲਾਂ ਜਵਾਨ ਹੋ ਰਹੇ ਆਪਣੇ ਪੋਤਰੇ, ਪੋਤਰੀ ਦੀ ਪੜ੍ਹਾਈ ਤੇ ਉਹਨਾਂ ਵੱਲੋਂ ਤੈਰਾਕੀ ਵਿਚ ਮਾਰੀਆ ਮੱਲਾਂ ਬਾਰੇ ਹੀ ਕੀਤੀਆਂ। ਅਗਲੀਆਂ ਗਰਮੀਆਂ ਵਿਚ ਸਾਡਾ ਫਲੈਡਿਲਫੀਆ ਜਾਣ ਦਾ ਪ੍ਰੋਗਰਾਮ ਬਣ ਗਿਆ ਸੀ ਕਿ ਉਸ ਨੂੰ ਦਿਲ ਦਾ ਦੌਰਾ ਪੈ ਗਿਆ। ਘਰੋਂ ਬਾਹਰ ਹੋਣ ਕਾਰਨ ਮੈਨੂੰ ਘਾਲੀ ਦੀ ਬਿਮਾਰੀ ਬਾਰੇ ਪੰਜ ਦਿਨਾਂ ਬਾਅਦ ਪਤਾ ਲੱਗਾ। ਮੈਂ ਫੋਨ ‘ਤੇ ਉਸ ਦਾ ਹਾਲ ਚਾਲ ਪੁੱਛਿਆ ਤਾਂ ਉਸ ਕਿਹਾ, “ਚਾਲ ਤਾਂ ਉਹੋ ਹੀ ਬੇਢੰਗੀ ਐ, ਹਾਲ ਫੂਨ ‘ਤੇ ਨਹੀਂ ਦੱਸਿਆ ਜਾਣਾ, ਤੂੰ ਮੇਰੇ ਘਰ ਆ, ਫੇਰ ਸਾਰੀ ਹੀਰ ਸੁਣਾ ਦਿਊਂ।” ਇੰਨਾ ਆਖ ਉਸ ਨੇ ਫੋਨ ਬੰਦ ਕਰ ਦਿੱਤਾ।

ਮੈਂ ਉਸ ਦੇ ਘਰ ਗਿਆ ਤਾਂ ਉਹ ਆਰਾਮ ਕੁਰਸੀ ‘ਚ ਬੈਠਾ ‘ਰਾਜਨੀਤਕ ਆਰਥਿਕਤਾ’ ਪੁਸਤਕ ਪੜ੍ਹ ਰਿਹਾ ਸੀ, ਪੁਸਤਕ ਨੂੰ ਇਕ ਪਾਸੇ ਰੱਖਦਿਆਂ ਉਹ ਬੋਲਿਆ,

“ਕਦੋਂ ਮੁੜਿਐਂ ਐਡਮੰਟਨੋ?”

“ਰਾਤੀਂ ਮੁੜ ਆਇਆ ਸੀ। ਅੱਜ ਸਵੇਰੇ ਹੀ ਤੁਹਾਡੀ ਬਿਮਾਰੀ ਬਾਰੇ ਪਤਾ ਲੱਗਾ। ਸੁਣਿਐ, ਦਿਲ ਦੇ ਮਾਮਲੇ ਭਾਰੀ ਪੈ ਗਏ?”

“ਹਾਂ, ਦਿਲ ਦਾ ਮਾਮਲਾ ਈ ਸੀ ਜਿਹੜਾ ਬਹੁਤ ਭਾਰੀ ਪੈ ਗਿਆ। ਇਸ ਵਾਰ ਤਾਂ ਮੌਤ ਦੇ ਮੂੰਹ ਵਿਚੋਂ ਮਸਾਂ ਹੀ ਬਚ ਕੇ ਨਿਕਲਿਆਂ।”

“ਅੱਛਾ! ਇਹ ਭਾਣਾ ਕਿਵੇਂ ਵਰਤਿਆ?”

“ਪਿਛਲੇ ਵੀਕ ਜਦੋਂ ਮੈਂ ਸਵੇਰ ਦੀ ਸੈਰ ਤੋਂ ਵਾਪਸ ਮੁੜਿਆ ਤਾਂ ਮੈਨੂੰ ਕੁਝ ਥਕੇਵਾਂ ਜਿਹਾ ਮਹਿਸੂਸ ਹੋਇਆ। ਸੋਚਿਆ, ਨਹਾਉਣ ਤੋਂ ਪਹਿਲਾਂ ਚਾਹ ਦਾ ਕੱਪ ਪੀ ਲਿਆ ਜਾਵੇ। ਮੈਂ ਕੁਰਸੀ ਤੋਂ ਉਠਿਆ ਤਾਂ ਛਾਤੀ ਵਿਚ ਬਹੁਤ ਤੇਜ਼ ਦਰਦ ਹੋਇਆ। ਮੈਂ ਮੁੜ ਕੁਰਸੀ ‘ਤੇ ਬੈਠ ਗਿਆ। ਮੈਨੂੰ ਝੱਟ ਖਿਆਲ ਆ ਗਿਆ ਕਿ ਇਹ ਹਰਟ ਪ੍ਰਾਬਲਮ ਹੈ। ਮੈਂ ਉਸੇ ਵੇਲੇ 911 ਨੰਬਰ ਨੱਪ ਦਿੱਤਾ। ਫੂਨ ਕਰਨ ਮਗਰੋਂ ਮੈਂ ਆਪਣੇ ਬਿਸਤਰੇ ਵਿਚ ਲੇਟ ਗਿਆ। ਫਿਰ ਮੈਨੂੰ ਕੋਈ ਸੁਰਤ ਨਹੀਂ ਰਹੀ। ਜਦੋਂ ਮੈਨੂੰ ਸੁਰਤ ਆਈ ਤਾਂ ਮੈਂ ਕੋਲੰਬੀਆ ਹਸਪਤਾਲ ਦੇ ਇਕ ਬੈੱਡ ‘ਚ ਅਨੇਕਾਂ ਹੀ ਰਬੜ ਦੀਆਂ ਨਾਲੀਆਂ ਤੇ ਮਸ਼ੀਨਾਂ ਵਿਚ ਜਕੜਿਆ ਪਿਆ ਸੀ।

ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਮੇਰੇ ਫੂਨ ਕਰਨ ਤੋਂ ਸੱਤ ਮਿੰਟ ਬਾਅਦ ਹੀ ਐਂਬੂਲੈਂਸ ਪਹੁੰਚ ਗਈ ਸੀ। ਦਿਲ ਦੀ ਧੜਕਣ ਬੰਦ ਹੋਣ ਦੇ ਕਿਨਾਰੇ ਸੀ। ਐਂਬੂਲੈਂਸ ਅਮਲੇ ਨੇ ਬਣਾਉਟੀ ਸਾਹ ਪ੍ਰਨਾਲੀ ਰਾਹੀਂ ਦਿਲ ਦੀ ਧੜਕਣ ਬੰਦ ਨਹੀਂ ਸੀ ਹੋਣ ਦਿੱਤੀ ਤੇ ਹਸਪਤਾਲ ਲੈ ਆਏ ਸਨ। ਬਿਨਾਂ ਕੋਈ ਸਮਾਂ ਗਵਾਏ ਡਾਕਟਰਾਂ ਨੇ ਐਂਜੇਪਲਾਸਟੀ ਰਾਹੀਂ ਦੋ ਸਟੈਂਟ ਪਾ ਕੇ ਦਿਲ ਵਾਲੀਆਂ ਨਾੜੀਆਂ ਦਾ ਖ਼ੂਨ ਚਾਲੂ ਕਰ ਦਿੱਤਾ। ਦੋ ਦਿਨ ਹਸਪਤਾਲ ਰਹਿਣਾ ਪਿਆ। ਤਿੰਨ ਦਿਨ ਘਰ ਆਏ ਨੂੰ ਵੀ ਹੋ ਗਏ ਨੇ। ਹੁਣ ਬਿਲਕੁਲ ਨੌਂ-ਬਰ-ਨੌਂ ਹਾਂ।”

“ਬਹੁਤ ਚੰਗਾ ਹੋਇਆ ਕਿ ਤੁਸੀਂ ਸਮੇਂ ਸਿਰ ਐਂਬੂਲੈਂਸ ਨੂੰ ਫੂਨ ਕਰ ਲਿਆ। ਦਿਲ ਦਾ ਦੌਰਾ ਪੈਣ ‘ਤੇ ਜੇ ਬੰਦੇ ਦੀ ਸਮੇਂ ਸਿਰ ਸੰਭਾਲ ਹੋ ਜਾਵੇ ਤਾਂ ਬਹੁਤ ਬਚਾਉ ਹੋ ਜਾਂਦੈ।” ਮੈਨੂੰ ਪਤਾ ਸੀ ਕਿ ਬਿਰਧ-ਘਰ ਵਿਚ ਉਹ ਕਿਸੇ ਨੂੰ ਵੀ ਆਪਣਾ ਨੇੜਲਾ ਦੋਸਤ ਨਹੀਂ ਸੀ ਬਣਾ ਸਕਿਆ। ਬਿਰਧ-ਘਰ ਦੇ ਮੀਟਿੰਗ ਹਾਲ ਵਿਚ ਮਹੀਨੇ ਦੋ ਮਹੀਨੇ ਬਾਅਦ ਮਨੋਰੰਜਨ ਦੀਆਂ ਮਹਿਫਲਾਂ ਜੁੜਦੀਆਂ ਜਾਂ ਕਿਸੇ ਖਾਸ ਪਤਵੰਤੇ ਨੂੰ ਲੈਕਚਰ ਲਈ ਬੁਲਾਇਆ ਜਾਂਦਾ ਤਾਂ ਉਹ ਕਦੀ ਕਦੀ ਸਾਨੂੰ ਵੀ ਓਥੇ ਸੱਦ ਲੈਂਦਾ ਸੀ। ਉਸ ਇਕੱਠ ਵਿਚ ਉਹ ਵੀ ਆਪਣਾ ਭਾਸ਼ਣ ਦੇਣੋ ਨਹੀਂ ਸੀ

ਉਕਦਾ। ਉਸ ਦੀਆਂ ਬੇਬਾਕੀ ਨਾਲ ਕੀਤੀਆਂ ਗੱਲਾਂ ਲੋਕਾਂ ਨੂੰ ਚੰਗੀਆਂ ਤਾਂ ਲਗਦੀਆਂ ਪਰ ਜਦੋਂ ਉਹ ਅੰਧ-ਵਿਸ਼ਵਾਸ ਤੇ ਅੰਨ੍ਹੀ ਸ਼ਰਧਾ 'ਤੇ ਟਕੋਰਾਂ ਲਾਉਂਦਾ ਤਾਂ ਬਹੁਤੇ ਸਰੋਤੇ ਇਸ ਨੂੰ ਚੰਗਾ ਨਹੀਂ ਸੀ ਸਮਝਦੇ ਪਰ ਉਹ ਕਦੀ ਕਿਸੇ ਦੀ ਪਰਵਾਹ ਨਹੀਂ ਸੀ ਕਰਦਾ।

"ਹਾਂ, ਤੇਰੀ ਗੱਲ ਠੀਕ ਹੈ, ਏਥੇ ਸ਼ੀਲਾ ਸ਼ਰਮਾ ਨਾਮ ਦੀ ਇਕ ਅੱਸੀ ਕੁ ਸਾਲਾ ਔਰਤ ਦੀ ਮੌਤ ਹੋ ਗਈ ਪਰ ਦੋ ਦਿਨ ਕਿਸੇ ਨੂੰ ਪਤਾ ਹੀ ਨਾ ਲੱਗਾ।" ਘਾਲੀ ਨੇ ਚਿੰਤਤ ਲਹਿਜੇ ਵਿਚ ਕਿਹਾ।

"ਇਹ ਤਾਂ ਪ੍ਰਬੰਧਕਾਂ ਦੀ ਬਹੁਤ ਵੱਡੀ ਅਣਗਹਿਲੀ ਐ! ਉਹਨਾਂ ਨੂੰ ਤਾਂ ਏਥੇ ਰਹਿਣ ਵਾਲਿਆਂ ਬਾਰੇ ਆਥਣ ਸਵੇਰ ਦਾ ਪਤਾ ਹੋਣਾ ਚਾਹੀਦਾ ਹੈ!" ਮੈਂ ਆਪਣਾ ਤੌਖਲਾ ਪ੍ਰਗਟਾਇਆ।

"ਇਸ ਵਿਚ ਪ੍ਰਬੰਧਕਾਂ ਦਾ ਕੋਈ ਦੋਸ਼ ਨਹੀਂ। ਇੱਥੋਂ ਦਾ ਪ੍ਰਬੰਧ ਹੀ ਅਜਿਹਾ ਹੈ ਕਿ ਕਿਸੇ ਦੀ ਨਿੱਜੀ ਜ਼ਿੰਦਗੀ ਵਿਚ ਕੋਈ ਦਖਲ ਨਹੀਂ ਦਿੰਦਾ। ਪ੍ਰਬੰਧਕ ਤਾਂ ਬਜ਼ੁਰਗਾਂ ਦੀਆਂ ਲੋੜਾਂ ਤੇ ਉਹਨਾਂ ਲਈ ਸਾਂਝੀਆਂ ਸਹੂਲਤਾਂ ਦਾ ਪ੍ਰਬੰਧ ਕਰਦੇ ਹਨ। ਆਸ਼ਰਿਤ ਬਜ਼ੁਰਗਾਂ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ। ਨਾਲ ਵਾਲੀ ਬਿਲਡਿੰਗ ਵਿਚ ਬਹੁਤੇ ਸਵੈ-ਨਿਰਭਰ ਬਜ਼ੁਰਗ ਹੀ ਰਹਿੰਦੇ ਨੇ, ਜਿਹੜੇ ਆਪਣਾ ਖਾਂਦੇ ਪਕਾਂਦੇ ਐ। ਏਸ ਬਿਲਡਿੰਗ ਵਿਚ ਹੇਠਲੀਆਂ ਤਿੰਨ ਮੰਜ਼ਲਾਂ ਵਿਚ ਉਹ ਵਿਕਲਾਂਗ ਲੋਕ ਨੇ ਜਿਨ੍ਹਾਂ ਨੂੰ ਸਹਾਇਕ ਦੀ ਲੋੜ ਹੈ ਤੇ ਚੌਥੀ ਮੰਜ਼ਲ ਵਿਚ ਮੇਰੇ ਵਰਗੇ ਸਵੈ-ਨਿਰਭਰ ਲੋਕ ਰਹਿੰਦੇ ਨੇ। ਆਸ਼ਰਿਤ ਵਿਅਕਤੀ ਤਾਂ ਸਦਾ ਹੀ ਨਿਗਰਾਨੀ ਵਿਚ ਰਹਿੰਦੇ ਹਨ ਪਰ ਸਵੈ-ਨਿਰਭਰ ਵਿਅਕਤੀਆਂ ਦੇ ਜਾਣ ਆਉਣ 'ਤੇ ਕੋਈ ਰੋਕ ਨਹੀਂ।" ਘਾਲੀ ਨੇ ਬਿਰਧ-ਘਰ ਦੀ ਸਾਰੀ ਵਿਵਸਥਾ ਬਾਰੇ ਕੁਝ ਕੁ ਸ਼ਬਦਾਂ ਵਿਚ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਫਿਰ ਸ਼ੀਲਾ ਸ਼ਰਮਾ ਦੀ ਮੌਤ ਦਾ ਪਤਾ ਛੇਤੀ ਕਿਉਂ ਨਾ ਲੱਗਾ?"

"ਉਸ ਦਾ ਸੁਭਾਅ ਕੁਝ ਕੱਬਾ ਜਿਹਾ ਸੀ। ਉਸ ਕੋਲ਼ ਕੋਈ ਬਹੁਤਾ ਆਉਂਦਾ ਜਾਂਦਾ ਵੀ ਨਹੀਂ ਸੀ। ਸ਼ਾਇਦ ਮੇਰੇ ਨਾਲ ਵੀ ਇਹੋ ਭਾਣਾ ਵਰਤ ਜਾਂਦਾ, ਜੇ ਮੈਂ ਵੇਲੇ ਸਿਰ ਐਂਬੂਲੈਂਸ ਨੂੰ ਫ਼ੂਨ ਨਾ ਕਰ ਲੈਂਦਾ। ਮੇਰੇ ਆਪਣੇ ਪਰਿਵਾਰ ਦਾ ਕੋਈ ਮੈਂਬਰ ਤਾਂ ਏਥੇ ਰਹਿੰਦਾ ਹੀ ਨਹੀਂ ਤੇ ਤੁਸੀਂ ਦੋਸਤ ਵੀ ਛੁੱਟੀਆਂ ਵਾਲੇ ਦਿਨੀਂ ਹੀ ਏਧਰ ਗੇੜਾ ਮਾਰਦੇ ਓ। ਚਾਰ ਸਾਲ ਹੋਏ ਨੇ ਮੈਨੂੰ ਏਥੇ ਆਇਆਂ ਪਰ ਵਿਚਾਰਾਂ ਦੀ ਸਾਂਝ ਨਾ ਹੋਣ ਕਰ ਕੇ ਮੈਂ ਕਿਸੇ ਨਾਲ ਏਥੇ ਬਹੁਤਾ ਮੇਲ ਜੋਲ ਨਹੀਂ ਰੱਖਿਆ, ਏਸੇ ਕਾਰਨ ਬਿਰਧ-ਘਰ ਦੇ ਲੋਕ ਮੇਰੇ ਕੋਲ਼ ਘੱਟ ਆਉਂਦੇ ਨੇ।"

"ਲੱਕੜ ਦੀਆਂ ਕੰਧਾਂ ਵਿਚੋਂ ਦੀ ਤਾਂ ਇਕ ਦੂਜੇ ਦੇ ਸਾਹ ਵੀ ਸੁਣਾਈ ਦਿੰਦੇ ਨੇ। ਨਾਲ ਦੇ ਸੁਇਟ ਵਾਲਿਆਂ ਨੂੰ ਵਿੜਕ ਲੱਗ ਹੀ ਜਾਂਦੀ ਐ ਤੇ ਵਿੜਕ ਰੱਖਣੀ ਵੀ ਚਾਹੀਦੀ ਐ।"

"ਕੋਈ ਕਿਸੇ ਦੀ ਨਿੱਜੀ ਜ਼ਿੰਦਗੀ ਵਿਚ ਦਖਲ ਨਹੀਂ ਦਿੰਦਾ ਪਰ ਹੁਣ ਵਿੜਕ ਰੱਖਣ ਦਾ ਪ੍ਰਬੰਧ ਹੋ ਗਿਐ। ਸ਼ੀਲਾ ਸ਼ਰਮਾ ਵਾਲੀ ਘਟਨਾ ਕਾਰਨ ਪ੍ਰਬੰਧਕਾਂ ਨੂੰ ਬਹੁਤ ਭਾਰੀ ਨਮੋਸ਼ੀ ਝੱਲਣੀ ਪਈ ਸੀ। ਏਸੇ ਕਰ ਕੇ ਜਦੋਂ ਮਨੇਜਰ ਨੂੰ ਮੇਰੇ ਹਸਪਤਾਲ ਤੋਂ ਵਾਪਸ ਆਉਣ ਦਾ ਪਤਾ ਲੱਗਾ ਤਾਂ ਕੱਲ੍ਹ ਸਵੇਰੇ ਸੱਤ ਵਜੇ ਹੀ ਉਹ ਫ਼ੂਨ ਕਰ ਕੇ ਮੇਰਾ ਪਤਾ ਲੈਣ ਆ ਗਿਆ ਤੇ ਕਹਿਣ ਲੱਗਾ, 'ਘਾਲੀ ਸਾਅਬ, ਅਫਸੋਸ ਹੈ ਕਿ ਮੈਨੂੰ ਤੁਹਾਡੀ ਬਿਮਾਰੀ ਦਾ ਪਹਿਲਾਂ ਪਤਾ ਨਹੀਂ ਸੀ ਲੱਗਿਆ। ਸ਼ੀਲਾ ਜੀ ਦੀ ਮੌਤ ਮਗਰੋਂ ਦੋਹਾਂ ਯੂਨਿਟਾਂ ਦੇ ਵਸਨੀਕਾਂ ਦੀ ਮੀਟਿੰਗ ਰੂਮ ਵਿਚ ਮੀਟਿੰਗ ਬੁਲਾਈ ਗਈ ਸੀ। ਉਸ ਵਿਚ ਫੈਸਲਾ ਕੀਤਾ ਗਿਆ ਹੈ ਕਿ ਏਥੋਂ ਦੇ ਵਸਨੀਕ ਆਪਣੇ ਆਪਣੇ ਜੁੱਟ ਬਣਾ ਲੈਣ ਅਤੇ ਉਹ ਸਵੇਰੇ ਉਠਦਿਆਂ ਹੀ, ਸੱਤ ਤੇ ਸਾਢੇ ਸੱਤ ਵਜੇ ਦੇ ਦਰਮਿਆਨ, ਫੋਨ ਰਾਹੀਂ ਇਕ ਦੂਜੇ ਨੂੰ 'ਗੁੱਡ ਮੌਰਨਿੰਗ' ਕਹਿ ਦਿਆ ਕਰਨ। ਜੇ ਕਿਸੇ ਵੱਲੋਂ ਜਵਾਬ ਨਾ ਮਿਲੇ ਤਾਂ ਉਸ ਦੇ ਸੁਇਟ ਵਿਚ ਜਾ ਕੇ ਪਤਾ ਕੀਤਾ ਜਾਵੇ। ਤਸੀਂ ਤੇ ਬਚਿੰਤ ਮਲ੍ਹੋਤਰਾ ਹਸਪਤਾਲ ਗਏ ਹੋਣ ਕਾਰਨ ਉਸ ਮੀਟਿੰਗ ਵਿਚ ਹਾਜ਼ਰ ਨਹੀਂ ਸੀ। ਤੁਹਾਥੋਂ ਬਿਨਾਂ ਬਾਕੀ ਜੁੱਟ ਬਣ ਗਏ ਹਨ। ਕੱਲ੍ਹ ਤੋਂ ਤੁਸੀਂ ਮਲ੍ਹੋਤਰਾ ਜੀ ਨੂੰ ਗੁੱਡ ਮੌਰਨਿੰਗ ਕਹਿਣੀ ਹੈ ਤੇ ਉਹ ਤੁਹਾਨੂੰ ਕਹਿਣਗੇ। ਮੈਂ ਉਹਨਾਂ ਨੂੰ ਇਸ ਬਾਰੇ ਦੱਸ ਦਿੱਤਾ ਹੈ ਤੇ ਉਹਨਾਂ ਨੇ ਸਹਿਮਤੀ ਦੇ ਦਿੱਤੀ ਹੈ। ਮੇਰਾ ਖਿਆਲ ਹੈ ਤੁਸੀਂ ਵੀ ਸਹਿਮਤ ਹੀ ਹੋਵੋਗੇ।'

'ਮੈਨੂੰ ਕੀ ਇਤਰਾਜ਼ ਹੋ ਸਕਦੈ ਪਰ ਮੈਂ ਤਾਂ ਬਚਿੰਤ ਮਲ੍ਹੋਤਰਾ ਨਾਮ ਦੇ ਕਿਸੇ ਸ਼ਖਸ ਨੂੰ ਜਾਣਦਾ ਵੀ ਨਹੀਂ!'

'ਇਹ ਸ਼ਖਸ਼ ਇਕ ਔਰਤ ਹੈ। ਜਦੋਂ ਤੁਸੀਂ ਇਕ ਦੂਜੇ ਨੂੰ ਗੁੱਡ ਮੌਰਨਿੰਗ ਕਹੋਗੇ ਤਾਂ ਜਾਣ ਵੀ ਜਾਉਗੇ। ਕੱਲ੍ਹ ਸਵੇਰ ਤੋਂ ਹੀ ਇਸ ਨੂੰ ਆਪਣੀ ਜ਼ਿੰਮੇਵਾਰੀ ਸਮਝਣਾ।' ਇਹ ਕਹਿ ਕੇ ਮਨੇਜਰ ਚਲਾ ਗਿਆ ਪਰ ਮੈਂ ਸੋਚਣ ਲੱਗਾ ਕਿ ਪਤਾ ਨਹੀਂ ਕਿਹੋ ਜਿਹੇ ਸੁਭਾਅ ਦੀ ਹੋਵੇਗੀ ਉਹ ਤੀਵੀਂ! ਜੇ ਮੈਂ ਉਸ ਨੂੰ ਸਵੇਰੇ ਉਠਦਿਆਂ ਹੀ ਲਾਲ ਸਲਾਮ ਕਹਿ ਦਿੱਤਾ ਤਾਂ ਕਿਤੇ ਉਹ ਗੁੱਸਾ ਹੀ ਨਾ ਕਰ ਜਾਵੇ ਤੇ ਮਨੇਜਰ ਕੋਲ਼ ਮੇਰੀ ਸ਼ਕਾਇਤ ਕਰ ਦੇਵੇ।

ਖੈਰ, ਅੱਜ ਸਵੇਰੇ ਉਠਦਿਆ ਹੀ ਮੈਂ ਉਸ ਨੂੰ 'ਗੁੱਡ ਮੌਰਨਿੰਗ ਮਿਸਜ਼ ਮਲ੍ਹੋਤਰਾ' ਕਿਹਾ। ਅਗੋਂ ਉਸ ਨੇ ਵੀ ਬੜੀ ਨਿਮਰਤਾ ਨਾਲ 'ਸਤਿ ਸ੍ਰੀ ਅਕਾਲ' ਕਹਿ ਕੇ ਮੇਰੀ ਬਿਮਾਰੀ ਬਾਰੇ ਪੁੱਛ ਲਿਆ। ਇਕ ਦੂਜੇ ਦੀ ਸਿਹਤ ਬਾਰੇ ਸਾਡੀਆਂ ਇਕ ਦੋ ਗੱਲਾਂ ਹੋਈਆਂ। ਉਸ ਦੀਆਂ ਗੱਲਾਂ ਤੋਂ ਤਾਂ ਧਾਰਮਿਕ ਜਿਹੀ ਲਗਦੀ ਐ। ਉਮਰ ਤੇ ਸ਼ਕਲ ਦਾ ਪਤਾ ਤਾਂ ਮਿਲ ਕੇ ਹੀ ਲੱਗੂ।"

"ਚਲੋ, ਹੁਣ ਸਵੇਰ ਵੇਲ਼ੇ ਫ਼ੂਨ ਤਾਂ ਹੋਇਆ ਹੀ ਕਰੇਗਾ, ਹੌਲ਼ੀ ਹੌਲ਼ੀ ਉਸ ਬਾਰੇ ਸਭ ਕੁਝ ਜਾਣ ਜਾਉਗੇ।" ਇੰਨਾ ਆਖ, ਮੈਂ ਘਾਲੀ ਕੋਲ਼ੋਂ ਜਾਣ ਦੀ ਆਗਿਆ ਲਈ।

ਉਸ ਮੁਲਾਕਾਤ ਮਗਰੋਂ ਮਹੀਨੇ ਕੁ ਬਾਅਦ ਮੈਂ ਘਾਲੀ ਕੋਲ਼ ਗਿਆ। ਉਸ ਦੇ ਚਿਹਰੇ ਉਪਰ ਪਹਿਲਾਂ ਨਾਲੋਂ ਬਹੁਤੀ ਰੌਣਕ ਦਿਸੀ। ਇਧਰਲੀਆਂ ਉਧਰਲੀਆਂ ਗੱਲਾਂ ਕਰਨ ਮਗਰੋਂ ਮੈਂ ਪੁੱਛਿਆ, "ਗੁੱਡ ਮੌਰਨਿੰਗ ਵਾਲੀ ਔਰਤ ਨਾਲ ਮਿਲ ਕੇ ਕੋਈ ਗੱਲ ਬਾਤ ਵੀ ਹੋਈ ਕਿ ਅਜੇ ਗੁੱਡ ਮਾਰਨਿੰਗ ਹੀ ਚੱਲ ਰਹੀ ਐ?"

"ਹਾਂ ਹੋਈ ਐ। ਇਕ ਦਿਨ ਸਵੇਰੇ ਉਠਦਿਆਂ ਹੀ ਜਦੋਂ ਮੈਂ ਉਸ ਨੂੰ 'ਗੁੱਡ ਮੌਰਨਿੰਗ ਮਿਸਜ਼ ਮਲ੍ਹੋਤਰਾ' ਕਿਹਾ ਤਾਂ ਉਸ ਨੇ ਬਹੁਤ ਹੀ ਕਮਜ਼ੋਰ ਆਵਾਜ਼ ਵਿਚ 'ਸਤਿ ਸ੍ਰੀ ਅਕਾਲ' ਬੁਲਾਈ। ਮੈਂ ਸਮਝ ਗਿਆ ਕਿ ਉਸ ਦੀ ਸਿਹਤ ਠੀਕ ਨਹੀਂ। ਮੇਰੇ ਪੁੱਛਣ 'ਤੇ ਉਸ ਦੱਸਿਆ, 'ਰਾਤੀਂ ਕਨਸ ਜਿਹੀ ਹੋ ਗਈ ਸੀ। ਤੜਕੇ ਟਇਨਲ ਦੀ ਗੋਲ਼ੀ ਲੈ ਲਈ ਸੀ ਪਰ ਬੁਖਾਰ ਅਜੇ ਲੱਥਾ ਨਹੀਂ ਜਾਪਦਾ।'

'ਅਜੇ ਚਾਹ ਤਾਂ ਪੀਤੀ ਨਹੀਂ ਹੋਣੀ?' ਮੈਂ ਫਿਰ ਪੁੱਛਿਆ।

'ਨਹੀਂ, ਚਾਹ ਪੀਣ ਨੂੰ ਦਿਲ ਈ ਨਹੀਂ ਕਰਦਾ। ਚਿੱਤ ਮੰਨਿਆ ਤਾਂ ਠਹਿਰ ਕੇ ਪੀ ਲਵਾਂਗੀ।'

'ਤੁਸੀਂ ਫਿਕਰ ਨਾ ਕਰੋ, ਮੈਂ ਆਉਨਾਂ ਤੁਹਾਡੇ ਕੋਲ।' ਉਸ ਦਾ ਜਵਾਬ ਉਡੀਕੇ ਬਗ਼ੈਰ ਹੀ ਮੈਂ ਫ਼ੂਨ ਕੱਟ ਦਿੱਤਾ। ਮੈਂ ਮਸਾਲੇਦਾਰ ਚਾਹ ਬਣਾ ਕੇ ਥਰਮਸ ਵਿਚ ਪਾਈ ਤੇ ਉਸ ਕੋਲ਼ ਚਲਿਆ ਗਿਆ। ਉਹ ਆਪਣੇ ਨਾਈਟ ਸੂਟ ਵਿਚ ਹੀ ਬਿਸਤਰੇ ਵਿਚ ਪਈ ਸੀ। ਉਹਦਾ ਚਿਹਰਾ ਉਤਰਿਆ ਹੋਇਆ ਸੀ। ਸੱਤਰ ਪੰਜੱਤਰ ਸਾਲ ਦੀ ਉਮਰ ਹੋਵੇਗੀ ਉਸ ਦੀ। ਉਸ ਦੇ ਬਿਸਤਰੇ ਕੋਲ਼ ਵਾਕਰ ਪਿਆ ਸੀ। ਉਸ ਦਾ ਕਮਰਾ ਤੇ ਬੈਠਕ ਬਹੁਤ ਸਲੀਕੇ ਨਾਲ ਸਜਾਏ ਹੋਏ ਸਨ। ਆਲ਼ੇ ਦੁਆਲ਼ੇ ਸਰਸਰੀ ਨਜ਼ਰ ਮਾਰ ਕੇ ਮੈਂ ਉਸ ਨੂੰ ਕਿਹਾ, 'ਜੇ ਰਾਤ ਹੀ ਬੁਖਾਰ ਹੋ ਗਿਆ ਸੀ ਤਾਂ ਤੁਸੀਂ ਮੈਨੂੰ ਜਾਂ ਮਨੇਜਰ ਨੂੰ ਫ਼ੂਨ ਕਿਉਂ ਨਾ ਕੀਤਾ? ਜੇ ਰਾਤੀਂ ਹੀ ਕੋਈ ਔਂਰ ਸ਼ੌਂਰ ਹੋ ਜਾਂਦੀ ਤਾਂ ਸੀਨੀਅਰ ਹੋਮ ਦੀ ਹੋਰ ਬਦਨਾਮੀ ਹੋ ਜਾਣੀ ਸੀ। ਸ਼ੀਲਾ ਸ਼ਰਮਾ ਦੀ ਮੌਤ ਕਾਰਨ ਇਹ ਸੀਨੀਅਰ ਹੋਮ ਤਾਂ ਪਹਿਲਾਂ ਹੀ ਸੁਰਖੀਆਂ ਵਿਚ ਹੈ।'

ਉਸ ਨੇ ਮੇਰੀ ਗੱਲ ਦਾ ਕੋਈ ਜਵਾਬ ਨਾ ਦਿੱਤਾ ਤੇ ਮੇਰੇ ਕੋਲ਼ੋਂ ਚਾਹ ਵਾਲੀ ਬੋਤਲ ਫੜ ਕੇ ਪੀਣ ਲੱਗ ਪਈ। ਚਾਹ ਪੀਂਦੀ ਹੋਈ ਹੋਲ਼ੀ ਜਿਹੀ ਬੋਲੀ, 'ਅਸਲ ਵਿਚ ਮੈਂ ਇਸ ਜੀਵਨ ਤੋਂ ਹੀ ਤੰਗ ਆ ਚੁੱਕੀ ਆਂ। ਤੀਜੇ ਦਿਨ ਹਸਪਤਾਲ ਜਾ ਕੇ ਡਾਇਲਿਸਿਸ ਕਰਵਾਉ। ਫੇਰ ਏਥੇ ਆ ਕੇ ਮੁਰਦਿਆਂ ਵਾਂਗ ਪਏ ਰਹੋ। ਮੈਨੂੰ ਨਹੀਂ ਚਾਹੀਦੀ ਇਹੋ ਜਿਹੀ ਜ਼ਿੰਦਗੀ। ਕੱਲ੍ਹ ਮੇਰਾ ਡਾਇਲਿਸਿਸ ਹੋਣਾ ਸੀ। ਮੈਂ ਜਾਣ ਕੇ ਹੀ ਹਸਪਤਾਲ ਨਹੀਂ ਗਈ।'

ਉਸ ਦੀ ਇਹ ਗੱਲ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਆ। ਮੈਂ ਉਸ ਨੂੰ ਕਿਹਾ, 'ਤੁਸੀਂ ਬਹੁਤ ਮਾੜੀ ਗੱਲ ਕੀਤੀ ਹੈ ਮਿਸਜ਼ ਮਲ੍ਹੋਤਰਾ! ਇਹ ਜ਼ਿੰਦਗੀ ਜਿਉਣ ਲਈ ਮਿਲੀ ਹੈ। ਦੁੱਖ ਸੁੱਖ ਸਹਿੰਦਿਆਂ ਹੋਇਆਂ ਵੀ ਜਿਉਣੀ ਚਾਹੀਦੀ ਹੈ। ਆਪਣੇ ਆਪ ਮੌਤ ਆ ਜਾਵੇ ਤਾਂ ਜੀ ਆਇਆਂ ਨੂੰ ਪਰ ਮੰਗ ਕੇ ਮੌਤ ਲੈਣੀ ਬੁਜ਼ਦਿਲੀ ਹੈ। ਹੋ ਸਕਦੈ ਬੁਖਾਰ ਵੀ ਡਾਇਲਿਸਿਸ ਨਾ ਹੋਇਆ ਹੋਣ ਕਰ ਕੇ ਹੀ ਹੋਇਆ ਹੋਵੇ! ਮੇਰੀ ਬੇਨਤੀ ਮੰਨੋ ਤੇ ਅੱਜ ਹਸਪਤਾਲ ਜ਼ਰੂਰ ਚਲੇ ਜਾਵੋ। ਚਾਹ ਪੀ ਕੇ ਆਪਣੀ ਅਪੌਇੰਟਮਿੰਟ ਬਣਵਾ ਲਵੋ।'

ਮੇਰੇ ਕਹਿਣ 'ਤੇ ਉਹ ਹਸਤਾਲ ਚਲੀ ਗਈ। ਡਾਇਲਿਸਿਸ ਹੋਣ ਮਗਰੋਂ ਬਿਲਕੁਲ ਠੀਕ ਹੋ ਕੇ ਵਾਪਸ ਆਈ ਤਾਂ ਮੇਰਾ ਧੰਨਵਾਦ ਕਰਨ ਲਈ ਮੇਰੇ ਘਰ ਆ ਗਈ। ਹੁਣ ਉਹ ਨੇਮ ਨਾਲ ਡਾਇਲਿਸਿਸ ਕਰਵਾਉਣ ਜਾਂਦੀ ਹੈ। ਇਕ ਵਾਰ ਡਿੱਗਣ ਨਾਲ ਉਸ ਦੀ ਲੱਤ ਦੀ ਹੱਡੀ ਤਿੜਕ ਗਈ ਸੀ। ਜਿਸ ਕਾਰਨ ਉਹ ਵਾਕਰ ਦੇ ਸਹਾਰੇ ਤੁਰਦੀ ਹੈ। ਮੈਂ ਉਸ ਨੂੰ ਧਾਰਮਿਕ ਬਿਰਤੀ ਵਾਲੀ ਸਮਝਦਾ ਸੀ ਪਰ ਉਸ ਵਿਚ ਧਰਮਿਕਤਾ ਵਾਲੀ ਕੋਈ ਗੱਲ ਨਹੀਂ ਹੈ। ਉਸ ਨਾਲ ਮੇਰਾ ਵਿਚਾਰ ਵਟਾਂਦਰਾ ਹੁੰਦਾ ਹੀ ਰਹਿੰਦਾ ਹੈ।ਉਸ ਨਾਲ ਮੇਰੇ ਵਿਚਾਰ ਕੁਝ ਕੁਝ ਮਿਲਦੇ ਵੀ ਨੇ। ਕਦੀ ਕਦੀ ਮੈਂ ਉਸ ਕੋਲ਼ ਚਲਿਆ ਜਾਂਦਾ ਹਾਂ ਤੇ ਕਦੀ ਕਦਾਈਂ ਉਹ ਮੇਰੇ ਕੋਲ਼ ਵੀ ਆ ਜਾਂਦੀ ਹੈ।"

ਘਾਲੀ ਦੀਅ ਗੱਲਾਂ ਤੋਂ ਜਾਪਦਾ ਸੀ ਕਿ ਉਹਨਾਂ ਵਿਚ ਕੁਝ ਨੇੜਤਾ ਹੋ ਰਹੀ ਹੈ। ਹੌਲ਼ੀ ਹੌਲ਼ੀ ਉਹ ਉਸ ਨਾਲ ਆਪਣੀ ਨੇੜਤਾ ਦੀਆਂ ਗੱਲਾਂ ਆਪ ਹੀ ਦੱਸਣ ਲੱਗ ਪਿਆ। ਇਕ ਦਿਨ ਘਾਲੀ ਨੇ ਮੈਨੂੰ ਬਚਿੰਤ ਕੌਰ ਬਾਰੇ ਦੱਸਿਆ, 'ਉਹ ਪਿੱਛੋਂ ਦਿੱਲੀ ਦੀ ਹੈ। ਉਸ ਦਾ ਪਤੀ ਫ਼ੌਜ ਵਿਚੋਂ ਕੈਪਟਨ ਰਿਟਾਇਰ ਹੋਇਆ ਸੀ। ਉਹਨਾਂ ਦੀ ਇਕੋ ਇਕ ਲੜਕੀ ਵੈਨਕੂਵਰ ਵਿਆਹੀ ਗਈ ਸੀ। ਉਹ 1991 ਵਿਚ ਕੁੜੀ ਕੋਲ਼ ਆ ਗਏ ਸਨ। ਏਥੇ ਆਉਣ ਦੇ ਚਾਰ ਕੁ ਸਾਲ ਬਾਅਦ ਉਹਦੇ ਪਤੀ ਦੀ ਨਮੂਨੀਏ ਨਾਲ ਮੌਤ ਹੋ ਗਈ। ਪਤੀ ਦੀ ਮੌਤ ਦੇ ਕੁਝ ਦਿਨਾਂ ਮਗਰੋਂ ਉਹ ਵੀ ਬਿਮਾਰ ਹੋ ਗਈ, ਜਿਸ ਕਾਰਨ ਉਸ ਦੇ ਗੁਰਦਿਆਂ ਨੂੰ ਨੁਕਸਾਨ ਪੁੱਜਿਆ। ਉਹ ਕੁੜੀ 'ਤੇ ਬੋਝ ਬਣੀ ਰਹਿਣਾ ਨਹੀਂ ਸੀ ਚਾਹੁੰਦੀ, ਇਸ ਕਰ ਕੇ ਆਪਣੀ ਇੱਛਾ ਨਾਲ ਹੀ ਸੀਨੀਅਰ ਹੋਮ ਵਿਚ ਰਹਾਇਸ਼ ਰੱਖ ਲਈ। ਇਹ ਬੜੀ ਦਲੇਰ ਤੇ ਸਿਰੜੀ ਔਰਤ ਐ। ਡਿਸਏਬਲ ਹੁੰਦੇ ਹੋਏ ਵੀ ਉਸ ਨੇ ਸਵੈ-ਨਿਰਭਰ ਸ਼੍ਰੇਣੀ ਵਾਲਾ ਸੁਇਟ ਹੀ ਲਿਆ, ਕਿਉਂਕਿ ਉਹ ਸਮਝਦੀ ਹੈ ਕਿ ਸਹਾਇਕ ਦੇ ਸਹਾਰੇ ਉਹ ਹੱਥਲ ਹੋ ਜਾਵੇਗੀ। ਉਹ ਹਰ ਰੋਜ਼ ਤਿੰਨ ਕੁ ਘੰਟੇ ਅਸਿਸਟਡ ਫਸਿਲਟੀ ਵਾਲੇ ਸੁਇਟਾਂ ਵਿਚ ਵਲੰਟੀਅਰ ਤੌਰ 'ਤੇ ਸੇਵਾ ਕਰਦੀ ਹੈ। ਆਪਣੀ ਪੈਨਸ਼ਨ ਦਾ 25% ਕਰਾਇਆ ਦੇ ਕੇ ਬਾਕੀ ਵਿਚੋਂ ਕੁਝ ਰਕਮ ਲੋੜਵੰਦਾਂ 'ਤੇ ਖਰਚ ਕਰ ਦਿੰਦੀ ਹੈ ਅਤੇ ਕੁਝ ਰਕਮ ਆਪਣੀ ਕੁੜੀ ਨੂੰ ਦੇ ਦਿੰਦੀ ਹੈ। ਆਪ ਉਹ ਬਹੁਤੀ ਖਰਚੀਲੀ ਨਹੀਂ। ਪਿਛਲੇ ਹਫਤੇ ਅਸੀਂ ਸਾਰਿਆਂ ਮਿਲ ਕੇ ਉਸ ਦਾ ਸਤੱਤਰਵਾਂ ਜਨਮ ਦਿਨ ਮਨਾਇਆ ਸੀ। ਉਹ ਮੇਰੇ ਨਾਲੋਂ ਅੱਠ ਕੁ ਸਾਲ ਛੋਟੀ ਹੈ। ਇਕ ਗੱਲ ਮੈਂ ਤੇਰੇ ਨਾਲ ਹੋਰ ਸਾਂਝੀ ਕਰਨੀ ਚਾਹੁੰਦਾ ਹਾਂ। ਲਾਜਵੰਤ ਦੀ ਮੌਤ ਮਗਰੋਂ ਮੈਂ ਪੂਰੀ ਤਰ੍ਹਾਂ ਟੁੱਟ ਗਿਆ ਸੀ। ਇਕੱਲ ਵਿਚ ਜੀਣਾ ਮੈਂ ਸਿਖਿਆ ਹੀ ਨਹੀਂ ਸੀ। ਕਈ ਵਾਰ ਮੇਰਾ ਮਰਨ ਨੂੰ ਜੀਅ ਕੀਤਾ ਪਰ ਤੁਹਾਡੇ ਵਰਗੇ ਦੋਸਤਾਂ ਦੀ ਸੰਗਤ ਨੇ ਮੇਰਾ ਧਰਵਾਸ ਬੰਨ੍ਹਾਈ ਰੱਖਿਆ। ਅਸਲ ਵਿਚ ਮੇਰਾ ਆਪਣੀਆਂ ਵਲੰਟੀਅਰ ਸੇਵਾਵਾਂ ਦੀਆਂ ਗਤੀ ਵਿਧੀਆਂ ਵਧਾ ਲੈਣ ਦਾ ਕਾਰਨ ਵੀ ਆਪਣੀ ਇਕੱਲ ਨੂੰ ਦੂਰ ਕਰਨਾ ਹੀ ਸੀ। ਇਨ੍ਹਾਂ ਕੰਮਾਂ ਵਿਚ ਮਨ ਨੂੰ ਤਸਕੀਨ ਤਾਂ ਮਿਲਦੀ ਸੀ ਪਰ ਪਤਾ ਨਹੀਂ ਕਿਉਂ! ਮੈਨੂੰ ਆਪਣੇ ਅੰਦਰ ਇਕ ਖਲਾਅ ਜਿਹਾ ਮਹਿਸੂਸ ਹੁੰਦਾ ਰਹਿੰਦਾ, ਜਿਹੜਾ ਭਰ ਨਹੀਂ ਸੀ ਹੁੰਦਾ। ਪਰ ਜਦੋਂ ਦਾ ਬਚਿੰਤ ਨਾਲ ਮੇਲ ਗੇਲ ਵਧਿਆ ਹੈ, ਮੈਨੂੰ ਉਹ ਖਲਾਅ ਭਰਦਾ ਮਹਿਸੂਸ ਹੋ ਰਿਹਾ ਹੈ। ਮੇਰੀ ਸਮਝ ਅਨੁਸਾਰ ਹਰ ਬਸ਼ਰ ਦੀ ਇਹੋ ਜਿਹੀ ਹੀ ਫਿਤਰਤ ਹੁੰਦੀ ਹੈ। ਕੋਈ ਮੰਨੇ ਜਾਂ ਨਾ ਮੰਨੇ ਪਰ ਔਰਤ ਦਾ ਸਾਥ ਹਰ ਕੋਈ ਚਾਹੁੰਦਾ ਹੈ, ਖਾਸ ਕਰ ਕੇ ਵਡੇਰੀ ਉਮਰ ਵਿਚ।" ਮੇਰੇ ਕੋਲ਼ ਘਾਲੀ ਦੀ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ।

ਜਦੋਂ ਦੀ ਉਹ ਘਾਲੀ ਕੋਲ ਆਉਣ ਜਾਣ ਲੱਗੀ ਸੀ ਤਾਂ ਉਹ ਉਸ ਦੇ ਦੋਸਤਾਂ ਨੂੰ ਵੀ ਸਾਅਬ ਸਲਾਮ ਬਲਾਉਣ ਲੱਗ ਪਈ ਸੀ। ਘਾਲੀ ਦੇ ਘਰ ਜਦੋਂ ਕੋਈ ਮੀਟਿੰਗ ਹੋਣੀ ਤਾਂ ਕਈ ਵਾਰ ਉਹ ਵੀ ਉਸ ਮੀਟਿੰਗ ਵਿਚ ਸ਼ਾਮਿਲ ਹੋ ਜਾਂਦੀ। ਉਹ ਵਿਚਾਰ ਵਟਾਂਦਰੇ ਵਿਚ ਵੀ ਭਾਗ ਲੈਂਦੀ। ਪਹਿਲਾਂ ਉਹ ਵਾਕਰ ਸਹਾਰੇ ਤੁਰਦੀ ਸੀ। ਕੁਝ ਚਿਰ ਮਗਰੋਂ ਵਾਕਰ ਛੱਡ ਕੇ ਉਸ ਖੂੰਡੀ ਦਾ ਸਹਰਾ ਲੈ ਲਿਆ ਤੇ ਫਿਰ ਕੁਝ ਸਮੇਂ ਬਾਅਦ ਖੂੰਡੀ ਦਾ ਸਹਾਰਾ ਵੀ ਛੱਡ ਦਿੱਤਾ ਅਤੇ ਸਾਧਾਰਨ ਤੋਰ ਤੁਰਨ ਲੱਗ ਪਈ।

ਇਕ ਦਿਨ ਘਾਲੀ ਨੇ ਇਹ ਖੁਸ਼ਖਬਰੀ ਸੁਣਾਈ, "ਬਚਿੰਤ ਮਲ੍ਹੋਤਰਾ ਨੂੰ ਕਿਸੇ ਦਾਨੀ ਕੋਲ਼ੋਂ ਗੁਰਦਾ ਮਿਲ ਗਿਆ ਹੈ ਅਤੇ ਉਸ ਦਾ ਸਫਲ ਉਪਰੇਸ਼ਨ ਵੀ ਹੋ ਗਿਆ ਹੈ।" ਇਉਂ ਜਾਪਦਾ ਸੀ ਜਿਵੇਂ ਬਚਿੰਤ ਕੌਰ ਨਾਲੋਂ ਗੁਰਦਾ ਬਦਲੀ ਦੀ ਖੁਸ਼ੀ ਘਾਲੀ ਨੂੰ ਬਹੁਤੀ ਹੋਵੇ।

ਗੁਰਦਾ ਬਦਲੀ ਮਗਰੋਂ, ਬਾਹਰੀ ਲਾਗ ਤੋਂ ਡਰਦੀ ਉਹ ਛੇ ਕੁ ਮਹੀਨੇ ਆਪਣੇ ਸੁਇਟ ਵਿਚ ਹੀ ਰਹੀ। ਬਾਹਰ ਅੰਦਰ ਜਾਣ ਲੱਗੀ ਤਾਂ ਇਕ ਦਿਨ, ਜਦੋਂ ਮੈਂ ਘਾਲੀ ਦੇ ਘਰ ਬੈਠਾ ਸੀ, ਉਹ ਆਪਣਾ ਮੂੰਹ ਢਕੀ ਸਾਡੇ ਕੋਲ਼ ਆ ਕੇ ਬੈਠ ਗਈ। ਉਸ ਨੇ ਮੇਰੇ ਕੋਲ ਘਾਲੀ ਦੀ ਬਹੁਤ ਤਾਰੀਫ ਕੀਤੀ। ਉਸ ਦੱਸਿਆ ਕਿ ਘਾਲੀ ਦੀ ਕਿਰਪਾ ਨਾਲ ਹੀ ਉਸ ਨੂੰ ਨਵਾਂ ਜੀਵਨ ਮਿਲਿਆ ਹੈ।

ਬਚਿੰਤ ਕੌਰ ਦੇ ਗੁਰਦਾ ਬਦਲੀ ਹੋਣ ਤੋਂ ਸਾਲ ਕੁ ਮਗਰੋਂ ਮੇਰੇ ਫੋਨ ਵਿਚ ਘਾਲੀ ਦਾ ਸੁਨੇਹਾ ਆਇਆ, "ਮਿੱਤਰੋ, ਮੇਰੇ ਘਰ ਅਗਲੇ ਸ਼ਨਿਚਰਾਰ, ਸ਼ਾਮ ਛੇ ਵਜੇ ਉਹੀ ਗਿਆਰਾਂ ਮੈਂਬਰੀ ਮਹਿਫਲ ਸਜਾਉਣ ਦਾ ਪ੍ਰੋਗਰਾਮ ਬਣਿਆ ਹੈ। ਸਮੇਂ ਸਿਰ ਆ ਜਾਣਾ। ਇਸ ਵਾਰ ਦੀ ਮਹਿਫਲ ਦਾ ਖਰਚਾ ਮੇਰੇ ਵੱਲੋਂ ਹੋਵੇਗਾ।"

ਮੈਂ ਹੈਰਾਨ ਸੀ ਕਿ ਪਹਿਲਾਂ ਤਾਂ ਮਹਿਫਲ ਸਜਾਉਣ ਦਾ ਪ੍ਰੋਗਰਾਮ ਅਸੀਂ ਬਣਾਉਂਦੇ ਹੁੰਦੇ ਸੀ ਪਰ ਇਸ ਵਾਰ ਉਹ ਆਪ ਬਾਜੀ ਲੈ ਗਿਆ। ਉਸ ਦਿਨ ਮੈਂ ਛੇ ਵਜੇ ਤੋਂ ਥੋੜ੍ਹਾ ਪਹਿਲਾਂ ਹੀ ਘਾਲੀ ਦੇ ਘਰ ਚਲਾ ਗਿਆ। ਅੱਜ ਬੈਠਕ ਵਿਚ ਕੁਰਸੀਆਂ ਪਹਿਲਾਂ ਹੀ ਰੱਖੀਆਂ ਹੋਈਆਂ ਸਨ। ਇਕ ਕੁਰਸੀ ਉਪਰ ਘਾਲੀ ਦਾ ਲੜਕਾ ਬੈਠਾ ਸੀ। ਬਚਿੰਤ ਕੌਰ ਵੀ ਉਸ ਦੇ ਕੋਲ਼ ਹੀ ਇਕ ਕੁਰਸੀ 'ਤੇ ਬੈਠੀ ਹੋਈ ਸੀ ਅਤੇ ਉਸ ਦੇ ਨਾਲ ਵਾਲੀ ਕੁਰਸੀ ਉਪਰ 45 ਕੁ ਸਾਲ ਦੀ ਇਕ ਹੋਰ ਔਰਤ ਬੈਠੀ ਸੀ, ਜਿਸ ਨੂੰ ਮੈਂ ਪਹਿਲਾਂ ਕਦੀ ਨਹੀਂ ਸੀ ਦੇਖਿਆ। ਘਾਲੀ ਨੇ ਦੱਸਿਆ ਕਿ ਇਹ ਬਚਿੰਤ ਕੌਰ ਦੀ ਲੜਕੀ ਹੈ। ਸਾਰਿਆਂ ਨੂੰ ਮਿਲ ਕੇ ਜਦੋਂ ਮੈਂ ਕੁਰਸੀ ਉਪਰ ਬੈਠ ਗਿਆ ਤਾਂ ਸਾਹਮਣੇ ਕੰਧ ਉਪਰ, ਜਿੱਥੇ ਪਹਿਲਾਂ ਘਾਲੀ ਦੀ ਪਤਨੀ ਲਾਜਵੰਤ ਦੀ ਫੋਟੋ ਲੱਗੀ ਹੋਈ ਸੀ, ਅੱਜ ਉਸ ਫੋਟੋ ਦੇ ਹੇਠ ਕਰ ਕੇ ਘਾਲੀ ਦੀ ਫੋਟੋ ਟੰਗੀ ਹੋਈ ਸੀ। ਘਾਲੀ ਦੀ ਪਤਨੀ ਵਾਲੀ ਫੋਟੋ ਦੇ ਖੱਬੇ ਪਾਸੇ ਇਕ ਫੌਜੀ ਅਫਸਰ ਦੀ ਫੋਟੋ ਲੱਗੀ ਹੋਈ ਸੀ। (ਮਗਰੋਂ ਪਤਾ ਲੱਗਾ ਕਿ ਫੌਜੀ ਅਫਸਰ ਦੀ ਫੋਟੋ ਬਚਿੰਤ ਦੇ ਮਰਹੂਮ ਪਤੀ ਦੀ ਹੈ) ਉਸ ਫੋਟੋ ਹੇਠ, ਘਾਲੀ ਦੇ ਖੱਬੇ ਪਾਸੇ ਬਚਿੰਤ ਕੌਰ ਮਲ੍ਹੋਤਰਾ ਦੀ ਫੋਟੋ ਲਟਕ ਰਹੀ ਸੀ। ਚਾਰੇ ਫੋਟੋਆਂ ਲਿਵਿੰਗ-ਰੂਮ ਵਿਚ ਇਕ ਵੱਖਰਾ ਹੀ ਪ੍ਰਭਾਵ ਸਿਰਜ ਰਹੀਆਂ ਸਨ।

ਹੌਲ਼ੀ ਹੌਲ਼ੀ ਸਾਰੇ ਦੋਸਤ ਆਉਂਦੇ ਗਏ ਮਹਿਫਲ ਸਜਦੀ ਗਈ। ਹਰ ਇਕ ਦੀ ਨਿਗਾਹ ਨਵੀਆਂ ਟੰਗੀਆਂ ਫੋਟੋਆਂ ਵੱਲ ਜ਼ਰੂਰ ਜਾਂਦੀ ਪਰ ਕਿਸੇ ਨੇ ਵੀ ਉਹਨਾਂ ਫੋਟੋਆਂ ਬਾਰੇ ਕੋਈ ਟਿੱਪਣੀ ਨਹੀਂ ਸੀ ਕੀਤੀ। ਮਹਿਫਲ ਵਿਚ ਵਿਚਾਰ ਵਟਾਂਦਰੇ ਮਗਰੋਂ ਖੁਲ੍ਹੀਆਂ ਗੱਲਾਂ ਵੀ ਹੋਈਆਂ ਅਤੇ ਗੀਤ ਸੰਗੀਤ ਦੀ ਮਹਿਫਲ ਵੀ ਸਜੀ। ਰਾਤ ਦੇ ਗਿਆਰਾਂ ਵਜੇ ਮਹਿਫਲ ਸਮਾਪਤ ਹੋਈ ਤੇ ਅਸੀਂ ਸਾਰੇ ਦੋਸਤ ਖੁਸ਼ੀ ਖੁਸ਼ੀ ਓਥੋਂ ਵਿਦਾ ਹੋਏ। ਸਵੇਰੇ ਉਠਦਿਆਂ ਹੀ ਮੇਰੇ ਮਨ ਵਿਚ ਉਤਸਕਤਾ ਜਾਗੀ ਤੇ ਮੈਂ ਘਾਲੀ ਨੂੰ ਫੋਨ ਕਰ ਕੇ ਗੁੱਡ ਮੌਰਨਿੰਗ ਕਹੀ। ਉਸ ਨੇ ਵੀ ਗੁੱਡ ਮੌਰਨਿੰਗ ਬੋਲਦੇ ਹੋਏ ਕਿਹਾ, "ਆਹ ਬਚਿੰਤ ਨੂੰ ਵੀ ਗੁੱਡ ਮੌਰਨਿੰਗ ਕਹਿ ਦੇਅ।" 000

***(7004 - 131 street, Surrey, B. C. V3W 6M9***
***Email: jsekha@hotmail.com)***

# ਇਕ ਸੱਚੇ ਕਾਮਰੇਡ ਦਾ ਇਕਲਾਪਾ: ਕਹਾਣੀ: ਬਲਬੀਰ ਪਰਵਾਨਾ

ਬਾਹਰੋਂ ਆਉਂਦੀ ਬਲਜੀਤ ਨੇ ਘਰ ਦਾ ਦਰਵਾਜ਼ਾ ਅੰਦਰ ਲੰਘਦਿਆਂ ਬੇਹੱਦ ਹਰਖੀ ਹੋਈ ਆਵਾਜ਼ 'ਚ ਕਿਹਾ, "ਲੰਘ ਗਿਆ ਤੇਰਾ ਵੱਡਾ ਕਾਮਰੇਡ, ਵੱਡੀ ਸਾਰੀ ਗੱਡੀ 'ਚ... ਇਧਰ ਨੂੰ ਝਾਕਿਆ ਵੀ ਨਾ, ਘਰ 'ਚ ਕੋਈ ਜੀਂਦਾ ਹੈ ਕਿ ਮਰ ਗਿਆ! ਓਹੀ ਘਰ ਐ, ਜਿੱਥੇ ਦਸ-ਦਸ ਜਣੇ ਲੈ ਕੇ ਆ ਜਾਂਦਾ ਸੀ ਰੋਟੀਆਂ ਖਵਾਉਣ।"

ਮੈਂ ਚੁੱਪ ਰਿਹਾ। ਕੀ ਕਹਿੰਦਾ ਉਸਨੂੰ ਤੇ ਜਵਾਬ ਵੀ ਕੀ ਹੈ ਇਸਦਾ? ਜਵਾਬ ਹੁਣ ਹੀ ਨਹੀਂ, ਪਿਛਲੇ ਸੱਤ ਅੱਠ ਸਾਲਾਂ ਤੋਂ ਹੀ ਨਹੀਂ ਆ ਰਿਹਾ, ਜਿਉਂ ਪਾਰਕਿਨਸਨ ਕਰਕੇ ਮੰਜੇ 'ਤੇ ਪਿਆ ਹਾਂ। ਪਹਿਲਾਂ ਪਾਰਕਿਨਸਨ, ਫਿਰ ਸ਼ੂਗਰ, ਨਾਲ ਬੀ.ਪੀ. ਸ਼ੁਰੂ ਹੋ ਗਿਆ। ਹੁਣ ਤਾਂ ਉੱਠਣ, ਤੁਰਨ-ਫਿਰਨ 'ਚ ਵੀ ਤਕਲੀਫ਼ ਆਉਣੀ ਸ਼ੁਰੂ ਹੋ ਗਈ ਹੈ ਤੇ ਬੋਲਣ 'ਚ ਵੀ। ਲਗਾਤਾਰ ਕਮਜ਼ੋਰ ਹੁੰਦਾ ਜਾ ਰਿਹਾ ਸਰੀਰ, ਜਿਵੇਂ ਪੋਟਾ-ਪੋਟਾ ਕਰਕੇ ਮੌਤ ਵੱਲ ਵਧ ਰਿਹਾ ਹੈ। ਤਕਲੀਫ਼ ਇਹ ਸਰੀਰਕ ਤਾਂ ਹੈ ਹੀ, ਮਾਨਸਿਕ ਵੀ ਹੈ। ਇਸ ਗੱਲ ਦਾ ਝੋਰਾ ਕਿ ਕੁਝ ਨਹੀਂ ਕਰ ਸਕਦਾ! ਚੁੱਪਚਾਪ ਦੇਖਦੇ ਰਹਿਣਾ ਪੈਂਦਾ ਹੈ ਸਭ ਕੁਝ, ਚੰਗਾ ਵੀ ਤੇ ਮਾੜਾ ਵੀ। ਬਹੁਤੀ ਵਾਰ ਤਾਂ ਆਪਣੀ ਰਾਇ ਜ਼ਾਹਰ ਕਰਨ ਦੀ ਵੀ ਹਿੰਮਤ ਨਹੀਂ ਪੈਂਦੀ। ਅਜੇ ਇਕ ਬਚਾਅ ਹੈ ਕਿ ਵਾਕਰ ਆਸਰੇ ਵਿਹੜੇ 'ਚ ਮਾੜਾ-ਮੋਟਾ ਤੁਰ ਫਿਰ ਲੈਨਾਂ, ਟੱਟੀ ਪਿਸ਼ਾਬ ਜਾ ਆਉਨਾਂ। ਬਸ ਇਹੀ ਰਹਿ ਗਈ ਹੈ ਸਾਰੀ ਦੀ ਸਾਰੀ ਦਿਨ-ਚਰਿਆ ਤੇ ਜਾਂ ਮੰਜੇ 'ਤੇ ਪਿਆਂ ਬਲਜੀਤ ਦੀਆਂ ਸੜੀਆਂ-ਭੁੱਜੀਆਂ ਸੁਣਨੀਆਂ।

ਉਂਝ ਉਹ ਵੀ ਸੱਚੀ ਹੈ! ਕੀ ਕਰੇ? ਘਰ ਦਾ ਉਖੜਿਆ ਢਾਂਚਾ ਦਿਨੋ-ਦਿਨ ਜਰਜਰਾ ਹੋਈ ਜਾਂਦਾ। ਇਹ ਤਾਂ ਜੇ ਉਸਨੇ ਮੱਝ ਨਾ ਰੱਖੀ ਹੋਵੇ, ਲੂਣ-ਤੇਲ ਤੁਰਨਾ ਬੰਦ ਹੋ ਜਾਵੇ! ਸੱਤ-ਅੱਠ ਕਿੱਲੋ ਦੁੱਧ ਹੋ ਜਾਂਦਾ। ਪੱਕੀਆਂ ਬਾਧਾਂ ਲੱਗੀਆਂ ਹੋਈਆਂ। ਇਸ ਬੱਝਵੀਂ ਆਮਦਨ ਨਾਲ ਆਈ-ਚਲਾਈ ਚਲਦੀ ਰਹਿੰਦੀ ਹੈ। ਢਿੱਡ ਤਾਂ ਕਿਸੇ ਤਰ੍ਹਾਂ ਭਰ ਕੇ ਸ਼ਾਂਤ ਹੋ ਜਾਂਦਾ, ਪਰ ਮਨ!... ਉਸ 'ਚ ਹਰ ਵੇਲ਼ੇ ਹਲਚਲਾ ਮੱਚਿਆ ਰਹਿੰਦਾ। ਕੋਈ ਨਾ ਕੋਈ ਢੀਮ ਉਸ 'ਚ ਅਕਸਰ ਅਜਿਹੀ ਆ ਵੱਜਦੀ ਹੈ ਕਿ ਉੱਥਲ-ਪੁਥਲ ਸ਼ੁਰੂ ਹੋ ਜਾਂਦੀ ਹੈ ਜਿਵੇਂ ਕਿ ਹੁਣ।

ਬੀਤੀ ਜ਼ਿੰਦਗੀ ਦਾ ਪਲ-ਪਲ ਮੁੜ ਚੇਤੇ ਆਉਣ ਲੱਗ ਪਿਆ ਹੈ। ਉਂਝ ਵੀ ਯਾਦਾਂ ਦੇ ਚੱਕਰਵਿਊ 'ਚ ਫਸੇ ਰਹਿਣ ਤੋਂ ਬਿਨਾਂ ਹੋਰ ਰੁਝੇਵਾਂ ਵੀ ਕੀ ਹੈ? ਸਾਰਾ ਦਿਨ ਮੰਜੇ 'ਤੇ ਪਿਆਂ ਬਸ ਇਹੀ ਘੁੰਮਣ-ਘੇਰੀਆਂ। ਮਦਨ ਸਵੇਰੇ ਹੀ ਖਾ ਪੀ ਕੇ ਚੱਕੀ 'ਤੇ ਚਲਿਆ ਜਾਂਦਾ ਤੇ ਬਲਜੀਤ ਮੱਝ ਦੇ ਪੱਠਿਆਂ-ਦੱਥਿਆਂ ਤੇ ਸੰਭਾਲ ਲਈ। ਘਰ 'ਚ ਪਿਆ ਇਕੱਲਾ ਯਾਦਾਂ ਦੇ ਘਣ-ਚੱਕਰਾਂ 'ਚ ਮੁੜ-ਮੁੜ ਪੀੜ ਹੁੰਦਾ ਰਹਿੰਨਾਂ। ਮੁੜ-ਮੁੜ ਓਹੀ ਗੱਲਾਂ, ਓਹੀ ਘਟਨਾਵਾਂ। ਕਦੀ ਡਾਇਰੀ ਨੂੰ ਮੁੜ ਪੜ੍ਹਨ ਲੱਗ ਪੈਨਾਂ।

ਕਦੀ ਡਾਇਰੀ ਬੜੇ ਸ਼ੌਕ ਨਾਲ ਲਿਖਦਾ ਹੁੰਦਾ ਸੀ। ਹੁਣ ਤਾਂ ਕਈ ਸਾਲਾਂ ਤੋਂ ਉਹ ਵੀ ਨਹੀਂ ਲਿਖ ਹੋਈ, ਲਗਪਗ ਛੇ ਸਾਲਾਂ ਤੋਂ; ਜਿਉਂ ਪਾਰਕਿਨਸਨ ਨੇ ਜ਼ੋਰ ਫੜਿਆ, ਹੱਥ ਕਿਹਾ ਨਹੀਂ ਮੰਨਦੇ। ਮਨ 'ਚ ਤਾਂ ਬਹੁਤ ਕੁਝ ਆਉਂਦਾ। ਕਈ ਵਾਰ ਜੀਅ ਕਰਦਾ ਕਿ ਬਲਜੀਤ ਜਾਂ ਮਦਨ ਨੂੰ ਕੁਝ ਬੋਲ ਕੇ ਲਿਖਾ ਦਿਆਂ, ਮਨ ਅੰਦਰ ਉੱਠਦੇ ਉਬਾਲ਼। ਪਰ ਉਹ ਮੇਰੀ ਕੋਈ ਗੱਲ ਨਹੀਂ ਸੁਣਦੇ, ਲਿਖਣਾ ਤਾਂ ਦੂਰ। ਨਾਲੇ ਮਨ 'ਚ ਜੋ ਕੁਝ ਆਉਂਦਾ ਜੇ ਉਹ ਸੱਚੋਸੱਚ ਕਹਾਂ ਤਾਂ ਉਨ੍ਹਾਂ ਨੇ ਸਗੋਂ ਹੋਰ ਸਿਰ ਹੋ ਜਾਣਾ; "ਜਦੋਂ ਮੈਂ ਕਹਿੰਦੀ ਸੀ, ਇਹ ਸਾਰੇ ਆਪਣੇ ਘਰ ਭਰਨ ਲੱਗੇ ਹੋਏ ਐ, ਤੂੰ ਐਵੇਂ ਨਾ ਘਰ ਪੱਟੀ ਜਾ। ਉਦੋਂ ਤਾਂ ਸੁਣਿਆ ਨੀ... ਹੁਣ ਇਨ੍ਹਾਂ ਗੱਲਾਂ ਦਾ ਕੀ ਫਾਇਦਾ?... ਜਾਂ

ਹੁਣ ਹੀ ਬੰਦਾ ਸਮਝ ਜਾਂਦਾ। ਹਿਲਿਆ ਜਾਂਦਾ ਨੀ ਤੇ ਇਨਕਲਾਬ ਦਾ ਛੁਣਛੁਣਾ ਅਜੇ ਵੀ ਨੀ ਛੱਡਦਾ! ਵੱਡਾ ਸੰਤ..।" ਮੈਨੂੰ ਘਰ ਅੰਦਰਲੇ ਇਸ ਕਲ੍ਹਾ-ਕਲੇਸ਼ ਜਾਂ ਆਰਥਿਕ ਸੰਕਟਾਂ ਨਾਲੋਂ, ਪਾਰਟੀ ਅੰਦਰਲੇ ਰਾਜਨੀਤਕ ਸੰਕਟਾਂ ਨੇ ਵੱਧ ਤੋੜਿਆ ਹੈ। ਮੇਰੇ ਕੋਲ਼ ਸੁਪਨਾ ਸੀ ਤੇ ਦੂਸਰੇ ਪਾਸੇ ਤਿਕੜਮਬਾਜ਼ੀਆਂ, ਤੇ ਇਸ ਲੜਾਈ 'ਚ ਮੈਂ ਲਗਾਤਾਰ ਇਕੱਲਾ ਹੁੰਦਾ ਗਿਆ, ਟੁੱਟਦਾ ਗਿਆ।

ਦੋ ਚਾਰ ਕੌੜੀਆਂ-ਕੁਸੈਲ਼ੀਆਂ ਬੋਲ ਕੇ, ਉਹ ਹਵੇਲੀ ਵੱਲ ਚਲੀ ਗਈ। ਪਿੰਡ ਦੀ ਗਲ਼ੀ 'ਚੋਂ ਖਿੰਡ ਕੇ, ਜਿਹੜੀ ਛੋਟੀ ਗਲ਼ੀ ਬਾਹਰ ਫਿਰਨੀ ਵੱਲ ਨੂੰ ਨਿਕਲਦੀ ਹੈ, ਉਸ 'ਤੇ ਪਹਿਲਾਂ ਇਹ ਘਰ ਆਉਂਦਾ ਤੇ ਫਿਰ ਪਸ਼ੂਆਂ ਵਾਲੀ ਹਵੇਲੀ। ਹਵੇਲੀ ਨਾਲੋਂ ਫਿਰਨੀ ਲੰਘਦੀ ਹੈ, ਜਿਹੜੀ ਅਗਾਂਹ ਨਾਲਦੇ ਪਿੰਡ ਨੂੰ ਜਾਂਦੀ ਲਿੰਕ ਸੜਕ 'ਤੇ ਜਾ ਚੜ੍ਹਦੀ। ਹਵੇਲੀ ਇਕ ਕੋਠਾ ਪਸ਼ੂਆਂ ਲਈ ਹੈ ਤੇ ਇਕ 'ਚ ਕੁਝ ਭੰਨਤੋੜ ਕਰਕੇ ਮਦਨ ਨੂੰ ਚੱਕੀ ਲਾ ਦਿੱਤੀ ਸੀ। ਇਹ ਪੁਰਾਣਾ ਘਰ ਤੇ ਪਸ਼ੂਆਂ ਵਾਲੀ ਥਾਂ, ਵੰਡ-ਵੰਡਾਈ ਵੇਲ਼ੇ ਮੇਰੇ ਹਿੱਸੇ ਆਏ ਸੀ। ਵੱਡੇ ਨੇ ਆਬਾਦੀ 'ਚ ਜਾ ਕੇ ਕੋਠੀ ਪਾ ਲਈ ਤੇ ਛੋਟੇ ਮਾਸਟਰ ਨੇ ਭੰਗਾਲੇ ਇਕ ਨਵੀਂ ਕੱਟੀ ਕਲੋਨੀ 'ਚ ਪਲਾਟ ਲੈ ਕੇ। ਮੇਰੇ ਕੋਲ਼ ਪੁਰਾਣੇ ਘਰਦੇ ਓਹੀ ਹਨੇਰੇ ਕਮਰੇ, ਜਿਨ੍ਹਾਂ 'ਚ ਪਿਆ ਅਕਸਰ ਜ਼ਿੰਦਗੀ ਤੇ ਲਹਿਰ ਦੇ ਪੰਨੇ ਪਰਤਦਾ ਰਹਿੰਨਾਂ...

... ਅੱਸੀ 'ਚ ਜਦੋਂ ਮੈਂ ਕਾਲਿਜ 'ਚ ਦਾਖਲ ਹੋਇਆ, ਘਰ ਸਾਂਝਾ ਸੀ ਤੇ ਕੰਮ ਚੜਾਈ 'ਤੇ। ਬਾਪ ਤੇ ਵੱਡਾ ਭਰਾ ਖੇਤੀ ਕਰਦੇ ਸਨ ਤੇ ਛੋਟਾ ਸੱਤਵੀਂ 'ਚ ਪੜ੍ਹਦਾ ਸੀ। ਕਾਲਿਜ ਜਾਂਦਿਆਂ ਹੀ ਮੈਂ ਤੇ ਕੋਟਲੀ ਵਾਲਾ ਗੁਰਦੇਵ ਵਿਦਿਆਰਥੀ ਯੂਨੀਅਨ 'ਚ ਸ਼ਾਮਲ ਹੋ ਗਏ। ਕਾਲਿਜ ਦੇ ਨਾਲ ਹੀ ਦਾਣਾ ਮੰਡੀ ਸੀ। ਝੋਨੇ ਦੇ ਸੀਜ਼ਨ 'ਤੇ ਆ ਕੇ ਉੱਥੇ ਆੜ੍ਹਤੀਆਂ ਵੱਲੋਂ ਸਿਲ ਦੇ ਨਾਂ 'ਤੇ ਦੋ ਕਿੱਲੋ ਪ੍ਰਤੀ ਬੋਰੀ ਮਗਰ ਕਾਟ ਕੱਟਣ ਦੇ ਰੋਸ ਵਜੋਂ, ਕਿਸਾਨ ਸਭਾ ਨੇ ਹੜਤਾਲ ਕਰਵਾ ਦਿੱਤੀ। ਵਿਦਿਆਰਥੀ ਯੂਨੀਅਨ ਵੱਲੋਂ ਅਸੀਂ ਇਸ ਹੜਤਾਲ ਦੇ ਸਮਰਥਨ 'ਚ ਡਟ ਗਏ। ਕਾਮਰੇਡ ਹਮੀਰ ਸਿੰਘ ਤੇ ਹੋਰ ਲੀਡਰਾਂ ਦੇ ਭਾਸ਼ਣ ਸੁਣ ਕੇ ਲਗਦਾ, 'ਇਨਕਲਾਬ ਬਸ ਆਇਆ ਕਿ ਆਇਆ'; ਤੇ ਇਸ ਸੁਪਨਈ ਸੁਪਨੇ ਦੀ ਪੂਰਤੀ ਲਈ ਹੜਤਾਲ ਦਾ ਸਫ਼ਲ ਹੋਣਾ ਬਹੁਤ ਜ਼ਰੂਰੀ ਹੈ! ਨਾ ਖਾਣ ਦਾ ਕੋਈ ਫ਼ਿਕਰ ਰਿਹਾ, ਨਾ ਪਹਿਨਣ ਦਾ। ਪੂਰੇ ਦਸ ਦਿਨ ਘਰ ਨਹੀਂ ਸੀ ਵੜਿਆ।

ਹੜਤਾਲ ਮੁੱਕੀ, ਕੁਝ ਮੰਗਾਂ ਮੰਨੀਆਂ ਗਈਆਂ, ਕੁਝ ਰਹਿ ਵੀ ਗਈਆਂ ਤਾਂ ਘਰ ਦਾ ਚੇਤਾ ਆਇਆ। ਘਰ ਆਇਆਂ ਤਾਂ ਮਾਂ ਕਪੜੇ ਦੇਖ ਕੇ ਉੱਬਲ ਹੀ ਪਈ, "ਤੈਨੂੰ ਸ਼ਰਮ ਨਾ ਆਈ ਇਹ ਮੈਲ਼ ਭਰੇ ਕਪੜੇ ਪਾ ਕੇ ਘੁੰਮਦਿਆਂ... ਦੇਖਣ ਵਾਲੇ ਸੋਚਦੇ ਹੋਣਗੇ, ਪਤਾ ਨੀ ਘਰਦੇ ਨਈਂ ਲੈ ਕੇ ਦਿੰਦੇ! ਹੋਰ ਨੀ ਤਾਂ ਆ ਕੇ ਕਪੜੇ ਹੀ ਬਦਲ ਜਾਂਦਾ ਜਾਂ ਕਿਸੇ ਤੋਂ ਮੰਗਵਾ ਲੈਂਦਾ। ਬਥੇਰੇ ਜਾਂਦੇ ਸੀ ਰੋਜ਼ ਟਰਾਲੀਆਂ ਭਰ ਭਰ ਕੇ।"

"ਬੀਬੀ, ਉੱਥੇ ਹੜਤਾਲ 'ਚ ਬੁਰੀ ਤਰ੍ਹਾਂ ਫਸੇ ਹੋਏ ਸੀ," ਮੇਰੇ ਇਨਕਲਾਬ ਦੇ ਉਤਸ਼ਾਹ ਨਾਲ ਭਰੇ ਮਨ ਨੂੰ ਮਾਂ ਦੀਆਂ ਗੱਲਾਂ ਫਜ਼ੂਲ ਲੱਗੀਆਂ। ਹਾਂ, ਉਥੇ ਸੱਚਮੁੱਚ ਹੀ ਲਗਦਾ ਸੀ, ਪਤਾ ਨਹੀਂ ਅਗਲੇ ਪਲ ਕੀ ਵਾਪਰ ਜਾਵੇ!

"ਇਸ ਫੋਕੀ ਵਾਹ-ਵਾਹ 'ਚ ਕੁਝ ਨੀ ਰੱਖਿਆ! ਜੇ ਉੱਥੇ ਕੋਈ ਜਾਹ-ਜਾਂਦੀ ਹੋ ਜਾਂਦੀ, ਅਸੀਂ ਕੀ ਕਰਦੇ।" ਮਾਂ ਸੱਚੀਂ ਫਿਕਰਮੰਦ ਸੀ। ਉਸਨੂੰ ਸ਼ਾਇਦ ਭਵਿੱਖ ਦੇ ਸੰਕੇਤ ਦਿਸਣ ਲੱਗ ਪਏ ਸਨ। ਉਂਝ ਘਰਦੇ ਕੁਝ-ਕੁਝ ਮਾਣ ਨਾਲ ਵੀ ਭਰ ਜਾਂਦੇ, ਜਦੋਂ ਕੋਈ ਆ ਕੇ ਗੱਲ ਕਰਦਾ, "ਤੁਹਾਡਾ ਚਰਨਜੀਤ ਤਾਂ ਲੀਡਰ ਬਣ ਗਿਆ... ਕਿਸੇ ਝੋਨੇ ਦੀ ਢੇਰੀ 'ਤੇ ਖੜ੍ਹਾ ਹੋ ਕੇ ਭਾਸ਼ਣ ਦੇਣ ਲਗਦਾ ਤਾਂ ਸੁਣ ਕੇ ਲੂੰ-ਕੰਡੇ ਖੜੇ ਹੋ ਜਾਂਦੇ ਐ!"

ਮੰਗਾਂ ਮੰਨੀਆਂ ਜਾਣ 'ਤੇ ਜੇਤੂ ਰੈਲੀ ਨੂੰ ਸੰਬੋਧਨ ਕਰਦਿਆਂ ਕਾਮਰੇਡ ਹਮੀਰ ਸਿੰਘ ਨੇ ਕਿਹਾ ਸੀ, "ਜਿਵੇਂ ਤੁਹਾਡੇ 'ਕੱਠ ਨੇ ਸ਼ਹਿਰ ਦੀ ਸਭ ਤੋਂ ਧਨੀ ਲਾਬੀ ਨੂੰ ਝੁਕਾ ਲਿਆ ਹੈ, ਇਵੇਂ ਹੀ ਕਦਮ-ਦਰ-ਕਦਮ ਜਿੱਤਾਂ ਵੱਲ ਵਧਦਿਆ ਇਸ ਸਰਮਾਏਦਾਰ ਪ੍ਰਬੰਧ ਨੂੰ ਢਹਿ-ਢੇਰੀ ਕੀਤਾ ਜਾ

ਸਕਦਾ ਤੇ ਅਜਿਹਾ ਨਿਜ਼ਾਮ ਸਿਰਜਿਆ ਜਾ ਸਕਦਾ, ਜਿੱਥੇ ਨਾ ਕੋਈ ਗ਼ਰੀਬ ਹੋਵੇਗਾ, ਨਾ ਅਮੀਰ। ਨਾ ਲੋਟੂ ਤੇ ਨਾ ਲੁੱਟੇ ਜਾਣ ਵਾਲੇ। ਕੋਈ ਬੇਰੁਜ਼ਗਾਰ ਵੀ ਨਹੀਂ ਹੋਵੇਗਾ... ਸਭ ਲਈ ਜੀਊਣ ਦੇ ਬਰਾਬਰ ਦੇ ਮੌਕੇ ਹੋਣਗੇ... ਜਿਹੜੇ ਆੜ੍ਹਤੀਏ ਮੰਡੀ 'ਚ ਆਏ ਜੱਟ ਨੂੰ ਮਨੁੱਖ ਨਹੀਂ ਸਾਮੀ ਸਮਝਦੇ ਸੀ ਕਿਵੇਂ ਝੁਕਣ ਲਈ ਮਜਬੂਰ ਹੋਏ ਐ, ਇਹ ਤੁਹਾਡੇ 'ਕੱਠ ਦੀ ਤਾਕਤ ਦਾ ਹੀ ਨਤੀਜਾ... ਆਪਣੇ ਇਸ 'ਕੱਠ ਦੀ ਤਾਕਤ ਨੂੰ ਪਹਿਚਾਣੋ, ਆਪਣੀਆਂ ਜੱਥੇਬੰਦੀਆਂ ਨੂੰ ਮਜ਼ਬੂਤ ਕਰੋ।" ਇਹ ਇਕ ਅਜਿਹਾ ਸੁਪਨਾ ਸੀ, ਜਿਸਨੇ ਜ਼ਿਹਨ ਨੂੰ ਪੜ੍ਹਾਈ ਨਾਲੋਂ ਵੀ ਵੱਧ ਮੱਲ ਲਿਆ ਤੇ ਹੜਤਾਲ ਤੋਂ ਬਾਅਦ ਇਲਾਕੇ 'ਚ ਨੌਜੁਆਨ ਸਭਾਵਾਂ, ਕਿਸਾਨ ਸਭਾਵਾਂ ਦਾ ਜਾਲ਼ ਬੁਣਨ 'ਚ ਖੁੱਭ ਗਿਆ।

ਸਾਲਾਨਾ ਪੇਪਰ ਆਏ ਤਾਂ ਪੜ੍ਹਾਈ ਦਾ ਚੇਤਾ ਆਇਆ। ਉਂਝ ਵੀ ਭਵਿੱਖ ਦਾ ਸੁਪਨਾ ਤਾਂ ਇਨਕਲਾਬ ਨਾਲ ਭਰ ਗਿਆ ਸੀ, ਉਸ 'ਚ ਪੜ੍ਹਾਈ ਜਾਂ ਕੈਰੀਅਰ ਲਈ ਥਾਂ ਹੀ ਕਿੱਥੇ ਬਚਿਆ ਰਹਿ ਗਿਆ ਸੀ! ਕੁਝ ਕਾਮਰੇਡ ਹਮੀਰ ਨੇ ਵੀ ਹੱਲਾਸ਼ੇਰੀ ਦਿੱਤੀ, "ਇਨ੍ਹਾਂ ਬੁਰਜੂਆ ਪੜ੍ਹਾਈਆਂ 'ਚ ਕੁਝ ਨੀ ਰੱਖਿਆ। ਜਦੋਂ ਇਨਕਲਾਬ ਲਈ ਭੋਇੰ ਵੱਤਰ ਹੋਵੇ ਤਾਂ ਫਿਰ ਬਾਕੀ ਸਭ ਗੱਲਾਂ ਪਿੱਛੇ ਰਹਿ ਜਾਂਦੀਆਂ ਹਨ। ਸ਼ਹੀਦ ਭਗਤ ਸਿੰਘ ਵਰਗੇ ਵੀ ਜੇ ਆਪਣੇ ਕੈਰੀਅਰ ਦੇ ਫਿਕਰ 'ਚ ਰਹਿੰਦੇ ਤਾਂ ਦੇਸ਼ ਆਜ਼ਾਦ ਹੋ ਜਾਂਦਾ? ਅੱਜ ਦੀ ਨਵੀਂ ਕ੍ਰਾਂਤੀ ਲਈ ਵੀ ਅਜਿਹੇ ਸਿਰਲੱਥ ਯੋਧਿਆਂ ਦੀ ਲੋੜ ਹੈ।" ਤੇ ਮਨ ਹੀ ਮਨ ਮੈਂ ਕ੍ਰਾਂਤੀ ਦਾ ਸਿਪਾਹੀ ਬਣਨ ਦਾ ਫੈਸਲਾ ਕਰ ਲਿਆ। ਜਿਸ ਦਿਨ ਆਪਣੇ ਮਨ ਨਾਲ ਇਹ ਫੈਸਲਾ ਕੀਤਾ, ਉਸ ਦਿਨ ਨਵੀਂ ਡਾਇਰੀ ਖਰੀਦ ਕੇ ਲਿਆਂਦੀ ਤੇ ਇਸਦੇ ਪਹਿਲੇ ਪੰਨੇ 'ਤੇ, ਖੱਬੇ ਹੱਥ ਦੀ ਪਹਿਲੀ ਉਂਗਲ ਦੇ ਪੋਟੇ ਨੂੰ ਬਲੇਡ ਨਾਲ ਚੀਰਾ ਦੇ ਕੇ, ਉਸ 'ਚੋਂ ਨਿਕਲਦੇ ਲਹੂ ਨਾਲ ਮੋਟਾ-ਮੋਟਾ ਉਕਰਿਆ 'ਇਨਕਲਾਬ, ਜ਼ਿੰਦਾਬਾਦ'! ਤੇ ਅੰਦਰਲੇ ਪੰਨੇ 'ਤੇ ਉਸ ਲਹੂ 'ਚ ਪੈੱਨ ਦੀ ਨਿੱਬ ਭਿਉਂ ਕੇ ਲਿਖਿਆ, 'ਜ਼ਿੰਦਗੀ ਨੂੰ ਜੀਊਣ ਦਾ ਕੋਈ ਮਕਸਦ ਹੋਣਾ ਚਾਹੀਦਾ। ਉਂਝ ਹੀ ਭੇਡ-ਚਾਲ 'ਚ ਜੀਊਣਾ, ਕੋਈ ਜੀਊਣਾ ਨਹੀਂ ਹੁੰਦਾ! ਮੈਂ ਆਪਣੇ ਆਪ ਨਾਲ ਅਹਿਦ ਕਰਦਾ ਹਾਂ ਕਿ ਜ਼ਿੰਦਗੀ ਨੂੰ ਇਨਕਲਾਬ ਦੇ ਲੇਖੇ ਲਾਵਾਂਗਾ।'

ਹੜਤਾਲ ਤੋਂ ਤਿੰਨ ਸਾਲ ਬਾਅਦ ਪੰਚਾਇਤ ਚੋਣ ਆਈ ਤਾਂ ਉਸ 'ਚ ਇਲਾਕੇ ਦੇ ਦਰਜਨ ਤੋਂ ਵੱਧ ਪਿੰਡਾਂ 'ਚ ਲਹਿਰ ਦੇ ਸਮਰਥਕ ਕਾਰਕੁਨ ਸਰਪੰਚ ਚੁਣੇ ਗਏ। ਪੰਚ ਤਾਂ ਲਗਪਗ ਹਰ ਪਿੰਡ 'ਚ ਹੀ ਸਨ। ਪਾਰਟੀ ਨੇ ਮੈਨੂੰ ਵੀ ਸਰਪੰਚੀ ਵਾਸਤੇ ਖੜ੍ਹੇ ਹੋਣ ਲਈ ਜ਼ੋਰ ਲਾਇਆ ਸੀ, ਪਰ ਮੈਂ ਨਾ ਮੰਨਿਆ ਤਾਂ ਕਿਸਾਨ ਸਭਾ ਵਾਲੇ ਹਰੀ ਸਿੰਘ ਨੂੰ ਉਮੀਦਵਾਰ ਬਣਾਇਆ ਗਿਆ। ਉਹ ਸ਼ਾਨ ਨਾਲ ਜਿੱਤ ਵੀ ਗਿਆ। ਗੁਰਦੇਵ ਵੀ ਆਪਣੇ ਪਿੰਡੋਂ ਸਰਪੰਚੀ ਜਿੱਤ ਗਿਆ ਸੀ। ਉਸ ਦਿਨ ਸ਼ਾਮ ਨੂੰ ਮੈਂ ਆਪਣੀ ਡਾਇਰੀ 'ਚ ਲਿਖਿਆ: 'ਜਿੰਨਾ ਚਿਰ ਇਨਕਲਾਬ ਨਹੀਂ ਆ ਜਾਂਦਾ, ਮੈਂ ਇਨਕਲਾਬੀ ਕਾਜ ਲਈ ਹੋਲ-ਟਾਈਮਰੀ ਕਰਾਂਗਾ। ਨਾ ਕੋਈ ਨੌਕਰੀ ਕਰਾਂਗਾ ਤੇ ਨਾ ਹੀ ਕਿਸੇ ਬੁਰਜੂਆ ਸੰਸਥਾ 'ਚ ਕੋਈ ਅਹੁਦਾ ਲਵਾਂਗਾ। ਪਾਰਟੀ ਜੱਥੇਬੰਦੀ ਨੂੰ ਮਜ਼ਬੂਤ ਕਰਨ ਤੇ ਲੋਕਾਂ 'ਚ ਇਨਕਲਾਬੀ-ਵਿਚਾਰਾਂ ਦੀ ਸਾਣ ਤਿੱਖੀ ਕਰਨ ਲਈ ਆਪਣੀ ਸਾਰੀ ਆਸਥਾ ਤੇ ਊਰਜਾ ਲਾਵਾਂਗਾ... ਇਕ ਇਨਕਲਾਬੀ ਕਾਰਕੁਨ ਨੂੰ ਹਮੇਸ਼ਾ ਡੀ-ਕਲਾਸ ਹੋ ਕੇ ਰਹਿਣਾ ਚਾਹੀਦਾ। ਸਭ ਤੋਂ ਲਤਾੜੇ ਵਰਗਾਂ ਵਾਲੀ ਜ਼ਿੰਦਗੀ ਨੂੰ ਜੀਊਣਾ ਚਾਹੀਦਾ ਤਾਂ ਕਿ ਉਹ ਲੋਕ ਤੁਹਾਡੇ 'ਤੇ ਵਿਸ਼ਵਾਸ ਕਰ ਸਕਣ, ਜਿਨ੍ਹਾਂ ਨੂੰ ਇਨਕਲਾਬ ਦੀ ਸਭ ਤੋਂ ਵੱਧ ਲੋੜ ਹੈ। ਇਨਕਲਾਬੀ ਦਾ ਸਾਧਨਹੀਣ ਲੋਕਾਂ ਨਾਲ ਰਿਸ਼ਤਾ 'ਮੱਛੀ ਤੇ ਪਾਣੀ' ਵਾਲਾ ਹੋਣਾ ਚਾਹੀਦਾ।'

ਜੋ ਕੁਝ ਸਟੱਡੀ-ਸਰਕਲਾਂ 'ਚ ਸੁਣਦਾ ਜਾਂ ਕਿਤਾਬਾਂ ਰਸਾਲਿਆਂ 'ਚ ਪੜ੍ਹਦਾ, ਉਹ ਮੇਰੀ ਜੀਵਨ-ਜਾਚ ਦਾ ਵੀ ਹਿੱਸਾ ਬਣਦਾ ਗਿਆ ਜਾਂ ਯਤਨ ਕਰਕੇ ਉਸਨੂੰ ਆਪਣੇ ਆਪ 'ਤੇ ਲਾਗੂ ਕਰਨ ਦੀ ਕੋਸ਼ਿਸ਼ ਕਰਦਾ। ਸਮਾਜਕ ਤਬਦੀਲੀ ਦਾ ਫਲਸਫਾ ਜਿਵੇਂ ਹੱਡਾਂ 'ਚ ਰਚਦਾ ਗਿਆ ਸੀ ਕਿ ਇਸ ਤੋਂ ਵੱਖਰਾ ਕੁਝ ਹੋਰ ਸੋਚਣਾ ਔਖਾ ਲੱਗਣ ਲੱਗਾ! ਇੱਥੋਂ ਹੀ ਸਮਝ ਆਉਣ ਲੱਗੀ ਸੀ

ਲਹਿਰ ਦੇ ਅੰਦਰਲੇ ਕੱਚ-ਸੱਚ ਦੀ ਵੀ। ਪਹਿਲੀ ਤਿੜਕਣ ਵਾਲਾ ਪੰਨਾ ਆ ਗਿਆ ਹੈ: 'ਅੱਜ ਬਹੁਤ ਟੁੱਟਿਆਂ ਹਾਂ ਜਦੋਂ ਇਹ ਪਤਾ ਲੱਗਾ ਕਿ ਕਾਮਰੇਡ ਗੁਰਦੇਵ ਨੇ ਬਲਾਕ ਸੰਮਤੀ ਦੀ ਮੈਂਬਰੀ ਜਿੱਤਣ ਲਈ ਕਾਂਗਰਸੀਆਂ ਨਾਲ ਅੰਦਰਖਾਤੇ ਸਮਝੌਤਾ ਕੀਤਾ ਹੈ। ਫੈਸਲੇ ਅਨੁਸਾਰ ਹਿਯਾਤਪੁਰ ਹਲਕੇ ਦੇ ਕਾਂਗਰਸੀ ਪੰਚ ਸਰਪੰਚ ਆਪਣੀਆਂ ਵੋਟਾਂ ਕਾਮਰੇਡ ਗੁਰਦੇਵ ਦੇ ਹੱਕ 'ਚ ਭੁਗਤਾਉਣਗੇ ਤੇ ਬਦਲੇ 'ਚ ਬਲਾਕ ਦੇ ਬਾਕੀ ਸਾਰੇ ਹਲਕਿਆਂ 'ਚੋਂ ਪਾਰਟੀ ਪ੍ਰਭਾਵ ਵਾਲੀਆਂ ਵੋਟਾਂ ਕਾਂਗਰਸੀ ਉਮੀਦਵਾਰਾਂ ਦੇ ਹੱਕ 'ਚ ਭੁਗਤਾਈਆਂ ਜਾਣਗੀਆਂ। ਇਸ ਤੋਂ ਵੀ ਵੱਡੀ ਗੱਲ, ਇਹ ਫੈਸਲਾ ਤਹਿਸੀਲ ਸਕੱਤਰ ਕਾਮਰੇਡ ਹਮੀਰ ਦੀ ਹਾਜ਼ਰੀ 'ਚ, ਕਾਂਗਰਸ ਦੇ ਬਲਾਕ ਸੰਮਤੀ ਲਈ ਚੇਅਰਮੈਨੀ ਦੇ ਉਮੀਦਵਾਰ ਰਾਜਬੀਰ ਸਿੰਘ ਕਾਲਕੱਟ ਨਾਲ ਲਿਆ ਗਿਆ। ਇਸ ਸੰਬੰਧੀ ਪਹਿਲਾਂ ਪਾਰਟੀ ਦੀ ਕਿਸੇ ਫਾਰਮੇਸ਼ਨ 'ਚ ਨਹੀਂ ਵਿਚਾਰਿਆ ਗਿਆ ਸੀ। ਜਦੋਂ ਮੈਂ ਕਾਮਰੇਡ ਹਮੀਰ ਨਾਲ ਇਸ ਬਾਰੇ ਪਾਰਟੀ ਦੀ ਤਸੀਲ ਕਮੇਟੀ ਮੀਟਿੰਗ ਸੱਦਣ ਬਾਰੇ ਗੱਲ ਕੀਤੀ ਤਾਂ ਉਸਨੇ ਟਾਲ਼ਾ ਵੱਟ ਲਿਆ, "ਚੋਣ ਤੋਂ ਬਾਅਦ ਰੀਵਿਊ ਮੀਟਿੰਗ 'ਚ ਵਿਚਾਰਾਂਗੇ! ਹੁਣ ਤਾਂ ਲੋੜ ਹੈ ਆਪਣੀ ਸਾਰੀ ਤਾਕਤ ਝੋਕ ਕੇ ਆਪਣਾ ਬੰਦਾ ਜਿਤਾਇਆ ਜਾਵੇ। ਬਲਾਕ ਸੰਮਤੀ 'ਚ ਪਾਰਟੀ ਦੀ ਪ੍ਰਤੀਨਿਧਤਾ ਕਰਨ ਵਾਲਾ ਕੋਈ ਤਾਂ ਹੋਵੇ।"

"ਕਾਂਗਰਸ ਦੀਆਂ ਵੋਟਾਂ ਆਸਰੇ ਜਿੱਤ ਕੇ ਉਹ ਕਿੰਨਾ ਕੁ ਪਾਰਟੀ ਦੀ ਪ੍ਰਤੀਨਿਧਤਾ ਕਰ ਸਕੇਗਾ ਤੇ ਕਿੰਨਾ ਕੁ ਲੋਕ ਮਸਲਿਆਂ ਲਈ ਲੜ ਸਕੇਗਾ... ਤੇ ਕੱਲ੍ਹ ਨੂੰ ਕਿਸ ਮੂੰਹ ਨਾਲ ਅਸੀਂ ਲੋਕਾਂ ਨਾਲ ਵਰਗ-ਸੰਘਰਸ਼ ਦੀ ਗੱਲ ਕਰ ਸਕਾਂਗੇ!" ਮੇਰੇ ਇਸ ਸਵਾਲ ਦਾ ਉਸਨੇ ਕੋਈ ਜੁਆਬ ਨਾ ਦਿੱਤਾ।'

ਪਾਰਟੀ ਦੀ ਪ੍ਰਤੀਨਿਧਤਾ ਕਰਨ ਦਾ ਹੀਜ-ਪਿਆਜ਼ ਵੀ ਛੇ ਕੁ ਮਹੀਨਿਆਂ ਬਾਅਦ ਹੀ ਖੁੱਲ੍ਹ ਗਿਆ। ਇਹ ਦਸਤਾਵੇਜ਼ ਵੀ ਸਾਹਮਣੇ ਹੈ। ਹਾਂ, ਦਸਤਾਵੇਜ਼ ਹੀ ਬਣ ਗਏ ਹਨ ਹੁਣ ਇਸ ਡਾਇਰੀ ਦੇ ਪੰਨੇ। ਜੇ ਡਾਇਰੀ ਨਾ ਲਿਖਦਾ ਹੁੰਦਾ, ਉਨ੍ਹਾਂ ਬਿੰਦੂਆਂ ਨੂੰ ਤਲਾਸ਼ਣਾ ਸ਼ਾਇਦ ਔਖਾ ਹੁੰਦਾ, ਜਿੱਥੋਂ-ਜਿੱਥੋਂ ਤਿੜਕਣ ਪੈਦਾ ਹੋਈ ਤੇ ਫਿਰ ਵਧ ਕੇ ਦਰਾੜਾਂ ਬਣਦੀਆਂ ਗਈਆਂ। ਡਾਇਰੀ 'ਚ ਇਹ ਸਭ ਕੁਝ ਸਾਂਭਿਆ ਪਿਆ ਹੈ। ਪਤਾ ਨਹੀਂ ਕਿੰਨੀ ਵਾਰ ਇਹ ਸਭ ਕੁਝ ਪੜ੍ਹਿਆ ਹੈ। ਹੁਣ ਤਾਂ ਸਫ਼ੇ ਤੇ ਤਰੀਕਾਂ ਵੀ ਯਾਦ ਹੋ ਗਈਆਂ ਹਨ। ਕਦੋਂ ਲਿਖਿਆ, ਕਿਉਂ ਲਿਖਿਆ? ਇਸਦੀ ਮਹੱਤਤਾ ਵੀ ਹੁਣ ਹੀ ਸਮਝ ਆਉਣ ਲੱਗੀ ਹੈ। ਉਦੋਂ ਤਾਂ ਬਸ ਖੌਲ਼ਦੇ ਵਲਵਲੇ ਹੀ ਲਿਖੇ ਸਨ ਜਾਂ ਆਪਣੇ ਮਨ ਦੀ ਭੜਾਸ ਕੱਢੀ ਸੀ, ਕਿ ਕਰਨ ਲਈ ਬਹੁਤ ਕੁਝ ਸੀ। ਸਰਗਰਮੀ 'ਚ ਗਲ਼-ਗਲ਼ ਖੁੱਭਿਆਂ, ਇਹ ਵੀ ਲਗਦਾ, ਸ਼ਾਇਦ ਬਹੁਤ ਕੁਝ ਠੀਕ ਕਰ ਲਵਾਂ! ਜਦੋਂ ਇਨ੍ਹਾਂ ਨੂੰ ਪੜ੍ਹਦਾਂ ਤਾਂ ਉਹ ਗਰਾਫ਼ ਵੀ ਸਪੱਸ਼ਟ ਹੋਣ ਲਗਦਾ ਜਿਹੜਾ ਲਗਾਤਾਰ ਨਿਵਾਣਾਂ ਵੱਲ ਡਿਗਦਾ ਗਿਆ: 'ਅੱਜ ਕਾਮਰੇਡ ਗੁਰਦੇਵ ਦੇ ਵਤੀਰੇ ਨੇ ਅਸਲੋਂ ਹੀ ਨਿਰਾਸ਼ ਕੀਤਾ। ਉਸਦੇ ਗੁਆਂਢੀ ਪਿੰਡ ਟਾਂਡੇ 'ਚ ਦਲਿਤਾਂ ਨੂੰ ਪੰਜ-ਪੰਜ ਮਰਲਿਆਂ ਦੇ ਪਲਾਟ ਅਲਾਟ ਹੋਣ ਦੇ ਬਾਵਜੂਦ, ਪਿੰਡ ਦਾ ਸਰਪੰਚ ਉਨ੍ਹਾਂ ਨੂੰ ਕਾਬਜ਼ ਨਹੀਂ ਸੀ ਹੋਣ ਦੇ ਰਿਹਾ। ਕਾਮਰੇਡ ਅਮਰਨਾਥ ਨੇ ਇਸ ਲਈ ਪਾਰਟੀ ਵੱਲੋਂ ਮੋਰਚਾ ਲਾਉਣ ਦੀ ਗੱਲ ਮੀਟਿੰਗ 'ਚ ਲਿਆਂਦੀ, ਪਰ ਗੁਰਦੇਵ ਨੇ ਵਿਰੋਧ ਦਾ ਪੈਂਤੜਾ ਲੈ ਲਿਆ, "ਸਾਥੀ ਜੀ, ਉਸ ਪਿੰਡ 'ਚ ਸਾਡਾ ਕਿਸਾਨੀ 'ਚ ਹੀ ਆਧਾਰ ਹੈ। ਕਿਸੇ ਧਰਨੇ ਮੁਜ਼ਾਹਰੇ ਲਈ ਉੱਥੋਂ ਟਰਾਲੀ ਬੰਦਿਆਂ ਦੀ ਕੱਢ ਲੈਂਦੇ ਹਾਂ। ਜੇ ਇਸ ਗੱਲ 'ਤੇ ਮੋਰਚਾ ਲਾਇਆ, ਦਲਿਤ ਤਾਂ ਪਤਾ ਨਹੀਂ ਨਾਲ ਜੁੜਨਗੇ ਕਿ ਨਹੀਂ, ਪਰ ਕਿਸਾਨੀ ਵਾਲਾ ਆਧਾਰ ਜ਼ਰੂਰ ਗੁਆ ਲਵਾਂਗੇ।" ਜਦੋਂ ਦਾ ਬਲਾਕ ਸੰਮਤੀ ਮੈਂਬਰ ਬਣਿਆ, ਉਸਦਾ ਰਵੱਈਆ ਹੀ ਬਦਲ ਗਿਆ ਸੀ। ਅੱਤਵਾਦੀਆਂ ਤੋਂ ਖਤਰੇ ਦੇ ਨਾਂ 'ਤੇ ਆਪਣੇ ਵਿਹਲੇ ਦੋ ਭਤੀਜੇ ਐੱਸ.ਪੀ.ਓ. ਵਜੋਂ ਨਾਲ ਰੱਖ ਲਏ ਸਨ ਤੇ ਪਾਰਟੀ ਜੱਥੇਬੰਦੀ ਦੀ ਥਾਂ ਥਾਣੇ, ਕਚਹਿਰੀ 'ਚ ਵੱਧ ਰਹਿੰਦਾ। ਕੰਮਾਂਕਾਰਾਂ ਦੀ ਗਰਜ ਨਾਲ ਜੁੜੇ ਬਹੁਤੇ ਕਾਮਰੇਡਾਂ ਨੇ ਉਸਦੀ ਹਾਂ 'ਚ ਹਾਂ ਮਿਲਾ ਦਿੱਤੀ। ਮਤੇ ਦੇ ਹੱਕ 'ਚ ਕੇਵਲ ਮੈਂ ਤੇ ਅਮਰਨਾਥ ਹੀ ਰਹਿ ਗਏ। ਮੈਨੂੰ

ਪਹਿਲੀ ਵਾਰ ਲੱਗਿਆ, ਸਾਰੀ ਲਫ਼ਾਜ਼ੀ ਦੇ ਬਾਜਵੂਦ ਉਹ ਬੁਰਜੁਆ ਲੀਡਰਾਂ ਵਰਗਾ ਹੀ ਹੈ। ਇਨਕਲਾਬ ਦੀ ਗੱਲ ਉਸ ਅੰਦਰ ਧੁੱਖਦੀ ਨਹੀਂ, ਉਹ ਤਾਂ ਇਸ ਅੱਗ ਨੂੰ ਬਾਹਰ ਬਾਲ਼ ਕੇ ਇਸਦੇ ਨਿੱਘ ਨੂੰ ਮਾਨਣਾ ਚਾਹੁੰਦਾ!'...

...'ਮਦਨ' ਦੀ ਆਵਾਜ਼ ਦੇ ਨਾਲ ਬਾਹਰਲਾ ਦਰਵਾਜ਼ਾ ਖੜਕਿਆ। ਮੈਂ ਮਲ੍ਹਾਰੇ ਦੀ ਆਵਾਜ਼ ਪਛਾਣ ਲਈ ਪਰ ਦੁਚਿੱਤੀ 'ਚ ਰਿਹਾ। ਉੱਠਣ ਦੀ ਕੋਸ਼ਿਸ਼ ਕਰਾਂ ਜਾਂ ਉਸਨੂੰ ਅੰਦਰ ਲੰਘ ਆਉਣ ਦਿਆਂ ਕਿ ਜਵਾਬ 'ਚ ਮੇਰੀ ਆਵਾਜ਼ ਉੱਥੋਂ ਤਕ ਨਹੀਂ ਸੀ ਪੁੱਜ ਸਕਣੀ। ਜੀਭ ਕਿਹਾ ਮੰਨਣੋਂ ਇਨਕਾਰੀ ਹੋਣ ਲੱਗ ਪਈ ਹੈ। ਉੱਠ ਵੀ ਕਿਹੜਾ ਇਕਦਮ ਹੋ ਜਾਂਦਾ। ਕਿੰਨਾ ਚਿਰ ਮਨ ਤੇ ਸਰੀਰ ਦੀ ਸੱਤਿਆ 'ਕੱਠੀ ਕਰਨੀ ਪੈਂਦੀ ਹੈ! ਹੀਂਅ 'ਤੇ ਬਹਿ ਕੇ ਵਾਕਰ ਨੂੰ ਰੁਕ-ਸਿਰ ਕਰਨਾ ਪੈਂਦਾ, ਤੇ ਫਿਰ ਹੌਲ਼ੀ-ਹੌਲ਼ੀ ਤੁਰਦਿਆਂ ਬਾਹਰ ਵਿਹੜੇ 'ਚ ਆਉਣਾਂ। ਇਸ ਕਰਕੇ ਬਾਹਰਲਾ ਬੂਹਾ ਅਕਸਰ ਖੁੱਲ੍ਹਾ ਹੀ ਰਹਿੰਦਾ ਹੈ।

"ਕਾਮਰੇਡ, ਮਦਨ ਨੀ ਘਰ?" ਉਸਨੇ ਵਿਹੜੇ 'ਚ ਆ ਕੇ ਪੁੱਛਿਆ। ਭਾਵੇਂ ਮੈਂ ਗਰਿੱਲਾਂ ਦੀ ਜਾਲ਼ੀ ਵਿਚੀਂ ਅੰਦਰ ਪਿਆ ਉਸਨੂੰ ਨਹੀਂ ਸੀ ਦਿਸ ਰਿਹਾ ਪਰ ਮੇਰੇ ਘਰ ਹੋਣ ਬਾਰੇ ਤਾਂ ਪਤਾ ਹੀ ਸੀ। ਬਾਹਰਲਾ ਦਰਵਾਜ਼ਾ ਖੁੱਲ੍ਹਾ ਹੋਣ ਦਾ ਮਤਲਬ ਮੇਰਾ ਘਰ ਹੋਣਾ ਹੀ ਹੁੰਦਾ! ਆਪਣੇ ਮੰਜੇ 'ਤੇ ਪਿਆਂ ਉਹ ਮੈਨੂੰ ਵਿਹੜੇ 'ਚ ਆਇਆ ਦਿਸ ਗਿਆ। ਉੱਠਣ ਦੀ ਦੁਚਿੱਤੀ ਛੱਡ ਮੈਂ ਕਿਹਾ, "ਆ ਜਾ ਲੰਘ ਆ।" ਵਰਾਂਡੇ ਦੇ ਪੰਜਾਂ ਦਰਿਆਂ 'ਚ ਹੀ ਗਰਿੱਲਾਂ ਲਾ ਕੇ, ਉਪਰ ਜਾਲ਼ੀ ਲਾ ਲਈ ਸੀ, ਮੱਖੀਆਂ-ਮੱਛਰਾਂ ਤੋਂ ਬਚਾਅ ਲਈ। ਵਿਚਕਾਰਲੇ ਦਰੇ ਵਾਲੀ ਗਰਿੱਲ ਦਰਵਾਜ਼ੇ ਵਜੋਂ ਵਰਤੀ ਜਾਂਦੀ।

"ਮਦਨ ਹੈ ਨੀ?" ਗਰਿੱਲ ਰਤਾ ਕੁ ਖੋਲ੍ਹ ਉਹ ਅੰਦਰ ਝਾਕਿਆ।

"ਘਰ ਤਾਂ ਹੈ ਨੀ! ਚੱਕੀ ‘ਤੇ ਹੋਣਾ.. ਕੰਮ ਸੀ ਕੋਈ?"

"ਪੀਹਣ ਛੱਡਿਆ ਹੋਇਆ ਸੀ। ਚੱਕੀ 'ਤੇ ਤਾਂ ਹੈ ਨੀ...!... ਚੱਲ," ਉਹ ਗਰਿੱਲ ਭੇੜ ਬਾਹਰ ਨੂੰ ਹੋ ਤੁਰਿਆ। ਮੈਂ ਉਸਨੂੰ ਜਾਂਦੇ ਨੂੰ ਦੇਖਦਾ ਰਿਹਾ। ਪਤਾ ਨਹੀਂ, ਇਹ ਮੁੰਡਾ ਕੰਮ 'ਤੇ ਧਿਆਨ ਕਿਉਂ ਨੀ ਲਾਉਂਦਾ? ਚੱਕੀ ਤੋਂ ਆਮਦਨ ਨਾਂਹ ਦੇ ਬਰਾਬਰ ਹੀ ਹੈ! ਜਿੰਨਾ ਬਿਜਲੀ ਦਾ ਬਿੱਲ ਆਉਂਦਾ ਤੇ ਹੋਰ ਟੁੱਟ-ਭੱਜ, ਓਨੀ ਵੀ ਆਮਦਨ ਨਹੀਂ ਆਉਂਦੀ। ਜਾਂ ਜੋ ਆਉਂਦਾ, ਉਸਨੂੰ ਉਹ ਨਾਲੋ ਨਾਲ ਖਾ ਪੀ ਛੱਡਦਾ। ਜਦੋਂ ਦਾ ਬਾਹਰ ਅੱਡੇ ਕੋਲ ਕੰਤੇ ਨੇ 'ਕਾਰਖਾਨਾ' ਲਾਇਆ, ਬਹੁਤੇ ਲੋਕਾਂ ਦਾ ਮੁਹਾਣ ਉਧਰ ਨੂੰ ਹੋ ਗਿਆ ਸੀ। ਆਟਾ ਚੱਕੀ, ਚੌਲ਼-ਛੜਨੀ, ਰੂੰ-ਪਿੰਜਣੀ, ਕੋਹਲੂ ਤੋਂ ਲੈ ਕੇ ਉਸਨੇ ਇਕ ਪਾਸੇ ਆਰਾ ਵੀ ਲਾਇਆ ਹੋਇਆ। ਜਨਰੇਟਰ ਵੀ ਰੱਖਿਆ ਹੋਇਆ। ਬਿਜਲੀ ਨਹੀਂ ਤਾਂ ਉਸ ਨਾਲ ਕੰਮ ਚਲਾਈ ਰੱਖਦਾ। ਕੰਮ ਦਾ ਮੰਦਾ ਮਦਨ ਨੂੰ ਹੋਰ ਵੀ ਲਾਪਰਵਾਹ ਕਰੀ ਜਾਂਦਾ। ਉਂਝ ਉਸਦੇ ਇਸ ਵਤੀਰੇ ਪਿੱਛੇ ਘਰ ਦੇ ਮਾਹੌਲ ਦਾ ਵੀ ਹੱਥ ਹੈ। ਜੋ ਕੁਝ ਮੈਂ ਉਸਨੂੰ ਸਿਖਾਉਣ ਦੀ ਕੋਸ਼ਿਸ਼ ਕੀਤੀ, ਬਲਜੀਤ ਉਸ ਤੋਂ ਉਲਟ ਪਾਠ ਪੜ੍ਹਾਉਂਦੀ ਰਹੀ। ਘਰ 'ਚ ਅਕਸਰ 'ਤੂੰ ਤੂੰ', 'ਮੈਂ ਮੈਂ' ਦਾ ਅਖਾੜਾ ਭਖਿਆ ਰਹਿੰਦਾ ਜਿਸਦਾ ਤੱਤਸਾਰ ਇਹ ਹੁੰਦਾ, "ਕਿਸ ਨਖੱਟੂ ਦੇ ਲੜ ਲੱਗ ਗਈ ਹਾਂ। ਜੇ ਇੰਨਾ ਹੀ ਇਨਕਲਾਬ ਚੜ੍ਹਿਆ ਹੋਇਆ ਸੀ ਤਾਂ ਵਿਆਹ ਨਾ ਕਰੌਂਦਾ!" ਜੇ ਮੈਂ ਅੱਗੋਂ ਕੁਝ ਕਹਿੰਦਾ, ਉਹ ਹੋਰ ਭਖ ਪੈਂਦੀ। ਜੇ ਚੁੱਪ ਰਹਿੰਦਾ ਤਾਂ ਵੀ ਬੰਦ ਨਾ ਹੁੰਦੀ, "ਇਹ ਵਧੀਆ, ਚੁੱਪ ਕਰਕੇ ਕੰਨ ਵਲ੍ਹੇਟ ਕੇ ਪਾਸੇ ਤੁਰ ਜਾਓ... ਮੈਂ ਤਾਂ ਮਰਦੀ-ਖਪਦੀ ਨੇ ਕੱਢ ਲਈ, ਹੁਣ ਇਨ੍ਹਾਂ ਦਾ ਹੀ ਕੁਝ ਸੋਚ, ਜਿਨ੍ਹਾਂ ਨੂੰ ਜੰਮ ਧਰਿਆ! ਇਨ੍ਹਾਂ ਨੂੰ ਕਿਉਂ ਲੋਕਾਂ ਦੇ ਹੱਥਾਂ ਵੱਲ ਝਾਕਣ ਲਈ ਤਰਸਣ ਵਾਸਤੇ ਛੱਡ ਰਿਹਾਂ।" ਇਸ ਰੋਜ਼ ਦੀ ਕਿੱਚ-ਕਿੱਚ ਤੋਂ ਬੱਚਿਆਂ ਨੂੰ ਸੱਚੀਂ ਹੀ ਲੱਗਣ ਲੱਗ ਪਿਆ ਸੀ, ਘਰ ਦੀ ਮੰਦਹਾਲੀ ਲਈ ਜੇ ਕੋਈ ਜ਼ੁੰਮੇਵਾਰ ਹੈ ਤਾਂ ਉਹ ਮੈਂ ਹੀ ਹਾਂ! ਮਦਨ ਮੇਰੀ ਗੱਲ ਮੰਨਣੀ ਤਾਂ ਕੀ, ਸੁਣਨ ਲਈ ਵੀ ਤਿਆਰ ਨਹੀਂ, ਜਿਵੇਂ ਮੈਨੂੰ ਦੁਸ਼ਮਣ ਤਸੱਵਰ ਕਰਨ ਲੱਗ ਪਿਆ ਸੀ। ਹਰਪ੍ਰੀਤ ਕੋਲ ਬਹਿ ਜਾਂਦੀ, ਗੱਲਾਂ ਵੀ ਸੁਣ ਲੈਂਦੀ।

ਉਸਦੇ ਵਿਆਹੇ ਜਾਣ ਤੋਂ ਬਾਅਦ ਘਰ 'ਚ ਮੇਰੇ ਲਈ ਹੋਰ ਇਕੱਲ ਵਰਤ ਗਈ ਸੀ।

ਮਲ੍ਹਾਰਾ ਚਲਿਆ ਗਿਆ, ਪਰ ਮੈਂ...

...ਬੜਾ ਔਖਾ ਹੁੰਦਾ ਹੈ ਘਰ 'ਚ ਕੋਈ ਅਜਿਹਾ ਨਾ ਹੋਵੇ, ਜਿਸ ਨਾਲ ਬੰਦਾ ਮਨ ਦੀ ਗੱਲ ਕਰ ਸਕੇ ਜਾਂ ਆਪਣੇ ਚਾਅ, ਆਪਣੇ ਸੁਪਨੇ, ਆਪਣੀ ਪੀੜ ਸਾਂਝੀ ਕਰ ਸਕੇ! ਦਿਨ ਰਾਤ ਆਪਣੇ ਆਪ 'ਚ ਹੀ ਸੁਲਘਦੇ ਰਹਿਣਾ! ਇਕਲਾਪੇ ਦਾ ਘੁਣ ਸ਼ਾਇਦ ਸਭ ਤੋਂ ਵੱਧ ਖਤਰਨਾਕ ਹੁੰਦਾ ਹੈ! ਪਰ ਬੇਵਸੀ ਹੈ, ਕੀ ਕਰਾਂ? ਅਜੇ ਤਕ ਜ਼ਿਹਨ ਚਲਦਾ ਹੈ, ਸਗੋਂ ਲੋੜ ਤੋਂ ਬਹੁਤਾ ਚਲਦਾ! ਸ਼ਾਇਦ ਇਹੀ ਮੇਰਾ ਦੁਖਾਂਤ ਹੈ ਕਿ ਜ਼ਿਹਨ ਕੁਝ ਵਧੇਰੇ ਹੀ ਚਲਦਾ। ਸਰਗਰਮੀ 'ਚ ਵੱਜੀ ਬਰੇਕ ਨੇ ਸਾਰਾ ਮੁਹਾਣ ਸੋਚਾਂ ਵੱਲ ਹੀ ਮੋੜ ਦਿੱਤਾ ਹੋਇਆ। ਕਦੀ-ਕਦੀ ਤਾਂ ਇਸ ਸੋਚਣ ਤੋਂ ਤੰਗ ਵੀ ਪੈ ਜਾਨਾਂ, ਆਪਣੀ ਬੇਵੱਸੀ 'ਤੇ ਘਿਣ ਆਉਣ ਲਗਦੀ ਹੈ ਕਿ ਇਸ ਨਾਲੋਂ ਤਾਂ ਚੰਗਾ, ਮੌਤ ਹੀ ਆ ਜਾਵੇ! ਅਗਲੇ ਹੀ ਪਲ ਲਗਦਾ, ਇਹ ਤਾਂ ਕਾਇਰਤਾ ਹੋਵੇਗੀ! ਕਦੀ ਆਪ ਹੀ ਲੋਕਾਂ ਨੂੰ ਰੂਸੀ ਲੇਖਕ ਬੋਰਿਸ ਪੋਲੇਵੋਈ ਦਾ ਜੀਵਨੀਨੁਮਾ ਨਾਵਲ 'ਅਸਲੀ ਇਨਸਾਨ ਦੀ ਕਹਾਣੀ' ਪੜ੍ਹਾਉਂਦਾ ਰਿਹਾ ਹਾਂ। 'ਜ਼ਿੰਦਗੀ 'ਚ ਕਿਹੋ ਜਿਹੀਆਂ ਵੀ ਪਰਿਸਥਿਤੀਆਂ ਆ ਜਾਣ, ਬੰਦਾ ਹੌਸਲਾ ਨਾ ਹਾਰੇ, ਜ਼ਿੰਦਗੀ ਆਪਣੇ ਰਾਹ ਤਲਾਸ਼ ਹੀ ਲੈਂਦੀ ਹੈ।' ਇਹ ਪੜ੍ਹਨ ਤੋਂ ਬਾਅਦ, ਇਸਦੇ ਪਹਿਲੇ ਸਫ਼ੇ 'ਤੇ ਲਿਖਿਆ ਸੀ। ਅੱਜ ਉਹ ਵਿਸ਼ਵਾਸ ਡੋਲਦਾ ਲਗਦਾ, ਬਿਮਾਰੀਆਂ ਨਾਲ ਘੁਲ਼ਦਿਆਂ, ਹੋਰ ਤੋਂ ਹੋਰ ਖੀਣ ਹੁੰਦਾ ਸਰੀਰ। ਰੋਜ਼ ਰੋਜ਼ ਦੀ ਉਹੀ ਵਿਚਾਰਗੀ ਤੇ ਇਕਲਾਪੇ ਦਾ ਸੰਤਾਪ।

ਬਲਜੀਤ ਭਾਵੇਂ ਸਾਰਾ ਚੁੱਕਣ ਚੁੱਕੀ ਫਿਰਦੀ ਹੈ ਪਰ ਉਸਦੀ ਗੱਲਬਾਤ 'ਚੋਂ ਝਲਕਦਾ ਅਕੇਵਾਂ ਤੋੜਦਾ ਰਹਿੰਦਾ। ਉਸਦਾ ਇਹ ਅਕੇਵਾਂ ਸ਼ਾਇਦ ਵਿਆਹ ਤੋਂ ਬਾਅਦ ਹੀ ਸ਼ੁਰੂ ਹੋ ਗਿਆ ਸੀ, ਮੇਰੀ ਪਹਿਲ ਘਰ-ਪਰਿਵਾਰ ਦੀ ਬਜਾਏ ਇਨਕਲਾਬ ਵੱਲ ਦੇਖ ਕੇ। ਹਰ ਨਵੀਂ ਵਿਆਹੀ ਦੇ ਪਹਿਨਣ-ਪਚਰਣ ਦੇ ਵੀ ਸ਼ੌਕ ਹੁੰਦੇ ਹਨ ਤੇ ਘੁੰਮਣ-ਫਿਰਨ ਦੇ ਵੀ। ਹਰ ਵਾਰ ਹੀ ਇਸ ਲਈ ਬਾਪ ਜਾਂ ਵੱਡੇ ਭਰਾ ਦੇ ਹੱਥਾਂ ਵੱਲ ਦੇਖਣਾ ਪੈਂਦਾ ਤੇ ਫਿਰ ਉਨ੍ਹਾਂ ਦੀਆਂ ਚੋਭਾਂ ਜਿਹੜੀਆਂ ਭਾਵੇਂ ਮੇਰੇ ਲਈ ਹੁੰਦੀਆਂ, ਪਰ ਇਨ੍ਹਾਂ ਦੇ ਨਸ਼ਤਰ ਬਹੁਤੇ ਉਸਦੇ ਦਿਲ 'ਚ ਚੁੱਭਦੇ:

"ਮਾੜਾ ਮੋਟਾ ਕੰਮ ਨੂੰ ਹੱਥ ਪਵਾ ਲਿਆ ਕਰ। ਕੱਢਦਿਆਂ ਤਾਂ ਖੂਹ ਵੀ ਖਾਲੀ ਹੋ ਜਾਂਦੇ ਐ!"

"ਢਿੱਡ ਨੇ ਹਰ ਰੋਜ਼ ਹੀ ਖਾਣ ਲਈ ਮੰਗਣਾ! ਬੰਦੇ ਨੂੰ ਇੰਨਾ ਕੁ ਤਾਂ ਕਰ ਹੀ ਲੈਣਾ ਚਾਹੀਦਾ।"

"ਕਾਕਾ, ਹੁਣ ਤੂੰ ਮਨਮਰਜ਼ੀਆਂ ਤੋਂ ਮੁੜ ਜਾ... ਜਦੋਂ ਬੰਦੇ ਦਾ ਪਰਿਵਾਰ ਹੋ ਜਾਵੇ ਤਾਂ ਪਰਿਵਾਰ ਬਾਰੇ ਪਹਿਲਾਂ ਸੋਚਣਾ ਚਾਹੀਦਾ ਤੇ ਆਪਣੇ ਬਾਰੇ ਬਾਅਦ 'ਚ।"

ਬਾਪ, ਵੱਡੇ ਭਰਾ ਦੀਆਂ ਚੋਭਾਂ ਦੇ ਉਲਟ, ਮਾਂ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦੀ। ਭਰਜਾਈ, ਵੱਡੇ ਭਰਾ, ਇੱਥੋਂ ਤਕ ਕਿ ਬਾਪ ਤੋਂ ਵੀ ਚੋਰੀ, ਉਹ ਵਾਹ ਲਗਦੀ ਬਲਜੀਤ ਦਾ ਹੱਥ ਤੰਗ ਨਾ ਰਹਿਣ ਦਿੰਦੀ। ਘਰ ਦੀ ਇਸ ਕਸ਼ਮਕਸ਼ 'ਚੋਂ ਹੀ ਡਾਇਰੀ ਦਾ ਇਹ ਪੰਨਾ ਨਿਕਲਿਆ ਸੀ: 'ਜਦੋਂ ਵੱਡੇ ਸੁਪਨੇ ਵੱਲ ਵਧਣਾ ਹੋਵੇ ਤਾਂ ਉਸ ਅਨੁਸਾਰ ਜ਼ਿੰਦਗੀ ਵੀ ਢਾਲਣੀ ਪੈਂਦੀ ਹੈ, ਨਹੀਂ ਤਾਂ ਉਹ ਸੁਪਨਾ ਨਹੀਂ ਸਿਰਜਿਆ ਜਾ ਸਕਦਾ! ਜੇ ਆਪ ਸੈਟਲ ਹੋਣ ਦੀ ਦੌੜ 'ਚ ਸ਼ਾਮਲ ਹੋਣਾ ਹੈ ਤਾਂ ਲੋਕਾਂ ਨੂੰ ਕਿਵੇਂ ਕ੍ਰਾਂਤੀ ਲਈ ਕੁਰਬਾਨੀ ਦਾ ਪਾਠ ਪੜ੍ਹਾਇਆ ਜਾ ਸਕਦਾ... ਤੇ ਨਾਲੇ ਇਸ ਬੁਰਜੂਆ ਪ੍ਰਬੰਧ 'ਚ ਜੇ ਹਰ ਕੋਈ ਸੈਟਲ ਹੋ ਸਕਦਾ ਤਾਂ ਫਿਰ ਇਸਨੂੰ ਬਦਲਣ ਦੀ ਲੋੜ ਹੈ? ਸਮੱਸਿਆ ਤਾਂ ਇਹ ਹੈ ਕਿ ਵੀਹ ਪ੍ਰਤੀਸ਼ਤ ਸਾਧਨ-ਸੰਪੰਨ ਹੀ, ਹੋਰ ਸਾਧਨ-ਸੰਪੰਨ ਹੋਈ ਜਾਂਦੇ ਹਨ ਤੇ ਬਾਕੀ ਉਨ੍ਹਾਂ ਦੀ ਰੀਸੋ ਰੀਸ ਮ੍ਰਿਗਤ੍ਰਿਸ਼ਨਾ ਦੇ ਝਾਉਲ਼ਿਆਂ 'ਚ ਭਟਕਦੇ ਕੰਗਾਲੀਕਰਨ ਵੱਲ ਵਧਦੇ ਹੋਏ। ਪਿੰਡ 'ਚ ਦੇਬੇ, ਭਾਗੇ, ਭਜਨ, ਰੂਪੇ ਵਰਗੇ ਕਿੰਨੇ ਗ਼ਰੀਬ ਕਿਸਾਨ ਮਜਬੂਰੀਆਂ-ਵਸ ਜ਼ਮੀਨ ਵੇਚ ਕੇ ਵਿਹਲੇ ਹੋ ਰਹੇ ਹਨ। ਉਹ ਤਾਂ ਕਿਸੇ ਇਨਕਲਾਬੀ ਲਹਿਰ 'ਚ ਸਰਗਰਮ ਨਹੀਂ...ਫਿਰ... ਅਸਲ 'ਚ ਕੰਗਾਲੀਕਰਨ ਦੀ ਪ੍ਰਕਿਰਿਆ ਨੂੰ ਪੂਛ ਤੋਂ ਨਹੀਂ, ਸਿੰਗਾਂ ਤੋਂ ਫੜਨ ਦੀ ਲੋੜ ਹੈ।'

ਹੌਲ਼ੀ-ਹੌਲ਼ੀ ਬਲਜੀਤ ਵੀ ਘਰਦਿਆਂ ਦੀ ਧਿਰ 'ਚ ਸ਼ਾਮਲ ਹੋ ਗਈ ਸੀ ਪਰ ਮੈਂ ਆਪਣੇ ਸੁਪਨੇ ਤੋਂ ਮੂੰਹ ਨਾ ਮੋੜ ਸਕਿਆ! 'ਜਦੋਂ ਮੈਨੂੰ ਜੀਊਣ ਦਾ ਇਹ ਰਾਹ ਠੀਕ ਲੱਗ ਰਿਹਾ ਤਾਂ ਕਿਉਂ ਬਦਲਾਂ?' ਮੇਰਾ ਆਪਣੇ ਆਪ ਨਾਲ ਤਰਕ ਹੁੰਦਾ; ਤੇ ਘਰਦਿਆਂ ਨਾਲ ਵੀ, ਪਰ ਇਹ ਤਰਕ ਉਨ੍ਹਾਂ ਨੂੰ ਸੰਤੁਸ਼ਟ ਨਾ ਕਰ ਸਕਦੇ। ਕੁਝ ਵਰ੍ਹੇ ਘਰ 'ਚ ਇਹੀ ਕੁੱਤੀ-ਚੀਕਾ ਚਲਦਾ ਰਿਹਾ। ਉਨ੍ਹਾਂ ਦੇ ਸਾਹਮਣੇ ਗੁਰਦੇਵ ਦੀ ਉਦਾਹਰਣ ਸੀ। ਸਰਪੰਚੀ ਤੋਂ ਤੁਰਿਆ ਉਹ ਬਲਾਕ ਸੰਮਤੀ ਦਾ ਮੈਂਬਰ ਬਣ ਗਿਆ ਸੀ। ਭੰਗਾਲੇ ਮੰਡੀ 'ਚ ਆੜ੍ਹਤ ਦੀ ਦੁਕਾਨ ਖੋਲ੍ਹ ਲਈ ਸੀ। ਇਸ ਲਈ ਵੀ ਉਸਨੇ ਬਹੁਤ ਹੀ ਚਲਾਕੀ ਨਾਲ ਸਾਰੇ ਪਾਰਟੀ ਸੰਪਰਕਾਂ ਨੂੰ ਵਰਤਿਆ। ਬਹੁਤ ਹੀ ਨਿਗੂਣੇ ਜਿਹੇ ਮਸਲੇ 'ਤੇ, ਇਲਾਕੇ ਦੇ ਮੈਂਬਰਾਂ ਤੇ ਹਮਦਰਦਾਂ ਦੀ ਜਨਰਲ ਬਾਡੀ ਮੀਟਿੰਗ ਸੱਦੀ। ਮੀਟਿੰਗ ਤੋਂ ਬਾਅਦ, ਉੱਥੇ ਹੀ ਆੜ੍ਹਤ ਦੀ ਦੁਕਾਨ ਖੋਲ੍ਹਣ ਦੀ ਖੁਸ਼ੀ 'ਚ ਚਾਹ ਪਾਣੀ ਦਾ ਪ੍ਰਬੰਧ ਕੀਤਾ ਤੇ ਸਭ ਨੂੰ ਲਾਲਚ ਦਿੱਤਾ, "ਉਂਝ ਤਾਂ ਆੜ੍ਹਤ ਦੋ ਪ੍ਰਤੀਸ਼ਤ ਹੁੰਦੀ ਐ, ਪਰ ਮੈਂ ਪਾਰਟੀ ਕਾਮਰੇਡਾਂ ਤੋਂ ਇਕ ਪ੍ਰਤੀਸ਼ਤ ਲਿਆ ਕਰਾਂਗਾ। ਹੋਰ ਵੀ ਜਿਸਨੂੰ ਤੁਸੀਂ ਕਹੋਗੇ, ਇਕ ਪ੍ਰਤੀਸ਼ਤ ਲਵਾਂਗਾ... ਇਹ ਦੁਕਾਨ ਇਕ ਤਰ੍ਹਾਂ ਪਾਰਟੀ ਦਫ਼ਤਰ ਹੀ ਸਮਝੋ... ਵੇਲ਼ੇ ਕੁਵੇਲ਼ੇ ਜਦੋਂ ਮਰਜ਼ੀ ਆਓ, ਹਰ ਇਕ ਨੂੰ ਚਾਹ ਪਾਣੀ ਮਿਲਿਆ ਕਰੂ।" ਉਸ ਦਿਨ ਮੀਟਿੰਗ ਤੋਂ ਆ ਕੇ ਮੈਂ ਡਾਇਰੀ 'ਚ ਲਿਖਿਆ ਸੀ: 'ਜਿਧਰ ਨੂੰ ਪਾਰਟੀ ਤੁਰ ਪਈ ਹੈ, ਇਹ ਇਨਕਲਾਬ ਦਾ ਰਾਹ ਨਹੀਂ। ਇਨਕਲਾਬ ਦਾ ਰਾਹ ਤਾਂ ਪਲ-ਪਲ ਉਸ ਸੰਘਰਸ਼ ਦਾ ਰਾਹ ਹੈ, ਜਿਹੜਾ ਵਰਗ-ਰਹਿਤ ਸਮਾਜ ਸਿਰਜਣ ਵੱਲ ਸੇਧਿਤ ਹੋਵੇ। ਪਹਿਲਾਂ ਆਪਣੇ ਆਪ ਨੂੰ ਤੇ ਫਿਰ ਆਲ਼ੇ-ਦੁਆਲ਼ੇ ਨੂੰ ਉਸ ਨਵੇਂ ਸਮਾਜ ਵੱਲ ਤਬਦੀਲੀ ਲਈ ਤਿਆਰ ਕਰਨਾ, ਪਰ ਅਸੀਂ ਇਸਨੂੰ ਸੱਤਾ ਦੀ ਕੁਰਸੀ ਤਕ ਪਹੁੰਚਣ ਤੇ ਆਪਣੇ ਆਪ ਨੂੰ ਖੁਸ਼ਹਾਲ ਬਣਾਉਣ ਦੇ ਰਾਹ ਵੱਲ ਤੋਰ ਲਿਆ ਹੈ। ਕੀ ਫਰਕ ਰਹਿ ਗਿਆ ਹੈ ਕੁਝ ਕੁ ਲਫ਼ਾਜ਼ੀ ਤੋਂ ਬਿਨਾਂ ਗੁਰਦੇਵ, ਹਮੀਰ ਜਾਂ ਰਾਜਬੀਰ ਸਿੰਘ ਕਾਲਕੱਟ ਵਿਚਾਲੇ?... ਕੀ ਮੈਂ ਵੀ ਸਭ ਕੁਝ ਭੁੱਲ ਕੇ ਨਿੱਜੀ ਖੁਸ਼ਹਾਲੀ ਦੇ ਰਾਹ ਤੁਰ ਪਵਾਂ! ਫਿਰ ਖ਼ੂਨ ਨਾਲ ਲਿਖੇ ਉਸ ਅਹਿਦ ਦਾ ਕੀ ਹੋਵੇਗਾ? ਕੀ ਭਗਤ ਸਿੰਘ ਮੂਰਖ ਸੀ ਜਿਸਨੇ ਆਪਣੀ ਪੂਰੀ ਚੇਤਨਾ ਤੇ ਚਿੰਤਨ ਨਾਲ ਫ਼ਾਂਸੀ ਦਾ ਰੱਸਾ ਚੁੰਮਿਆ!... ਨਵੇਂ ਆਦਰਸ਼ਾਂ ਲਈ ਕੁਰਬਾਨੀ ਤਾਂ ਦੇਣੀ ਹੀ ਪੈਂਦੀ ਹੈ।'

ਅਸਲ ਸੰਕਟ ਪਰ ਪਹਿਲਾਂ ਮਾਂ ਤੇ ਫਿਰ ਬਾਪ ਦੀ ਮੌਤ ਤੋਂ ਬਾਅਦ ਸ਼ੁਰੂ ਹੋਏ। ਦੋਵੇਂ ਭਰਾ ਵੱਖ-ਵੱਖ ਹੋ ਗਏ। ਅੱਠ ਕਿੱਲਿਆਂ 'ਚੋਂ ਜਦੋਂ ਪੌਣੇ ਤਿੰਨ ਕਿੱਲਿਆਂ ਦਾ ਹਿੱਸਾ ਆਇਆ ਤਾਂ ਇਸ 'ਤੇ ਗੁਜ਼ਾਰਾ ਕਰਨਾ ਸਹਿਲ ਨਹੀਂ ਸੀ, ਖਾਸ ਕਰਕੇ ਜਦੋਂ ਬੱਚੇ ਵੱਡੇ ਹੋ ਰਹੇ ਸਨ। ਉਨ੍ਹਾਂ ਦੀਆਂ ਲੋੜਾਂ ਵਧ ਰਹੀਆਂ ਸਨ ਤੇ ਮੇਰੇ ਜੱਥੇਬੰਦਕ ਫੇਰੇ-ਤੋਰੇ ਕਰਕੇ ਘਰ ਦੇ ਕੰਮ ਪਛੜਨ ਲੱਗੇ। ਬੱਚਿਆਂ ਦੀਆਂ ਪਹਿਲਾਂ ਸਕੂਲ ਤੇ ਫਿਰ ਕਾਲਿਜ ਦੀਆਂ ਫੀਸਾਂ। ਆਰਥਿਕ ਸਮੱਸਿਆਵਾਂ 'ਚ ਘਿਰ ਕਦੀ ਕਨਾਲ, ਕਦੀ ਦੋ ਕਨਾਲਾਂ ਜ਼ਮੀਨ ਰੈਹਣ-ਬੈਅ ਹੋਣ ਲੱਗੀ।

ਗਿਆਰਾਂ 'ਚ ਆ ਕੇ ਜਦੋਂ ਮਹਿਮੂਦਪੁਰੀਏ ਅਮਰ ਸਿੰਘ ਦੇ ਨੌਕਰ ਦੀ ਸ਼ੱਕੀ ਹਾਲਤਾਂ 'ਚ ਹੋਈ ਮੌਤ ਬਾਰੇ ਪੁਲੀਸ ਨੇ ਐੱਫ.ਆਈ.ਆਰ. ਦਰਜ ਕਰਨ ਤੋਂ ਆਨਾਕਾਨੀ ਕੀਤੀ ਤਾਂ ਉਨ੍ਹਾਂ ਲਾਸ਼ ਨੂੰ ਜੀ.ਟੀ. ਰੋਡ 'ਤੇ ਰੱਖ ਕੇ ਭੰਗਾਲੇ ਜਾਮ ਲਾ ਦਿੱਤਾ। ਮੈਨੂੰ ਪਤਾ ਲੱਗਿਆ, ਮੈਂ ਵੀ ਚਲਿਆ ਗਿਆ। ਕੁਝ ਹੋਰ ਕਾਮਰੇਡ ਵੀ ਆ ਗਏ। ਸਾਨੂੰ ਆਉਂਦਿਆਂ ਨੂੰ ਦੇਖ ਕਾਮਰੇਡ ਗੁਰਦੇਵ ਆੜ੍ਹਤ ਦੀ ਦੁਕਾਨ ਤੋਂ ਟਿੱਭਣ ਲੱਗਾ, "ਮੈਨੂੰ ਮੁਕੇਰੀਆਂ ਬੈਂਕ ਦੇ ਕੁਝ ਜ਼ਰੂਰੀ ਕੰਮ ਐ... ਬਸ ਜਾਣ ਆਉਣ ਹੀ ਕਰਨਾ। ਆ ਕੇ ਫੈਸਲਾ ਕਰਦੇ ਹਾਂ ਪਾਰਟੀ ਵੱਲੋਂ ਕੀ ਕਰਨਾ!"

"ਕਾਮਰੇਡ, ਸੜਕ 'ਤੇ ਤਾਂ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ। ਕਿਸੇ ਵੀ ਪਲ ਕੁਝ ਵੀ ਵਾਪਰ ਸਕਦਾ! ਪਹਿਲਾਂ ਗੱਲ ਕਰ ਲਈਏ।"

"ਮੈਂ ਆਇਆ ਪੰਦਰਾਂ ਮਿੰਟਾਂ 'ਚ..." ਉਸਨੇ ਠਰੰਮੇ ਨਾਲ ਖੜੋ ਕੇ ਗੱਲ ਵੀ ਨਾ ਕੀਤੀ ਤੇ ਗੰਨਮੈਨ ਨੂੰ ਗੱਡੀ ਤੋਰਨ ਲਈ ਕਹਿ ਦਿੱਤਾ। ਉਧਰ ਪੁਲੀਸ ਸਖ਼ਤੀ 'ਤੇ ਉਤਰ ਆਈ। ਸਾਨੂੰ

ਲੱਗਿਆ, ਹੁਣ ਲੋਕਾਂ ਨਾਲ ਖੜੋਣਾ ਚਾਹੀਦਾ! ਪੁਲੀਸ ਨੇ ਮਿਥ ਕੇ ਮ੍ਰਿਤਕ ਦੇ ਛੋਟੇ ਭਰਾ ਮਿੰਦੀ, ਜਿਸਦਾ ਬਸਪਾ ਨਾਲ ਮਾੜਾ ਮੋਟਾ ਤੋਰਾ-ਫੇਰਾ ਸੀ, ਤੇ ਮੈਨੂੰ ਬੁਰੀ ਤਰ੍ਹਾਂ ਕੁੱਟਿਆ। ਮੇਰੀ ਖੱਬੀ ਬਾਂਹ ਫਰੈਕਚਰ ਹੋ ਗਈ, ਸਿਰ 'ਚ ਵੀ ਬਹੁਤ ਸੱਟਾਂ ਮਾਰੀਆਂ। ਪੱਗ ਬੰਨ੍ਹੀ ਹੋਣ ਕਰਕੇ ਸਿਰ ਦੀਆਂ ਸੱਟਾਂ ਗੁੱਝੀਆਂ ਰਹੀਆਂ। ਪੰਜ ਛੇ ਦਿਨ ਹਸਪਤਾਲ 'ਚ ਦਾਖਲ ਰਹਿਣਾ ਪਿਆ। ਬਾਂਹ 'ਤੇ ਪਲੱਸਤਰ ਲੁਆ ਕੇ ਘਰ ਮੁੜਿਆ, ਪਰ ਸਿਰ ਪੀੜ ਨਾ ਗਈ। ਉਪਰੋਂ ਪਾਰਟੀ ਵੱਲੋਂ ਸੱਦੀ ਰੀਵਿਊ ਮੀਟਿੰਗ 'ਚ ਇਸ ਸ਼ਮੂਲੀਅਤ ਨੂੰ 'ਮਾਅਰਕੇਬਾਜ਼ੀ' ਗਰਦਾਨ ਦਿੱਤਾ ਗਿਆ। ਵਾਰਨਿੰਗ ਮਿਲੀ 'ਜੇ ਮੁੜ ਅਜਿਹੀ ਹਰਕਤ ਕੀਤੀ ਤਾਂ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।' ਮੇਰੇ ਸਵਾਲ ਦਾ ਪਰ ਕਿਸੇ ਜਵਾਬ ਨਾ ਦਿੱਤਾ, "ਜਦੋਂ ਬੰਦਾ ਮਾਰਿਆ ਗਿਆ ਹੋਵੇ, ਸਾਹਮਣੇ ਪੁਲੀਸ ਮ੍ਰਿਤਕ ਦੇ ਪਰਿਵਾਰ ਨੂੰ ਹੀ ਛੱਲੀਆਂ ਵਾਂਗ ਕੁੱਟਣਾ ਸ਼ੁਰੂ ਕਰ ਦੇਵੇ ਤਾਂ ਇਕ ਕਾਮਰੇਡ ਨੂੰ ਕੀ ਕਰਨਾ ਚਾਹੀਦਾ?"

ਹੌਲੀ-ਹੌਲੀ ਇਹ ਗੱਲ ਖੁੱਲ੍ਹ ਗਈ ਕਿ ਗੁਰਦੇਵ ਤਾਂ ਅਮਰ ਸਿੰਘ ਦੀ ਮਦਦ ਕਰ ਰਿਹਾ ਸੀ। ਪੰਜਾਹ, ਪਚਵੰਜਾ ਕਿੱਲਿਆ ਦੀ ਫ਼ਸਲ ਉਸਦੀ ਆੜ੍ਹਤ ਦੀ ਦੁਕਾਨ 'ਤੇ ਆਉਂਦੀ ਸੀ, ਉਹ ਕਿਵੇਂ ਉਸਦੇ ਖਿਲਾਫ਼ ਜਾਂਦਾ! ਇਸ ਤਣਾਅ ਭਰੀ ਸਥਿਤੀ 'ਚ ਸਿਰ ਪੀੜ ਵੱਲ ਧਿਆਨ ਹੀ ਨਾ ਗਿਆ। ਲੱਗਿਆ, ਸ਼ਾਇਦ ਇਸੇ ਮਾਨਸਿਕ ਕਸ਼ਮਕਸ਼ ਤੇ ਤਣਾਅ ਦਾ ਨਤੀਜਾ ਹੋਵੇ!

ਪੰਜ ਛੇ ਮਹੀਨਿਆਂ ਬਾਅਦ ਹੱਥ ਵੀ ਮਾੜੇ-ਮਾੜੇ ਕੰਬਣ ਲੱਗੇ ਤਾਂ ਕਮਜ਼ੋਰੀ ਸਮਝ ਕੇ ਮੁਕੇਰੀਆਂ ਤੋਂ ਵੈਦ ਸ਼ੰਭੂਮਲ ਦੀ ਦੁਆਈ ਸ਼ੁਰੂ ਕਰ ਲਈ। ਪਰ ਕੰਬਣੀ ਵਧਦੀ ਗਈ। ਇਹ ਤਾਂ ਦੋ ਸਾਲਾਂ ਬਾਅਦ ਪੀ.ਜੀ.ਆਈ. ਤੋਂ ਡਾਇਗਨੋਜ਼ ਹੋਇਆ ਕਿ ਸਿਰ 'ਚ ਸੱਟਾਂ ਵੱਜਣ ਕਾਰਨ ਕੋਈ ਨਰਵਜ਼ ਦੱਬੀਆਂ ਗਈਆਂ ਹਨ ਜਿਸ ਕਰਕੇ ਪਾਰਕਿਨਸਨ ਸ਼ੁਰੂ ਹੋ ਚੁੱਕੀ ਹੈ। ਸੀਮਤ ਆਰਥਿਕ ਸਾਧਨਾਂ 'ਚੋਂ ਅੱਧੇ-ਅਧੂਰੇ ਇਲਾਜ ਕਰਕੇ ਬਿਮਾਰੀ ਘਟਣ ਦੀ ਬਜਾਏ ਵਧਦੀ ਗਈ। ਪੈਰਾਂ 'ਤੇ ਵੀ ਅਸਰ ਪੈਣ ਲੱਗਾ ਤਾਂ ਫੇਰਾ-ਤੋਰਾ ਘਟਣ ਲੱਗਾ। ਸਰਗਰਮੀ ਘਟਣ ਨਾਲ ਪਾਰਟੀ 'ਚ ਹੋਰ ਵੀ ਖੂੰਜੇ ਲਾਇਆ ਜਾਣ ਲੱਗਾ ਜਾਂ ਖੂੰਜੇ ਤਾਂ ਪਹਿਲਾਂ ਹੀ ਲੱਗਾ ਹੋਇਆ ਸਾਂ, ਹੁਣ ਹਾਸ਼ੀਏ ਤੋਂ ਵੀ ਬਾਹਰ ਸੁੱਟਿਆ ਜਾਣ ਲੱਗਾ। ਪਾਰਟੀ ਵੱਲੋਂ ਕਿਸੇ ਮੀਟਿੰਗ ਲਈ ਸੱਦਣਾ ਤਾਂ ਕੀ, ਮੀਟਿੰਗਾਂ 'ਚ ਹੋਏ ਫੈਸਲਿਆਂ ਬਾਰੇ ਵੀ ਕੋਈ ਵਿਧੀਵਤ ਢੰਗ ਨਾਲ ਸੂਚਿਤ ਨਾ ਕਰਦਾ। ਗੁਰਦੇਵ, ਹਰੀ ਸਿੰਘ ਕੋਲ਼ੋਂ ਹੋ ਕੇ ਮੁੜ ਜਾਂਦਾ। ਪਤਾ ਲਗਦਾ ਤਾਂ ਦਿਲ 'ਚ ਤਿੱਖੀ ਚੋਭ ਮਹਿਸੂਸ ਹੁੰਦੀ। ਕਿਤੇ ਨਾ ਕਿਤੇ ਕੁਝ ਹੋਰ ਤਿੜਕ ਜਾਂਦਾ। ਜਿਨ੍ਹਾਂ ਸੁਪਨਿਆਂ ਨੂੰ ਲਹੂ ਨਾਲ ਸਿੰਜਿਆਂ ਹੋਵੇ, ਉਹ ਜਦੋਂ ਗ਼ਲਤ ਮੋੜ ਕੱਟ ਗਏ ਹੋਣ, ਦੁੱਖ ਤਾਂ ਲੱਗਦਾ ਹੀ ਹੈ ਕਿ ਤੁਹਾਡੇ ਲਈ ਉਹ ਸਿਰਫ਼ ਸੁਪਨੇ ਨਹੀਂ ਹੁੰਦੇ, ਤੁਹਾਡੀ ਜ਼ਿੰਦਗੀ ਦਾ ਹਿੱਸਾ ਵੀ ਹੁੰਦੇ ਹਨ! ਤੁਹਾਡਾ ਲਹੂ-ਮਾਸ।

ਪਹਿਲਾਂ-ਪਹਿਲਾਂ ਔਖਾ-ਸੌਖਾ ਹੋ ਖੇਤ ਤੱਕ ਚਲਾ ਜਾਂਦਾ ਸੀ, ਪਰ ਉੱਥੇ ਕੋਈ ਕੰਮ ਨਾ ਹੁੰਦਾ। ਹੋਰ ਤਾਂ ਹੋਰ ਪੱਠੇ ਵੱਢਣੋਂ ਵੀ ਆਰੀ ਸਾਂ ਜਾਂ ਫ਼ਸਲ 'ਚ ਪਿਆ ਕੋਈ ਅਵਾਰਾ ਪਸ਼ੂ ਮੋੜਨ ਤੋਂ ਵੀ। ਪਰ ਹੌਲ਼ੀ-ਹੌਲ਼ੀ ਵਿੰਗੇ-ਟੇਢੇ ਕਦਮ ਪੁੱਟਦਿਆਂ ਤੁਰਨ ਦਾ ਉਦਮ ਜਾਰੀ ਰੱਖਿਆ। ਕਦੀ ਪਿੰਡ ਦੀ ਗਲ਼ੀ 'ਚ ਨਿਕਲ ਜਾਂਦਾ। ਡਾਕਟਰ ਦੀ ਵੀ ਹਦਾਇਤ ਸੀ, ਜਿੰਨਾ ਤੁਰ ਸਕਦੇ ਹੋ ਤੁਰੋ! ਹਰਕਤ 'ਚ ਰਹੋ! ਜਿੰਨੀ ਸਿਥਲਤਾ ਪਾਉਂਦੇ ਗਏ, ਬਿਮਾਰੀ ਦਾ ਜ਼ੋਰ ਓਨਾ ਛੇਤੀ ਵਧੇਗਾ। ਕੋਸ਼ਿਸ਼ਾਂ ਦੇ ਬਾਵਜੂਦ ਪਰ ਬਿਮਾਰੀ ਹਾਵੀ ਹੁੰਦੀ ਗਈ ਤੇ ਉਸਨੇ ਨੂੜ ਕੇ ਘਰ ਤਕ ਸੀਮਤ ਕਰ ਦਿੱਤਾ।

ਇਸ ਨਵੀਂ ਤਰ੍ਹਾਂ ਦੀ ਸ਼ੁਰੂ ਹੋਈ ਟੁੱਟਣ ਤੇ ਇਕੱਲਤਾ ਦੇ ਸੰਤਾਪ 'ਚੋਂ ਹੀ ਡਾਇਰੀ 'ਚ ਲਿਖਿਆ ਸੀ: 'ਜਿਹੜੀ ਲਹਿਰ ਅਸੀਂ ਉਸਾਰੀ, ਕੀ ਉਹ ਲਹਿਰ ਦੇ ਚਿੰਤਨ ਨਾਲ ਵੀ ਜੁੜੀ ਹੋਈ ਸੀ? ਮੈਨੂੰ ਲਗਦਾ ਸਾਨੂੰ ਸੰਘਰਸ਼ ਦੇ, ਇਨਕਲਾਬ ਵੱਲ ਵਧਣ ਦੇ ਨਵੇਂ ਮਾਪਦੰਡ ਵੀ ਉਸਾਰਨੇ ਪੈਣਗੇ! ਰਾਜਨੀਤਕ ਬਦਲ ਉਸਾਰਨ ਲਈ ਵਿਸ਼ਾਲ ਲਾਮਬੰਦੀ ਜ਼ਰੂਰੀ ਹੈ, ਪਰ ਉਸ ਪਿਛਲੇ ਕੋਰ ਗਰੁੱਪ, ਪਾਰਟੀ 'ਚ ਉਹ ਹੀ ਮੈਂਬਰ ਲੈਣੇ ਚਾਹੀਦੇ ਹਨ ਜਿਹੜੇ ਸਿਧਾਂਤ ਪ੍ਰਤੀ ਪ੍ਰਤੀਬੱਧ ਹੋਣ।

ਉਨ੍ਹਾਂ ਦੀ ਜ਼ਿੰਦਗੀ 'ਚ ਉਸ ਚਿੰਤਨ ਦਾ ਅਮਲ ਵੀ ਦਿਸੇ! ਸਾਡਾ ਦੁਖਾਂਤ ਹੀ ਇਹ ਹੈ ਕਿ ਅਸੀਂ ਪਹਿਲੇ ਹਿੱਸੇ ਨੂੰ ਅਪਣਾ ਕੇ, ਅਗਲੇ ਨੂੰ ਉੱਕਾ ਹੀ ਵਿਸਾਰ ਦਿੱਤਾ।'

ਡਾਇਰੀ ਦਾ ਲਿਖਿਆ ਆਖਰੀ ਪੰਨਾ ਆ ਗਿਆ। ਵਿੰਗੇ-ਟੇਢੇ ਅੱਖਰਾਂ 'ਚ ਲਿਖਿਆ ਸੀ ਇਹ ਪੂਰਾ ਜ਼ੋਰ ਲਾ ਕੇ, ਕਿ ਹੱਥ ਕਿਹਾ ਮੰਨਣੋਂ ਇਨਕਾਰੀ ਹੋਣ ਲੱਗ ਪਏ ਸਨ: 'ਕਾਮਰੇਡ ਗੁਰਦੇਵ ਆਪਣੇ ਮੁੰਡੇ ਦੇ ਵਿਆਹ ਦਾ ਕਾਰਡ ਦੇਣ ਲਈ ਆਇਆ। ਕਾਰਡ ਪੜ੍ਹਿਆ ਤਾਂ ਮੁਕੇਰੀਆਂ ਦੇ ਸਭ ਤੋਂ ਮਹਿੰਗੇ ਮੈਰਿਜ-ਪੈਲੇਸ 'ਚ ਸੀ। ਗਾਇਕ ਜੋੜੀ ਵਜੋਂ ਪੰਜਾਬੀ ਦੇ ਦੋ ਅਰਥੇ ਗੀਤ ਗਾਉਣ ਵਾਲੇ ਸੁਪਰ-ਸਟਾਰਾਂ ਦਾ ਨਾਂ। ਮੈਂ ਸਰਸਰੀ ਕਹਿ ਦਿੱਤਾ, "ਕਾਮਰੇਡ ਕੁਝ ਘੱਟ ਸ਼ੋਅ-ਸ਼ਾਅ ਕਰ ਲੈਣੀ ਸੀ।"

"ਮੇਰਾ ਤਾਂ ਕੋਈ ਇਰਾਦਾ ਨਹੀਂ ਸੀ। ਇਹ ਤਾਂ ਬੱਚਿਆਂ ਦੀ ਖੁਸ਼ੀ ਹੈ।" ਉਸਨੇ ਸੰਖੇਪ ਜਿਹਾ ਜਵਾਬ ਦਿੱਤਾ। ਚਾਹ ਵੀ ਨਾ ਪੀਤੀ ਤੇ ਚਲਿਆ ਗਿਆ, ਜਿਵੇਂ ਕਹਿਣ ਨਹੀਂ, ਬਸ ਖਾਨਾਪੂਰਤੀ ਕਰਨ ਲਈ ਹੀ ਆਇਆ ਹੋਵੇ! ਮੈਂ ਉਦੋਂ ਦਾ ਹੀ ਸੋਚੀ ਜਾ ਰਿਹਾ ਹਾਂ। ਕਦੀ ਬੱਚਿਆਂ ਦੀ ਖੁਸ਼ੀ ਲਈ, ਕਦੇ ਸ਼ਰੀਕੇ ਭਾਈਚਾਰੇ ਦੀ ਖੁਸ਼ੀ ਲਈ, ਕਦੀ ਕੋਈ ਸਮਾਜਕ ਮਜਬੂਰੀ.. ਕਿੰਨੇ ਸੁਹਣੇ ਬਹਾਨੇ ਹਨ ਆਪਣੇ ਆਪ ਨੂੰ ਭਰਮਾਉਣ ਦੇ!'

ਆਖਰੀ ਪੰਨਾ ਪਲਟਿਆ ਗਿਆ। ਅੱਗੇ ਲਗਪਗ ਤੀਸਰਾ ਹਿੱਸਾ ਪੰਨੇ ਖਾਲੀ ਪਏ ਹਨ। ਇਨ੍ਹਾਂ 'ਤੇ ਲਿਖਣ ਨੂੰ ਤਾਂ ਬਹੁਤ ਜੀਅ ਕਰਦਾ, ਪਰ ਹੱਥ ਸਾਥ ਨਹੀਂ ਦਿੰਦੇ। ਨਾ ਬਲਜੀਤ, ਨਾ ਮਦਨ ਕੁਝ ਲਿਖਣ ਲਈ ਤਿਆਰ ਹਨ। ਬੋਲਿਆ ਲਿਖਣਾ ਤਾਂ ਕੀ, ਉਹ ਤਾਂ ਮੇਰੇ ਕੋਲ਼ ਬਹਿ ਕੇ ਸੁਣਨ ਲਈ ਵੀ ਤਿਆਰ ਨਹੀਂ। ਕਾਮਰੇਡ ਅਮਰ ਨਾਥ ਕਦੀ-ਕਦੀ ਆ ਜਾਂਦਾ ਸੀ, ਉਸਨੂੰ ਬਲਜੀਤ ਦੀਆਂ ਚੋਭਾਂ ਨੇ ਆਉਣੋਂ ਹਟਾ ਦਿੱਤਾ। ਪਰ ਫਿਰ ਵੀ ਇਸ ਗੱਲ ਦੀ ਸੰਤੁਸ਼ਟੀ ਹੈ, ਘੱਟੋ-ਘੱਟ ਉਹ ਤਾਂ ਮੈਨੂੰ ਠੀਕ ਸਮਝਦਾ! ਕਦੀ-ਕਦੀ ਲਗਦਾ ਹੈ, ਆਪਣੀ ਇਹ ਡਾਇਰੀ ਮੈਂ ਉਸਨੂੰ ਸੌਂਪ ਦਿਆਂ। ਮੇਰੀ ਜ਼ਿੰਦਗੀ, ਮੇਰੇ ਚਿੰਤਨ-ਅਨੁਭਵਾਂ ਦਾ ਨਿਚੋੜ ਹੈ ਇਹ ਲਿਖੇ ਹੋਏ ਇਕ ਸੌ ਪੈਂਤੀ ਪੰਨੇ। ਸ਼ਾਇਦ ਉਹ ਅਗਲੇ ਖਾਲੀ ਪੰਨਿਆਂ 'ਤੇ ਅਗਲੇ ਸੱਚ ਲਿਖ ਸਕੇ! ਮੇਰੇ ਘਰਦਿਆਂ ਦੇ ਤਾਂ ਇਹ ਕਿਸੇ ਕੰਮ ਦੀ ਨਹੀਂ! ਉਹ ਤਾਂ ਸ਼ਾਇਦ ਮੇਰੇ ਸਾਹ ਮੁੱਕਦਿਆਂ ਹੀ ਇਸਨੂੰ ਰੱਦੀ 'ਚ ਵੇਚ ਦੇਣ!

ਬਲਜੀਤ ਆਉਂਦੀ ਹੈ ਤਾਂ ਉਸਨੂੰ ਕਹਿੰਨਾਂ, 'ਕਮਲ਼ੀਏ ਕਿਉਂ ਹਰਖ ਕਰਦੀ ਹੈਂ! ਗੁਰਦੇਵ ਦੀ ਜਿਹੜੀ ਜੀਵਨ-ਸ਼ੈਲੀ ਮੈਂ ਸਾਰੀ ਉਮਰ ਨਹੀਂ ਮੰਨੀ, ਹੁਣ ਕਿਵੇਂ ਮੰਨ ਲਵਾਂ ਜਾਂ ਉਹ ਕਿਵੇਂ ਮੰਨ ਲਵੇ ਮੇਰੇ ਵਾਂਗ ਜੀਊਣਾ! ਉਹ ਤਾਂ ਪਾਰਟੀ, ਸਿਧਾਂਤ, ਬੌਧਿਕ ਸਮਰੱਥਾ ਨੂੰ ਵਰਤ ਕੇ ਖੁਸ਼ਹਾਲੀ ਦੇ ਨਵੇਂ ਆਯਾਮ ਢੂੰਡ ਰਿਹਾ ਹੈ। ਸਫ਼ਲ ਸਪੁੱਤਰ, ਸਫ਼ਲ ਪਤੀ, ਸਫ਼ਲ ਬਾਪ, ਸਫ਼ਲ ਕਾਰੋਬਾਰੀ, ਹਰ ਥਾਂ ਸਫ਼ਲ ਹੀ ਸਫ਼ਲ। ਹੋਰ ਤਾਂ ਹੋਰ ਪਾਰਟੀ 'ਚ ਵੀ 'ਮਿਸਾਲੀ ਆਗੂ' ਮੰਨਿਆ ਜਾਂਦਾ। ਮੈਨੂੰ ਤਾਂ ਜੇ ਮੁੜ ਤੋਂ ਜ਼ਿੰਦਗੀ ਸ਼ੁਰੂ ਕਰਨ ਦਾ ਮੌਕਾ ਮਿਲੇ, ਮੁੜ ਇੰਝ ਹੀ ਜੀਵਾਂਗਾ, ਪੂੰਜੀ ਤੇ ਸੱਤਾ ਦਾ ਵਿਰੋਧ ਕਰਦਿਆਂ। ਨਾ ਕੇਵਲ ਨਾਅਰਿਆਂ ਨਾਲ, ਸਗੋਂ ਅਮਲ ਤੇ ਚਿੰਤਨ ਦੇ ਸੁਮੇਲ ਰੂਪ 'ਚ ਵੀ। ਵਿਰੋਧ ਦੇ ਕੇਂਦਰਾਂ 'ਚ ਫਿੱਟ-ਪੁਰਜ਼ੇ ਬਣ ਜਾਣਾ ਵੀ ਤਾਂ ਸੱਤਾ ਨੂੰ ਭੋਗਣਾ ਹੀ ਹੁੰਦਾ! ਉਹ ਸਮਝੇ, ਨਾ ਸਮਝੇ ਪਰ ਮੈਂ ਉਸ ਨਾਲ ਗੱਲ ਜ਼ਰੂਰ ਕਰਾਂਗਾ! 000

***(95-ਸੀ, ਪੰਜਾਬ ਐਵੇਨਿਊ, ਸੁਭਾਨਾ, ਜਲੰਧਰ-144022***
***ਫੋਨ: 95309-44345)***

# ਜਿਸ ਤਨ ਲਾਗੈ: ਕਹਾਣੀ: ਪ੍ਰੇਮ ਮਾਨ

ਅੱਜ 71 ਸਾਲ ਦੀ ਉਮਰ ਵਿਚ ਮੈਂ ਜਦੋਂ ਆਪਣੀ ਜ਼ਿੰਦਗੀ 'ਤੇ ਝਾਤ ਮਾਰਦਾ ਹਾਂ ਤਾਂ ਬੜਾ ਕੁਝ ਅਜੀਬ ਲੱਗ ਰਿਹਾ ਹੈ। ਕਦੇ ਸੋਚਿਆ ਵੀ ਨਹੀਂ ਸੀ ਕਿ ਜ਼ਿੰਦਗੀ ਵਿਚ ਕਈ ਗੱਲਾਂ ਜੋ ਵਾਪਰੀਆਂ, ਉਹ ਇਸ ਤਰ੍ਹਾਂ ਵਾਪਰਨਗੀਆਂ। ਕਈ ਵਾਰੀ ਇਨਸਾਨ ਸੋਚਦਾ ਕਿ ਜ਼ਿੰਦਗੀ ਬਹੁਤ ਸਰਲ ਹੈ ਪਰ ਇਹ ਬਹੁਤ ਗੁੰਝਲਦਾਰ ਬਣ ਜਾਂਦੀ ਹੈ, ਅਤੇ ਕਈ ਵਾਰੀ ਇਨਸਾਨ ਜ਼ਿੰਦਗੀ ਨੂੰ ਗੁੰਝਲਦਾਰ ਸਮਝਦਾ ਹੈ ਅਤੇ ਇਹ ਸਰਲ ਬਣ ਨਿਕਲਦੀ ਹੈ। ਇਨਸਾਨ ਨੂੰ ਪਤਾ ਹੀ ਨਹੀਂ ਲਗਦਾ ਕਿ ਤੁਰਿਆਂ ਜਾਂਦਿਆਂ ਕਦੋਂ ਜ਼ਿੰਦਗੀ ਕਿਹੜਾ ਮੋੜ ਮੁੜ ਜਾਵੇ। ਕਈ ਵਾਰੀ ਸੋਚਦੇ ਹਾਂ ਕਿ ਜ਼ਿੰਦਗੀ ਵਿਚ ਹਨੇਰੀਆਂ, ਵਾਵਰੋਲੇ, ਅਤੇ ਭੂਚਾਲ ਆਉਣ ਵਾਲੇ ਹਨ ਪਰ ਅਚਾਨਕ ਜ਼ਿੰਦਗੀ ਦਾ ਰੁਖ਼ ਬਦਲ ਜਾਂਦਾ ਹੈ ਅਤੇ ਸਭ ਕੁਝ ਸ਼ਾਂਤ, ਸਾਫ਼, ਅਤੇ ਖ਼ੂਬਸੂਰਤ ਮੌਸਮ ਵਾਂਗ ਬਣ ਜਾਂਦਾ ਹੈ। ਕਈ ਵਾਰੀ ਇਨਸਾਨ ਸੋਚਦਾ ਹੈ ਕਿ ਸਭ ਕੁਝ ਠੀਕ-ਠਾਕ ਆਪਣੀ ਮੜਕ ਵਾਲੀ ਤੋਰ ਹੀ ਚਲਦਾ ਰਹੇਗਾ ਪਰ ਕਿਸਮਤ ਇਨਸਾਨ ਨੂੰ ਅਜੀਬ ਅਣਸੋਚੀਆਂ ਮੁਸ਼ਕਲਾਂ ਵਿਚ ਪਾ ਦਿੰਦੀ ਹੈ।

*****

ਇੰਝ ਲਗਦਾ ਜਿਵੇਂ ਹਾਲੇ ਕੱਲ੍ਹ ਦੀ ਗੱਲ ਹੋਵੇ। ਮੈਂ ਬੀ.ਕਾਮ. ਕਰ ਕੇ ਚੰਡੀਗੜ੍ਹ ਇਕ ਵੱਡੀ ਕੰਪਨੀ ਦੇ ਦਫ਼ਤਰ ਵਿਚ ਅਸਿਸਟੈਂਟ ਮੈਨੇਜਰ ਲੱਗ ਗਿਆ ਸੀ। ਕੰਪਨੀ ਵਧੀਆ ਸੀ। ਕੰਪਨੀ ਦੇ ਹਿਸਾਬ ਕਿਤਾਬ ਰੱਖਣ ਵਾਲੇ ਮੁਲਾਜ਼ਮਾਂ ਦੀ ਅਗਵਾਈ ਕਰਨੀ ਅਤੇ ਉਨ੍ਹਾਂ ਦੇ ਕੰਮ ਨੂੰ ਚੈੱਕ ਕਰਨਾ, ਬੱਸ ਇਹੋ ਕੰਮ ਸੀ ਮੇਰਾ। ਬਹੁਤ ਵਧੀਆ ਕੰਮ ਸੀ। ਠਾਠ-ਬਾਠ ਨਾਲ ਵਧੀਆ ਪਹਿਨ-ਪੱਚਰ ਕੇ ਦਫ਼ਤਰ ਜਾਣਾ। ਆਪਣੇ ਨਾਲ ਕੰਮ ਕਰਦੇ ਸਾਰੇ ਮੁਲਾਜ਼ਮਾਂ ਨਾਲ ਵਧੀਆ ਤਰੀਕੇ ਨਾਲ ਸਲੂਕ ਕਰਨਾ। ਉਨ੍ਹਾਂ ਦੀਆਂ ਤਕਲੀਫ਼ਾਂ ਨੂੰ ਸਮਝਣਾ। ਕਦੇ ਵੀ ਕਿਸੇ ਨੂੰ ਤੰਗ ਨਾ ਕਰਨਾ ਅਤੇ ਕਦੇ ਵੀ ਕਿਸੇ ਨਾਲ ਮੰਦਾ ਨਾ ਬੋਲਣਾ। ਬੱਸ ਇਸੇ ਕਰ ਕੇ ਸਾਰੇ ਮੁਲਾਜ਼ਮ ਮੇਰੀ ਬਹੁਤ ਇੱਜ਼ਤ ਵੀ ਕਰਦੇ ਸਨ ਅਤੇ ਮੇਰੇ ਨਾਲ ਦੋਸਤਾਂ ਵਾਂਗ ਹੀ ਰਹਿੰਦੇ ਸਨ।

ਚੰਡੀਗੜ੍ਹ ਹਰਦੀਪ ਮੇਰੇ ਕੁਝ ਵਧੀਆ ਦੋਸਤਾਂ ਵਿਚੋਂ ਇਕ ਸੀ। ਅਸੀਂ ਇਕ ਹੋਰ ਦੋਸਤ ਰਾਹੀਂ ਮਿਲੇ ਸੀ ਅਤੇ ਇੰਝ ਲੱਗਾ ਸੀ ਜਿਵੇਂ ਸਾਡੀਆਂ ਆਦਤਾਂ, ਸਾਡੇ ਸੁਭਾਅ, ਅਤੇ ਸਾਡੀ ਸੋਚ ਸਭ ਇਕੋ ਜਿਹੀ ਹੋਵੇ। ਅਸੀਂ ਬਹੁਤ ਛੇਤੀ ਹੀ ਇਕ ਦੂਜੇ ਦੇ ਬਹੁਤ ਨੇੜੇ ਹੋ ਗਏ ਸੀ। ਹਰਦੀਪ ਚੰਡੀਗੜ੍ਹ ਇਕ ਕਾਲਿਜ ਵਿਚ ਪੰਜਾਬੀ ਦਾ ਪ੍ਰੋਫੈਸਰ ਸੀ। ਮੈਨੂੰ ਵੀ ਸਾਹਿਤ ਪੜ੍ਹਨ ਦਾ ਥੋੜ੍ਹਾ ਜਿਹਾ ਸ਼ੌਕ ਸੀ। ਐਵੇਂ ਸ਼ੌਕ ਲਈ ਥੋੜ੍ਹਾ ਬਹੁਤ ਲਿਖ ਵੀ ਲੈਂਦਾ ਸੀ ਪਰ ਇੰਨਾ ਜ਼ਿਆਦਾ ਨਹੀਂ। ਹਰਦੀਪ ਮੇਰੇ ਨਾਲ ਸਾਹਿਤ ਬਾਰੇ ਅਤੇ ਖ਼ਾਸ ਕਰ ਕੇ ਪੰਜਾਬੀ ਸਾਹਿਤ ਬਾਰੇ ਗੱਲਾਂ ਕਰਦਾ ਰਹਿੰਦਾ ਸੀ। ਇਕ ਵਾਰੀ ਹਰਦੀਪ ਨੇ ਆਪਣੇ ਘਰ ਛੋਟੀ ਜਿਹੀ ਪਾਰਟੀ ਰੱਖੀ ਸੀ ਜਿਸ ਵਿਚ ਉਸ ਨੇ ਆਪਣੇ ਕਾਲਿਜ ਦੇ ਕੁਝ ਪ੍ਰੋਫੈਸਰ ਅਤੇ ਕੁਝ ਹੋਰ ਦੋਸਤ ਸੱਦੇ ਸਨ। ਉਸ ਦੇ ਬੁਲਾਉਣ 'ਤੇ ਮੈਂ ਵੀ ਉਸ ਪਾਰਟੀ ਵਿਚ ਗਿਆ ਸੀ। ਹਰਦੀਪ ਨੇ ਸਾਰੇ ਦੋਸਤਾਂ ਦੀ ਇਕ ਦੂਜੇ ਨਾਲ ਵਾਕਫ਼ੀਅਤ ਕਰਾਈ ਸੀ। ਉਸੇ ਪਾਰਟੀ ਵਿਚ ਹਰਦੀਪ ਦੇ ਨਾਲ ਪੜ੍ਹਾਉਂਦੀ ਇਕ ਪ੍ਰੋਫੈਸਰ ਹਰਵੰਤ ਕੌਰ ਵੀ ਸੀ ਜੋ ਕਿ ਕਾਮਰਸ ਦੀ ਪ੍ਰੋਫੈਸਰ ਸੀ। ਸਾਡਾ ਮਜ਼ਮੂਨ ਇਕੋ ਹੋਣ ਕਰ ਕੇ ਅਸੀਂ ਨੇੜੇ ਨੇੜੇ ਬੈਠ ਕੇ ਗੱਲਾਂ ਕਰਨ ਲੱਗ ਪਏ। ਅਸੀਂ ਕਾਫ਼ੀ ਗੱਲਾਂ ਸਾਂਝੀਆਂ ਕੀਤੀਆਂ ਜਿਨ੍ਹਾਂ ਵਿਚ ਕਾਮਰਸ ਦੇ ਮਜ਼ਮੂਨ ਬਾਰੇ ਵੀ ਗੱਲਾਂ ਸਨ, ਸਾਡੇ ਪਿੰਡਾਂ ਦੀਆਂ ਵੀ, ਸਾਡੇ ਕਾਲਿਜਾਂ ਦੀਆਂ ਵੀ ਜਿੱਥੇ ਅਸੀਂ ਪੜ੍ਹੇ ਸੀ, ਸਾਡੀਆਂ ਆਦਤਾਂ ਅਤੇ ਸ਼ੌਕ ਬਾਰੇ ਵੀ, ਅਤੇ ਹੋਰ ਬਹੁਤ ਕੁਝ ਬਾਰੇ ਵੀ। ਪਾਰਟੀ ਦੇ ਖ਼ਤਮ ਹੋਣ ਤੋਂ ਬਾਅਦ ਅਤੇ ਘਰ ਜਾਣ ਤੋਂ ਪਹਿਲਾਂ ਹਰਵੰਤ ਨੇ ਕਿਹਾ ਸੀ:

"ਤਰਸੇਮ, ਤੁਹਾਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ ਹੈ। ਆਪਣੇ ਵਿਚ ਬਹੁਤ ਗੱਲਾਂ ਸਾਂਝੀਆਂ ਹਨ। ਕਿਸੇ ਦਿਨ ਕਾਲਿਜ ਆ ਜਾਣਾ। ਇਕੱਠੇ ਕਾਫ਼ੀ ਪੀਵਾਂਗੇ।"

"ਹਰਵੰਤ, ਮੈਨੂੰ ਵੀ ਤੁਹਾਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ ਹੈ। ਮੈਂ ਜ਼ਰੂਰ ਕਿਸੇ ਦਿਨ ਤੁਹਾਡੇ ਕਾਲਿਜ ਆਵਾਂਗਾ ਅਤੇ ਤੁਹਾਡੇ ਨਾਲ ਕਾਫ਼ੀ ਪੀ ਕੇ ਬਹੁਤ ਖ਼ੁਸ਼ੀ ਹੋਵੇਗੀ। ਦੱਸੋ ਕਿਹੜੇ ਦਿਨ ਕਿਸ ਵੇਲੇ ਆਵਾਂ?" ਮੇਰਾ ਜਵਾਬ ਸੀ।

ਅਸੀਂ ਦੋਹਾਂ ਨੇ ਹਰਵੰਤ ਦੇ ਕਾਲਿਜ ਮਿਲਣ ਦਾ ਦਿਨ ਅਤੇ ਸਮਾਂ ਨਿਸ਼ਚਤ ਕਰ ਲਿਆ ਸੀ।

ਹਰਵੰਤ ਭਾਵੇਂ ਸੋਹਣੀ ਵੀ ਸੀ ਪਰ ਉਸ ਤੋਂ ਵੀ ਜ਼ਿਆਦਾ ਮੈਨੂੰ ਉਸ ਦਾ ਸੁਭਾਅ ਵਧੀਆ ਲੱਗਾ ਸੀ – ਬਹੁਤ ਹੀ ਦਿਲਚਸਪ ਇਨਸਾਨ ਦੇ ਤੌਰ 'ਤੇ ਪੇਸ਼ ਆਈ ਸੀ। ਮੈਨੂੰ ਲੱਗਿਆ ਸੀ ਕਿ ਉਸ ਦੀਆਂ ਆਦਤਾਂ ਵੀ ਬਹੁਤ ਚੰਗੀਆਂ ਸਨ, ਉਸ ਨੇ ਕਿਤਾਬਾਂ ਵੀ ਕਾਫ਼ੀ ਪੜ੍ਹੀਆਂ ਹੋਈਆਂ ਸਨ, ਅਤੇ ਉਸ ਕੋਲ਼ ਕਿਤਾਬੀ ਲਿਆਕਤ ਤੋਂ ਬਿਨਾਂ ਜ਼ਿੰਦਗੀ ਜਿਊਣ ਦੀ ਆਮ ਲਿਆਕਤ ਵੀ ਕਾਫ਼ੀ ਸੀ। ਇਕੱਲੀ ਕਿਤਾਬੀ ਲਿਆਕਤ ਨਾਲ ਜ਼ਿੰਦਗੀ ਹੁਸੀਨ ਨਹੀਂ ਬਣਦੀ। ਜ਼ਿੰਦਗੀ ਨੂੰ ਸਫ਼ਲ, ਦਿਲਚਸਪ, ਅਤੇ ਹੁਸੀਨ ਬਣਾਉਣ ਲਈ ਕਿਤਾਬਾਂ ਤੋਂ ਬਾਹਰਲੀ ਲਿਆਕਤ ਦੀ ਬਹੁਤ ਜ਼ਰੂਰਤ ਹੈ। ਲੋਕਾਂ ਨੂੰ ਕਿਵੇਂ ਮੁਸਕਰਾ ਕੇ ਮਿਲਣਾ, ਕਿਵੇਂ ਉਨ੍ਹਾਂ ਨਾਲ ਗੱਲਾਂ ਕਰਨੀਆਂ, ਕਿਵੇਂ ਉਨ੍ਹਾਂ ਦਾ ਸਤਿਕਾਰ ਕਰਨਾ, ਕਿਵੇਂ ਦੂਜਿਆਂ ਦੇ ਵਿਚਾਰਾਂ ਨੂੰ ਸੁਣਨਾ ਅਤੇ ਆਪਣੇ ਵਿਚਾਰ ਦੂਜਿਆਂ ਤੇ ਨਾ ਠੋਸਣੇ, ਕਿਵੇਂ ਸਹਿਜ ਰਹਿ ਕੇ ਦੂਜਿਆਂ ਨਾਲ ਵਰਤਾਓ ਕਰਨਾ, ਆਦਿ ਬਹੁਤੀ ਵਾਰੀ ਅਸੀਂ ਕਿਤਾਬਾਂ ਤੋਂ ਨਹੀਂ ਸਿੱਖਦੇ। ਇਹ ਗੱਲਾਂ ਤਾਂ ਅਸੀਂ ਆਪਣਾ ਦਿਮਾਗ਼, ਅੱਖਾਂ, ਅਤੇ ਕੰਨ ਖੁੱਲ੍ਹੇ ਰੱਖ ਕੇ ਦੂਜਿਆਂ ਨੂੰ ਦੇਖ ਕੇ ਅਤੇ ਸੁਣ ਕੇ ਹੀ ਸਿੱਖਦੇ ਹਾਂ। ਇਸ ਥੋੜ੍ਹੇ ਜਿਹੇ ਸਮੇਂ ਵਿਚ ਹੀ ਹਰਵੰਤ ਨੂੰ ਮਿਲ ਕੇ ਅਤੇ ਉਸ ਨਾਲ ਗੱਲਾਂ ਕਰ ਕੇ ਮੈਨੂੰ ਲੱਗਿਆ ਸੀ ਕਿ ਉਸ ਵਿਚ ਇਹ ਸਾਰੇ ਗੁਣ ਸਨ।

ਮਿਥੇ ਦਿਨ ਅਤੇ ਸਮੇਂ 'ਤੇ ਮੈਂ ਹਰਵੰਤ ਦੇ ਕਾਲਿਜ ਪਹੁੰਚ ਗਿਆ। ਅਸੀਂ ਕਾਲਿਜ ਦੇ ਕਾਫ਼ੀ ਹਾਊਸ ਵਿਚ ਕਾਫ਼ੀ ਪੀਣ ਦੇ ਨਾਲ ਨਾਲ ਦੋ ਘੰਟੇ ਕਾਫ਼ੀ ਗੱਲਾਂ ਕੀਤੀਆਂ। ਇਸ ਤਰ੍ਹਾਂ ਹਰਵੰਤ ਨੂੰ ਦੋ ਵਾਰੀ ਉਸ ਦੇ ਕਾਲਿਜ ਕਾਫ਼ੀ ਵਾਸਤੇ ਮਿਲਣ ਤੋਂ ਬਾਅਦ ਮੈਂ ਉਸ ਨੂੰ ਛੁੱਟੀ ਵਾਲੇ ਦਿਨ ਦੁਪਹਿਰ ਦੇ ਖਾਣੇ ਲਈ ਚੰਡੀਗੜ੍ਹ ਦੇ ਇਕ ਰੈਸਟੋਰੈਂਟ ਵਿਚ ਸੱਦਿਆ। ਅਸੀਂ ਖਾਣੇ ਦੇ ਨਾਲ ਨਾਲ ਬਹੁਤ ਸਾਰੀਆਂ ਗੱਲਾਂ ਵੀ ਕੀਤੀਆਂ ਅਤੇ ਇਕ ਦੂਜੇ ਬਾਰੇ ਬਹੁਤ ਕੁਝ ਜਾਣਿਆਂ ਵੀ। ਸਮਾਂ ਬਹੁਤ ਦਿਲਚਸਪ ਲੱਗਾ ਅਤੇ ਝੱਟ ਹੀ ਬੀਤ ਗਿਆ। ਫਿਰ ਹੋਰ ਬੈਠਣ ਦੇ ਬਹਾਨੇ ਅਸੀਂ ਹੌਲ਼ੀ ਹੌਲ਼ੀ ਕਾਫ਼ੀ ਦੇ ਤਿੰਨ ਤਿੰਨ ਕੱਪ ਪੀਤੇ। ਅਖੀਰ ਚਾਰ ਘੰਟੇ ਇਕੱਠੇ ਬਿਤਾ ਕੇ ਅਸੀਂ ਇਕ ਦੂਜੇ ਨੂੰ ਅਲਵਿਦਾ ਆਖੀ। ਇਨ੍ਹਾਂ ਮਿਲਣੀਆਂ ਤਕ ਅਸੀਂ ਬਹੁਤ ਰਲ-ਮਿਲ ਗਏ ਸੀ ਅਤੇ ਹਰ ਵਾਰੀ ਮਿਲਣ ਵੇਲੇ ਅਗਲੀ ਮਿਲਣੀ ਦਾ ਦਿਨ, ਸਮਾਂ, ਅਤੇ ਥਾਂ ਨਿਸ਼ਚਤ ਕਰ ਲੈਂਦੇ ਸੀ। ਫ਼ੋਨ ਤਾਂ ਉਦੋਂ ਹੁੰਦੇ ਹੀ ਨਹੀਂ ਸਨ।

ਇਕ ਦਿਨ ਅਸੀਂ ਦੁਪਹਿਰ ਦੇ ਖਾਣੇ ਲਈ ਇਕ ਰੈਸਟੋਰੈਂਟ ਵਿਚ ਮਿਲੇ। ਅਸੀਂ ਖਾਣੇ ਦੀ ਉਡੀਕ ਕਰਦਿਆਂ ਗੱਲਾਂ ਕਰਨ ਲੱਗੇ। ਗੱਲਾਂ ਕਰਦਿਆਂ ਕਰਦਿਆਂ ਹਰਵੰਤ ਨੇ ਮੈਨੂੰ ਪੁੱਛਿਆ,

"ਤਰਸੇਮ, ਕੀ ਕਿਸੇ ਨੂੰ ਪਹਿਲੀ ਵਾਰੀ ਦੇਖ ਕੇ ਉਸ ਨਾਲ ਪਿਆਰ ਹੋ ਸਕਦਾ? ਤੁਹਾਡਾ ਕੀ ਵਿਚਾਰ ਹੈ?"

ਮੈਂ ਹਰਵੰਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ ਅਤੇ ਫਿਰ ਟੇਬਲ 'ਤੇ ਪਏ ਪਾਣੀ ਦੇ ਗਲਾਸ ਨਾਲ ਖੇਡਦਿਆਂ ਆਖਿਆ, "ਹਰਵੰਤ, ਮੇਰਾ ਇਸ ਵਿਚ ਯਕੀਨ ਨਹੀਂ। ਜਦੋਂ ਕਿਸੇ ਨੂੰ ਪਹਿਲੀ ਵਾਰੀ ਦੇਖ ਕੇ ਅਸੀਂ ਕਹੀਏ ਕਿ ਉਸ ਨਾਲ ਪਿਆਰ ਹੋ ਗਿਆ ਹੈ, ਮੇਰੇ ਖ਼ਿਆਲ ਅਨੁਸਾਰ ਉਹ ਅਸਲ ਵਿਚ ਲਸਟ (lust) ਹੁੰਦੀ ਹੈ, ਵਾਸ਼ਨਾ ਹੁੰਦੀ ਹੈ। ਅਸੀਂ ਕਿਸੇ ਖ਼ੂਬਸੂਰਤ ਇਨਸਾਨ ਨੂੰ ਦੇਖਦੇ ਹਾਂ ਤਾਂ ਸਾਡੇ ਵਿਚ ਉਸ ਦੇ ਸੁਹੱਪਣ ਨੂੰ ਮਾਨਣ ਦੀ ਖ਼ਾਹਿਸ਼ ਉੱਭਰ ਆਉਂਦੀ ਹੈ। ਇਹ ਪਿਆਰ ਨਹੀਂ ਹੁੰਦਾ। ਪਿਆਰ ਤਾਂ ਉਦੋਂ ਤਕ ਨਹੀਂ ਹੋ ਸਕਦਾ ਜਦੋਂ ਤਕ ਅਸੀਂ ਕਿਸੇ ਇਨਸਾਨ ਬਾਰੇ ਪੂਰੀ ਤਰ੍ਹਾਂ ਨਾ ਜਾਣ ਸਕੀਏ। ਉਸ ਦੀਆਂ ਆਦਤਾਂ ਅਤੇ ਉਸ ਦੇ ਸੁਭਾਅ ਤੋਂ

ਜਾਣੂ ਨਾ ਹੋ ਸਕੀਏ। ਪਿਆਰ ਉਦੋਂ ਹੁੰਦਾ ਜਦੋਂ ਅਸੀਂ ਕਿਸੇ ਦੀਆਂ ਅੱਖਾਂ ਅਤੇ ਦਿਲ ਵਿਚ ਉਤਰ ਕੇ ਉਸ ਨੂੰ ਅੰਦਰੋਂ ਅਤੇ ਬਾਹਰੋਂ ਜਾਣ ਸਕੀਏ। ਇਹ ਜੋ ਅਸੀਂ love at first sight ਕਹਿੰਦੇ ਹਾਂ, ਇਹ ਤਾਂ ਸਭ ਕਹਿਣ ਦੀਆਂ ਗੱਲਾਂ ਹਨ। ਇਸ ਵਿਚ ਅਸਲੀਅਤ ਨਹੀਂ। ਕਿਸੇ ਨੂੰ ਸਮਝਣ ਅਤੇ ਪਿਆਰ ਕਰਨ ਲਈ ਬਹੁਤ ਦੇਰ ਲਗਦੀ ਹੈ। ਪਿਆਰ ਹਮੇਸ਼ਾ ਹੌਲ਼ੀ ਹੌਲ਼ੀ ਕਿਸੇ ਇਨਸਾਨ ਦੀ ਪੂਰੀ ਪਰਸਨੈਲਿਟੀ ਨੂੰ ਦੇਖਣ ਅਤੇ ਸਮਝਣ ਤੋਂ ਬਾਅਦ ਹੀ ਹੁੰਦਾ।'' ਮੈਂ ਇਹ ਆਖ ਕੇ ਹਰਵੰਤ ਦੇ ਚਿਹਰੇ ਵੱਲ ਵੇਖਿਆ। ਉਹ ਆਪਣੇ ਚਿਹਰੇ ਨੂੰ ਦੋਹਾਂ ਹੱਥਾਂ ਵਿਚ ਫੜੀ ਬੈਠੀ ਮੁਸਕਰਾਉਂਦੀ ਹੋਈ ਮੇਰੇ ਵੱਲ ਟਿਕ-ਟਿਕੀ ਲਗਾ ਕੇ ਦੇਖ ਰਹੀ ਸੀ।

''ਤੁਸੀਂ ਮੇਰੇ ਨਾਲ ਸਹਿਮਤ ਹੋ?'' ਮੈਂ ਉਸ ਨੂੰ ਪੁੱਛਿਆ।

''ਸਹਿਮਤ? ਕਿਸ ਗੱਲ ਨਾਲ?'' ਹਰਵੰਤ ਦਾ ਸਵਾਲ ਸੀ।

''ਜੋ ਮੈਂ ਹੁਣੇ ਕਿਹਾ ਸੀ।''

''ਮੈਂ ਤਾਂ ਕੁਝ ਸੁਣਿਆਂ ਹੀ ਨਹੀਂ। ਮੈਂ ਤਾਂ ਕਈ ਕੁਝ ਸੋਚਦੀ ਤੁਹਾਡੇ ਵੱਲ ਹੀ ਦੇਖਦੀ ਰਹੀ।''

ਮੈਂ ਥੋੜ੍ਹੀ ਜਿਹੀ ਹੈਰਾਨੀ ਅਤੇ ਥੋੜ੍ਹੀ ਜਿਹੀ ਮੁਸਕਾਨ ਚਿਹਰੇ 'ਤੇ ਲਿਆ ਕੇ ਉਸ ਵੱਲ ਬਹੁਤ ਅਜੀਬ ਢੰਗ ਨਾਲ ਦੇਖਿਆ। ਉਸ ਨੇ ਸ਼ਰਾਰਤੀ ਹਾਸਾ ਹੱਸ ਕੇ ਪਿੱਛੇ ਨੂੰ ਹੋ ਕੇ ਕੁਰਸੀ ਨਾਲ ਢੋਹ ਲਾ ਲਿਆ।

''ਤੁਸੀਂ ਕੀ ਸੋਚਦੇ ਰਹੇ?'' ਮੈਂ ਪੁੱਛਿਆ।

''ਵੈਸੇ ਹੀ। ਬਹੁਤ ਕੁਝ। ਹਾਲੇ ਕੁਝ ਨਹੀਂ ਦੱਸਣਾ,'' ਕਹਿ ਕੇ ਹਰਵੰਤ ਮੁਸਕਰਾਈ।

ਅਸੀਂ ਖਾਣਾ ਖਾਧਾ, ਦੋ ਦੋ ਕੱਪ ਕਾਫ਼ੀ ਦੇ ਪੀਤੇ, ਬਹੁਤ ਸਾਰੀਆਂ ਗੱਲਾਂ ਕੀਤੀਆਂ ਅਤੇ ਰੈਸਟੋਰੈਂਟ ਤੋਂ ਬਾਹਰ ਆ ਗਏ। ਘਰ ਜਾਣ ਲਈ ਸਾਡੇ ਦੋਹਾਂ ਕੋਲ਼ ਆਪਣੇ ਆਪਣੇ ਸਕੂਟਰ ਸਨ। ਤੁਰਦੇ ਤੁਰਦੇ ਅਸੀਂ ਉਸ ਥਾਂ ਆ ਗਏ ਜਿੱਥੇ ਅਸੀਂ ਸਕੂਟਰ ਪਾਰਕ ਕੀਤੇ ਹੋਏ ਸੀ। ਸਕੂਟਰਾਂ ਦੇ ਕੋਲ਼ ਖੜ੍ਹ ਕੇ ਅਸੀਂ ਕੁਝ ਮਿੰਟ ਹੋਰ ਗੱਲਾਂ ਕੀਤੀਆਂ ਅਤੇ ਅਗਲੀ ਵਾਰੀ ਮਿਲਣ ਦੀ ਤਾਰੀਖ਼ ਅਤੇ ਥਾਂ ਪੱਕੀ ਕਰ ਲਈ। ਜਾਣ ਲਈ ਇਕ ਦੂਜੇ ਨੂੰ ਅਲਵਿਦਾ ਆਖੀ। ਅਚਾਨਕ ਉਸ ਨੇ ਮੇਰੀ ਬਾਂਹ 'ਤੇ ਜ਼ੋਰ ਨਾਲ ਚੂੰਢੀ ਵੱਢੀ ਅਤੇ ਹੱਸਦੀ ਹੋਈ ਆਪਣੇ ਸਕੂਟਰ ਵੱਲ ਨੱਠ ਗਈ। ਮੈਂ ਚੂੰਢੀ ਦੀ ਮਿੱਠੀ ਜਿਹੀ ਚੀਸ ਨੂੰ ਜਰਦਾ ਹੋਇਆ ਖੜ੍ਹਾ ਉਸ ਵੱਲ ਵੇਖਦਾ ਰਿਹਾ ਅਤੇ ਕਈ ਕੁਝ ਸੋਚਦਾ ਰਿਹਾ। ਮੈਂ ਉਸ ਦੇ ਅੱਖੋਂ ਓਹਲੇ ਹੋਣ ਤੋਂ ਬਾਅਦ ਵੀ ਕਈ ਮਿੰਟ ਖੜ੍ਹਾ ਉੱਧਰ ਹੀ ਦੇਖਦਾ ਸੋਚਾਂ ਵਿਚ ਗੁਆਚਾ ਰਿਹਾ।

ਅਗਲੇ ਹਫ਼ਤੇ ਫਿਰ ਅਸੀਂ ਦੁਪਹਿਰ ਦੇ ਖਾਣੇ ਲਈ ਮਿਲੇ। ਪ੍ਰੋਗਰਾਮ ਬਣਿਆਂ ਕਿ ਖਾਣਾ ਖਾ ਕੇ ਕੁਝ ਘੰਟੇ ਸੁੱਖਨਾ ਝੀਲ 'ਤੇ ਬਿਤਾਏ ਜਾਣ। ਅਸੀਂ ਗੱਲਾਂ ਕਰਦਿਆਂ ਰੈਸਟੋਰੈਂਟ ਵਿਚ ਖਾਣਾ ਖਾਧਾ, ਕਾਫ਼ੀ ਪੀਤੀ ਤੇ ਝੀਲ ਨੂੰ ਚਲੇ ਗਏ। ਦੋ ਘੰਟੇ ਝੀਲ ਦੇ ਕਿਨਾਰੇ 'ਤੇ ਸੈਰ ਕਰਦੇ ਰਹੇ ਅਤੇ ਗੱਲਾਂ ਕਰਦੇ ਰਹੇ।

''ਤੁਹਾਡੇ ਲਈ ਜ਼ਿੰਦਗੀ ਵਿਚ ਸਭ ਤੋਂ ਵੱਧ ਕਿਸ ਚੀਜ਼ ਦੀ ਅਹਿਮੀਅਤ ਹੈ?'' ਅਚਾਨਕ ਉਸ ਨੇ ਪੁੱਛਿਆ।

''ਮੈਂ ਨਹੀਂ ਦੱਸਣਾ।'' ਮੈਂ ਕਿਹਾ।

''ਕਿਉਂ, ਕੀ ਗੱਲ ਹੋਈ?''

''ਤੁਸੀਂ ਕਿਹੜਾ ਸੁਣਨਾ। ਤੁਹਾਡੀਆਂ ਅੱਖਾਂ ਨੇ ਪਤਾ ਨਹੀਂ ਕਿੱਥੇ ਦੇਖਦੇ ਹੋਣਾ, ਤੁਹਾਡਾ ਦਿਲ ਕਿਤੇ ਹੋਰ ਹੋਣਾ, ਅਤੇ ਤੁਹਾਡੇ ਦਿਮਾਗ਼ ਵਿਚ ਪਤਾ ਨਹੀਂ ਕਿਹੜੇ ਖ਼ਿਆਲ ਆ ਰਹੇ ਹੋਣੇ ਨੇ। ਮੇਰੀ ਕਹੀ ਗੱਲ ਵੱਲ ਕਿਹੜਾ ਤੁਸੀਂ ਧਿਆਨ ਦੇਣਾ।'' ਮੈਂ ਸ਼ਰਾਰਤ ਨਾਲ ਉਸ ਦੇ ਮੋਢੇ 'ਤੇ ਹੌਲ਼ੇ ਜਿਹੇ ਧੱਫਾ ਮਾਰ ਕੇ ਕਿਹਾ।

''ਨਹੀਂ ਜੀ, ਇਹ ਗੱਲ ਨਹੀਂ। ਅੱਜ ਮੈਂ ਤੁਹਾਨੂੰ ਪੂਰੇ ਧਿਆਨ ਨਾਲ ਸੁਣਾਂਗੀ।''

''ਬਿਲਕੁਲ ਸੱਚ?''

"ਬਿਲਕੁਲ ਸੱਚ। ਕੋਈ ਝੂਠ ਨਹੀਂ।" ਉਸ ਨੇ ਮੇਰੀ ਬਾਂਹ ਨੂੰ ਆਪਣੇ ਹੱਥ ਵਿਚ ਫੜ ਕੇ ਆਖਿਆ।

"ਚਲੋ ਫਿਰ ਮੈਂ ਦੱਸ ਦਿੰਦਾ ਹਾਂ। ... ਮੇਰੇ ਲਈ ਜ਼ਿੰਦਗੀ ਵਿਚ ਖ਼ੁਸ਼ੀ ਦੀ ਸਭ ਤੋਂ ਵੱਧ ਮਹੱਤਤਾ ਹੈ। ਪੈਸਾ ਓਨਾ ਕੁ ਜ਼ਰੂਰੀ ਹੈ ਜਿਸ ਨਾਲ ਚੰਗਾ ਗੁਜ਼ਾਰਾ ਹੋ ਸਕੇ। ਪਰ ਜ਼ਿੰਦਗੀ ਵਿਚ ਖ਼ੁਸ਼ ਹੋਣਾ, ਹੱਸਣਾ, ਮਜ਼ਾਕ ਕਰਨਾ, ਕਦੇ ਕਦੇ ਬੱਚਿਆਂ ਵਾਂਗ ਸ਼ਰਾਰਤਾਂ ਕਰਨੀਆਂ, ਆਪਣਿਆਂ ਨੂੰ ਪਿਆਰ ਕਰਨਾ ਅਤੇ ਉਨ੍ਹਾਂ ਦਾ ਖ਼ਿਆਲ ਰੱਖਣਾ, ਕੁਝ ਸ਼ੌਕ ਰੱਖਣੇ ਅਤੇ ਪਾਲਣੇ, ਕੁਝ ਭਲਾਈ ਦੇ ਕੰਮ ਕਰਨੇ, ਸੱਚ ਅਤੇ ਇਮਾਨਦਾਰੀ ਦੀ ਜ਼ਿੰਦਗੀ ਬਤੀਤ ਕਰਨੀ - ਬੱਸ ਇਹੋ ਗੱਲਾਂ ਮੇਰੇ ਲਈ ਮਹੱਤਤਾ ਰੱਖਦੀਆਂ ਹਨ। ਤੁਸੀਂ ਕਿਵੇਂ ਸੋਚਦੇ ਹੋ? ਤੁਹਾਡੇ ਲਈ ਕਿਨ੍ਹਾਂ ਚੀਜ਼ਾਂ ਦੀ ਮਹੱਤਤਾ ਹੈ?"

"ਮੈਂ ਵੀ ਤੁਹਾਡੇ ਵਾਂਗ ਹੀ ਸੋਚਦੀ ਹਾਂ। ਮੇਰੇ ਲਈ ਵੀ ਪੈਸੇ ਦੀ ਬਹੁਤੀ ਮਹੱਤਤਾ ਨਹੀਂ। ਕਿਤਾਬਾਂ ਪੜ੍ਹਨੀਆਂ, ਸੈਰ ਕਰਨੀ, ਰਿਸ਼ਤਿਆਂ ਨੂੰ ਇਮਾਨਦਾਰੀ ਅਤੇ ਵਫ਼ਾਦਾਰੀ ਨਾਲ ਨਿਭਾਉਣਾ, ਪਿਆਰ ਕਰਨਾ, ਨਫ਼ਰਤ ਤੋਂ ਦੂਰ ਰਹਿਣਾ, ਈਰਖਾ ਅਤੇ ਹੰਕਾਰ ਤੋਂ ਬਚਣਾ, ਬੱਸ ਇਹੋ ਵਧੀਆ ਗੱਲਾਂ ਹਨ।"

"ਫਿਰ ਤਾਂ ਆਪਣੀ ਸੋਚਣੀ ਵਿਚ ਬਹੁਤ ਸਮਾਨਤਾ ਹੈ।" ਮੈਂ ਮੁਸਕਰਾ ਕੇ ਆਖਿਆ।

"ਹਾਂ ਜੀ। ਆਪਣੀ ਵਧੀਆ ਨਿਭ ਸਕਦੀ ਹੈ ਜੇ ...।" ਹਰਵੰਤ ਨੇ ਬਿਨਾਂ ਗੱਲ ਪੂਰੀ ਕੀਤੇ ਟੇਢੀਆਂ ਅੱਖਾਂ ਕਰ ਕੇ ਸ਼ਰਾਰਤੀ ਮੁਸਕਰਾਹਟ ਨਾਲ ਮੇਰੇ ਵੱਲ ਦੇਖਿਆ।

"ਜੇ ਕੀ?" ਮੈਂ ਪੁੱਛਿਆ।

"ਕੀ ਮੇਰੇ ਦੱਸਣ ਦੀ ਲੋੜ ਹੈ? ਇਸ਼ਾਰਾ ਹੀ ਕਾਫ਼ੀ ਨਹੀਂ?" ਅਤੇ ਉਹ ਹੱਸ ਪਈ।

"ਬਈ ਮੈਨੂੰ ਇਸ਼ਾਰੇ ਸਮਝਣ ਦੀ ਨਾ ਹੀ ਆਦਤ ਹੈ ਅਤੇ ਨਾ ਹੀ ਸੋਝੀ ਹੈ। ਮੈਂ ਤਾਂ ਇਸ ਮਾਮਲੇ ਵਿਚ ਅਨਾੜੀ ਹਾਂ, ਬਿਲਕੁਲ ਅਨਾੜੀ।" ਮੈਂ ਸ਼ਰਾਰਤ ਨਾਲ ਆਖਿਆ।

"ਮੈਨੂੰ ਵੀ ਇਸ਼ਾਰੇ ਸਮਝਾਉਣ ਦੀ ਨਾ ਸੋਝੀ ਹੈ ਅਤੇ ਨਾ ਹੀ ਆਦਤ ਹੈ। ਮੈਂ ਵੀ ਇਸ਼ਾਰੇ ਸਮਝਾਉਣ ਵਿਚ ਅਨਾੜੀ ਹਾਂ, ਬਿਲਕੁਲ ਅਨਾੜੀ।" ਉਸ ਨੇ ਮੇਰੀ ਬਾਂਹ 'ਤੇ ਹਲਕੀ ਜਿਹੀ ਚੂੰਢੀ ਵੱਢ ਕੇ ਆਖਿਆ।

"ਫਿਰ ਆਪਾਂ ਇਕ ਦੂਜੇ ਦੇ ਇਸ਼ਾਰੇ ਕਿਵੇਂ ਸਮਝਾਂਗੇ? ਮੈਨੂੰ ਸਮਝਣ ਦੀ ਸੋਝੀ ਨਹੀਂ ਅਤੇ ਤੁਹਾਨੂੰ ਸਮਝਾਉਣ ਦੀ ਸੋਝੀ ਨਹੀਂ।"

"ਸਮੇਂ ਨਾਲ ਆਪੇ ਸਭ ਸੋਝੀਆਂ ਆ ਜਾਣਗੀਆਂ।" ਕਹਿ ਕੇ ਉਹ ਸ਼ਰਾਰਤੀ ਹਾਸਾ ਹੱਸੀ।

ਇਸ ਤਰ੍ਹਾਂ ਅਸੀਂ ਹਾਸੇ-ਮਖੌਲ ਦੀਆਂ ਗੱਲਾਂ ਕਰਦੇ ਹੱਸਦੇ ਰਹੇ ਅਤੇ ਝੀਲ 'ਤੇ ਦੋ ਕੁ ਘੰਟੇ ਸੈਰ ਕਰਦੇ ਰਹੇ।

"ਫਿਰ ਅੱਜ ਕਿਹੜੀ ਸ਼ਰਾਰਤ ਕਰਨ ਦਾ ਇਰਾਦਾ ਹੈ?" ਮੈਂ ਪਿਛਲੀ ਵਾਰੀ ਦੀ ਚੂੰਢੀ ਨੂੰ ਯਾਦ ਕਰਾਉਂਦਿਆਂ ਪੁੱਛਿਆ।

"ਸ਼ਰਾਰਤ ਦੱਸ ਕੇ ਕੀਤੀ ਤਾਂ ਉਹ ਸ਼ਰਾਰਤ ਕਾਹਦੀ? ਇਹ ਤਾਂ ਸ਼ਰਾਰਤ ਕਰਨ ਵੇਲੇ ਹੀ ਸੋਚਿਆ ਜਾਵੇਗਾ। ਬੱਸ, ਇਕ ਦਮ ਜੋ ਵੀ ਸੁੱਝ ਗਿਆ ਅਤੇ ਦਿਲ ਵਿਚ ਆ ਗਿਆ।" ਇਹ ਕਹਿ ਕੇ ਉਹ ਖਿੜ-ਖਿੜਾ ਕੇ ਹੱਸ ਪਈ।

"ਅੱਜ ਮੈਂ ਤੁਹਾਡੇ ਉਸੇ ਜ਼ੋਰ ਨਾਲ ਚੂੰਢੀ ਵੱਢਣੀ ਹੈ ਜਿੰਨੀ ਜ਼ੋਰ ਨਾਲ ਤੁਸੀਂ ਪਿਛਲੀ ਵਾਰੀ ਮੇਰੇ ਵੱਢੀ ਸੀ।" ਮੈਂ ਹੱਸਦਿਆਂ ਆਖਿਆ।

"ਨਾ ਬਈ ਨਾ। ਮੈਥੋਂ ਨਹੀਂ ਇੰਨਾ ਦਰਦ ਸਹਿ ਹੋਣਾ। ਮੈਂ ਤਾਂ ਨਾਜ਼ਕ ਕੁੜੀ ਹਾਂ।"

ਕੁਝ ਦੇਰ ਹੋਰ ਸੈਰ ਕਰ ਕੇ ਅਤੇ ਗੱਲਾਂ ਕਰ ਕੇ ਅਸੀਂ ਆਪਣੇ ਸਕੂਟਰਾਂ ਵੱਲ ਨੂੰ ਚੱਲ ਪਏ। ਸਕੂਟਰਾਂ ਦੇ ਨੇੜੇ ਜਾ ਕੇ ਅਸੀਂ ਖੜ੍ਹ ਕੇ ਕੁਝ ਮਿੰਟ ਹੋਰ ਗੱਲਾਂ ਕੀਤੀਆਂ ਅਤੇ ਇਕ ਦੂਜੇ ਤੋਂ ਅਲਵਿਦਾ ਮੰਗੀ। ਹਰਵੰਤ ਨੇ ਅਚਾਨਕ ਮੈਨੂੰ ਘੁੱਟ ਕੇ ਆਪਣੀਆਂ ਬਾਂਹਾਂ ਵਿਚ ਲੈ ਲਿਆ। ਫਿਰ

ਗਲਵੱਕੜੀ ਛੱਡ ਕੇ "ਚੰਗਾ ਫਿਰ ਮਿਲਾਂਗੇ" ਕਹਿ ਕੇ ਉਸ ਨੇ ਮੇਰੇ ਚਿਹਰੇ ਨੂੰ ਆਪਣੇ ਦੋਹਾਂ ਹੱਥਾਂ ਵਿਚ ਲੈ ਕੇ ਮੇਰੇ ਬੁੱਲ੍ਹਾਂ 'ਤੇ ਆਪਣੇ ਬੁੱਲ੍ਹਾਂ ਨਾਲ ਹਲਕਾ ਜਿਹਾ ਚੁੰਮਣ ਦਿੱਤਾ ਅਤੇ ਹੱਸਦੀ ਹੋਈ ਨੱਠ ਗਈ। ਆਪਣੇ ਸਕੂਟਰ ਕੋਲ਼ ਜਾ ਕੇ ਉਸ ਨੇ ਮੇਰੇ ਵੱਲ ਦੇਖ ਕੇ ਆਪਣਾ ਹੱਥ ਹਿਲਾਇਆ ਅਤੇ ਸ਼ਰਾਰਤੀ ਹਾਸਾ ਹੱਸੀ। ਮੈਂ ਉੱਥੇ ਖੜ੍ਹਾ ਉਸ ਨੂੰ ਜਾਂਦੀ ਨੂੰ ਕਾਫ਼ੀ ਦੇਰ ਦੇਖਦਾ ਰਿਹਾ ਅਤੇ ਉਸ ਦੇ ਬੁੱਲ੍ਹਾਂ ਦੀ ਪਹਿਲੀ ਸਪਰਸ਼ ਦੀ ਮਹਿਕ ਨੂੰ ਮਾਣਦਾ ਰਿਹਾ। ਮੈਂ ਖੜ੍ਹਾ ਕਿੰਨੀ ਦੇਰ ਸੋਚਦਾ ਰਿਹਾ ਕਿ ਕਿਹੋ ਜਿਹੀ ਹੋਵੇਗੀ ਜ਼ਿੰਦਗੀ ਉਸ ਨਾਲ! ਹੱਸਣਾ-ਖੇਡਣਾ, ਮਜ਼ਾਕ, ਸ਼ਰਾਰਤਾਂ, ਸੀਰੀਅਸ ਗੱਲ-ਬਾਤ, ਪਿਆਰ ਨਾਲ ਭਰੇ ਪਲ, ਅਤੇ ਹੋਰ ਬਹੁਤ ਕੁਝ!

ਇਸ ਤਰ੍ਹਾਂ ਹਰਵੰਤ ਅਤੇ ਮੈਂ ਦਿਨ-ਬ-ਦਿਨ ਇਕ ਦੂਜੇ ਦੇ ਨੇੜੇ ਹੁੰਦੇ ਗਏ। ਹੌਲ਼ੀ ਹੌਲ਼ੀ ਅਸੀਂ ਇਕ ਦੂਜੇ ਨੂੰ ਤੁਸੀਂ ਤੋਂ ਹਟ ਕੇ ਤੂੰ ਕਹਿ ਕੇ ਸੰਬੋਧਨ ਕਰਨ ਲੱਗ ਪਏ। ਉਹ ਕਈ ਵਾਰੀ ਛੁੱਟੀ ਵਾਲੇ ਦਿਨ ਮੇਰੇ ਅਪਾਰਟਮੈਂਟ ਵਿਚ ਆ ਜਾਂਦੀ ਅਤੇ ਸਾਰਾ ਦਿਨ ਹੀ ਮੇਰੇ ਨਾਲ ਗੁਜ਼ਾਰਦੀ। ਕਈ ਵਾਰੀ ਤਾਂ ਉਹ ਰਾਤ ਵੀ ਮੇਰੇ ਕੋਲ਼ ਹੀ ਠਹਿਰ ਜਾਂਦੀ। ਅਸੀਂ ਢੇਰ ਸਾਰੀਆਂ ਗੱਲਾਂ ਕਰਦੇ, ਸ਼ਰਾਰਤਾਂ ਕਰਦੇ, ਹੱਸਦੇ, ਖੇਡਦੇ, ਅਤੇ ਸਮੇਂ ਦਾ ਅਨੰਦ ਮਾਣਦੇ। ਹਰਵੰਤ ਅਤੇ ਮੈਂ ਰਲ਼ ਕੇ ਵਧੀਆ ਖਾਣਾ ਬਣਾਉਂਦੇ ਅਤੇ ਇਕੱਠੇ ਬੈਠ ਕੇ ਬੜੇ ਸੁਆਦ ਨਾਲ ਖਾਂਦੇ। ਅਸੀਂ ਸੋਹਣੇ ਸੋਹਣੇ ਗੀਤ ਸੁਣਦੇ ਅਤੇ ਉਸ ਨਾਲ ਹੌਲ਼ੀ ਹੌਲ਼ੀ ਨੱਚਦੇ ਵੀ। ਫ਼ਿਲਮ 'ਨੀਲਾ ਆਕਾਸ਼' ਦਾ ਗੀਤ *'ਤੇਰੇ ਪਾਸ ਆ ਕੇ ਮੇਰਾ ਵਕਤ ਗੁਜ਼ਰ ਜਾਤਾ ਹੈ'* ਸਾਡਾ ਸਭ ਤੋਂ ਵੱਧ ਮਨ-ਪਸੰਦ ਗੀਤ ਸੀ। ਅਸੀਂ ਇਹ ਗੀਤ ਕਈ ਵਾਰੀ ਸੁਣਦੇ ਅਤੇ ਨਾਲ ਹੌਲ਼ੀ ਹੌਲ਼ੀ ਡਾਂਸ ਕਰਦੇ। 'ਹਮਰਾਜ਼' ਫ਼ਿਲਮ ਦਾ ਗੀਤ *'ਤੁਮ ਅਗਰ ਸਾਥ ਦੇਨੇ ਕਾ ਵਾਅਦਾ ਕਰੋ'* ਵੀ ਸਾਡਾ ਬਹੁਤ ਮਨ-ਭਾਉਂਦਾ ਗੀਤ ਸੀ ਜੋ ਅਸੀਂ ਕਈ ਵਾਰੀ ਸੁਣਦੇ ਅਤੇ ਨੱਚਦੇ।

ਇਕ ਦਿਨ ਅਸੀਂ ਦੋਵੇਂ ਮੇਰੇ ਅਪਾਰਟਮੈਂਟ ਵਿਚ ਹੀ ਬੈਠੇ ਸੀ। ਗੱਲਾਂ ਕਰਦਿਆਂ ਮੈਂ ਪੁੱਛਿਆ, "ਫਿਰ ਜ਼ਿੰਦਗੀ ਭਰ ਮੇਰਾ ਸਾਥ ਦੇਣ ਬਾਰੇ ਕੀ ਸਲਾਹ ਹੈ?"

"ਮੈਂ ਤਾਂ ਤਿਆਰ ਹਾਂ। ਬਿਲਕੁਲ ਸੌ ਪ੍ਰਤੀਸ਼ਤ ਤਿਆਰ।"

"ਫਿਰ ਇਕ ਵਾਅਦਾ ਕਰ। ਉਸ ਸ਼ੀਸ਼ੇ ਮੋਹਰੇ ਖੜ੍ਹ ਕੇ ਸ਼ੀਸ਼ੇ ਵਿਚ ਦੇਖ ਕੇ ਕਹਿ, ਮੈਂ ਤੈਨੂੰ ਹਮੇਸ਼ਾ ਖ਼ੁਸ਼ ਰੱਖਾਂਗੀ ਅਤੇ ਤੇਰੇ ਨਾਲ ਵਧੀਆ ਵਿਹਾਰ ਕਰਾਂਗੀ।" ਮੈਂ ਆਪਣੇ ਕਮਰੇ ਦੀ ਕੰਧ 'ਤੇ ਲੱਗੇ ਇਕ ਵੱਡੇ ਸ਼ੀਸ਼ੇ ਵੱਲ ਇਸ਼ਾਰਾ ਕਰ ਕੇ ਆਖਿਆ।

"ਮੈਂ ਵਾਅਦਾ ਕਰਦੀ ਹਾਂ ਕਿ ਮੈਂ ਤੈਨੂੰ ਹਮੇਸ਼ਾ ਖ਼ੁਸ਼ ਰੱਖਾਂਗੀ ਅਤੇ ਤੇਰੇ ਨਾਲ ਵਧੀਆ ਵਿਹਾਰ ਕਰਾਂਗੀ," ਹਰਵੰਤ ਨੇ ਉੱਠ ਕੇ ਸ਼ੀਸ਼ੇ ਅੱਗੇ ਖੜ੍ਹ ਕੇ ਸ਼ੀਸ਼ੇ ਵਿਚ ਦੇਖ ਕੇ ਆਖਿਆ।

ਮੈਂ ਉੱਚੀ ਉੱਚੀ ਖਿੜ-ਖਿੜਾ ਕੇ ਹੱਸ ਪਿਆ।

"ਕੀ ਗੱਲ ਹੋਈ? ਇੰਨਾ ਹਾਸਾ ਕਾਹਦਾ? ਜੋ ਤੂੰ ਕਿਹਾ ਮੈਂ ਕਹਿ ਦਿੱਤਾ।"

"ਤੂੰ ਤਾਂ ਇਹ ਆਪਣੇ ਆਪ ਵੱਲ ਦੇਖ ਕੇ ਆਪਣੇ ਆਪ ਨੂੰ ਕਿਹਾ। ਮੈਨੂੰ ਤਾਂ ਨਹੀਂ ਕਿਹਾ। ਮੈਂ ਤਾਂ ਇੱਥੇ ਬੈਠਾਂ," ਮੈਂ ਹੱਸਦਿਆਂ ਆਖਿਆ।

"ਕੋਈ ਗੱਲ ਨਹੀਂ। ਮੈਂ ਵੀ ਕਦੇ ਇਸ ਦਾ ਬਦਲਾ ਲਵਾਂਗੀ।" ਹਰਵੰਤ ਨੇ ਥੋੜ੍ਹੀ ਜਿਹੀ ਸ਼ਰਮਿੰਦਗੀ ਮਹਿਸੂਸ ਕਰਦਿਆਂ ਮੇਰੇ ਵੱਲ ਟੇਢੀਆਂ ਅੱਖਾਂ ਨਾਲ ਦੇਖਿਆ।

"ਮੈਂ ਤਾਂ ਐਵੇਂ ਹੱਸਦੇ ਨੇ ਮਜ਼ਾਕ ਕੀਤਾ ਸੀ।" ਮੈਂ ਉਸ ਨੂੰ ਗਲਵੱਕੜੀ ਵਿਚ ਲੈਂਦਿਆਂ ਆਖਿਆ।

*****

ਤਿੰਨਾਂ ਕੁ ਸਾਲਾਂ ਬਾਅਦ ਅਸੀਂ ਘਰ ਵਾਲਿਆਂ ਦੀ ਰਜ਼ਾਮੰਦੀ ਨਾਲ ਵਿਆਹ ਕਰਾ ਲਿਆ। ਉਦੋਂ ਤਕ ਮੈਂ ਵੀ ਕੰਪਨੀ ਵਿਚ ਮੈਨੇਜਰ ਬਣ ਗਿਆ ਸੀ। ਦੋਹਾਂ ਦੀਆਂ ਤਨਖ਼ਾਹਾਂ ਨਾਲ ਬਹੁਤ ਵਧੀਆ ਗੁਜ਼ਾਰਾ ਹੋਈ ਜਾਂਦਾ ਸੀ। ਅਸੀਂ ਜ਼ਿੰਦਗੀ ਤੋਂ ਬਹੁਤ ਖ਼ੁਸ਼ ਸੀ। ਪਹਿਲਾਂ ਵਾਂਗ ਹੀ ਹੱਸ ਖੇਡ ਕੇ, ਸ਼ਰਾਰਤਾਂ ਕਰ ਕੇ, ਇਕ ਦੂਜੇ ਨੂੰ ਪਿਆਰ ਨਾਲ ਚਿੜਾ ਕੇ ਅਤੇ ਸਤਾ ਕੇ ਜ਼ਿੰਦਗੀ ਗੁਜ਼ਾਰ

ਰਹੇ ਸੀ। ਫਿਰ ਕੁਝ ਸਾਲਾਂ ਬਾਅਦ ਸਾਡੇ ਬੇਟੀ ਹੋਈ ਜਿਸ ਦਾ ਨਾਂ ਅਸੀਂ ਗੁਰਸੰਗ ਕੌਰ ਰੱਖਿਆ। ਬੇਟੀ ਹੋਣ ਤੋਂ ਬਾਅਦ ਵੀ ਜ਼ਿੰਦਗੀ ਉਸੇ ਚਾਲੇ ਹਾਸੇ-ਖੇਡ ਵਾਲੀ ਬੀਤਦੀ ਗਈ। ਹਾਲੇ ਵੀ ਅਸੀਂ ਪੁਰਾਣੇ ਮਨ-ਪਸੰਦ ਗੀਤ ਸੁਣਦੇ, ਨੱਚਦੇ, ਅਤੇ ਹਾਸਾ-ਮਜ਼ਾਕ ਕਰਦੇ।

ਹੌਲ਼ੀ ਹੌਲ਼ੀ ਸਾਲ ਬੀਤਦੇ ਗਏ। ਬੱਚੀ ਵੱਡੀ ਹੁੰਦੀ ਗਈ। ਬੀ.ਏ. ਕਰ ਕੇ ਉਹ ਅਮਰੀਕਾ ਪੜ੍ਹਨ ਚਲੇ ਗਈ। ਉੱਥੋਂ ਨਿਊ ਯਾਰਕ ਦੀ ਇਕ ਯੂਨੀਵਰਸਿਟੀ ਤੋਂ ਐੱਮ.ਬੀ.ਏ. ਕਰ ਕੇ ਉਸ ਨੇ ਉੱਥੇ ਹੀ ਨੌਕਰੀ ਲੈ ਲਈ ਅਤੇ ਪੱਕੀ ਰਿਹਾਇਸ਼ ਕਰ ਲਈ। ਗੁਰਸੰਗ ਨੇ ਅਮਰੀਕਾ ਵਿਚ ਹੀ ਸਾਡੀ ਸਲਾਹ ਨਾਲ ਬਹੁਤ ਸਾਧਾਰਨ ਢੰਗ ਨਾਲ ਵਿਆਹ ਕਰਵਾ ਲਿਆ, ਜਿਸ ਵਿਚ ਸ਼ਾਮਲ ਹੋਣ ਲਈ ਅਸੀਂ ਵੀ ਗਏ। ਰਿਟਾਇਰ ਹੋਣ ਤੋਂ ਬਾਅਦ ਬੇਟੀ ਦੇ ਬਹੁਤ ਜ਼ੋਰ ਪਾਉਣ ਤੇ ਅਸੀਂ ਵੀ ਆਪਣੀ ਪੱਕੀ ਰਿਹਾਇਸ਼ ਨਿਊ ਯਾਰਕ ਵਿਚ ਹੀ ਕਰ ਲਈ। ਅਸੀਂ ਆਪਣੀ ਹਿੰਦੁਸਤਾਨ ਵਾਲੀ ਸਾਰੀ ਜਾਇਦਾਦ ਵੇਚ ਕੇ ਉਸ ਨਾਲ ਇਕ ਛੋਟਾ ਜਿਹਾ ਮਕਾਨ ਨਿਊ ਯਾਰਕ ਦੇ ਇਕ ਹਿੱਸੇ ਵਿਚ ਗੁਰਸੰਗ ਹੁਰਾਂ ਦੇ ਘਰ ਦੇ ਨੇੜੇ ਹੀ ਖ਼ਰੀਦ ਲਿਆ। ਮੈਂ ਅਤੇ ਹਰਵੰਤ ਨੇ ਕੁਝ ਘੰਟੇ ਛੋਟੇ-ਮੋਟੇ ਕੰਮ ਕਰ ਕੇ ਕੁਝ ਪੈਸੇ ਵੀ ਕਮਾ ਲੈਣੇ। ਇਸ ਤਰ੍ਹਾਂ ਜ਼ਿੰਦਗੀ ਵਧੀਆ ਗੁਜ਼ਰ ਰਹੀ ਸੀ। ਬੇਟੀ ਦੇ ਇਕ ਬੇਟਾ ਸੀ ਜਿਸ ਦਾ ਨਾਂ ਸੁਰਤਾਲ ਸਿੰਘ ਸੀ। ਅਸੀਂ ਸੁਰਤਾਲ ਨਾਲ ਖੇਡ ਕੇ ਵੀ ਸਮਾਂ ਵਧੀਆ ਗੁਜ਼ਾਰ ਲੈਂਦੇ ਸੀ।

ਕੁਝ ਸਾਲਾਂ ਬਾਅਦ ਅਚਾਨਕ ਹਰਵੰਤ ਨੂੰ ਦਿਲ ਦਾ ਦੌਰਾ ਪੈ ਗਿਆ। ਉਹ ਹਾਲ ਦੀ ਘੜੀ ਤਾਂ ਬਚ ਗਈ ਸੀ ਪਰ ਉਸ ਦੀ ਹਾਲਤ ਬਹੁਤ ਮਾੜੀ ਸੀ। ਇਸ ਬਿਮਾਰੀ ਨਾਲ ਜੂਝਦੀ ਉਹ ਛੇ ਕੁ ਮਹੀਨਿਆਂ ਬਾਅਦ ਸੰਸਾਰ ਨੂੰ ਅਲਵਿਦਾ ਕਹਿ ਗਈ। ਉਸ ਵੇਲੇ ਮੇਰੀ ਉਮਰ 69 ਸਾਲਾਂ ਤੋਂ ਕੁਝ ਮਹੀਨੇ ਜ਼ਿਆਦਾ ਸੀ। ਅਚਾਨਕ ਹੱਸਦਿਆਂ ਖੇਡਦਿਆਂ ਨੂੰ ਦੁੱਖਾਂ ਨੇ ਆ ਘੇਰਿਆ ਸੀ।

*****

ਹਰਵੰਤ ਦੀ ਮੌਤ ਤੋਂ ਬਾਅਦ ਮੈਂ ਬਹੁਤ ਇਕੱਲਤਾ ਮਹਿਸੂਸ ਕਰਨ ਲੱਗ ਪਿਆ ਸੀ। ਖਾਣਾ ਤਾਂ ਕਈ ਵਾਰੀ ਮੈਂ ਆਪ ਹੀ ਘਰ ਬਣਾ ਲੈਂਦਾ ਸੀ, ਕਈ ਵਾਰੀ ਬਾਹਰੋਂ ਕੁਝ ਨਾ ਕੁਝ ਲੈ ਕੇ ਖਾ ਆਉਣਾ, ਅਤੇ ਕਦੇ ਬੇਟੀ ਦੇ ਘਰੋਂ ਖਾ ਲੈਣਾ ਪਰ ਸਾਥੀ ਨਾ ਹੋਣ ਦਾ ਅਤੇ ਉਹ ਵੀ ਹਰਵੰਤ ਵਰਗੀ ਬਹੁਤ ਵਧੀਆ ਸਾਥਣ ਦੇ ਨਾ ਹੋਣ ਦਾ ਵਿਗੋਚਾ ਬਹੁਤ ਸੀ। ਗੁਰਸੰਗ ਅਤੇ ਉਸ ਦੇ ਪਤੀ ਨੇ ਤਾਂ ਬਹੁਤ ਕਿਹਾ ਸੀ ਕਿ ਮੈਂ ਉਨ੍ਹਾਂ ਦੇ ਨਾਲ ਹੀ ਰਹਿਣ ਲੱਗ ਪਵਾਂ, ਪਰ ਮੈਂ ਉਨ੍ਹਾਂ ਦੇ ਨਾਲ ਰਹਿ ਕੇ ਉਨ੍ਹਾਂ ਦੀ ਆਜ਼ਾਦੀ ਨੂੰ ਭੰਗ ਨਹੀਂ ਸੀ ਕਰਨਾ ਚਾਹੁੰਦਾ। ਵੈਸੇ ਮੇਰਾ ਘਰ ਉਨ੍ਹਾਂ ਦੇ ਘਰ ਤੋਂ ਤੁਰ ਕੇ ਮਸਾਂ 8-10 ਮਿੰਟ ਦੀ ਦੂਰੀ ‘ਤੇ ਹੀ ਸੀ। ਇਸ ਲਈ ਇਕ ਦੂਜੇ ਦੇ ਘਰ ਆਉਣਾ ਜਾਣਾ ਬਹੁਤ ਸੌਖਾ ਸੀ।

ਹਰਵੰਤ ਦੀ ਮੌਤ ਤੋਂ ਸਾਲ ਕੁ ਬਾਅਦ ਮੇਰੇ ਕੁਝ ਰਿਸ਼ਤੇਦਾਰਾਂ ਅਤੇ ਕੁਝ ਦੋਸਤਾਂ ਨੇ ਸੁਝਾਅ ਦਿੱਤਾ ਸੀ ਕਿ ਮੈਂ ਦੁਬਾਰਾ ਵਿਆਹ ਕਰਾ ਲਵਾਂ। ਕਈਆਂ ਨੇ ਕਿਹਾ ਸੀ, "ਤਰਸੇਮ, ਤੇਰੀ ਉਮਰ ਹਾਲੇ 70 ਕੁ ਸਾਲ ਦੀ ਹੈ। ਕਿੱਥੇ ਆਪਣੇ ਹੱਥ ਜਾਲ਼ਦਾ ਰਹੇਂਗਾ। ਵਿਆਹ ਕਰਾ ਲੈ। ਰੋਟੀ ਪੱਕਦੀ ਹੋ ਜਾਵੇਗੀ।" ਪਰ ਦੋਸਤ ਅਤੇ ਰਿਸ਼ਤੇਦਾਰ ਇਹ ਨਹੀਂ ਸੀ ਸਮਝਦੇ ਕਿ ਰੋਟੀ ਦਾ ਕੋਈ ਮਸਲਾ ਨਹੀਂ ਸੀ। ਸਾਰਾ ਮਸਲਾ ਅਤੇ ਸਮੱਸਿਆ ਤਾਂ ਸਾਥ ਦੀ ਸੀ। ਹੁਣ ਮੈਂ ਕਿਸ ਨਾਲ ਬੈਠ ਕੇ ਗੱਲਾਂ ਕਰਾਂਗਾ, ਦੁੱਖ-ਸੁੱਖ ਫੋਲਾਂਗਾ? ਜੇ ਮੇਰੇ ਕੋਈ ਦਰਦ ਹੋਵੇ ਜਾਂ ਮੈਂ ਢਿੱਲਾ-ਮੱਠਾ ਹੋਵਾਂ ਤਾਂ ਮੈਂ ਕਿਸ ਨੂੰ ਦੱਸਾਂਗਾ? ਰੋਟੀ ਦਾ ਕੀ ਹੈ? ਆਦਮੀ ਕਈ ਵਾਰੀ ਆਪੇ ਹੀ ਬਣਾ ਲੈਂਦਾ ਅਤੇ ਕਈ ਵਾਰੀ ਬਾਹਰੋਂ ਲੈ ਆਉਂਦਾ।

ਮੈਨੂੰ ਯਾਦ ਹੈ ਸਾਡੇ ਪਿੰਡ ਵਾਲੇ ਮਿਹਰ ਸਿੰਘ ਦੀ ਕਹਾਣੀ। ਮਿਹਰ ਸਿੰਘ ਆਪਣੇ ਜ਼ਮਾਨੇ ਵਿਚ ਦਸ ਜਮਾਤਾਂ ਪਾਸ ਸੀ ਅਤੇ ਪ੍ਰਾਇਮਰੀ ਸਕੂਲ ਦੀ ਅਧਿਆਪਕੀ ਤੋਂ ਰਿਟਾਇਰ ਹੋ ਕੇ ਆਪਣੀ ਪਤਨੀ ਬਚਿੰਤ ਕੌਰ ਨਾਲ ਪਿੰਡ ਆਪਣੇ ਘਰ ਹੀ ਰਹਿੰਦਾ ਸੀ। ਉਨ੍ਹਾਂ ਦੇ ਕੋਈ ਵੀ ਔਲਾਦ ਨਹੀਂ ਸੀ। ਮਿਹਰ ਸਿੰਘ ਦੇ ਦੋ ਭਰਾ ਨਾਲ ਦੇ ਘਰਾਂ ਵਿਚ ਰਹਿੰਦੇ ਸਨ ਅਤੇ ਉਨ੍ਹਾਂ ਦੇ ਬੱਚੇ ਮਿਹਰ ਸਿੰਘ ਨਾਲ ਬਹੁਤ ਪਿਆਰ ਕਰਦੇ ਸਨ। ਮਿਹਰ ਸਿੰਘ 77-78 ਸਾਲਾਂ ਦੀ ਉਮਰ ਦਾ ਸੀ ਜਦੋਂ ਅਚਾਨਕ ਬਚਿੰਤ ਕੌਰ ਦੀ ਮੌਤ ਹੋ ਗਈ ਸੀ। ਮਿਹਰ ਸਿੰਘ ਬਹੁਤ ਰੋਇਆ ਸੀ ਅਤੇ ਉਸ

ਤੋਂ ਬਾਅਦ ਬਹੁਤ ਉਦਾਸ ਰਹਿਣ ਲੱਗ ਪਿਆ ਸੀ। ਸਾਲ ਕੁ ਵਿਚ ਹੀ ਉਸ ਦੀ ਸਿਹਤ ਕਾਫ਼ੀ ਲਿਫ਼ ਗਈ ਸੀ ਅਤੇ ਤੁਰਨ ਲਈ ਉਸ ਨੂੰ ਖੂੰਡੀ ਦਾ ਸਹਾਰਾ ਲੈਣਾ ਪੈ ਗਿਆ ਸੀ। ਮੈਂ ਉਸ ਨੂੰ ਬਾਬਾ ਹੀ ਕਹਿੰਦਾ ਸੀ ਕਿਉਂਕਿ ਉਹ ਮੇਰੇ ਬਾਪੂ ਦਾ ਘਰਾਂ ਵਿਚੋਂ ਚਾਚਾ ਲਗਦਾ ਸੀ। ਮੈਂ ਉਸ ਵੇਲੇ ਮਸਾਂ 17-18 ਸਾਲਾਂ ਦਾ ਸੀ। ਮੈਂ ਇਕ ਦਿਨ ਉਸ ਦੇ ਘਰ ਅੱਗਿਓਂ ਲੰਘ ਰਿਹਾ ਸੀ ਤਾਂ ਮੈਂ ਉਸ ਨੂੰ ਆਪਣੇ ਵਿਹੜੇ ਵਿਚ ਬੈਠਿਆਂ ਦੇਖਿਆ। ਮੈਂ ਖੁੱਲ੍ਹੇ ਦਰਵਾਜ਼ੇ ਵਿਚੋਂ ਅੰਦਰ ਵੜਦਿਆਂ ਪੁੱਛਿਆ:

"ਬਾਬਾ ਕੀ ਹਾਲ ਹੈ? ਸਭ ਠੀਕ-ਠਾਕ ਹੈ?"

"ਆ ਜਾ ਬਹਿ ਜਾ ਜੁਆਨਾਂ। ਕੀ ਹਾਲ ਤੇਰਾ?" ਉਸ ਨੇ ਮੈਨੂੰ ਕੋਲ਼ ਪਈ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕਰਦਿਆਂ ਪੁੱਛਿਆ।

"ਮੈਂ ਤਾਂ ਠੀਕ ਹਾਂ ਬਾਬਾ। ਤੁਹਾਡਾ ਕੀ ਹਾਲ ਹੈ?"

"ਮੇਰਾ ਹਾਲ ਹੁਣ ਕੀ ਹੋਣਾ ਕਾਕਾ। ਬੱਸ ਵਕਤ ਕਟੀ ਕਰ ਰਿਹਾਂ।"

"ਕੀ ਗੱਲ ਹੋਈ ਬਾਬਾ? ਸਿਹਤ ਤਾਂ ਠੀਕ ਹੈ?"

"ਬੱਚਿਆ, ਸਿਹਤ ਹੁਣ ਐਦਾਂ ਹੀ ਐ ਜਦੋਂ ਦੀ ਤੇਰੀ ਬੇਬੇ ਗਈ ਐ। ... ਉਸ ਦਾ ਝੋਰਾ ਈ ਮਾਰੀ ਜਾਂਦਾ।"

"ਬਾਬਾ, ਹੌਸਲਾ ਰੱਖ। ਤੁਹਾਡੇ ਭਤੀਜੇ ਅਤੇ ਅਸੀਂ ਸਾਰੇ ਤੁਹਾਡੇ ਕੋਲ਼ ਹੀ ਹਾਂ।"

"ਜੁਆਨਾਂ, ਇਹ ਤਾਂ ਠੀਕ ਐ ਪਰ ਬਚਿੰਤ ਕੌਰ ਤੋਂ ਬਿਨਾਂ ਸਭ ਕੁਝ ਰੁੱਖਾ ਰੁੱਖਾ ਲਗਦਾ। ਤੈਨੂੰ ਪਤਾ ਜਦੋਂ ਸਾਰੀ ਉਮਰ ਦਾ ਸਾਥੀ ਚਲੇ ਜਾਵੇ ਤਾਂ ਕੀ ਹਾਲ ਹੁੰਦਾ? ... ਲੋਕ ਕਹਿੰਦੇ ਹੁਣ ਤਾਂ ਸਬਰ ਕਰ ਕੇ ਹੀ ਜ਼ਿੰਦਗੀ ਕੱਟਣੀ ਪੈਣੀ ਐ, ਪਰ ਕਾਕਾ ਸਬਰ ਕਿਵੇਂ ਕੀਤਾ ਜਾਵੇ? ਇਹ ਤਾਂ ਜਿਸ ਦੇ ਸਿਰ ਪਵੇ ਉਹਨੂੰ ਈ ਪਤਾ। ... ਕਹਾਵਤ ਐ ਕਿ *ਜਿਸ ਤਨ ਲਾਗੈ ਸੋਈ ਜਾਣੇ*। ਜਿਹਦੇ ਪੈਰਾਂ 'ਚ ਕੰਡਾ ਈ ਨਹੀਂ ਚੁੱਭਿਆ, ਉਹ ਇਹਦੀ ਪੀੜ ਕਿੱਦਾਂ ਜਾਣ ਸਕਦਾ। ... ਤੇਰੀ ਬੇਬੇ ਕੋਲ਼ ਹੁੰਦੀ ਸੀ ਤਾਂ ਇਕ ਦੂਜੇ ਦੇ ਕੋਲ਼ ਬੈਠ ਕੇ ਗੱਲਾਂ ਕਰੀ ਸੁਣੀ ਜਾਣੀਆਂ। ... ਉਹਨੇ ਕੋਲ਼ ਬੈਠ ਕੇ ਕਹਿਣਾ ਮਿਹਰ ਸਿਆਂ ਕੋਈ ਵਧੀਆ ਜਿਹੀ ਗੱਲ ਸੁਣਾ। ਮੈਂ ਉਹਨੂੰ ਕਹਾਣੀਆਂ ਸੁਣਾਉਣੀਆਂ। ਮਜ਼ਾਕ ਕਰਨੇ। ਉਹਨੇ ਹੁੰਗਾਰਾ ਭਰੀ ਜਾਣਾ। ... ਹੁਣ ਕਿਹਦੇ ਕੋਲ਼ ਸਮਾਂ ਮੇਰੀਆਂ ਕਹਾਣੀਆਂ ਸੁਣਨ ਨੂੰ ਅਤੇ ਹੁੰਗਾਰਾ ਭਰਨ ਨੂੰ?" ਬਾਬੇ ਦੀਆਂ ਅੱਖਾਂ ਵਿਚੋਂ ਹੰਝੂ ਡਿਗ ਰਹੇ ਸਨ। ਮੇਰੇ ਨਾਲ ਗੱਲਾਂ ਕਰਦਿਆਂ ਉਸ ਨੇ ਆਪਣੇ ਮੋਢੇ 'ਤੇ ਰੱਖੇ ਪਰਨੇ ਨਾਲ ਆਪਣੀਆਂ ਅੱਖਾਂ ਨੂੰ ਕਈ ਵਾਰੀ ਪੂੰਝਿਆ।

"ਬਾਬਾ, ਤੇਰੀਆਂ ਗੱਲਾਂ ਤਾਂ ਬਿਲਕੁਲ ਸੱਚੀਆਂ। ਆਪਣੇ ਸਾਥੀ ਤੋਂ ਬਿਨਾਂ ਇਹ ਜੱਗ ਹਨੇਰਾ ਹੋ ਜਾਂਦਾ। ਵਿਛੋੜਾ ਸਹਿਣਾ ਬਹੁਤ ਮੁਸ਼ਕਲ ਹੈ।" ਮੈ ਉੱਠ ਕੇ ਆਪਣੀਆਂ ਬਾਂਹਾਂ ਬਾਬੇ ਦੁਆਲ਼ੇ ਵਲ਼ ਕੇ ਉਸ ਨੂੰ ਧਰਵਾਸਾ ਦਿੰਦਿਆਂ ਆਖਿਆ।

"ਬੱਚਿਆ, ਤੇਰੀ ਗੱਲ ਤਾਂ ਠੀਕ ਹੈ। ਵਿਛੋੜਾ ਸਹਿਣਾ ਬਹੁਤ ਔਖਾ। ਸਬਰ ਕਰਨਾ ਬਹੁਤ ਔਖਾ। ਜਿੰਨਾ ਪਿਆਰ ਹੋਵੇ ਉਨਾ ਹੀ ਜ਼ਿਆਦਾ ਦੁੱਖ ਹੁੰਦਾ ਕਿਸੇ ਦੇ ਜਾਣ ਦਾ। ... ਬਾਬਾ ਫ਼ਰੀਦ ਨੇ ਕਿਹਾ ਸੀ,

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥*
*ਫ਼ਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥*

ਜੁਆਨਾਂ, ਬਿਰਹਾ ਦਾ ਦੁੱਖ ਸਹਿਣਾ ਬਹੁਤ ਔਖਾ। ਜਿਸ ਨਾਲ ਪਿਆਰ ਹੋਵੇ, ਉਸ ਤੋਂ ਤਾਂ ਥੋੜ੍ਹੀ ਦੇਰ ਲਈ ਵੀ ਵਿਛੜ ਜਾਈਏ ਤਾਂ ਦੁੱਖ ਅਸਹਿ ਹੁੰਦਾ। ਬਾਬਾ ਮਿਹਰ ਸਿੰਘ ਪਹਿਲਾਂ ਤੋਂ ਹੀ ਕਾਫ਼ੀ ਧਾਰਮਿਕ ਸੀ ਪਰ ਬੇਬੇ ਬਚਿੰਤ ਕੌਰ ਦੀ ਮੌਤ ਤੋਂ ਬਾਅਦ ਤਾਂ ਬਹੁਤ ਹੀ ਧਾਰਮਿਕ ਹੋ ਗਿਆ ਸੀ। ਉਹ ਰੋਜ਼ਾਨਾ ਕਈ ਕਈ ਘੰਟੇ ਬਾਣੀ ਪੜ੍ਹਦਾ ਰਹਿੰਦਾ ਸੀ।

"ਜੁਆਨਾਂ, ਤੇਰੀ ਬੇਬੇ ਨੇ ਹਮੇਸ਼ਾ ਮੇਰੇ ਨਾਲ ਬੈਠ ਕੇ ਰੋਟੀ ਖਾਣੀ। ਜੇ ਮੈਂ ਬਾਹਰ ਗਿਆ ਹੋਣਾ ਤਾਂ ਉਹਨੇ ਓਨੀ ਦੇਰ ਰੋਟੀ ਨਾ ਖਾਣੀ ਜਦੋਂ ਤਕ ਮੈਂ ਘਰ ਨਾ ਆ ਜਾਣਾ। ਉਹਨੇ ਖੀਰ, ਕੜਾਹ ਜਾਂ

ਕੋਈ ਹੋਰ ਮਿੱਠੀ ਚੀਜ਼ ਬਣਾਉਣੀ ਤਾਂ ਆਪਣੇ ਹੱਥਾਂ ਨਾਲ ਮੈਨੂੰ ਖਿਲਾਉਣੀ। ... ਅੰਬਾਂ ਦੇ ਮੌਸਮ ਵਿਚ ਅਸੀਂ ਇਕੱਠੇ ਬੈਠ ਕੇ ਅੰਬ ਚੂਪਣੇ। ਤੇਰੀ ਬੇਬੇ ਨੇ ਕਹਿਣਾ, 'ਮਿਹਰ ਸਿਆਂ, ਪਹਿਲਾਂ ਥੋੜ੍ਹਾ ਜਿਹਾ ਤੂੰ ਅੰਬ ਚੂਪ। ਫੇਰ ਮੈਨੂੰ ਦੇਵੀਂ।' ਮੈਂ ਅੰਬ ਲੈ ਕੇ ਥੋੜ੍ਹਾ ਜਿਹਾ ਚੂਪ ਕੇ ਬਚਿੰਤ ਨੂੰ ਦੇ ਦੇਣਾ ਤੇ ਕਹਿਣਾ, 'ਬਚਿੰਤ, ਹੁਣ ਤੂੰ ਚੂਪ।' ਅਗਲਾ ਅੰਬ ਬਚਿੰਤ ਨੇ ਪਹਿਲਾਂ ਚੂਪ ਕੇ ਮੈਨੂੰ ਦੇਣਾ ਤੇ ਮੈਂ ਬਾਅਦ ਵਿਚ ਚੂਪਣਾ। ਇਸ ਤਰ੍ਹਾਂ ਅਸੀਂ 'ਕੱਠਿਆਂ ਨੇ ਬੈਠ ਕੇ ਕਈ ਕਈ ਅੰਬ ਚੂਪ ਲੈਣੇ।.. ਹੁਣ ਤਾਂ ਉਹ ਸਿਰਫ਼ ਯਾਦਾਂ ਰਹਿ ਗਈਆਂ।... ਹੁਣ ਕਿਸ ਨਾਲ ਬੈਠ ਕੇ ਅੰਬ ਚੂਪਾਂ? ... ਪੁੱਤਰਾ, ਸਬਰ ਦੇ ਘੁੱਟ ਭਰਨੇ ਬਹੁਤ ਮੁਸ਼ਕਲ ਹਨ।''

''ਚੰਗਾ ਬਾਬਾ, ਮੈਂ ਫਿਰ ਕਿਸੇ ਦਿਨ ਆਵਾਂਗਾ। ਹੌਸਲਾ ਰੱਖ। ਕਦੇ ਵੀ ਮੇਰੀ ਕਿਸੇ ਕਿਸਮ ਦੀ ਮਦਦ ਦੀ ਲੋੜ ਹੋਵੇ ਤਾਂ ਹਾਕ ਮਾਰ ਲਵੀਂ।'' ਕੁਝ ਦੇਰ ਹੋਰ ਗੱਲਾਂ ਕਰ ਕੇ ਮੈਂ ਬਾਬੇ ਨੂੰ ਹੌਸਲਾ ਦਿੰਦਿਆਂ ਤੁਰ ਪਿਆ। ਮੈਨੂੰ ਲੱਗਾ ਜੇ ਮੈਂ ਬਾਬੇ ਦੀਆਂ ਦੁੱਖ ਭਰੀਆਂ ਗੱਲਾਂ ਕੁਝ ਹੋਰ ਦੇਰ ਸੁਣਦਾ ਰਿਹਾ ਤਾਂ ਮੈਨੂੰ ਰੋਣ ਆ ਜਾਣਾ।

ਮੈਂ ਹਾਲੇ ਦਰਵਾਜ਼ਾ ਵੀ ਨਹੀਂ ਸੀ ਲੰਘਿਆ ਕਿ ਬਾਬੇ ਦਾ ਬਹੁਤ ਬਿਰਹਾ ਦੇ ਲਹਿਜੇ ਵਾਲੀ ਆਵਾਜ਼ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ ਨੂੰ ਗਾਉਣਾ ਸੁਣਾਈ ਦਿੱਤਾ।

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ।।*

*ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣੁ ਨਾਗ ਨਿਵਾਸਾਂ ਦੇ ਰਹਣਾ।। ...*

ਮੇਰੀਆਂ ਅੱਖਾਂ ਭਰ ਆਈਆਂ। ਮੈਂ ਪਿੱਛੇ ਮੁੜ ਕੇ ਦੇਖਣ ਦਾ ਹੌਸਲਾ ਨਾ ਕਰ ਸਕਿਆ।

ਹਰਵੰਤ ਦੇ ਜਾਣ ਤੋਂ ਬਾਅਦ ਮੈਨੂੰ ਬਾਬੇ ਮਿਹਰ ਸਿੰਘ ਦੀਆਂ ਗੱਲਾਂ ਅਕਸਰ ਯਾਦ ਆਉਂਦੀਆਂ ਕਿ ਸਾਥੀ ਦੇ ਜਾਣ ਨਾਲ ਰੋਟੀ ਦਾ ਮਸਲਾ ਨਹੀਂ ਹੁੰਦਾ, ਸਗੋਂ ਸਾਥ ਦੀ ਸਮੱਸਿਆ ਹੁੰਦੀ ਹੈ। ਮੈਂ ਕਈ ਬਜ਼ੁਰਗਾਂ ਦੇ ਪਤੀ ਜਾਂ ਪਤਨੀਆਂ ਤੁਰ ਜਾਣ ਤੇ ਉਨ੍ਹਾਂ ਦੀ ਦੁਰਦਸ਼ਾ ਅਤੇ ਨਿਰਾਸ਼ਾ ਬਾਰੇ ਸੁਣਿਆਂ ਸੀ।

*****

ਹਰਵੰਤ ਦੇ ਜਾਣ ਤੋਂ ਬਾਅਦ ਸਾਡੇ ਪਿੰਡ ਵਾਲੇ ਅਮਲੀ ਕਰਤਾਰੇ ਦੀਆਂ ਗੱਲਾਂ ਦੀ ਵੀ ਅਕਸਰ ਹੀ ਯਾਦ ਆਈ ਹੈ। ਕਰਤਾਰਾ ਆਪਣੇ ਮਾਂ-ਪਿਓ ਦਾ ਇਕੱਲਾ ਹੀ ਬੱਚਾ ਸੀ। ਲਾਡ-ਪਿਆਰ ਨਾਲ ਪਲ਼ਿਆ ਸੀ, ਪਰ 14-15 ਸਾਲ ਦੀ ਉਮਰ ਵਿਚ ਹੀ ਮਾੜੇ ਦੋਸਤ ਬਣਾ ਲਏ ਅਤੇ ਭੈੜੀਆਂ ਆਦਤਾਂ ਪਾ ਲਈਆਂ। ਉਹ ਹਰ ਤਰ੍ਹਾਂ ਦਾ ਨਸ਼ਾ ਕਰਨ ਲੱਗ ਪਿਆ ਸੀ। ਨਸ਼ਿਆਂ ਅਤੇ ਲੜਾਈਆਂ ਝਗੜਿਆਂ ਵਿਚ ਪੈ ਕੇ ਉਹ ਬਹੁਤ ਬਦਨਾਮ ਹੋ ਗਿਆ ਸੀ। ਪਿਓ ਖੇਤੀ ਕਰਦਾ ਸੀ। ਭਾਵੇਂ ਜ਼ਮੀਨ ਬਹੁਤੀ ਨਹੀਂ ਸੀ ਪਰ ਘਰ ਦਾ ਗੁਜ਼ਾਰਾ ਵਧੀਆ ਹੋਈ ਜਾਂਦਾ ਸੀ। ਕਰਤਾਰੇ ਦੀਆਂ ਮਾੜੀਆਂ ਆਦਤਾਂ ਕਾਰਨ ਉਸ ਨੂੰ ਵਿਆਹ ਲਈ ਕੋਈ ਰਿਸ਼ਤਾ ਨਾ ਆਇਆ। ਹੌਲ਼ੀ ਹੌਲ਼ੀ ਪਹਿਲਾਂ ਪਿਓ ਅਤੇ ਫਿਰ ਮਾਂ ਦੀ ਮੌਤ ਹੋ ਗਈ। ਕਰਤਾਰਾ ਇਕੱਲਾ ਰਹਿ ਗਿਆ ਸੀ। ਉਸ ਨੇ ਭਾਵੇਂ ਮਾੜੀ ਸੰਗਤ ਹੁਣ ਛੱਡ ਦਿੱਤੀ ਸੀ ਅਤੇ ਲੜਾਈਆਂ ਝਗੜਿਆਂ ਤੋਂ ਵੀ ਉਸ ਨੇ ਆਪਣੇ ਆਪ ਨੂੰ ਹਟਾ ਲਿਆ ਸੀ ਪਰ ਉਹ ਨਸ਼ੇ ਨਾ ਛੱਡ ਸਕਿਆ। ਜ਼ਮੀਨ ਹਾਲ਼ੇ ਤੇ ਦਿੱਤੀ ਹੋਈ ਸੀ ਜਿਸ ਦੇ ਪੈਸਿਆਂ ਨਾਲ ਉਸ ਦਾ ਨਸ਼ਾ-ਪੱਤਾ ਅਤੇ ਹੋਰ ਖ਼ਰਚ ਚਲੀ ਜਾਂਦੇ ਸਨ। ਉਹ ਸਾਰਾ ਸਾਰਾ ਦਿਨ ਲੋਕਾਂ ਦੀਆਂ ਢਾਣੀਆਂ ਵਿਚ ਬੈਠਾ ਰਹਿੰਦਾ। ਜਦੋਂ ਨਸ਼ਾ ਟੁੱਟਦਾ ਤਾਂ ਘਰ ਜਾ ਕੇ ਨਸ਼ਾ ਕਰ ਕੇ ਫਿਰ ਵਾਪਸ ਆ ਜਾਂਦਾ। ਫਿਰ ਕਰਤਾਰਾ ਕਈ ਦਿਨ ਕਿਸੇ ਨੇ ਨਾ ਦੇਖਿਆ। ਸਭ ਨੂੰ ਫ਼ਿਕਰ ਪੈ ਗਿਆ ਕਿ ਕਰਤਾਰਾ ਗਿਆ ਕਿੱਥੇ। ਉਸ ਨੇ ਕਿਸੇ ਨੂੰ ਵੀ ਨਹੀਂ ਸੀ ਦੱਸਿਆ ਕਿ ਉਹ ਕਿਤੇ ਬਾਹਰ ਜਾ ਰਿਹਾ ਸੀ। ਲੋਕਾਂ ਨੇ ਉਸ ਦੇ ਘਰ ਦੇ ਦਰਵਾਜ਼ੇ ਵੀ ਬਥੇਰੇ ਖੜਕਾਏ ਪਰ ਕੋਈ ਜਵਾਬ ਨਾ ਆਇਆ। ਫਿਰ ਅਚਾਨਕ ਪਤਾ ਲੱਗਾ ਕਿ ਕਰਤਾਰਾ ਵਾਪਸ ਆ ਗਿਆ ਸੀ। ਮੂੰਹੋਂ-ਮੂੰਹੀਂ ਪਤਾ ਲੱਗਾ ਕਿ ਕਰਤਾਰਾ ਆਪਣੇ ਕਿਸੇ ਟਰੱਕ ਡਰਾਈਵਰ ਦੋਸਤ ਨਾਲ ਬਿਹਾਰ ਨੂੰ ਚਲੇ ਗਿਆ ਸੀ। ਉਸ ਦੋਸਤ ਨੇ ਕਰਤਾਰੇ ਨੂੰ ਕਿਹਾ ਸੀ ਕਿ ਉਹ ਬਿਹਾਰ ਤੋਂ ਜਾ ਕੇ ਤਿੰਨ-ਚਾਰ ਹਜ਼ਾਰ ਰੁਪਏ

ਵਿਚ ਔਰਤ ਮੁੱਲ ਲੈ ਆਵੇ। ਉਸ ਡਰਾਈਵਰ ਨੂੰ ਬਿਹਾਰ ਦੇ ਇਹੋ ਜਿਹੇ ਅੱਡਿਆਂ ਦਾ ਪਤਾ ਸੀ। ਕਰਤਾਰਾ ਉਸ ਦੋਸਤ ਨਾਲ ਬਿਹਾਰ ਨੂੰ ਚਲੇ ਗਿਆ ਸੀ ਅਤੇ ਇਕ ਔਰਤ ਮੁੱਲ ਲੈ ਆਇਆ ਸੀ। ਪਰ ਉਸ ਦੇ ਵਾਪਸ ਆਉਣ 'ਤੇ ਵੀ ਕਿਸੇ ਨੇ ਕਰਤਾਰੇ ਨੂੰ ਨਾ ਦੇਖਿਆ। ਕਿਤੇ ਮਹੀਨੇ ਕੁ ਬਾਅਦ ਇਕ ਦਿਨ ਕਰਤਾਰਾ ਦੋਸਤਾਂ ਦੀ ਢਾਣੀ ਵਿਚ ਘੰਟੇ ਕੁ ਲਈ ਆਇਆ।

"ਅਮਲੀਆ ਕਿੱਥੇ ਮਰ ਗਿਆ ਸੀ?" ਇਕ ਦੋਸਤ ਨੇ ਹੱਸ ਕੇ ਪੁੱਛਿਆ।

"ਬਈ ਮੈਂ ਬਿਹਾਰ ਨੂੰ ਗਿਆ ਸੀ ਘਰ ਵਾਲੀ ਨੂੰ ਲੈਣ।"

"ਘਰ ਵਾਲੀ ਬਿਹਾਰ ਰਹਿੰਦੀ ਸੀ?" ਇਕ ਹੋਰ ਨੇ ਟਿੱਚਰ ਕੀਤੀ।

"ਓਏ ਕਾਹਨੂੰ। ਉੱਥੋਂ ਪੈਸੇ ਦੇ ਕੇ ਘਰ ਵਾਲੀ ਲੈ ਕੇ ਆਇਆਂ।"

"ਤੈਨੂੰ ਆਏ ਨੂੰ ਮਹੀਨਾ ਹੋ ਗਿਆ ਪਰ ਤੂੰ ਦਿਖਾਲ਼ੀ ਅੱਜ ਦਿੱਤੀ ਐ। ਐਨੇ ਦਿਨ ਘਰ ਵਾਲੀ ਦੇ ਗੋਡੇ ਮੁੱਢ ਬੈਠਾ ਰਿਹਾ?" ਇਕ ਹੋਰ ਨੇ ਟਿੱਚਰ ਕੀਤੀ।

"ਓਏ ਗੋਡੇ ਮੁੱਢ ਕਿੱਥੇ ਬੈਠਣਾ ਸੀ। ਅਸੀਂ ਤਾਂ ਦੋਏ ਗੱਲਾਂ ਕਰਦੇ ਰਹੇ। ਕਦੇ ਮੂੜ੍ਹਿਆਂ 'ਤੇ ਬੈਠ ਕੇ, ਕਦੇ ਚੁੱਲ੍ਹੇ ਮੂਹਰੇ ਬੈਠ ਕੇ, ਕਦੇ ਮੰਜੇ 'ਤੇ ਬੈਠ ਕੇ।"

"ਇਕ ਮਹੀਨਾ ਤੁਹਾਡੀਆਂ ਗੱਲਾਂ ਹੀ ਨਹੀਂ ਮੁੱਕੀਆਂ?" ਕਿਸੇ ਹੋਰ ਨੇ ਮਜ਼ਾਕ ਕੀਤਾ।

"ਤੁਸੀਂ ਤਾਂ ਬਈ ਸਾਰੇ ਵਿਆਹੇ ਹੋਏ ਓ। ਮੈਨੂੰ ਮਸਾਂ ਹੁਣ ਘਰ ਵਾਲੀ ਜੁੜੀ ਐ। 50 ਸਾਲ ਹੋ ਗਏ ਕੋਈ ਵੀ ਗੱਲਾਂ ਕਰਨ ਨੂੰ ਨਹੀਂ ਸੀ। ਹੁਣ 50 ਸਾਲਾਂ ਦੀਆਂ 'ਕੱਠੀਆਂ ਹੋਈਆਂ ਗੱਲਾਂ ਕਰਨੀਆਂ ਸੀ। ਦੇਰ ਤਾਂ ਲਗਦੀ ਐ। ਉਹਦੇ ਕੋਲ਼ ਵੀ ਬਹੁਤ ਗੱਲਾਂ ਸੀ ਕਰਨ ਵਾਲੀਆਂ। ਘਰ ਵਾਲੀ ਤੋਂ ਬਗ਼ੈਰ ਵੀ ਕੋਈ ਜ਼ਿੰਦਗੀ ਐ? 'ਕੱਲੇ ਦੀ ਕਾਹਦੀ ਜ਼ਿੰਦਗੀ। ਜਿੱਥੇ ਮਰਜ਼ੀ ਬੈਠ ਜਾਓ ਤੇ ਜਿੱਥੇ ਮਰਜ਼ੀ ਚਲੇ ਜਾਓ। ਘਰ ਵਿਚ ਗੱਲਾਂ ਕਰਨ ਵਾਲੀ ਹੋਵੇ ਤਾਂ ਦਿਲ ਲੱਗਿਆ ਰਹਿੰਦਾ।"

"ਵਾਹ ਅਮਲੀਆ, ਆਹ ਤਾਂ ਤੂੰ ਬਹੁਤ ਪਤੇ ਦੀ ਗੱਲ ਕੀਤੀ ਆ," ਇਕ ਹੋਰ ਨੇ ਮਖ਼ੌਲ ਕੀਤਾ ਅਤੇ ਸਾਰੇ ਹੱਸ ਪਏ।

*****

ਇਕ ਦਿਨ ਬੇਟੀ ਗੁਰਸੰਗ ਕਹਿੰਦੀ, "ਡੈਡੀ, ਤੁਹਾਡੀ ਉਮਰ 70 ਸਾਲ ਹੀ ਤਾਂ ਹੈ। ਤੁਹਾਡੀ ਸਿਹਤ ਵੀ ਬਹੁਤ ਵਧੀਆ। ਅੱਜ ਕੱਲ੍ਹ ਲੋਕ 100 ਸਾਲ ਤੱਕ ਵੀ ਵਧੀਆ ਸਿਹਤ ਨਾਲ ਜਿਉਂਦੇ ਰਹਿੰਦੇ ਹਨ। ਤੁਸੀਂ ਦੇਖੋ, ਅਮਰੀਕਾ ਵਿਚ ਤਾਂ ਸੌ ਸੌ ਸਾਲ ਦੇ ਬਜ਼ੁਰਗ ਨੱਠੇ ਫਿਰਦੇ ਹਨ। ਤੁਸੀਂ ਇੰਨੇ ਸਾਲ ਇਕੱਲੇ ਕਿਵੇਂ ਰਹੋਗੇ? ਤੁਸੀਂ ਸਾਡੇ ਨਾਲ ਰਹਿਣਾ ਨਹੀਂ ਚਾਹੁੰਦੇ। ਸਿਹਤ ਦੇ ਹਿਸਾਬ ਨਾਲ ਤੁਸੀਂ ਹਾਲੇ ਚੰਗੇ ਭਲੇ ਹੋ। ਕਿਉਂ ਨਹੀਂ ਤੁਸੀਂ ਫਿਰ ਵਿਆਹ ਕਰਾ ਲੈਂਦੇ? ਇਹ ਕੋਈ ਸ਼ਰਮ ਵਾਲੀ ਗੱਲ ਨਹੀਂ। ਅਮਰੀਕਾ ਵਿਚ ਤਾਂ 80-90 ਸਾਲ ਦੇ ਲੋਕ ਵੀ ਵਿਆਹ ਕਰਾ ਲੈਂਦੇ ਹਨ। ਤੁਹਾਨੂੰ ਸਾਥ ਦੀ ਲੋੜ ਹੈ। ਸਾਥੀ ਤੋਂ ਬਿਨਾਂ ਜ਼ਿੰਦਗੀ ਕੱਟਣੀ ਮੁਸ਼ਕਲ ਹੈ। ਸਾਨੂੰ ਡਰ ਹੈ ਕਿ ਇਕੱਲੇ ਰਹਿ ਕੇ ਤੁਹਾਨੂੰ ਡੈਪਰੈਸ਼ਨ ਨਾ ਹੋ ਜਾਵੇ। ਇਸ ਬਾਰੇ ਸੋਚ ਲਓ।"

"ਬੇਟਾ, ਗੱਲ ਤਾਂ ਤੇਰੀ ਠੀਕ ਹੈ। ਮੈਨੂੰ ਸੋਚਣ ਲਈ ਥੋੜ੍ਹਾ ਸਮਾਂ ਦੇ।"

"ਡੈਡੀ, ਜ਼ਰੂਰੀ ਨਹੀਂ ਕਿ ਬਹੁਤਾ ਸੋਚਿਆਂ ਫ਼ੈਸਲਾ ਠੀਕ ਕੀਤਾ ਜਾਵੇ। ਲੋਕਾਂ ਦੀ ਪ੍ਰਵਾਹ ਨਾ ਕਰੋ। ਤੁਸੀਂ ਆਪਣੇ ਬਾਰੇ ਅਤੇ ਆਪਣੀ ਜ਼ਿੰਦਗੀ ਬਾਰੇ ਸੋਚੋ। ਦੇਖੋ ਤੁਸੀਂ ਅਤੇ ਮੰਮੀ ਨੇ ਜੋ ਸਮਾਂ ਇਕੱਠਿਆਂ ਬਿਤਾਇਆ ਕਿੰਨਾ ਵਧੀਆ ਬਿਤਾਇਆ ਸੀ। ਹਰ ਵੇਲੇ ਤੁਸੀਂ ਦੋਵੇਂ ਮਜ਼ਾਕ ਕਰਦੇ ਰਹਿੰਦੇ ਸੀ। ਹੱਸਦੇ-ਖੇਡਦੇ ਰਹਿੰਦੇ ਸੀ। ਗਾਣੇ ਸੁਣਦੇ ਨੱਚਦੇ ਰਹਿੰਦੇ ਸੀ। ਮੰਮੀ ਜਿੱਥੇ ਵੀ ਹੈ, ਉਹ ਚਾਹੇਗੀ ਕਿ ਤੁਸੀਂ ਬਾਕੀ ਜ਼ਿੰਦਗੀ ਵੀ ਉਸੇ ਤਰ੍ਹਾਂ ਖ਼ੁਸ਼ੀ ਨਾਲ ਹੱਸਦੇ-ਖੇਡਦੇ ਬਿਤਾਓ। ਤੁਹਾਨੂੰ ਉਦਾਸ ਅਤੇ ਨਿਰਾਸ ਦੇਖ ਕੇ ਉਸ ਦੀ ਆਤਮਾ ਵੀ ਦੁਖੀ ਹੋਵੇਗੀ।"

"ਕੋਈ ਨਹੀਂ ਬੇਟੀ, ਆਪਾਂ ਇਸ ਗੱਲ ਨੂੰ ਸੋਚ ਵਿਚਾਰ ਲੈਂਦੇ ਹਾਂ।"

ਗੁਰਸੰਗ ਨੇ ਮੇਰੀਆਂ ਅੱਖਾਂ ਵਿਚ ਆਏ ਹੰਝੂ ਦੇਖ ਲਏ ਸਨ। ਉਸ ਨੇ ਉੱਠ ਕੇ ਇਕ ਟਿਸ਼ੂ ਪੇਪਰ ਲੈ ਕੇ ਮੇਰੀਆਂ ਅੱਖਾਂ ਪੂੰਝਣ ਦੀ ਕੋਸ਼ਿਸ਼ ਕੀਤੀ ਪਰ ਮੈਂ ਟਿਸ਼ੂ ਪੇਪਰ ਉਸ ਤੋਂ ਲੈ ਕੇ ਆਪ

ਹੀ ਆਪਣੀਆਂ ਅੱਖਾਂ ਪੂੰਝ ਲਈਆਂ।

ਉਸ ਰਾਤ ਮੈਂ ਬਿਲਕੁਲ ਸੌਂ ਨਹੀਂ ਸੀ ਸਕਿਆ। ਹਰਵੰਤ ਨੂੰ ਗਿਆਂ ਹੁਣ ਸਾਲ ਤੋਂ ਵੱਧ ਹੋ ਗਿਆ ਸੀ। ਮਰ ਗਏ ਲੋਕ ਕਿੱਥੇ ਜਾਂਦੇ ਹਨ, ਕੀ ਪਤਾ। ਉਨ੍ਹਾਂ ਦੀ ਆਤਮਾ ਦਾ ਕੀ ਬਣਦਾ, ਕੋਈ ਪਤਾ ਨਹੀਂ। ਕੋਈ ਅਗਲਾ ਜਨਮ ਹੈ ਕਿ ਨਹੀਂ - ਇਸ ਬਾਰੇ ਵੀ ਕੋਈ ਯਕੀਨ ਨਹੀਂ। ਜੇ ਮੈਂ ਬੇਟੀ ਦੇ ਕਹੇ ਅਨੁਸਾਰ ਦੂਜਾ ਵਿਆਹ ਕਰਾ ਲਵਾਂ ਤਾਂ ਹਰਵੰਤ ਦੀ ਆਤਮਾ ਖ਼ੁਸ਼ ਹੋਵੇਗੀ ਜਾਂ ਨਿਰਾਸ? ਕੀ ਉਸ ਦੀ ਆਤਮਾ ਨੂੰ ਕੁਝ ਪਤਾ ਵੀ ਲੱਗ ਸਕੇਗਾ? ਮੈਂ ਸਾਰੀ ਰਾਤ ਇਹੋ ਜਿਹੀਆਂ ਗੱਲਾਂ ਸੋਚਦਿਆਂ ਲੰਘਾ ਦਿੱਤੀ। ਕਦੇ ਮੇਰਾ ਦਿਲ ਕਹੇ ਕਿ ਮੇਰੇ ਫਿਰ ਸਾਥੀ ਲੱਭਣ ਨਾਲ ਹਰਵੰਤ ਦੀ ਆਤਮਾ ਜ਼ਰੂਰ ਖ਼ੁਸ਼ ਹੋਵੇਗੀ। ਕਦੇ ਇਹ ਸੋਚ ਆਵੇ ਕਿ ਇਸ ਤਰ੍ਹਾਂ ਕਰਨ ਨਾਲ ਹਰਵੰਤ ਦੀ ਆਤਮਾ ਜ਼ਰੂਰ ਨਿਰਾਸ ਹੋਵੇਗੀ। ਫਿਰ ਸੋਚ ਆਵੇ, ਨਹੀਂ, ਉਹ ਨਿਰਾਸ ਨਹੀਂ ਹੋਵੇਗੀ। ਉਸ ਨੇ ਤਾਂ ਹਮੇਸ਼ਾ ਹੀ ਮੇਰਾ ਭਲਾ ਸੋਚਿਆ ਸੀ। ਉਸ ਨੂੰ ਪਤਾ ਕਿ ਮੈਂ ਉਸ ਨੂੰ ਕਿੰਨਾ ਪਿਆਰ ਕਰਦਾ ਸੀ। ਮੈਨੂੰ ਖ਼ੁਸ਼ ਦੇਖ ਕੇ ਉਹ ਜ਼ਰੂਰ ਖ਼ੁਸ਼ ਹੋਵੇਗੀ।

ਅਗਲੇ ਦੋ-ਤਿੰਨ ਹਫ਼ਤਿਆਂ ਵਿਚ ਇਸ ਗੱਲ ਬਾਰੇ ਬੇਟੀ ਨਾਲ ਕਈ ਵਾਰੀ ਵਿਚਾਰ ਕੀਤਾ। ਦੋ-ਤਿੰਨ ਦੋਸਤਾਂ ਨਾਲ ਵੀ ਸਲਾਹ ਕੀਤੀ। ਉਨ੍ਹਾਂ ਦਾ ਵੀ ਕਹਿਣਾ ਸੀ ਕਿ ਇਹ ਕੋਈ ਮਾੜੀ ਗੱਲ ਨਹੀਂ। ਮੇਰੀ ਰੋਟੀ ਪੱਕਦੀ ਹੋ ਜਾਵੇਗੀ। ਮੇਰੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਮੇਰੀ ਰੋਟੀ ਦਾ ਫ਼ਿਕਰ ਜ਼ਿਆਦਾ ਸੀ ਪਰ ਘਰ ਵਿਚ ਸਾਥੀ ਹੋਣ ਦਾ ਫ਼ਿਕਰ ਨਹੀਂ ਸੀ। ਮੈਂ ਨਿਊ ਯਾਰਕ ਦੀਆਂ ਅਖ਼ਬਾਰਾਂ ਵਿਚ ਕਈ ਵਾਰੀ ਖ਼ਬਰਾਂ ਪੜ੍ਹੀਆਂ ਸਨ ਕਿ ਕਿਵੇਂ 80-90 ਸਾਲ ਦੇ ਬਜ਼ੁਰਗ ਵੀ ਇੱਥੇ ਵਿਆਹ ਕਰਵਾ ਲੈਂਦੇ ਹਨ। ਇਕ ਬਜ਼ੁਰਗ ਆਸ਼ਰਮ ਵਿਚ ਰਹਿੰਦੇ 85-90 ਸਾਲਾਂ ਦੇ ਇਕ ਆਦਮੀ ਅਤੇ ਔਰਤ ਨੇ ਵਿਆਹ ਕਰਾ ਲਿਆ ਸੀ ਅਤੇ ਫਿਰ ਉਹ ਦੋਵੇਂ ਉਸ ਆਸ਼ਰਮ ਵਿਚ ਇਕੋ ਕਮਰੇ ਵਿਚ ਰਹਿੰਦੇ ਸਨ। ਇਹ ਸਭ ਕੁਝ ਸੋਚ ਕੇ ਮੈਂ ਵੀ ਮਨ ਬਣਾ ਲਿਆ ਸੀ ਕਿ ਬੇਟੀ ਦਾ ਸੁਝਾਅ ਠੀਕ ਹੈ। ਇਸ ਉਮਰ ਵਿਚ ਵੀ ਜੀਵਨ ਸਾਥੀ ਲੱਭਣਾ ਕੋਈ ਮਾੜੀ ਗੱਲ ਨਹੀਂ, ਸਗੋਂ ਚੰਗੀ ਗੱਲ ਹੀ ਹੈ।

"ਡੈਡੀ, ਫਿਰ ਕੀ ਸੋਚਿਆ?" ਇਕ ਦਿਨ ਬੇਟੀ ਨੇ ਫਿਰ ਮੈਨੂੰ ਪੁੱਛਿਆ।

"ਗੁਰਸੰਗ, ਤੂੰ ਜਿਵੇਂ ਵੀ ਆਖੇਂ ਠੀਕ ਹੈ। ਮੈਂ ਵੀ ਸੋਚ ਸੋਚ ਕੇ ਇਸੇ ਸਿੱਟੇ 'ਤੇ ਪਹੁੰਚਿਆਂ ਕਿ ਜੀਵਨ ਸਾਥੀ ਦਾ ਹੋਣਾ ਬਹੁਤ ਜ਼ਰੂਰੀ ਹੈ।"

"ਫਿਰ ਕੋਈ ਜਾਤ-ਧਰਮ ਦਾ ਫ਼ਰਕ ਤਾਂ ਨਹੀਂ?" ਭਾਵੇਂ ਬੇਟੀ ਨੂੰ ਪਤਾ ਸੀ ਕਿ ਮੈਂ ਇਨ੍ਹਾਂ ਗੱਲਾਂ ਵਿਚ ਯਕੀਨ ਨਹੀਂ ਰੱਖਦਾ ਪਰ ਫਿਰ ਵੀ ਉਸ ਨੇ ਪੁੱਛਿਆ।

"ਬੇਟੀ ਤੈਨੂੰ ਪਤਾ ਹੀ ਹੈ ਕਿ ਮੈਨੂੰ ਇਨ੍ਹਾਂ ਗੱਲਾਂ ਨਾਲ ਕੋਈ ਫ਼ਰਕ ਨਹੀਂ ਪੈਂਦਾ। ਬੱਸ ਇਨਸਾਨ ਚੰਗਾ ਹੋਣਾ ਚਾਹੀਦਾ।"

"ਡੈਡੀ, ਮੈਂ ਇਕ ਔਰਤ ਨੂੰ ਜਾਣਦੀ ਹਾਂ ਜੋ ਚਾਰ-ਪੰਜ ਸਾਲ ਪਹਿਲਾਂ ਸਾਡੀ ਕੰਪਨੀ ਤੋਂ ਰਿਟਾਇਰ ਹੋਈ ਸੀ। ਪੜ੍ਹੀ-ਲਿਖੀ ਹੈ। ਉਮਰ ਵੀ ਕੋਈ 70 ਦੇ ਆਲ਼ੇ ਦੁਆਲ਼ੇ ਹੈ। ਬਹੁਤ ਵਧੀਆ ਇਨਸਾਨ ਹੈ। ਹਾਲੇ ਵੀ ਮੇਰੇ ਨਾਲ ਉਸ ਦੀ ਗੱਲ-ਬਾਤ ਹੁੰਦੀ ਰਹਿੰਦੀ ਹੈ। ਜੇ ਕਹੋ ਤਾਂ ਮੈਂ ਉਸ ਨੂੰ ਪੁੱਛ ਲਵਾਂ?"

"ਕੀ ਨਾਂ ਹੈ ਉਸ ਦਾ?"

"ਸ਼ਹਿਨਾਜ਼। ਪਾਕਿਸਤਾਨ ਵਿਚ ਜੰਮੀ ਪਲ਼ੀ ਸੀ। ਇੱਥੇ ਆਈ ਨੂੰ ਬਹੁਤ ਦੇਰ ਹੋ ਗਈ। ਉਸ ਦੇ ਪਤੀ ਦੀ ਕਈ ਸਾਲ ਪਹਿਲਾਂ ਮੌਤ ਹੋ ਗਈ ਸੀ। ਬੱਚਾ ਉਨ੍ਹਾਂ ਦੇ ਕੋਈ ਹੈ ਨਹੀਂ। ਇਕੱਲੀ ਰਹਿੰਦੀ ਹੈ, ਇੱਥੇ ਨਿਊ ਯਾਰਕ ਹੀ।"

"ਮੈਂ ਤੇਰੇ ਘਰ ਹੀ ਮਿਲਿਆ ਹੋਇਆਂ ਉਸ ਨੂੰ। ਦੋ ਕੁ ਸਾਲ ਪਹਿਲਾਂ ਸੁਰਤਾਲ ਦੇ ਜਨਮ ਦਿਨ ਦੀ ਪਾਰਟੀ ਤੇ ਆਈ ਸੀ। ਮੇਰੇ ਨਾਲ ਕਾਫ਼ੀ ਗੱਲਾਂ ਕਰਦੀ ਰਹੀ ਸੀ।"

"ਹਾਂ ਸੱਚ, ਮੈਨੂੰ ਯਾਦ ਆ ਗਿਆ। ਮੈਂ ਉਸ ਨਾਲ ਤੁਹਾਡੀ ਜਾਣਕਾਰੀ ਕਰਾਈ ਸੀ। ਤੁਹਾਨੂੰ ਉਹ ਪਸੰਦ ਹੈ ਜਾਂ ਨਹੀਂ?"

"ਠੀਕ ਹੈ, ਪੁੱਛ ਲੈ। ਔਰਤ ਬਹੁਤ ਚੰਗੀ ਲਗਦੀ ਹੈ।"

"ਹਾਂ ਜੀ, ਬਹੁਤ ਹੀ ਚੰਗੀ ਹੈ। ਹਸਮੁਖ। ਮਜ਼ਾਕੀਆ। ਜ਼ਿੰਦਗੀ ਮਾਨਣ ਵਾਲੀ। ਮੈਂ ਉਸ ਨਾਲ ਗੱਲ ਕਰਾਂਗੀ। ਉਸ ਨੇ ਇਕ ਵਾਰੀ ਕਿਹਾ ਸੀ ਕਿ ਜੇ ਕੋਈ ਚੰਗਾ ਆਦਮੀ ਮਿਲ ਜਾਵੇ ਤਾਂ ਉਹ ਸ਼ਾਦੀ ਕਰਾਉਣ ਬਾਰੇ ਸੋਚੇਗੀ।"

"ਉਸ ਨੂੰ ਧਰਮ ਦਾ ਕੋਈ ਫ਼ਰਕ ਨਹੀਂ?"

"ਨਹੀਂ, ਡੈਡੀ, ਉਹ ਬਹੁਤ ਹੀ ਖੁੱਲ੍ਹੇ ਸੁਭਾਅ ਵਾਲੀ ਔਰਤ ਹੈ। ਕੱਟੜ ਧਾਰਮਿਕ ਨਹੀਂ। ਧਰਮ ਵਿਚ ਬਹੁਤ ਘੱਟ ਵਿਸ਼ਵਾਸ ਰੱਖਦੀ ਹੈ।"

"ਠੀਕ ਹੈ, ਫਿਰ ਗੱਲ ਕਰ ਲਵੀਂ।"

ਬੇਟੀ ਨਾਲ ਕਈ ਵਾਰੀ ਗੱਲ ਕਰ ਕੇ ਅਤੇ ਕਈ ਰਾਤਾਂ ਅਨੀਂਦਰੇ ਵਿਚ ਕੱਟ ਕੇ ਮੈਂ ਵੀ ਸੋਚਿਆ ਸੀ ਕਿ ਇਕੱਲਿਆਂ ਜ਼ਿੰਦਗੀ ਕੱਟਣੀ ਬਹੁਤ ਔਖੀ ਹੈ। ਜੁਆਨੀ ਵੇਲੇ ਜੇ ਬੰਦਾ ਇਕੱਲਾ ਹੋਵੇ ਤਾਂ ਉਹ ਦੋਸਤਾਂ ਮਿੱਤਰਾਂ ਨੂੰ ਮਿਲ ਕੇ ਸਮਾਂ ਗੁਜ਼ਾਰ ਲੈਂਦਾ। ਪਰ ਬੁਢਾਪੇ ਵਿਚ ਤਾਂ ਬਹੁਤਾ ਬਾਹਰ ਵੀ ਨਹੀਂ ਜਾਇਆ ਜਾਂਦਾ।

*****

"ਡੈਡੀ, ਮੈਂ ਸ਼ਹਿਨਾਜ਼ ਨੂੰ ਕਾਫ਼ੀ ਵਾਸਤੇ ਇਕ ਕਾਫ਼ੀ ਸ਼ਾਪ 'ਤੇ ਮਿਲੀ ਸੀ। ਅਸੀਂ ਕਾਫ਼ੀ ਦੇਰ ਬੈਠੀਆਂ ਗੱਲਾਂ ਕਰਦੀਆਂ ਰਹੀਆਂ। ਉਹ ਤੁਹਾਨੂੰ ਮਿਲ ਕੇ ਗੱਲ ਕਰਨ ਲਈ ਤਿਆਰ ਹੈ। ਉਸ ਨੂੰ ਤੁਹਾਡੇ ਨਾਲ ਸੁਰਤਾਲ ਦੀ ਪਾਰਟੀ 'ਤੇ ਕੀਤੀਆਂ ਸਾਰੀਆਂ ਗੱਲਾਂ ਹੂ-ਬ-ਹੂ ਯਾਦ ਹਨ। ਉਹ ਤੁਹਾਡੀ ਬਹੁਤ ਤਾਰੀਫ਼ ਕਰਦੀ ਸੀ। ਉਹ ਵੀ ਚਾਹੁੰਦੀ ਹੈ ਕਿ ਉਸ ਨੂੰ ਵਧੀਆ ਇਨਸਾਨ ਮਿਲ ਜਾਵੇ ਜਿਸ ਨਾਲ ਉਹ ਬਾਕੀ ਜ਼ਿੰਦਗੀ ਹੱਸ-ਖੇਡ ਕੇ ਗੁਜ਼ਾਰ ਸਕੇ। ਮੈਂ ਉਸ ਨੂੰ ਕਿਹਾ ਕਿ ਤੁਸੀਂ ਦੋਵੇਂ ਕਿਸੇ ਦਿਨ ਕਾਫ਼ੀ ਜਾਂ ਲੰਚ ਲਈ ਮਿਲ ਕੇ ਗੱਲ-ਬਾਤ ਕਰ ਲਵੋ।" ਕੁਝ ਦਿਨਾਂ ਬਾਅਦ ਬੇਟੀ ਨੇ ਮੈਨੂੰ ਦੱਸਿਆ।

"ਠੀਕ ਹੈ। ਜਿਸ ਦਿਨ ਤੂੰ ਕਹੇਂ ਮੈਂ ਮਿਲ ਲਵਾਂਗਾ।"

"ਇਹ ਸ਼ਹਿਨਾਜ਼ ਦਾ ਫ਼ੋਨ ਨੰਬਰ ਹੈ। ਉਹ ਕਹਿੰਦੀ ਸੀ ਕਿ ਤੁਸੀਂ ਉਸ ਨੂੰ ਜਦੋਂ ਮਰਜ਼ੀ ਫ਼ੋਨ ਕਰ ਲੈਣਾ।" ਗੁਰਸੰਗ ਨੇ ਮੈਨੂੰ ਸ਼ਹਿਨਾਜ਼ ਦਾ ਫ਼ੋਨ ਨੰਬਰ ਦਿੰਦਿਆਂ ਆਖਿਆ।

ਉਸੇ ਦਿਨ ਮੈਂ ਸ਼ਹਿਨਾਜ਼ ਨੂੰ ਫ਼ੋਨ ਕਰ ਕੇ ਮਿਲਣ ਦਾ ਸਮਾਂ ਅਤੇ ਥਾਂ ਮਿੱਥ ਲਿਆ। ਕੁਝ ਦਿਨਾਂ ਬਾਅਦ ਸ਼ਹਿਨਾਜ਼ ਅਤੇ ਮੈਂ ਲੰਚ ਲਈ ਇਕ ਰੈਸਟੋਰੈਂਟ ਵਿਚ ਮਿਲੇ ਜਿੱਥੇ ਬੈਠ ਕੇ ਅਸੀਂ ਤਿੰਨ ਕੁ ਘੰਟੇ ਖ਼ੂਬ ਗੱਲਾਂ ਕੀਤੀਆਂ, ਇਕ ਦੂਜੇ ਦੇ ਸ਼ੌਕ, ਆਦਤਾਂ, ਆਦਿ ਬਾਰੇ ਜਾਣਿਆਂ। ਇਕ ਦੂਜੇ ਦੇ ਪਰਿਵਾਰਾਂ ਬਾਰੇ ਜਾਣਕਾਰੀ ਪੁੱਛੀ ਦੱਸੀ। ਇਸ ਦਿਨ ਦੀ ਇਹ ਮਿਲਣੀ ਇੰਨੀ ਦਿਲਚਸਪ ਸੀ ਕਿ ਮੈਨੂੰ ਹਰਵੰਤ ਨਾਲ ਇੰਨੇ ਸਾਲ ਪਹਿਲਾਂ ਰੈਸਟੋਰੈਂਟ ਵਿਚ ਲੰਚ 'ਤੇ ਮਿਲਣ ਵਾਲੇ ਸਮੇਂ ਦੀ ਯਾਦ ਆ ਰਹੀ ਸੀ। ਅੱਜ ਵੀ ਮੈਂ ਅਤੇ ਸ਼ਹਿਨਾਜ਼ ਨੇ ਗੱਲਾਂ ਕਰਦਿਆਂ ਖਾਣੇ ਤੋਂ ਬਾਅਦ ਕਾਫ਼ੀ ਦੇ ਤਿੰਨ ਤਿੰਨ ਕੱਪ ਪੀ ਲਏ ਸਨ। ਇੰਨੇ ਸਾਲਾਂ ਤੋਂ ਬਾਅਦ ਇਹ ਪਹਿਲੀ ਵਾਰੀ ਹੋਇਆ ਸੀ ਕਿ ਮੈਂ ਤਿੰਨਾਂ ਕੁ ਘੰਟਿਆਂ ਵਿਚ ਤਿੰਨ ਕੱਪ ਕਾਫ਼ੀ ਦੇ ਪੀਤੇ ਸਨ। ਮੈਨੂੰ ਸ਼ਹਿਨਾਜ਼ ਦਾ ਸੁਭਾਅ ਹਰਵੰਤ ਨਾਲ ਕਾਫ਼ੀ ਮਿਲਦਾ-ਜੁਲਦਾ ਲੱਗਾ ਸੀ। ਉਸੇ ਤਰ੍ਹਾਂ ਹਸਮੁਖ, ਮਜ਼ਾਕੀਆ, ਅਤੇ ਕੁਝ ਸ਼ਰਾਰਤੀ ਵੀ, ਭਾਵੇਂ ਹਰਵੰਤ ਜਿੰਨੀ ਨਹੀਂ। ਖਾਣੇ ਤੋਂ ਬਾਅਦ ਰੈਸਟੋਰੈਂਟ ਤੋਂ ਬਾਹਰ ਆ ਕੇ ਅਸੀਂ ਇਕ ਦੂਜੇ ਨੂੰ ਦੁਆ ਸਲਾਮ ਕੀਤੀ ਅਤੇ ਦੁਬਾਰਾ ਮਿਲਣ ਦਾ ਵਾਅਦਾ ਕੀਤਾ। ਸ਼ਹਿਨਾਜ਼ ਆਪਣੀ ਕਾਰ ਵੱਲ ਨੂੰ ਤੁਰ ਪਈ। ਮੈਂ ਉੱਥੇ ਖੜ੍ਹਾ ਕਿੰਨੀ ਦੇਰ ਸ਼ਹਿਨਾਜ਼ ਨੂੰ ਤੁਰੀ ਜਾਂਦੀ ਨੂੰ ਦੇਖਦਾ ਰਿਹਾ ਅਤੇ ਉਸ ਦੀ ਤੋਰ ਵਿਚੋਂ ਹਰਵੰਤ ਦੀ ਤੋਰ ਨੂੰ ਲੱਭਦਾ ਰਿਹਾ। ਕੁਝ ਦੂਰ ਜਾ ਕੇ ਸ਼ਹਿਨਾਜ਼ ਨੇ ਪਿੱਛੇ ਮੁੜ ਕੇ ਦੇਖਿਆ ਅਤੇ ਮੈਨੂੰ ਉੱਥੇ ਖੜ੍ਹਾ ਦੇਖ ਕੇ ਹੱਥ ਹਿਲਾ ਕੇ ਅਲਵਿਦਾ ਆਖੀ। ਮੈਂ ਕੁਝ ਸ਼ਰਮਿੰਦਗੀ ਮਹਿਸੂਸ ਕਰਦਾ ਆਪਣੀ ਕਾਰ ਵੱਲ ਤੁਰ ਪਿਆ।

ਇਸ ਤਰ੍ਹਾਂ ਅਸੀਂ ਤਿੰਨ-ਚਾਰ ਹਫ਼ਤਿਆਂ ਵਿਚ ਕਈ ਵਾਰੀ ਮਿਲਣ ਤੋਂ ਬਾਅਦ ਇਕ ਦੂਜੇ

ਨੂੰ ਪਸੰਦ ਕਰਨ ਬਾਰੇ ਦੱਸਿਆ ਪੁੱਛਿਆ ਅਤੇ ਬਾਕੀ ਰਹਿੰਦੀ ਜ਼ਿੰਦਗੀ ਇਕੱਠਿਆਂ ਬਤੀਤ ਕਰਨ ਦਾ ਫ਼ੈਸਲਾ ਕੀਤਾ। ਅਸੀਂ ਛੇਤੀ ਹੀ ਵਿਆਹ ਕਰਾ ਕੇ ਇਕੱਠੇ ਰਹਿਣ ਦੀ ਯੋਜਨਾ ਬਣਾ ਲਈ। ਅਸੀਂ ਦੋਵੇਂ ਇਸ ਗੱਲ 'ਤੇ ਸਹਿਮਤ ਹੋ ਗਏ ਕਿ ਅਸੀਂ ਸਿਰਫ਼ ਕੋਰਟ ਮੈਰਿਜ ਹੀ ਕਰਾਂਗੇ। ਕੋਈ ਧਾਰਮਿਕ ਵਿਆਹ ਦੀ ਜ਼ਰੂਰਤ ਨਹੀਂ।

*****

ਦੋ ਕੁ ਮਹੀਨਿਆਂ ਬਾਅਦ ਹੀ ਗੁਰਸੰਗ ਨੇ ਕਚਹਿਰੀ ਵਿਚ ਸ਼ਾਦੀ ਰਜਿਸਟਰ ਕਰਾਉਣ ਦੀ ਤਾਰੀਖ਼ ਲੈ ਲਈ। ਮਿਥੇ ਦਿਨ ਕਚਹਿਰੀ ਜਾ ਕੇ ਅਸੀਂ ਆਪਣਾ ਵਿਆਹ ਰਜਿਸਟਰ ਕਰਾ ਲਿਆ ਜਿਸ ਵਿਚ ਮੇਰੀ ਬੇਟੀ ਅਤੇ ਸ਼ਹਿਨਾਜ਼ ਦੀ ਇਕ ਦੋਸਤ ਗਵਾਹ ਸਨ। ਇਸ ਵਿਆਹ ਤੋਂ ਬਾਅਦ ਕੁਝ ਦਿਨਾਂ ਵਿਚ ਹੀ ਸ਼ਹਿਨਾਜ਼ ਆਪਣਾ ਸਾਰਾ ਸਾਮਾਨ ਮੇਰੇ ਅਪਾਰਟਮੈਂਟ ਵਿਚ ਲੈ ਆਈ।

ਭਾਵੇਂ ਹਰਵੰਤ ਨਾਲ ਬਿਤਾਏ ਸਮਿਆਂ ਦੀਆਂ ਯਾਦਾਂ ਤਾਂ ਦਿਲ-ਦਿਮਾਗ਼ ਨਾਲ ਇਕ-ਮਿੱਕ ਹੋਈਆਂ ਪਈਆਂ ਸਨ ਅਤੇ ਉਹ ਕਦੇ ਵੀ ਨਹੀਂ ਸੀ ਭੁੱਲਣੀਆਂ ਪਰ ਸ਼ਹਿਨਾਜ਼ ਦੀਆਂ ਬਹੁਤ ਸਾਰੀਆਂ ਆਦਤਾਂ ਅਤੇ ਉਸ ਦਾ ਸੁਭਾਅ ਹਰਵੰਤ ਵਰਗਾ ਹੀ ਜਾਪਿਆ ਸੀ। ਥੋੜ੍ਹੇ ਦਿਨਾਂ ਵਿਚ ਹੀ ਅਸੀਂ ਇਕ ਦੂਜੇ ਨਾਲ ਰਚ-ਮਿਚ ਗਏ ਸੀ। ਉਦਾਸ ਜ਼ਿੰਦਗੀ ਫਿਰ ਹੁਸੀਨ ਹੋ ਗਈ ਸੀ। ਪੁਰਾਣੇ ਸਮਿਆਂ ਵਰਗੇ ਵਧੀਆ ਰੰਗੀਨ ਦਿਨ ਫਿਰ ਮੁੜ ਆਏ ਸਨ। ਹਾਸਾ-ਮਜ਼ਾਕ ਜੋ ਕੁਝ ਦੇਰ ਲਈ ਖ਼ਤਮ ਹੋ ਗਿਆ ਸੀ, ਫਿਰ ਜ਼ਿੰਦਗੀ ਵਿਚ ਮੁੜ ਆਇਆ ਸੀ। ਮਨ-ਪਸੰਦ ਸੰਗੀਤ ਜੋ ਡੇਢ ਸਾਲ ਦੇ ਕਰੀਬ ਬਿਲਕੁਲ ਨਹੀਂ ਸੀ ਸੁਣਿਆਂ, ਹੁਣ ਫਿਰ ਘਰ ਦੇ ਮਾਹੌਲ ਨੂੰ ਖ਼ੂਬਸੂਰਤ ਬਣਾ ਰਿਹਾ ਸੀ। ਇੰਝ ਮਹਿਸੂਸ ਹੁੰਦਾ ਸੀ ਜਿਵੇਂ ਇਹ ਸਭ ਕੁਝ ਮੈਂ ਹਰਵੰਤ ਨੂੰ ਹੀ ਸਮਰਪਤ ਕਰ ਰਿਹਾ ਹੋਵਾਂ।

ਇਕ ਦਿਨ ਸ਼ਹਿਨਾਜ਼ ਅਤੇ ਮੈਂ ਦੋਵੇਂ ਸ਼ਾਮ ਦਾ ਖਾਣਾ ਖਾ ਕੇ ਆਪਣੇ ਬੈੱਡ-ਰੂਮ ਵਿਚ ਬੈਠੇ ਗੱਲਾਂ ਕਰ ਰਹੇ ਸੀ। ਸ਼ਹਿਨਾਜ਼ ਕੋਲ਼ ਬੈਠੀ ਕਦੇ ਮੇਰੇ ਵਾਲ਼ਾਂ ਵਿਚ ਹੱਥ ਫੇਰ ਰਹੀ ਸੀ, ਕਦੇ ਕੰਨਾਂ ਨੂੰ ਫੜ ਫੜ ਕੇ ਮਰੋੜ ਰਹੀ ਸੀ, ਅਤੇ ਕਦੇ ਮੇਰੀ ਗਰਦਨ ਅਤੇ ਵੱਖੀਆਂ ਵਿਚ ਕੁਤਕੁਤਾਰੀਆਂ ਕੱਢ ਰਹੀ ਸੀ। ਮੈਂ ਵੀ ਬੈਠਾ ਇਸੇ ਤਰ੍ਹਾਂ ਦੇ ਕਲੋਲ ਕਰ ਰਿਹਾ ਸੀ। ਨਾਲ ਨਾਲ ਅਸੀਂ ਗੱਲਾਂ ਵੀ ਕਰ ਰਹੇ ਸੀ। ਅਚਾਨਕ ਮੇਰੇ ਫ਼ੋਨ ਦੀ ਘੰਟੀ ਵੱਜੀ। ਫ਼ੋਨ 'ਤੇ ਮੇਰੇ ਪੰਜਾਬ ਰਹਿੰਦੇ ਦੋਸਤ ਰਾਜਿੰਦਰ ਸਿੰਘ ਦਾ ਨਾਂ ਆ ਰਿਹਾ ਸੀ। ਰਾਜਿੰਦਰ ਮੇਰੇ ਪਿੰਡ ਦਾ ਹੀ ਸੀ ਅਤੇ ਅਸੀਂ ਇਕੱਠੇ ਹੀ ਸਕੂਲ ਅਤੇ ਕਾਲਿਜ ਵਿਚ ਪੜ੍ਹੇ ਸੀ। ਉਹ ਐੱਮ.ਏ. ਅਤੇ ਪੀਐੱਚ.ਡੀ. ਕਰ ਕੇ ਇਕ ਯੂਨੀਵਰਸਿਟੀ ਵਿਚ ਪ੍ਰੋਫੈਸਰ ਲੱਗ ਗਿਆ ਸੀ ਜਿੱਥੋਂ ਉਹ ਕੁਝ ਸਾਲ ਪਹਿਲਾਂ ਰਿਟਾਇਰ ਹੋਇਆ ਸੀ। ਪਹਿਲਾਂ ਤਾਂ ਜੀਅ ਕੀਤਾ ਕਿ ਫ਼ੋਨ ਦਾ ਜਵਾਬ ਨਾ ਦਿਆਂ ਅਤੇ ਆਪਣੇ ਖ਼ੂਬਸੂਰਤ ਰੁਮਾਂਸਵਾਦੀ ਮਾਹੌਲ ਨੂੰ ਬਰਬਾਦ ਨਾ ਕਰਾਂ, ਪਰ ਫਿਰ ਸੋਚਿਆ ਕਿ ਇਕ ਦੋ ਗੱਲਾਂ ਕਰ ਕੇ ਫ਼ੋਨ ਬੰਦ ਕਰ ਦਿਆਂਗਾ।

"ਹੈਲੋ" ਮੈਂ ਫ਼ੋਨ ਚੁੱਕ ਕੇ ਕਿਹਾ।

"ਤਰਸੇਮ, ਕੀ ਹਾਲ ਹੈ। ਮੈਂ ਰਾਜਿੰਦਰ ਸਿੰਘ ਬੋਲ ਰਿਹਾਂ। ਤੇਰਾ ਦੋਸਤ।"

"ਹਾਂ ਰਾਜਿੰਦਰ, ਮੈਂ ਤੇਰੀ ਆਵਾਜ਼ ਪਛਾਣ ਲਈ। ਕੀ ਹਾਲ ਹੈ?"

"ਮੈਂ ਠੀਕ ਹਾਂ ਤੂੰ ਸੁਣਾ, ਕੀ ਹਾਲ ਹੈ?"

"ਸਭ ਠੀਕ ਹੈ ਦੋਸਤ।"

"ਸੁਣਿਆਂ ਵਿਆਹ ਕਰਾ ਲਿਆ? ਬਹੁਤ ਵਧਾਈ।"

"ਰਾਜਿੰਦਰ ਹਾਂ। ਵਧਾਈ ਲਈ ਬਹੁਤ ਧੰਨਵਾਦ।"

"ਚਲੋ ਬਹੁਤ ਵਧੀਆ ਹੋਇਆ। ਰੋਟੀ ਪੱਕਦੀ ਹੋਈ। ਆਦਮੀ ਕਿੱਥੇ ਆਪਣੇ ਹੱਥ ਜਾਲ਼ਦਾ ਫਿਰੇ।"

"ਰਾਜਿੰਦਰ, ਸ਼ੁਕਰ ਹੈ ਰੱਬ ਦਾ ਕਿ ਰੋਟੀ ਪੱਕਦੀ ਹੋ ਗਈ ਹੈ। ਚੱਲ ਮੈਂ ਫਿਰ ਫ਼ੋਨ ਕਰਾਂਗਾ। ਹੁਣ ਰੋਟੀ ਪੱਕਦੀ ਹੈ। ਮੈਂ ਖਾ ਲਵਾਂ।" ਇਹ ਕਹਿ ਕੇ ਮੈਂ ਫ਼ੋਨ ਬੰਦ ਕਰ ਦਿੱਤਾ। 000

***(ਫੋਨ: 1- 860-983-5002, ਅਮਰੀਕਾ)***

# ਸੁੱਚਾ ਗੁਲਾਬ: ਕਹਾਣੀ: ਅਮਰਜੀਤ ਕੌਰ ਪੰਨੂੰ

ਜਸਟਿਨ ਦਾ ਚਿਹਰਾ ਅੱਜ ਫੇਰ ਮੇਰੇ ਮਨ ਦੇ ਸ਼ੀਸ਼ੇ ਉੱਤੇ ਇਕ ਪਰਛਾਵੇਂ ਵਾਂਗ ਉਤਰ ਆਇਆ ਹੈ। ਉਸਦਾ ਚੇਤਾ ਆਉਂਦਿਆਂ ਹੀ ਅੱਖਾਂ ਡਲ੍ਹਕ ਪਈਆਂ ਹਨ। ਉਸਦੀਆਂ ਬੇਬਸੀ ਭਰੀਆਂ ਨੀਲੀਆਂ ਅੱਖਾਂ ਉਸੇ ਤਰ੍ਹਾਂ ਹੀ ਮੇਰੇ ਵੱਲ ਤੱਕ ਰਹੀਆਂ ਮਹਿਸੂਸ ਹੋ ਰਹੀਆਂ ਹਨ। ਮੇਰਾ ਆਪਾ ਤ੍ਰਭਕ ਉਠਦਾ ਹੈ।

ਇਹ ਚੇਤਿਆਂ ਦੀ ਕਿਤਾਬ ਵੀ ਕਿੰਨੀ ਅਜੀਬ ਹੈ, ਨਾ ਚਾਹੁੰਦਿਆਂ ਹੋਇਆਂ ਵੀ ਇਸਦੇ ਵਰਕੇ ਆਪਣੇ ਆਪ ਖੁੱਲ੍ਹ ਜਾਂਦੇ ਨੇ ਤੇ ਫੇਰ ਆਪਣੀ ਮਰਜ਼ੀ ਨਾਲ ਹੀ ਬੰਦ ਹੁੰਦੇ ਹਨ। ਪਰ ਕੁਝ ਲੋਕ ਗਿਣਤੀ ਦੇ ਦਿਨਾਂ ਵਿਚ ਹੀ ਤੁਹਾਡੀ ਰੂਹ ਨੂੰ ਇਸ ਪ੍ਰਕਾਰ ਟੁੰਬ ਜਾਂਦੇ ਹਨ ਕਿ ਹਮੇਸ਼ਾ ਲਈ ਤੁਹਾਡੇ ਦਿਲ ਦਿਮਾਗ਼ ਦਾ ਹਿੱਸਾ ਬਣ ਜਾਂਦੇ ਹਨ।

ਹੁਣ ਤਾਂ ਉਮਰ ਦਾ ਸੂਰਜ ਵੀ ਕਾਹਲ਼ੀ-ਕਾਹਲ਼ੀ  ਢਲ਼ ਰਿਹਾ ਹੈ, ਪਰ ਕੋਈ ਹਾਦਸਾ ਤੇ ਯਾਦਾਂ ਦਾ ਸੂਰਜ ਕਈ ਦਹਾਕਿਆਂ ਬਾਅਦ ਵੀ ਸਿਖਰ ਦੁਪਿਹਰਾਂ ਵਾਂਗ ਮਨ ਦੀ ਧਰਤੀ ਨੂੰ ਤਪਾ ਕੇ ਰੱਖ ਜਾਂਦਾ ਹੈ ਤੇ ਕਈ ਵੇਰ ਭੱਠੀ ਵਾਂਗ ਤਪਦੇ ਹੋਏ ਮਨ ਨੂੰ ਬਰਸਾਤ ਦੇ ਪਹਿਲੇ ਛਰਾਟੇ ਵਾਂਗ ਠੰਢਕ ਵੀ ਪਹੁੰਚਾ ਦੇਂਦਾ ਹੈ।

ਜਸਟਿਨ ਮੇਰੀ ਜ਼ਿੰਦਗੀ ਵਿਚ ਇਕ ਟੁੱਟਦੇ ਤਾਰੇ ਵਾਂਗਰ ਆਇਆ ਤੇ ਅਲੋਪ ਹੋ ਗਿਆ ਸੀ। ਪਰ ਉਹ ਪਲ ਭਰ ਦੀ ਰੌਸ਼ਨੀ ਅਜੇ ਵੀ ਮੇਰੀ ਰੂਹ ਦੇ ਅੰਬਰ ਦੀ ਕਾਲੀ ਰਾਤ ਨੂੰ ਚਾਨਣ ਨਾਲ ਭਰ ਦੇਂਦੀ ਹੈ।

ਕੀ ਰਿਸ਼ਤਾ ਸੀ ਮੇਰਾ ਜਸਟਿਨ ਨਾਲ? ਜਦ ਸੋਚਦੀ ਹਾਂ ਤਾਂ ਪਤਾ ਨਹੀਂ ਲਗਦਾ ਕਿ ਉਸਨੂੰ ਰਿਸ਼ਤਿਆਂ ਦੇ ਕਿਹੜੇ ਖਾਨੇ ਵਿਚ ਰੱਖਾਂ। ਕੋਈ ਵੀ ਤਾਂ ਰਿਸ਼ਤਾ ਨਹੀਂ ਸੀ ਉਸ ਨਾਲ ਮੇਰਾ!

ਨਹੀਂ, ਇਹ ਵੀ ਸੱਚ ਨਹੀਂ। ਉਸ ਨਾਲ ਮੇਰਾ ਉਸਦੇ ਨਿਰਛਲ ਹਾਸਿਆਂ ਦਾ ਰਿਸ਼ਤਾ ਸੀ। ਯੂਨੀਵਰਸਿਟੀ ਦੇ ਕੈਫਿਟੇਰੀਏ 'ਚ ਇਕੱਠਿਆਂ ਬੈਠ ਕੇ ਚਾਹ ਪੀਣ ਦਾ ਰਿਸ਼ਤਾ ਸੀ। ਕਈ ਵੇਰ ਹੱਸਦਿਆਂ ਹੋਇਆਂ ਮੇਰੇ ਹੱਥਾਂ ਉੱਤੇ ਅਬੋਲ ਹੀ ਉਸਦੇ ਹੱਥਾਂ ਦੇ ਰੱਖੇ ਜਾਣ ਦਾ ਰਿਸ਼ਤਾ, ... ਤੇ ਉਸਦੀਆਂ ਨੀਲੀਆਂ ਅੱਖਾਂ ਦੀ ਤੱਕਣੀ ਦਾ ਰਿਸ਼ਤਾ ਸੀ।

ਸੋਚਦੀ ਹਾਂ, ਕਿੰਨਾ ਪਿਆਰਾ ਰਿਸ਼ਤਾ ਸੀ ਇਹ, ਪਰ ਇਸ ਰਿਸ਼ਤੇ ਨਾਮ ਕੀ ਹੈ ਮੈਂ ਨਹੀਂ ਜਾਣਦੀ। ਭਲਾ ਰੂਹ ਦੇ ਰਿਸ਼ਤੇ ਦਾ ਵੀ ਕੋਈ ਨਾਂ ਹੁੰਦਾ ਹੈ? ਇਹ ਤਾਂ ਦੁਨੀਆਵੀ ਬੰਧਨਾਂ ਤੋਂ ਪਾਰ, ਮਨੁੱਖੀ ਜਿਸਮਾਂ ਤੋਂ ਪਾਰ, ਨੀਲੇ ਅੰਬਰਾਂ ਤੀਕ ਫੈਲਿਆ ਹੋਇਆ ਰੂਹਾਂ ਦਾ ਸੰਬੰਧ ਸੀ। ਸੀ ਨਹੀਂ, ਅਜੇ ਵੀ ਹੈ, ਚੰਦ ਤਾਰਿਆਂ ਤੋਂ ਵੀ ਅੱਗੇ...ਪੂਰੀ ਕਾਇਨਾਤ ਵਿਚ ਫੈਲਿਆ ਹੋਇਆ।

ਹੁਣ ਤਾਂ ਯੂਨੀਵਰਸਿਟੀ ਤੋਂ ਰਿਟਾਇਰ ਹੋਇਆਂ ਵੀ ਕਿੰਨੇ ਸਾਲ ਹੋ ਗਏ ਨੇ ਪਰ ਕਈ ਵੇਰ ਲਗਦਾ ਏ ਜਿਵੇਂ ਅਜੇ ਕੱਲ ਹੀ ਸਾਰਾ ਕੁਝ ਵਾਪਰਿਆ ਹੋਵੇ। ਉਨ੍ਹਾਂ ਦਿਨਾਂ ਦੀ ਯਾਦ ਅਜੇ ਵੀ ਪੰਛੀ ਵਾਂਗ ਉਡਾਰੀਆਂ ਮਾਰਦੀ ਮਨ ਰੁੱਖ ਦੀਆਂ ਟਾਹਣੀਆਂ ਹਿਲਾ ਜਾਂਦੀ ਹੈ।

ਪੀਐੱਚ. ਡੀ ਕਰਨ ਤੋਂ ਬਾਅਦ ਮੈਨੂੰ ਅਜੇ ਡੇਢ ਕੁ ਸਾਲ ਹੀ ਹੋਇਆ ਸੀ ਯੂਨੀਵਰਸਿਟੀ ਵਿਚ ਰੀਸਰਚ ਸਾਇੰਟਿਸਟ ਦੀ ਜੌਬ ਕਰਦਿਆਂ, ਜਦ ਜਸਟਿਨ ਮੇਰੀ ਲੈਬਾਰਟਰੀ ਵਿਚ ਕੁਝ ਸਮੇਂ ਵਾਸਤੇ ਕੰਮ ਸਿੱਖਣ ਲਈ ਆਇਆ ਸੀ। ਮੇਰੀ ਲੈਬ ਵਿਚ ਸਾਡਾ ਚਾਰ ਸਾਇੰਟਿਸਟਾਂ ਦਾ ਗਰੁੱਪ ਸੀ। ਦੋ ਮੁੰਡੇ ਤੇ ਇਕ ਕੁੜੀ ਅਮਰੀਕਨ ਸਨ ਤੇ ਚੌਥੀ ਮੈਂ... ਪੰਜਾਬਣ।

ਸਾਡਾ ਕੰਮ ਬਲੱਡ ਕੈਂਸਰ ਤੇ ਰੀਸਰਚ ਕਰਨ ਦਾ ਸੀ। ਖ਼ੂਨ ਦੇ ਕੈਂਸਰ ਸੈੱਲ (ਲੁਕੀਮੀਆਂ) ਲੰਮੇ ਸਮੇਂ ਤਕ ਚੁੱਪ-ਚਾਪ ਸਰੀਰ ਦੇ ਅੰਦਰ ਵਧਦੇ ਜਾਂਦੇ ਹਨ ਤੇ ਮਰੀਜ਼ ਨੂੰ ਪਤਾ ਹੀ ਨਹੀਂ

ਚਲਦਾ ਕਿ ਉਸਦੇ ਅੰਦਰ ਕੀ ਵਾਪਰ ਰਿਹਾ ਹੈ। ਜਦ ਤਕ ਇਸ ਨਾਮੁਰਾਦ ਬਿਮਾਰੀ ਦਾ ਪਤਾ ਲਗਦਾ ਹੈ ਉਦੋਂ ਤਕ ਬੜੀ ਦੇਰ ਹੋ ਚੁੱਕੀ ਹੁੰਦੀ ਹੈ। ਅਸੀਂ ਚਾਰੇ ਸਾਇੰਟਿਸਟ ਨਿੱਕੀਆਂ ਨਿੱਕੀਆਂ ਤਸ਼ਤਰੀਆਂ ਵਿਚ ਕੈਂਸਰ ਦੇ ਸੈੱਲ ਗਰੋ ਕਰਦੇ ਤੇ ਫੇਰ ਵੱਖੋ-ਵੱਖਰੇ ਤਰੀਕਿਆਂ ਨਾਲ ਤੇ ਕਈ ਕਿਸਮ ਦੀਆਂ ਕੀਮੋ-ਥੈਰਾਪਉਟਿਕ ਦਵਾਈਆਂ ਨਾਲ ਉਨ੍ਹਾਂ ਦੇ ਵਾਧੇ ਨੂੰ ਰੋਕਣ ਦਾ ਹੱਲ ਲੱਭਦੇ।

ਹਫਤੇ 'ਚ ਦੋ ਵਾਰੀ ਡਿਪਾਰਟਮੈਂਟ ਡਾਇਰੈਕਟਰ ਨਾਲ ਸਾਡੀ ਮੀਟਿੰਗ ਹੁੰਦੀ। ਉਸ ਨਾਲ ਅਸੀਂ ਆਪਣੇ ਆਪਣੇ ਰੀਜ਼ਲਟ ਡਿਸਕਸ ਕਰਦੇ। ਸਾਡੇ ਰੀਸਰਚ ਪੇਪਰ ਕਈ ਮੈਡੀਕਲ ਮੈਗਜ਼ੀਨਾਂ ਵਿਚ ਧੜਾ-ਧੜ ਛਪ ਰਹੇ ਸਨ। ਸਾਡੀ ਲੈਬ ਵਿਚ ਰੀਸਰਚ ਦੇ ਤਰੀਕੇ ਸਿੱਖਣ ਲਈ ਇਕ ਦੋ ਮੈਡੀਕਲ ਸਟੂਡੈਂਟਸ ਕੁਝ ਸਮੇਂ ਲਈ ਦਾਖਲ ਕੀਤੇ ਜਾਂਦੇ ਸਨ। ਜਸਟਿਨ ਵੀ ਮੈਡੀਕਲ ਕਾਲਿਜ ਦਾ ਸਟੂਡੈਂਟ ਸੀ ਜਿਸ ਨੇ ਸਾਡੀ ਲੈਬਾਰਟਰੀ ਵਿਚ ਤਿੰਨ ਮਹੀਨੇ ਕੁਝ ਕੁ ਘੰਟਿਆਂ ਲਈ ਹਰ ਰੋਜ਼ ਆਇਆ ਕਰਨਾ ਸੀ। ਯੁਨੀਵਰਸਿਟੀ ਦਾ ਮੈਡੀਕਲ ਕਾਲਿਜ, ਡੈਂਟਲ ਕਾਲਿਜ, ਹਸਪਤਾਲ ਅਤੇ ਰੀਸਰਚ ਲੈਬਾਰਟਰੀਆਂ ਇਕੋ ਹੀ ਕੈਂਪਸ ਵਿਚ ਥੋੜ੍ਹੀ ਥੋੜ੍ਹੀ ਦੂਰੀ 'ਤੇ ਸਨ।

"ਆਇ ਐਮ ਜਸਟਿਨ, ਸੈਕੰਡ ਯੀਅਰ ਮੈਡੀਕਲ ਸਟੂਡੈਂਟ," ਪਹਿਲੇ ਦਿਨ ਉਸਨੇ ਸਾਡੇ ਸਾਰਿਆਂ ਨਾਲ ਹੱਥ ਮਿਲਾਉਂਦੇ ਹੋਏ ਆਪਣੀ ਜਾਣਕਾਰੀ ਦਿੱਤੀ।

ਮੇਰੇ ਨਾਲ ਉਸਨੇ ਝੁਕ ਕੇ ਹੱਥ ਮਿਲਾਇਆ। ਆਪਣੇ ਛੇ ਫੁੱਟ ਤੋਂ ਵੀ ਉੱਚੇ ਕੱਦ ਨੂੰ ਮੇਰੇ ਬਰਾਬਰ ਲਿਆਉਂਦਿਆਂ ਉਸ ਮੇਰੇ ਵੱਲ ਗੌਹ ਨਾਲ ਵੇਖਿਆ,

"ਨਾਈਸ ਟੂ ਮੀਟ ਯੂ, ਸੁਖਬੀਰ। ਤੁਹਾਨੂੰ ਮਿਲ ਕੇ ਬੜੀ ਖੁਸ਼ੀ ਹੋਈ। ਮੈਂ ਤੁਹਾਡੇ ਕੰਮ ਬਾਰੇ ਬਹੁਤ ਸੁਣਿਆ ਹੈ", ਆਖਦੇ ਹੋਏ ਉਸਦੇ ਚਿਹਰੇ 'ਤੇ ਮੁਸਕਾਨ ਉੱਭਰ ਆਈ ਸੀ।

"ਮੈਨੂੰ ਵੀ ਤੇਰੇ ਆਉਣ ਦੀ ਬਹੁਤ ਖੁਸ਼ੀ ਹੈ", ਮੈਂ ਵੀ ਉਸਨੂੰ ਖੁਸ਼ੀ ਭਰੇ ਲਹਿਜੇ ਵਿਚ ਜੀਅ ਆਇਆਂ ਆਖਿਆ।

ਪਹਿਲਾ ਹਫਤਾ ਲੰਘਦਿਆਂ ਪਤਾ ਹੀ ਨਾ ਲੱਗਾ। ਮੈਂ ਐਕਸਪੈਰੀਮੈਂਟ ਸੈੱਟ ਕਰਦੀ ਤਾਂ ਉਹ ਕੋਲ਼ ਬੈਠਾ ਕਾਪੀ ਵਿਚ ਲਿਖੀ ਜਾਂਦਾ ਤੇ ਨਾਲ ਨਾਲ ਸਵਾਲ ਪੁੱਛਦਾ ਸਿਰ ਹਿਲਾਉਂਦਾ ਰਹਿੰਦਾ।

ਇਕ ਦਿਨ ਕਹਿਣ ਲੱਗਾ, "ਇਕ ਗੱਲ ਪੁੱਛਾਂ?"

"ਜ਼ਰੂਰ ਪੁੱਛ", ਮੈਂ ਆਖਿਆ।

"ਤੁਹਾਡੇ ਕਲਚਰ ਵਿਚ ਤੁਸੀਂ ਇਕ ਦੂਜੇ ਨੂੰ ਹੈਲੋ ਕਿੰਝ ਆਖਦੇ ਹੋ"।

ਤੇ ਮੈਂ ਉਸਨੂੰ ਸਤਿ ਸ੍ਰੀ ਅਕਾਲ ਕਹਿਣਾ ਸਿਖਾ ਦਿੱਤਾ। ਉਸ ਤੋਂ ਬਾਅਦ ਉਹ ਹੱਥ ਜੋੜ ਕੇ ਮੈਨੂੰ ਸਤਿ ਸ੍ਰੀ ਅਕਾਲ ਬਲਾਉਣ ਲੱਗ ਪਿਆ।

ਕੁਝ ਦਿਨ ਲੰਘੇ ਤਾਂ ਮੇਰੇ ਕੋਲ਼ ਬੈਠਾ ਜਦ ਉਹ ਐਕਸਪੈਰੀਮੈਂਟ ਦੇ ਰੀਜ਼ਲਟ ਵੇਖ ਰਿਹਾ ਸੀ, ਮੂੰਹ 'ਤੇ ਵੱਡੀ ਸਾਰੀ ਮੁਸਕਾਣ ਲਿਆ ਕੇ ਕਹਿੰਦਾ, "ਮੇਰੇ ਕੋਲ਼ੋਂ ਇਕ ਗ਼ਲਤੀ ਹੋ ਗਈ, ਸੁਖਬੀਰ!" ਮੈਂ ਇਕਦਮ ਫਿਕਰਮੰਦ ਹੋ ਕੇ ਉਸ ਵੱਲ ਵੇਖਿਆ ਕਿ ਸ਼ਾਇਦ ਇਨ੍ਹੇ ਐਕਸਪੈਰੀਮੈਂਟ ਜਾਂ ਰੀਜ਼ਲਟ ਕੱਢਣ ਵਿਚ ਕੋਈ ਗ਼ਲਤੀ ਕਰ ਲਈ ਹੈ।

"ਫਿਕਰ ਨਾ ਕਰ, ਹੁਣੇ ਦੱਸ ਦੇਂਦਾ ਹਾਂ"। ਆਪਣੀਆਂ ਨੀਲੀਆਂ ਅੱਖਾਂ ਨਾਲ ਨੀਝ ਲਾ ਕੇ ਮੇਰੇ ਵੱਲ ਵੇਖਦਾ ਹੋਇਆ ਉਹ ਆਖਣ ਲੱਗਾ, "ਗ਼ਲਤੀ ਇਹ ਹੋ ਗਈ ਕਿ ਤੇਰੇ ਕੋਲ਼ੋਂ ਸਤਿ ਸ੍ਰੀ ਅਕਾਲ ਕਹਿਣਾ ਸਿੱਖ ਕੇ ਮੈਂ ਹੱਥ ਜੋੜਦਾ ਹਾਂ, ਤਾਂ ਮੈਨੂੰ ਜਾਪਦਾ ਏ ਕਿ ਮੈਂ ਤੇਰੇ ਹੱਥਾਂ ਦੀ ਛੋਹ ਤੋਂ ਵਾਂਝਿਆ ਗਿਆ ਹਾਂ"।

"ਕਮਲ਼ਾ, ਸ਼ੁਦਾਈ!" ਆਖ ਕੇ ਮੈਂ ਉਹਦੇ ਇਕ ਨਿੱਕੀ ਜਿਹੀ ਪਟੋਕੀ ਜੜ ਦਿੱਤੀ।

"ਵ੍ਹੱਟ ਇਜ਼ ਕਮਲ਼ਾ ਸ਼ੁਦਾਈ?"

"ਕਰੇਜ਼ੀ!" ਮੈਂ ਜਵਾਬ ਦਿੱਤਾ।

"ਗੁੱਡ... ਵੈਰੀ ਗੁੱਡ...ਫੇਰ ਤਾਂ ਮੈਂ ਕਮਲ਼ਾ ਸ਼ੁਦਾਈ ਹੀ ਚੰਗਾ"। ਕੁਝ ਪਲ ਉਹ ਮੇਰੇ ਵੱਲ ਵੇਖਦਾ ਰਿਹਾ ਤੇ ਮੈਨੂੰ ਜਾਪਿਆ ਜਿਵੇਂ ਉਹ ਅਜੇ ਕੁਝ ਹੋਰ ਵੀ ਕਹਿਣਾ ਚਾਹੁੰਦਾ ਹੋਵੇ।

ਪਰ ਉਸਦੇ ਕੁਝ ਆਖਣ ਤੋਂ ਪਹਿਲਾਂ ਹੀ ਮੈਂ ਕਹਿ ਦਿੱਤਾ, "ਚਲ ਚੰਗਾ, ਕਮਲ਼ਾ ਸ਼ੁਦਾਈ ਹੀ ਬਣਿਆ ਰਹਿ"।

ਉਸਦਾ ਚਿਹਰਾ ਇਕਦਮ ਗੰਭੀਰ ਹੋ ਗਿਆ। ਉਸਦੇ ਬੁੱਲ੍ਹਾਂ ਦੀ ਮੁਸਕਰਾਹਟ ਧੀਮੀ ਪੈ ਗਈ। ਉਸ ਦੀਆਂ ਅੱਖਾਂ ਮੇਰੇ ਧੁਰ ਅੰਦਰ ਤੀਕ ਵੇਖ ਰਹੀਆਂ ਜਾਪੀਆਂ। ਥੋੜ੍ਹਾ ਜਿਹਾ ਰੁਕ ਕੇ ਉਸਨੇ ਆਖਿਆ, "ਪਰ ਕੀ ਤੈਨੂੰ ਪਤਾ ਏ ਕਿ ਤੇਰੇ ਹੱਥਾਂ ਦੀ ਛੋਹ ਮੈਨੂੰ ਚੰਗੀ ਲਗਦੀ ਏ"।

ਤੇ ਮੈਂ ਇਕਦਮ ਆਪਣੇ ਹੱਥਾਂ ਵੱਲ ਵੇਖਣ ਲੱਗ ਪਈ। ਅਗਲੇ ਪਲ ਅਭੋਲ ਹੀ ਉਸਨੇ ਆਪਣੇ ਦੁੱਧ ਚਿੱਟੇ ਹੱਥ ਮੇਰੇ ਕਣਕ ਵੰਨੇ ਹੱਥਾਂ ਉੱਤੇ ਰੱਖ ਦਿੱਤੇ। ਇਕ ਅਜੀਬ ਝੁਣਝੁਣੀ ਨਾਲ ਮੇਰਾ ਸਰੀਰ ਕੰਬ ਉੱਠਿਆ। ਉਸਦੀਆਂ ਬਲੌਰੀ ਅੱਖਾਂ ਮੇਰੇ ਵੱਲ ਨੀਝ ਲਾ ਕੇ ਵੇਖ ਰਹੀਆਂ ਸਨ। ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਕਿਸੇ ਦੀਆਂ ਅੱਖਾਂ ਵਿਚ ਤੱਕਿਆ ਸੀ।

ਥੋੜ੍ਹਾ ਜਿਹਾ ਸੰਭਲ ਕੇ ਮੈਂ ਕੁਰਸੀ ਤੋਂ ਉੱਠ ਖਲੋਤੀ ਤੇ ਉਹਦੇ ਇਕ ਪਟੋਕੀ ਹੋਰ ਜੜ ਕੇ ਆਖਿਆ, "ਚੰਗਾ ਹੁਣ ਸੀਰੀਅਸ ਹੋ ਕੇ ਕੰਮ ਕਰ"। ਪਰ ਆਪ ਮੈਂ ਅੰਦਰੋਂ ਬਾਹਰੋਂ ਹਿੱਲ ਗਈ ਸਾਂ। ਆਪੇ 'ਤੇ ਕਾਬੂ ਪਾਉਂਦਿਆਂ ਮੈਂ ਇਸ ਗੱਲ ਨੂੰ ਹਾਸੇ ਵਿਚ ਪਾ ਦਿੱਤਾ।

ਜਸਟਿਨ ਨੇ ਆਪਣੀ ਕਲਾਸ ਖਤਮ ਹੋਣ ਤੋਂ ਬਾਅਦ ਸਾਡੀ ਲੈਬ ਵਿਚ ਆਉਣਾ ਹੁੰਦਾ ਸੀ ਤੇ ਮੈਂ ਚਾਹੁੰਦਿਆਂ ਜਾਂ ਨਾ-ਚਾਹੁੰਦਿਆਂ ਵੀ ਕੰਮ ਕਰਦੇ ਕਰਦੇ ਉਸਦੀ ਉਡੀਕ ਕਰਨ ਲੱਗ ਪਈ।

ਉਹ ਦੋ ਤਿੰਨ ਹਫਤਿਆਂ ਦੇ ਅੰਦਰ ਹੀ ਕਾਫੀ ਚੰਗੀ ਤਰ੍ਹਾਂ ਕੰਮ ਸਿੱਖ ਗਿਆ ਸੀ। ਹੁਣ ਮੈਨੂੰ ਉਸ ਉੱਤੇ ਨਿਗਰਾਨੀ ਰੱਖਣ ਦੀ ਲੋੜ ਨਹੀਂ ਸੀ ਪੈਂਦੀ। ਉਹ ਆਪਣੇ ਆਪ ਹੀ ਐਕਸਪੈਰੀਮੈਂਟ ਸੈੱਟ ਕਰਦਾ ਤੇ ਮੇਰੇ ਨਾਲ ਰੀਜ਼ਲਟ ਡਿਸਕਸ ਕਰਦਾ।

ਇਕ ਦਿਨ ਕਹਿੰਦਾ, "ਕੱਲ ਮੈਂ ਆਪਣੀ ਮਾਂ ਨੂੰ ਤੇਰੇ ਬਾਰੇ ਦੱਸਿਆ ਤੇ ਉਹ ਬੜੀ ਖੁਸ਼ ਹੋਈ। ਤੇ ਫੇਰ ਉਹ ਘੜੀ-ਮੁੜੀ ਤੇਰੇ ਬਾਰੇ ਪੁੱਛਦੀ ਰਹੀ"।

"ਤੂੰ ਕੀ ਦੱਸਿਆ ਆਪਣੀ ਮਾਂ ਨੂੰ?" ਮੈਂ ਹੈਰਾਨੀ ਨਾਲ ਉਸ ਵੱਲ ਵੇਖਿਆ।

"ਮੈਂ ਉਸਨੂੰ ਇਹੋ ਦੱਸਿਆ ਕਿ ਮੈਂ ਇਕ ਕੁੜੀ ਨੂੰ ਮਿਲਿਆ ਹਾਂ, ਜਿਸਦੇ ਚਿਹਰੇ ਦਾ ਰੰਗ ਬਦਾਮੀ ਹੈ ਤੇ ਜਿਸ ਦੀਆਂ ਅੱਖਾਂ 'ਚ ਕਾਲ਼ੇ ਬਲੌਰਾਂ ਵਰਗੀ ਚਮਕ ਹੈ ਤੇ ਜਿਸਦੇ ਕਾਲ਼ੇ-ਸ਼ਾਹ ਵਾਲ਼ ਉਸਦੇ ਲੱਕ ਤੀਕ ਪਹੁੰਚਦੇ ਨੇ ਤੇ ਨਾਲੇ ਉਹ ਸਾਇੰਟਿਸਟ ਹੈ। ਉਸ ਵਰਗੀ ਕੁੜੀ ਮੈਂ ਕਿਧਰੇ ਵੀ ਨਹੀਂ ਵੇਖੀ... ਉਹ ਇਸ ਦੁਨੀਆਂ ਤੋਂ ਨਹੀਂ ਕਿਸੇ ਪਰੀਆਂ ਦੇ ਦੇਸ ਤੋਂ ਆਈ ਜਾਪਦੀ ਹੈ... "

"ਬਸ ਬਸ, ਬਹੁਤਾ ਨਾ ਬੋਲ...", ਮੈਂ ਉਸਦੇ ਮੂੰਹ ਵੱਲ ਵੇਖੀ ਜਾਵਾਂ ਬਈ ਇਹ ਕੀ ਊਟ-ਪਟਾਂਗ ਬੋਲੀ ਜਾ ਰਿਹਾ ਹੈ।

"ਮੈਂ ਮਾਂ ਨੂੰ ਇਹ ਵੀ ਦੱਸਿਆ ਹੈ ਕਿ ਮੈਨੂੰ ਤਾਂ ਇੰਝ ਜਾਪਦਾ ਏ ਜਿਵੇਂ ਮੈਂ ਉਸਨੂੰ ਜੁਗਾਂ-ਜੁਗਾਂਤਰਾਂ ਤੋਂ ਜਾਣਦਾ ਹੋਵਾਂ"।

ਮੇਰਾ ਹੱਥ ਆਪਣੇ ਹੱਥਾਂ ਵਿਚ ਘੁੱਟ ਕੇ ਆਪਣੀਆਂ ਨੀਲੀ ਝੀਲ ਜਹੀਆਂ ਅੱਖਾਂ ਮੇਰੇ ਮੂੰਹ 'ਤੇ ਗੱਡਦੇ ਹੋਏ ਉਸ ਨੇ ਪੁੱਛਿਆ, "ਕੀ ਤੈਨੂੰ ਇਸ ਤਰ੍ਹਾਂ ਮਹਿਸੂਸ ਨਹੀਂ ਹੁੰਦਾ?"

ਮੇਰਾ ਆਪਣਾ ਦਿਲ ਵੀ ਤਾਂ ਪਹਿਲੇ ਦਿਨ ਹੀ ਉਸ ਵਲ ਖਿੱਚਿਆ ਗਿਆ ਸੀ। ਪਰ ਇਹ ਇਕ ਅਜਿਹਾ ਪਲ ਸੀ ਜਿਸ ਵਿਚ ਮੈਨੂੰ ਜਾਪਿਆ ਜਿਵੇਂ ਮੈਂ ਜੋ ਕੁਝ ਵੀ ਕਦੇ ਸੋਚਿਆ ਹੋਵੇ ਜਾਂ ਜ਼ਿੰਦਗੀ ਵਿਚ ਚਾਹਿਆ ਹੋਵੇ, ਉਹ ਇਸ ਪਲ ਵਿਚ ਮੌਜੂਦ ਸੀ ਤੇ ਇਹ ਪਲ ਸਥਿਰ ਹੋ ਕੇ ਮੇਰੇ ਵਜੂਦ ਦਾ ਹਿੱਸਾ ਬਣ ਗਿਆ ਸੀ। ਇਹ ਤਾਂ ਜਿਵੇਂ ਇਕ ਕਿਸਮ ਦਾ ਕੌਤਕ ਜਿਹਾ ਵਾਪਰ ਰਿਹਾ ਸੀ। ਮੈਨੂੰ ਸਮਝ ਨਾ ਪਵੇ ਕਿ ਮੈਂ ਕੀ ਆਖਾਂ।

ਪਰ ਉਸਦੇ ਸਵਾਲ ਦਾ ਜਵਾਬ ਮੇਰੇ ਬਿਨ ਬੋਲੇ ਹੀ ਉਸਨੂੰ ਮਿਲ ਗਿਆ ਜਾਪਦਾ ਸੀ ਤੇ ਉਸਨੇ ਮੇਰਾ ਹੱਥ ਆਪਣੇ ਬੁਲ੍ਹਾਂ ਨੂੰ ਛੁਹਾ ਲਿਆ। ਕੁਝ ਦੇਰ ਬਾਅਦ ਜਦ ਮੇਰਾ ਕਾਬੂ ਤੋਂ ਬਾਹਰ ਹੋਇਆ ਧਕ-ਧਕ ਕਰਦਾ ਦਿਲ ਥੋੜ੍ਹਾ ਵੱਸ ਵਿਚ ਆਇਆ ਤਾਂ ਮੈਂ ਹੱਸਦੇ ਹੋਏ ਉਸਨੂੰ ਆਖਿਆ, "ਤੈਨੂੰ ਪਤਾ ਕਿ ਮੈਂ ਤੇਰੇ ਨਾਲੋਂ ਉਮਰ 'ਚ ਵੱਡੀ ਹਾਂ"।

"ਮੈਨੂੰ ਪਤਾ, ਸਿਰਫ ਦੋ ਸਾਲ ਹੀ ਵੱਡੀ ਹੈਂ ਮੇਰੇ ਨਾਲੋਂ। ਤਾਂ ਹੀ ਏਨਾ ਰੋਅਬ ਵੀ ਜਮਾ ਲੈਂਦੀ ਹੈਂ"। ਤੇ ਉਹ ਮੁਸਕਰਾਉਂਦਾ ਹੋਇਆ ਲੈਬ 'ਚੋਂ ਬਾਹਰ ਚਲਾ ਗਿਆ। "ਚੰਗਾ ਮਿਲਦੇ ਆਂ ਕੱਲ ਨੂੰ ਫੇਰ", ਉਸ ਨੇ ਪਿਛਾਂਹ ਮੁੜ ਕੇ ਆਖਿਆ।

ਅੱਗੋਂ ਵੀਕ ਐਂਡ 'ਤੇ ਸੋਮਵਾਰ ਨੂੰ ਪਰੈਜ਼ੀਡੈਂਟ ਡੇਅ ਦੀ ਛੁੱਟੀ ਆ ਗਈ।

ਅਗਲੇ ਮੰਗਲਵਾਰ ਮੈਂ ਉਸਨੂੰ ਸਵੇਰੇ ਹੀ ਉਡੀਕਣ ਲੱਗ ਪਈ। ਪਰ ਉਸਨੇ ਤਾਂ ਆਪਣੀ ਕਲਾਸ ਖਤਮ ਹੋਣ ਤੋਂ ਬਾਅਦ ਹੀ ਲੈਬ ਵਿਚ ਆਉਣਾ ਸੀ। ਆਉਂਦਿਆਂ ਹੀ ਫਟਾ-ਫਟ ਕੰਮ ਨਬੇੜ ਕੇ ਉਹ ਮੇਰੇ ਕੋਲ਼ ਆ ਬੈਠਾ।

"ਮਾਂ ਪੁੱਛਦੀ ਸੀ ਕਿ ਮੈਨੂੰ ਕਦੋਂ ਮਿਲਾਵੇਂਗਾ ਉਸ ਕੁੜੀ ਨੂੰ ਜਿਸ ਬਾਰੇ ਤੂੰ ਦਿਨ ਰਾਤ ਗੱਲਾਂ ਕਰਦਾ ਤੇ ਸੋਚਦਾ ਰਹਿੰਦਾ ਏਂ"।

"ਤੂੰ ਫੇਰ ਕੀ ਆਖਿਆ?"

"ਮੈਂ ਕਿਹਾ, ਛੇਤੀ ਹੀ। ਹਾਂ ਸੱਚ, ਅਗਲੇ ਸ਼ਨਿੱਚਰਵਾਰ ਤਾਂ ਆਪਾਂ ਵਿਹਲੇ ਹੀ ਹਾਂ", ਉਹ ਸਿਰ ਹਿਲਾਉਂਦਾ ਹੋਇਆ ਮੇਰੀ 'ਹਾਂ' ਉਡੀਕਣ ਲੱਗ ਪਿਆ।

"ਠੀਕ ਹੈ, ਪਰ ਜੇ ਤੇਰੀ ਮਾਂ ਨੇ ਮੈਨੂੰ ਪਸੰਦ ਨਾ ਕੀਤਾ", ਮੈਂ ਆਖਿਆ ਤੇ ਨਾਲ ਹੀ ਮੇਰੇ ਅੰਦਰ ਫਿਕਰ ਨਾਲ ਇਕ ਕੰਬਣੀ ਜਿਹੀ ਛਿੜ ਪਈ।

"ਝੱਲੀ, ਸੁਖਬੀਰ! ਮੈਨੂੰ ਤਾਂ ਜਾਪਦਾ ਏ ਕਿ ਉਹ ਮੇਰੇ ਨਾਲੋਂ ਵੀ ਵੱਧ ਤੇਰੇ 'ਤੇ ਫਿਦਾ ਹੋਈ ਪਈ ਆ। ਮੈਂ ਤੈਨੂੰ ਸ਼ਨਿੱਚਰਵਾਰ ਚਾਰ ਵਜੇ ਲੈਣ ਆਵਾਂਗਾ", ਜਸਟਿਨ ਨੇ ਆਖਿਆ।

ਮੈਂ ਸਿਰ ਹਿਲਾ ਕੇ ਹਾਂ ਕਰ ਦਿੱਤੀ ਤੇ ਅਸੀਂ ਦੋਵੇਂ ਪਿਛਲੇ ਹਫਤੇ ਦੇ ਰੀਜ਼ਲਟ ਇਕ ਦੂਜੇ ਨਾਲ ਕੰਪੇਅਰ ਕਰਨ ਲੱਗ ਪਏ।

"ਹਾਂ ਸੱਚ, ਮੈਂ ਕੱਲ ਨੂੰ ਬਲੱਡ ਡੋਨੇਟ (ਖੂਨ ਦਾਨ) ਕਰਨ ਲਈ ਜਾ ਰਿਹਾਂ", ਕੰਮ ਖਤਮ ਹੋਣ 'ਤੇ ਕਾਪੀ ਬੰਦ ਕਰ ਕੇ ਉਹ ਉੱਚੀ-ਉੱਚੀ ਹੱਸਣ ਲੱਗ ਪਿਆ।

"ਬਲੱਡ ਡੋਨੇਟ ਕਰਨ ਜਾ ਰਿਹਾ ਏਂ ਤਾਂ ਬਹੁਤ ਚੰਗਾ ਪਰ ਇਸ ਵਿਚ ਹੱਸਣ ਵਾਲੀ ਕਿਹੜੀ ਗੱਲ ਆ"।

"ਹੱਸਣ ਵਾਲੀ ਗੱਲ ਹੀ ਤਾਂ ਹੈ ਪਈ ਮੈਂ ਡਾਕਟਰੀ ਦੀ ਪੜ੍ਹਾਈ ਕਰ ਰਿਹਾ ਹਾਂ ਪਰ ਮੈਨੂੰ ਸੂਈਆਂ ਤੋਂ ਬੜਾ ਡਰ ਲਗਦਾ"।

"ਸੱਚਮੁੱਚ ਹੀ ਇਕ ਚੂਚੇ ਵਰਗਾ ਨਰਮ ਦਿਲ ਤੇ ਡਰਾਕਲ ਏਂ ਤੂੰ", ਆਖ ਕੇ ਮੈਂ ਵੀ ਉਸਦੇ ਨਾਲ ਹੱਸਣ ਲੱਗ ਪਈ, "ਪਰ ਜੇ ਏਨਾ ਈ ਡਰ ਲਗਦਾ ਤਾਂ ਨਾ ਜਾ ਫੇਰ। ਤੈਨੂੰ ਕੋਈ ਮਜਬੂਰੀ ਤਾਂ ਨਹੀਂ ਕਿ ਜ਼ਰੂਰ ਹੀ ਖੂਨ ਦਾਨ ਕਰਨ ਜਾਣਾਂ"।

"ਮਜਬੂਰੀ ਤਾਂ ਕੋਈ ਨਹੀਂ ਪਰ ਮੇਰਾ ਜੀਅ ਕਰਦਾ ਕਿ ਮੈਂ ਕਿਸੇ ਲੋੜਵੰਦ ਦੀ ਮਦਦ ਕਰ ਸਕਾਂ"।

"ਤਾਂ ਫੇਰ ਡਰਨੋਂ ਹਟ ਜਾ", ਮੈਂ ਆਖਿਆ।

'ਅੱਛਾ' ਕਹਿ ਕੇ ਉਸਨੇ ਮੇਰੇ ਹੱਥ ਆਪਣੇ ਹੱਥਾਂ ਵਿਚ ਘੁੱਟ ਲਏ ਤੇ ਫੇਰ ਮੇਰੀ ਹਥੇਲੀ ਉੱਤੇ ਉਸਨੇ ਆਪਣੀ ਉਂਗਲ ਨਾਲ 'ਜਸਟਿਨ' ਲਿਖ ਦਿੱਤਾ। ਮੇਰੀਆਂ ਅੱਖਾਂ ਵਿਚ ਤੱਕਦਿਆਂ ਉਸਦੇ ਚਿਹਰੇ 'ਤੇ ਮੀਲ ਲੰਮੀ ਮੁਸਕਰਾਹਟ ਉਭਰ ਆਈ। ਉਸਦੀਆਂ ਨੀਲੀਆਂ ਅੱਖਾਂ ਦੀ ਤੱਕਣੀ ਧੁਰ ਅੰਦਰ ਤੀਕ ਮੇਰੀ ਰੂਹ ਤਾਂਈਂ ਇਕ ਚਾਨਣ ਦੀ ਲਕੀਰ ਜਿਹੀ ਫੇਰ ਗਈ।

"ਚੰਗਾ ਹੁਣ ਜਾ ਫੇਰ!" ਮੈਂ ਮਾੜਾ ਜਿਹਾ ਉਸਨੂੰ ਝੂਠੀ-ਮੂਠੀ ਦਾ ਧੱਕਾ ਦੇਂਦਿਆਂ ਆਖਿਆ।

"ਆਈ ਵਿੱਲ ਬੀ ਬੈਕ ਸੂਨ- ਮੈਂ ਛੇਤੀ ਵਾਪਸ ਆਉਂਦਾ...", ਆਖ ਕੇ ਉਹ ਤੁਰ ਗਿਆ ਸੀ।

ਅਗਲੇ ਦਿਨ ਉਹ ਲੈਬ ਵਿਚ ਨਾ ਆਇਆ ਤੇ ਉਸਤੋਂ ਅਗਲਾ ਦਿਨ ਵੀ ਲੰਘ ਗਿਆ। ਮੈਨੂੰ ਸਮਝ ਨਾ ਆਵੇ ਕਿ ਕਿਸ ਨੂੰ ਪੁੱਛਾਂ ਉਸ ਬਾਰੇ। ਕਈ ਵਾਰੀ ਦਿਲ ਵਿਚ ਇਹ ਵੀ ਆਇਆ ਕਿ

ਸ਼ਾਇਦ ਉਸਦੀ ਮਾਂ ਨੇ ਹੀ ਰੋਕ ਦਿੱਤਾ ਹੋਵੇ ਜਾਂ ਉਸਨੇ ਆਪ ਹੀ ਮਨ ਬਦਲ ਲਿਆ ਹੋਵੇ। ਪਰ ਜਸਟਿਨ ਦੀ ਤਾਂ ਹਰ ਗੱਲ ਤੇ ਹਰ ਹਰਕਤ ਵਿਚੋਂ ਮਾਸੂਮੀਅਤ ਤੇ ਸਚਾਈ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਉਹ ਤਾਂ ਕਦੇ ਵੀ ਮੇਰੀਆਂ ਭਾਵਨਾਵਾਂ ਨਾਲ ਖੇਡਣ ਵਾਲਾ ਨਹੀਂ ਸੀ ਜਾਪਦਾ। ਨਾਲ ਹੀ ਮੇਰੇ ਦਿਲ ਨੂੰ ਹੌਲ ਜਹੇ ਪੈਣ ਲੱਗ ਪਏ ਜਿਵੇਂ ਕੋਈ ਅਣਹੋਣੀ ਵਾਪਰ ਗਈ ਹੋਵੇ।

ਚੌਥੇ ਦਿਨ ਜਦ ਮੈਂ ਅਣਮਨੇ ਜਿਹੇ ਦਿਲ ਨਾਲ ਆਪਣੇ ਆਫਿਸ ਬੈਠੀ ਐਕਸਪੈਰੀਮੈਂਟ ਦੇ ਰੀਜ਼ਲਟ ਕਾਪੀ 'ਚ ਦਰਜ ਕਰ ਰਹੀ ਸਾਂ ਤਾਂ ਗਰੈਗਰੀ, ਜੋ ਮੇਰੀ ਲੈਬ ਵਿਚ ਹੀ ਕੰਮ ਕਰਦਾ ਸੀ, ਦੌੜਦਾ ਹੋਇਆ ਆਇਆ,

"ਕੁਝ ਸੁਣਿਆ, ਸੁਖਬੀਰ? ਜਸਟਿਨ ਹੈਜ਼ ਸਟੇਜ ਫੋਰ ਲੁਕੀਮੀਆਂ, ਬਲੱਡ ਕੈਂਸਰ"।

"ਵ੍ਹੱਟ? ਕੀ ਆਖਿਆ ਤੂੰ?" ਆਖਦਿਆਂ ਮੇਰੇ ਹੱਥ 'ਚੋਂ ਕਾਪੀ ਛੁੱਟ ਕੇ ਫਰਸ਼ 'ਤੇ ਡਿੱਗ ਪਈ। ਮੇਰੇ ਸਿਰ ਨੂੰ ਚੱਕਰ ਜਿਹਾ ਆ ਗਿਆ।

"ਤਿੰਨ-ਚਾਰ ਦਿਨ ਪਹਿਲਾਂ ਜਦ ਉਸਨੇ ਖ਼ੂਨ ਦਿੱਤਾ ਸੀ ਤਾਂ ਉਦੋਂ ਪਤਾ ਲੱਗਿਆ"। ਗਰੈਗਰੀ ਨੇ ਸਿਰ ਹਿਲਾਉਂਦਿਆਂ ਉਦਾਸੀ ਜਿਹੀ 'ਚ ਆਖਿਆ ਤੇ ਫਰਸ਼ 'ਤੇ ਡਿੱਗੀ ਕਾਪੀ ਚੁੱਕ ਕੇ ਉਸਨੇ ਮੇਜ਼ ਉੱਤੇ ਰੱਖ ਦਿਤੀ।

"ਤੂੰ ਠੀਕ ਤਾਂ ਹੈਂ, ਸੁਖਬੀਰ?" ਉਸਨੇ ਪੁੱਛਿਆ। ਸ਼ਾਇਦ ਮੇਰੇ ਚਿਹਰੇ 'ਤੇ ਛਾਈ ਪਲਿੱਤਣ ਉਸਨੇ ਭਾਂਪ ਲਈ ਸੀ। "ਪਾਣੀ ਦਾ ਗਲਾਸ ਲਿਆਵਾਂ ਤੇਰੇ ਲਈ?"

"ਨਹੀਂ...ਹਾਂ...ਮੈਂ ਠੀਕ ਆਂ...", ਮੇਰੇ ਬੋਲ ਥਥਲਾ ਗਏ ਸਨ। "ਥੈਂਕਯੂ, ਪਾਣੀ ਦੀ ਜ਼ਰੂਰਤ ਨਹੀਂ"।

"ਆਏ ਐਮ ਸੋ ਸੌਰੀ, ਸੁਖਬੀਰ। ਹੀ ਇਜ਼ ਏ ਨਾਈਸ ਯੰਗ ਮੈਨ...", ਆਖਦਾ ਹੋਇਆ ਗਰੈਗਰੀ ਆਪਣੇ ਦਫਤਰ ਵੱਲ ਨੂੰ ਚੱਲ ਪਿਆ।

ਮੈਂ ਕਿੰਨਾ ਚਿਰ ਕੋਈ ਕੰਮ ਨਾ ਕਰ ਸਕੀ। ਭੰਬਲ-ਭੂਸਿਆਂ 'ਚ ਪਈ ਉਸਨੂੰ ਉਡੀਕਦੀ ਰਹੀ। ਨਾ ਤਾਂ ਮੈਂ ਜਸਟਿਨ ਦੇ ਘਰ ਦਾ ਫੋਨ ਨੰਬਰ ਲਿਆ ਸੀ ਤੇ ਨਾ ਹੀ ਮੈਨੂੰ ਪਤਾ ਸੀ ਕਿ ਉਹ ਕਿੱਥੇ ਰਹਿੰਦਾ ਹੈ। ਜਾਂ ਉਸਦੇ ਕੋਈ ਹੋਰ ਭੈਣ ਭਰਾ ਹੈਨ ਜਾਂ ਨਹੀਂ। ਮੈਨੂੰ ਤਾਂ ਸਿਰਫ ਉਸਦੀ ਮਾਂ ਬਾਰੇ ਹੀ ਥੋੜ੍ਹਾ ਜਿਹਾ ਪਤਾ ਸੀ। ਉਨ੍ਹਾਂ ਦਿਨਾਂ ਵਿਚ ਸੈੱਲ ਫੋਨ ਨਹੀਂ ਸਨ ਹੋਇਆ ਕਰਦੇ ਤੇ ਉਸਦਾ ਐਡਰੈੱਸ ਪੁੱਛਣ ਦੀ ਮੈਂ ਲੋੜ ਹੀ ਨਹੀਂ ਸੀ ਸਮਝੀ, ਕਿਉਂਕਿ ਉਹ ਆਪ ਹੀ ਘੰਟੇ ਦੋ ਘੰਟਿਆਂ ਲਈ ਲੈਬ 'ਚ ਆ ਜਾਂਦਾ ਸੀ। ਨਾਲੇ ਅਜੇ ਉਸਨੂੰ ਸਿਰਫ ਇਕ ਡੇਢ ਮਹੀਨਾ ਹੀ ਤਾਂ ਹੋਇਆ ਸੀ ਮੇਰੀ ਲੈਬ 'ਚ ਕੰਮ ਕਰਦਿਆਂ।

ਦਿਲ 'ਚ ਅਰਦਾਸਾਂ ਕਰਦੀ ਰਹੀ ਕਿ ਉਹ ਠੀਕ ਹੋ ਜਾਵੇ। ਪਰ ਅਸਲੀਅਤ ਦਾ ਚੇਤਾ ਆਉਂਦਿਆਂ ਹੀ ਦਿਲ ਕੰਬ ਉੱਠਦਾ, 'ਸਟੇਜ ਫੋਰ ਲੁਕੀਮੀਆਂ'! ਏਸੇ ਤਰ੍ਹਾਂ ਦੀ ਉਧੇੜ-ਬੁਣ ਜਿਹੀ 'ਚ ਦੋ ਹਫਤੇ ਹੋਰ ਲੰਘ ਗਏ। ਨਾ ਹੀ ਮੇਰਾ ਕਿਸੇ ਕੰਮ ਵਿਚ ਮਨ ਲੱਗਾ ਤੇ ਨਾ ਹੀ ਉਸਦੀ ਕੋਈ ਖਬਰ-ਸਾਰ ਆਈ। ਇਕ ਦਿਨ ਉਦਾਸੇ ਜਿਹੇ ਮਨ ਨਾਲ ਜਦ ਆਪਣੀ ਲੈਬ ਵੱਲ ਜਾ ਰਹੀ ਸਾਂ,

"ਸੁਖਬੀਰ!"

ਜਸਟਿਨ ਦੀ ਆਵਾਜ਼ ਸੁਣਦਿਆਂ ਹੀ ਅੱਭੜਵਾਹੇ ਉਸ ਵੱਲ ਭੱਜ ਉੱਠੀ। "ਜਸਟਿਨ, ਹਾਉ ਆਰ ਯੂ?"

ਉਹ ਕਿੰਨਾ ਚਿਰ ਕੁਝ ਵੀ ਨਾ ਬੋਲਿਆ। ਕੁਝ ਕੁ ਦਿਨਾਂ ਵਿਚ ਹੀ ਉਹ ਕਿੰਨਾ ਕਮਜ਼ੋਰ ਲੱਗਣ ਲੱਗ ਪਿਆ ਸੀ। ਉਸਨੇ ਮੈਨੂੰ ਇਕ ਟਿਊਬ ਫੜਾਉਂਦਿਆਂ ਆਖਿਆ, "ਇਸ ਵਿਚ ਮੇਰੇ ਬਲੱਡ ਸੈੱਲਜ਼ ਹਨ। ਮੈਂ ਡਾਇਰੈਕਟਰ ਨਾਲ ਗੱਲ ਕੀਤੀ ਤਾਂ ਉਸ ਕਿਹਾ ਕਿ ਮੈਂ ਆਪ ਆਪਣੇ ਸੈੱਲਾਂ 'ਤੇ ਐਕਸਪੈਰੀਮੈਂਟ ਨਹੀਂ ਕਰ ਸਕਦਾ। ਇਸ ਲਈ ਮੈਂ ਚਾਹੁੰਦਾਂ ਕਿ ਤੂੰ ਇਸ ਉੱਤੇ ਕੰਮ ਕਰੇਂ"।

ਉਹ ਮੈਨੂੰ ਟਿਊਬ ਫੜਾ ਕੇ ਬਿਨਾਂ ਮੇਰੇ ਵੱਲ ਵੇਖੇ ਉੱਥੋਂ ਚਲਾ ਗਿਆ। ਮੈਂ ਭਰੇ ਮਨ ਨਾਲ ਉਸਨੂੰ ਜਾਂਦਿਆਂ ਵੇਖਦੀ ਰਹੀ ਪਰ ਉਸਨੇ ਇਕ ਵਾਰ ਵੀ ਪਿੱਛੇ ਮੁੜ ਕੇ ਨਾ ਵੇਖਿਆ।

ਉਸੇ ਦਿਨ ਅਸੀਂ ਚਾਰੇ ਜਣੇ ਡਾਇਰੈਕਟਰ ਦੀ ਸਲਾਹ ਨਾਲ ਜਸਟਿਨ ਦੇ ਸੈੱਲਾਂ ਨੂੰ ਟਰੀਟ ਕਰਨ ਲਈ ਐਕਸਪੈਰੀਮੈਂਟ ਸੈੱਟ ਕਰਨ ਲੱਗੇ। ਉਸਦੇ ਕੈਂਸਰ ਸੈੱਲ ਏਨੀ ਤੇਜ਼ੀ ਨਾਲ ਵਧ ਰਹੇ ਸਨ ਕਿ ਕੋਈ ਵੀ ਕੀਮੋ ਡਰੱਗਜ਼ ਉਸ ਉੱਤੇ ਅਸਰ ਨਹੀਂ ਸੀ ਕਰ ਰਹੀਆਂ। ਸਾਡੇ ਚਾਰਾਂ ਜਣਿਆਂ ਦੇ ਇਕੋ ਜਿਹੇ ਰੀਜ਼ਲਟ ਆ ਰਹੇ ਸਨ। ਸਾਡਾ ਡਾਇਰੈਕਟਰ ਕਹਿਣ ਲੱਗਾ ਕਿ ਸਾਨੂੰ ਇਸ ਬਾਰੇ ਪੇਪਰ ਲਿਖਣਾ ਚਾਹੀਦਾ ਹੈ।

ਮੇਰਾ ਦਿਲ ਕੀਤਾ ਕਿ ਮੈਂ ਇਕਦਮ ਨਾਂਹ ਕਰ ਦੇਵਾਂ, ਪਰ ਕਰ ਨਾ ਸਕੀ ਤੇ ਅਣਮਨੇ ਜਿਹੇ ਦਿਲ ਨਾਲ ਪੇਪਰ ਲਿਖਣ ਦਾ ਕੰਮ ਸ਼ੁਰੂ ਕਰ ਦਿੱਤਾ, ਜਿਸ ਵਿਚ ਮਰੀਜ਼ ਦੀ ਕੋਈ ਪਰਸਨਲ ਜਾਣਕਾਰੀ ਨਹੀਂ ਦਿੱਤੀ ਜਾਂਦੀ। ਸਿਰਫ ਰੀਸਰਚ ਮੈਥਡ ਤੇ ਰੀਜ਼ਲਟ ਹੀ ਦੱਸੇ ਜਾਂਦੇ ਹਨ।

ਕਿੰਨੇ ਦਿਨ ਆਪਣੇ ਆਪ ਨੂੰ ਕੋਸਦੀ ਰਹੀ ਕਿ ਜਦ ਉਹ ਆਪਣੇ ਸੈੱਲ ਦੇਣ ਆਇਆ ਸੀ ਤਾਂ ਕਿਉਂ ਨਾ ਮੈਂ ਉਸਦਾ ਐਡਰੈੱਸ ਪੁੱਛਿਆ ਜਾਂ ਫੋਨ ਨੰਬਰ ਮੰਗਿਆ। ਮੈਨੂੰ ਸੈੱਲਾਂ ਵਾਲੀ ਟਿਊਬ ਫੜਾ ਕੇ ਉਹ ਉਨ੍ਹੀਂ ਪੈਰੀਂ ਹੀ ਵਾਪਸ ਮੁੜ ਗਿਆ ਸੀ। ਯੂਨੀਵਰਸਿਟੀ ਵਾਲੇ ਵੀ ਕਿਸੇ ਦਾ ਐਡਰੈੱਸ ਜਾਂ ਫੋਨ ਨੰਬਰ ਨਹੀਂ ਦੇਂਦੇ ਜਦ ਤਕ ਤੁਹਾਡਾ ਕੋਈ ਨੇੜੇ ਦਾ ਰਿਸ਼ਤਾ ਨਾ ਹੋਵੇ। ਪਰ ਮੈਨੂੰ ਤਾਂ ਖੁਦ ਨਹੀਂ ਸੀ ਪਤਾ ਕਿ ਮੇਰਾ ਉਸ ਨਾਲ ਕੀ ਰਿਸ਼ਤਾ ਸੀ।

ਪੰਜ ਛੇ ਹਫਤਿਆਂ ਬਾਅਦ ਉਹ ਫੇਰ ਆਇਆ ਤਾਂ ਹੋਰ ਵੀ ਕਮਜ਼ੋਰ ਜਾਪਿਆ। ਉਸਦਾ ਉੱਚਾ-ਲੰਮਾਂ ਕੱਦ ਕਰੰਗ ਬਣਿਆ ਪਿਆ ਸੀ। ਉਸਦਾ ਹਸੂੰ-ਹਸੂੰ ਕਰਦਾ ਚਿਹਰਾ ਮੁਰਝਾ ਗਿਆ ਸੀ। ਉਸਦੀਆਂ ਅੱਖਾਂ ਦੇ ਟੋਏ ਡੂੰਘੇ ਹੋ ਗਏ ਸਨ। ਮੈਂ ਡੌਰ-ਭੌਰੀ ਜਿਹੀ ਉਸ ਵੱਲ ਤੱਕਦੀ ਹੋਈ ਉਸ ਵਿਚੋਂ ਜਸਟਿਨ ਨੂੰ ਲੱਭਣ ਦੀ ਕੋਸ਼ਿਸ਼ ਕਰਦੀ ਰਹੀ।

"ਮੈਂ ਪੜ੍ਹਾਈ ਛੱਡ ਦਿੱਤੀ ਹੈ", ਉਸ ਦੱਸਿਆ, "ਕੈਂਸਰ ਵਾਲੀਆਂ ਦਵਾਈਆਂ ਤੁਹਾਡੀ ਸਾਰੀ ਤਾਕਤ ਨੂੰ ਨਿਚੋੜ ਕੇ ਰੱਖ ਦੇਂਦੀਆਂ ਹਨ"।

ਮੇਰਾ ਜੀਅ ਕੀਤਾ ਮੈਂ ਉਸਦਾ ਹੱਥ ਫੜ ਕੇ ਉਸਨੂੰ ਦਿਲਾਸਾ ਦੇਵਾਂ। ਪਰ ਮੈਨੂੰ ਇਕ ਲਫਜ਼ ਵੀ ਨਾ ਔੜਿਆ, ਉਸ ਕੋਲੋਂ ਕੁਝ ਪੁੱਛਣ ਲਈ ਜਾਂ ਉਸਨੂੰ ਕੁਝ ਦੱਸਣ ਲਈ। ਮੇਰਾ ਅੰਦਰ ਹੁਭਕੀਂ ਰੋ ਰਿਹਾ ਸੀ ਪਰ ਉਪਰੋਂ ਮੈਂ ਬੁੱਤ ਬਣੀ ਬੈਠੀ ਰਹੀ ਤੇ ਉਹ ਮੇਰੇ ਲਾਗੇ ਕੁਰਸੀ 'ਤੇ ਬੈਠਾ ਕਮਜ਼ੋਰ ਜਹੇ ਸਾਹ ਭਰਦਾ ਰਿਹਾ। ਫੇਰ ਉਸਦੇ ਹੱਥ ਥਰਥਰਾਉਣ ਲੱਗ ਪਏ ਤੇ ਜਿਵੇਂ ਉਸਦੇ ਅੰਦਰ ਕੋਈ ਰੋਸ ਜਿਹਾ ਭਰ ਗਿਆ ਹੋਵੇ, ਆਖਣ ਲੱਗਾ,

"ਚਲੋ ਚੰਗਾ ਹੋਇਆ, ਤੁਹਾਡਾ ਇਕ ਰੀਸਰਚ ਪੇਪਰ ਹੋਰ ਛਪ ਜਾਵੇਗਾ। ਕਿਉਂਕਿ ਤੁਹਾਡਾ ਕੰਮ ਰੀਸਰਚ ਕਰਨਾ ਤੇ ਪੇਪਰ ਪਬਲਿਸ਼ ਕਰਨਾ ਹੀ ਤਾਂ ਹੈ"।

ਉਸਦੇ ਬੋਲਾਂ 'ਚੋਂ ਨਿਹੋਰਾ ਤੇ ਗੁੱਸਾ ਝਲਕ ਰਿਹਾ ਸੀ।

"ਨਹੀਂ, ਜਸਟਿਨ...ਨਹੀਂ...", ਮੈਂ ਤਰਲੇ ਵਾਂਗ ਆਖਿਆ।

"ਕਿਉਂ ਨਹੀਂ। ਤੁਹਾਡੀ ਲੈਬ ਤਾਂ ਸਿਰਫ ਏਹੀ ਕੰਮ ਕਰਦੀ ਹੈ, ਕੋਈ ਭਾਵੇਂ ਮਰੇ ਭਾਵੇਂ ਜੀਵੇ"।

"ਓ ਜਸਟਿਨ...ਪਲੀਜ਼...", ਮੇਰੀਆਂ ਅੱਖਾਂ 'ਚੋਂ ਤ੍ਰਿੱਪ-ਤ੍ਰਿੱਪ ਅੱਥਰੂ ਵਗਣ ਲੱਗ ਪਏ।

ਉਸਦਾ ਗੁੱਸਾ ਸਿਸਕੀਆਂ ਵਿਚ ਬਦਲ ਗਿਆ ਤੇ ਮੇਰੇ ਮੋਢੇ 'ਤੇ ਸਿਰ ਰੱਖ ਕੇ ਉਹ ਫਿੱਸ ਪਿਆ। ਗਲਵੱਕੜੀ ਪਾਈ ਅਸੀਂ ਕਿੰਨਾ ਚਿਰ ਰੋਂਦੇ ਰਹੇ। ਮੈਂ ਆਪਣੇ ਹੱਥਾਂ ਦੀਆਂ ਤਲੀਆਂ ਨਾਲ ਉਸਦੇ ਅੱਥਰੂ ਪੂੰਝਦਿਆਂ ਹੋਇਆਂ ਇਕ ਵਾਰ ਵੀ ਨਾ ਆਖ ਸਕੀ ਕਿ ਤੂੰ ਠੀਕ ਹੋ ਜਾਵੇਂਗਾ। ਅਸਲੀਅਤ ਦਾ ਸਾਨੂੰ ਦੋਵਾਂ ਨੂੰ ਪਤਾ ਸੀ।

ਪਤਾ ਨਹੀਂ ਕਿੰਨਾ ਚਿਰ ਲੰਘ ਗਿਆ ਇੰਝ ਬੈਠਿਆਂ ਨੂੰ, ਤੇ ਫੇਰ ਜਿਵੇਂ ਉਸਨੂੰ ਕੁਝ ਯਾਦ ਆ ਗਿਆ ਹੋਵੇ, ਆਖਣ ਲੱਗਾ, "ਮੈਂ ਆਪਣੀ ਮਾਂ ਦਾ ਇਕਲੌਤਾ ਬੇਟਾ ਹਾਂ। ਮੇਰੀ ਮਾਂ ਨੇ ਇਕੱਲਿਆਂ

ਦੋ ਦੋ ਨੌਕਰੀਆਂ ਕਰ ਕੇ ਮੈਨੂੰ ਪਾਲ਼ਿਆ, ਪੜ੍ਹਾਇਆ ਤੇ ਮੈਂ ਸੋਚਿਆ ਕਰਦਾ ਸਾਂ ਕਿ ਡਾਕਟਰ ਬਣਕੇ ਮੈਂ ਦੁਨੀਆਂ ਦੇ ਸਾਰੇ ਸੁਖ ਉਸਦੀ ਝੋਲ਼ੀ ਪਾਵਾਂਗਾ"।

ਮੈਨੂੰ ਕੋਈ ਜਵਾਬ ਨਾ ਔੜਿਆ। ਚੁਪ-ਚਾਪ ਉਸਨੂੰ ਸੁਣਦੀ ਰਹੀ। ਜਦ ਉਹ ਜਾਣ ਨੂੰ ਉੱਠਿਆ ਤਾਂ ਮੈਨੂੰ ਜਾਪਿਆ ਜਿਵੇਂ ਇਹ ਉਸਦੀ ਆਖਰੀ ਗਲਵੱਕੜੀ ਸੀ। ਮੇਰੇ ਮੋਢਿਆਂ 'ਤੇ ਹੱਥ ਰੱਖ ਕੇ ਉਸ ਆਖਿਆ,

"ਕਦੇ ਕਦਾਈਂ ਮੇਰੀ ਮਾਂ ਕੋਲ਼ ਜਾ ਆਇਆ ਕਰੀਂ। ਉਹ ਭਾਵੇਂ ਤੈਨੂੰ ਮਿਲੀ ਨਹੀਂ ਪਰ ਤੈਨੂੰ ਚੰਗੀ ਤਰ੍ਹਾਂ ਜਾਣਦੀ ਹੈ"। ਉਸਦੀਆਂ ਬੇਬਸੀ ਭਰੀਆਂ ਅੱਖਾਂ ਮੇਰੇ ਚਿਹਰੇ ਨੂੰ ਨਿਹਾਰ ਰਹੀਆਂ ਸਨ।

ਮੈਂ ਜਵਾਬ 'ਚ ਸਿਰਫ ਆਪਣਾ ਸਿਰ ਹੀ ਹਿਲਾ ਸਕੀ।

ਕਾਗ਼ਜ਼ 'ਤੇ ਲਿਖਿਆ ਐਡਰੈੱਸ ਤੇ ਫੋਨ ਨੰਬਰ ਮੇਰੇ ਹੱਥ ਉੱਤੇ ਰੱਖ ਕੇ ਉਹ ਇੰਝ ਮੁੜਿਆ ਜਿਵੇਂ ਉਸਨੂੰ ਕਿਧਰੇ ਭੱਜ ਜਾਣ ਦੀ ਕਾਹਲ਼ ਹੋਵੇ। ਮੇਰਾ ਦਿਲ ਕੀਤਾ ਕਿ ਉਹ ਕੁਝ ਪਲ ਹੋਰ ਰੁਕ ਜਾਵੇ। ਪਰ ਮੈਂ ਡੁਬ-ਡੁਬਾਈਆਂ ਅੱਖਾਂ ਨਾਲ ਉਸਨੂੰ ਜਾਂਦਿਆਂ ਤੱਕਦੀ ਰਹੀ। ਮੈਨੂੰ ਜਾਪਿਆ ਮੇਰੇ ਆਪੇ ਦਾ ਕੋਈ ਹਿੱਸਾ ਉਸਦੇ ਨਾਲ ਹੀ ਚਲਾ ਗਿਆ ਸੀ ਤੇ ਮੇਰੇ ਅੰਦਰ ਇਕ ਖਾਲੀਪਨ ਦਾ ਅਹਿਸਾਸ ਭਾਰੂ ਹੋ ਗਿਆ।

ਕੁਝ ਪਲਾਂ ਵਿਚ ਹੀ ਬਿਲਡਿੰਗ ਦਾ ਮੋੜ ਮੁੜ ਕੇ ਉਹ ਅੱਖਾਂ ਤੋਂ ਓਹਲੇ ਹੋ ਗਿਆ ਸੀ। ਕਾਗਜ਼ ਉੱਤੇ ਲਿਖੇ ਅੱਖਰ ਮੇਰੇ ਅੱਥਰੂਆਂ 'ਚ ਡੁੱਬਣ-ਤਰਨ ਲੱਗ ਪਏ।

ਉਸਦੇ ਜਾਣ ਤੋਂ ਬਾਅਦ ਜਦ ਲੈਬ ਵੱਲ ਮੁੜੀ ਤਾਂ ਮੇਰਾ ਜੀਅ ਕੀਤਾ ਕਿ ਸਭ ਤਸ਼ਤਰੀਆਂ ਤੇ ਦਵਾਈਆਂ ਵਾਲੀਆਂ ਬੋਤਲਾਂ ਤੇ ਰੀਸਰਚ ਲਈ ਵਰਤੇ ਜਾਂਦੇ ਸਾਰੇ ਜੰਤਰ ਤੋੜ ਭੰਨ ਦੇਵਾਂ ਤੇ ਸਾਰਾ ਕੁਝ ਕੂੜੇ ਵਿਚ ਸੁੱਟ ਕੇ ਘਰ ਚਲੀ ਜਾਵਾਂ। ਅਗਲੇ ਦਿਨ ਕੰਮ ਤੋਂ ਛੁੱਟੀ ਲੈ ਕੇ ਦਿਨ ਦਿਹਾੜੇ ਹੀ ਬਿਸਤਰੇ 'ਚ ਪਈ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਕਈਆਂ ਸਾਲਾਂ ਤੋਂ ਬਿਮਾਰ ਹੋਵਾਂ। ਨਾ ਕੁਝ ਖਾਣ ਨੂੰ ਜੀਅ ਕੀਤਾ ਤੇ ਨਾ ਹੀ ਕੋਈ ਕੰਮ ਕਰਨ ਨੂੰ। ਅਗਲੇ ਦਿਨ ਵੀ ਕੰਮ 'ਤੇ ਜਾਣ ਲਈ ਉੱਠ ਨਾ ਹੋਇਆ ਤੇ ਉਸਤੋਂ ਅਗਲਾ ਦਿਨ ਵੀ ਬਿਸਤਰੇ 'ਚ ਪਿਆਂ ਲੰਘ ਗਿਆ। ਤਿੰਨ ਚਾਰ ਦਿਨ ਮੈਨੂੰ ਜਿਵੇਂ ਆਪਣੀ ਸੁਰਤ ਹੀ ਭੁੱਲੀ ਰਹੀ। ਫੇਰ ਸੋਚਿਆ ਕਿ ਜਸਟਿਨ ਦੇ ਘਰ ਜਾ ਕੇ ਉਸਨੂੰ ਮਿਲ ਆਵਾਂ। ਕਾਰ ਸਟਾਰਟ ਕਰਕੇ ਕਿੰਨਾ ਚਿਰ ਬੈਠੀ ਰਹੀ ਪਰ ਗੇਅਰ ਨੂੰ ਡਰਾਈਵ ਵਿਚ ਪਾਉਣ ਦਾ ਹੌਸਲਾ ਹੀ ਨਾ ਪਿਆ। ਕਾਰ ਬੰਦ ਕਰਕੇ ਫੇਰ ਬਿਸਤਰੇ 'ਚ ਆ ਡਿੱਗੀ। ਅੱਧਾ ਘੰਟਾ ਵੀ ਨਾ ਲੰਘਿਆ ਤੇ ਦਿਲ ਨੂੰ ਖੋਹ ਜਿਹੀ ਪੈਣ ਲੱਗ ਪਈ।

ਸੋਚਿਆ, ਪਿੰਡ ਫੋਨ ਕਰਾਂ। ਪਰ ਉੱਥੇ ਤਾਂ ਅਜੇ ਰਾਤ ਹੈ, ਤੇ ਨਾਲੇ ਕੀ ਗੱਲ ਕਰਾਂਗੀ ਵੱਡੀ ਭੈਣ ਨਾਲ। ਉਹ ਤਾਂ ਆਪਣੇ ਹੀ ਦੁੱਖਾਂ ਦੀ ਮਾਰੀ ਹੋਈ ਦਿਨ-ਰਾਤ ਝੁਰਦੀ ਆ, ਜਦ ਦਾ ਗੁਰਨਾਮ ਮਰਿਆ। ਪੁੱਤ ਦੀ ਮੌਤ ਉਸਨੂੰ ਜੜਾਂ ਤੋਂ ਹਿਲਾ ਕੇ ਸੁੱਟ ਗਈ ਸੀ। ਚੌਦਾਂ ਸਾਲਾਂ ਦੀ ਵੀ ਭਲਾ ਕੋਈ ਉਮਰ ਹੁੰਦੀ ਆ ਮਰਨ ਦੀ। ਸਾਈਕਲ 'ਤੇ ਜਾਂਦੇ ਨੂੰ ਟਰੱਕ ਵਾਲਾ ਪਲਸੇਟਾ ਮਾਰ ਕੇ ਸੁੱਟ ਗਿਆ ਸੀ ਤੇ ਟਰੱਕ ਸਪੀਡ ਫੜੀ ਔਹ ਗਿਆ ਔਹ ਗਿਆ। ਪੱਕੀ ਸੜਕ 'ਤੇ ਵੱਜਦਿਆਂ ਹੀ ਸਿਰ ਮਤੀਰੇ ਵਾਂਗਰ ਫਟ ਗਿਆ ਸੀ। ਆਪ ਤਾਂ ਮੈਂ ਉਦੋਂ ਅਜੇ ਦੋ ਸਾਲ ਪਹਿਲਾਂ ਹੀ ਇੰਡੀਆ ਤੋਂ ਆਈ ਸਾਂ ਨਿਊਯਾਰਕ ਯੁਨੀਵਰਸਟੀ ਵਿਚ ਪੜ੍ਹਨ ਲਈ। ਗੁਰਨਾਮ ਦਾ ਸੁਣਦਿਆਂ ਹੀ ਮੈਂ ਪੜ੍ਹਾਈ ਛੱਡ ਕੇ ਵਾਪਸ ਇੰਡੀਆ ਚਲੇ ਗਈ ਸਾਂ। ਦਸ ਬਾਰਾਂ ਦਿਨਾਂ ਬਾਅਦ ਭੈਣ ਆਖਣ ਲੱਗੀ, "ਸੁੱਖੀ, ਤੇਰੇ ਪੜ੍ਹਾਈ ਛੱਡਣ ਨਾਲ ਕਿਹੜਾ ਗੁਰਨਾਮ ਨੇ ਵਾਪਸ ਆ ਜਾਣਾ..." ਤੇ ਮੈਨੂੰ ਰੋਂਦੀ ਨੂੰ ਉਸਨੇ ਬਦੋਬਦੀ ਵਾਪਸ ਨਿਊਯਾਰਕ ਭੇਜ ਦਿੱਤਾ ਸੀ। ਮੇਰੇ ਤੋਂ ਬਾਰਾਂ ਸਾਲ ਵੱਡੀ ਭੈਣ ਨੇ ਮੈਨੂੰ ਮਾਵਾਂ ਵਾਂਗਰ ਪਾਲ਼ਿਆ ਸੀ ਜਦ ਸਾਡੇ ਮਾਂ ਬਾਪ ਅੱਗੜ-ਪਿੱਛੜ ਹੀ ਵਿਦਾਅ ਹੋ ਗਏ ਸਨ।

ਗੁਰਨਾਮ ਦਾ ਧਿਆਨ ਆਉਂਦਿਆਂ ਹੀ ਤ੍ਰਭਕ ਉੱਠੀ ਹਾਂ। ਪੰਤਾਲੀ ਵਰ੍ਹਿਆਂ ਤੋਂ ਵੀ ਉਪਰ ਹੋ ਗਏ ਨੇ ਗੁਰਨਾਮ ਨੂੰ ਗਿਆਂ, ਤੇ ਜਸਟਿਨ...! ਜਸਟਿਨ ਨੂੰ ਵੀ ਤਾਂ ਚਾਲ਼ੀਆਂ ਸਾਲਾਂ ਤੋਂ ਜ਼ਿਆਦਾ ਹੋ ਗਏ ਨੇ। ਸੋਚਦਿਆਂ ਹੀ ਕਲੇਜਾ ਧੱਕ-ਧੱਕ ਵੱਜਣ ਲੱਗ ਪਿਆ ਏ। ਪਿਛਲੇ ਕੁਝ

ਸਾਲਾਂ ਵਿਚ ਕਿੰਨੇ ਹੋਰ ਇਲਾਜ ਨਿਕਲ ਆਏ ਨੇ ਪਰ ਕੈਂਸਰ ਉੱਤੇ ਅਜੇ ਵੀ ਪੂਰਾ ਕਾਬੂ ਨਹੀਂ ਪੈ ਸਕਿਆ। ਏਨਾ ਜ਼ਰੂਰ ਹੋ ਗਿਆ ਏ ਕਿ ਵਕਤ ਸਿਰ ਪਤਾ ਲੱਗ ਜਾਣ 'ਤੇ ਬਹੁਤ ਸਾਰੇ ਮਰੀਜ਼ ਠੀਕ ਹੋ ਜਾਂਦੇ ਹਨ। ਉਦੋਂ ਤਾਂ ਸਟੇਜ ਫੋਰ ਲੁਕੀਮੀਆ ਦਾ ਕੋਈ ਇਲਾਜ ਹੀ ਨਹੀਂ ਸੀ।

ਦੁਖਦੇ ਗੋਡਿਆਂ 'ਤੇ ਹੱਥ ਰੱਖ ਕੇ ਉੱਠ ਬੈਠੀ ਹਾਂ। ਸਵੇਰ ਦੀ ਚਾਹ ਦਾ ਕੱਪ ਪੀ ਕੇ ਇਕ ਮੈਗਜ਼ੀਨ ਦੇ ਵਰਕੇ ਫੋਲ ਰਹੀ ਸਾਂ ਜਦ ਜਸਟਿਨ ਵੱਲ ਧਿਆਨ ਚਲਾ ਗਿਆ ਸੀ। ਖਾਲੀ ਕੱਪ ਸਿੰਕ ਵਿਚ ਰੱਖ ਕੇ ਅੱਖਾਂ ਪੂੰਝਦੀ ਹੋਈ ਮੈਂ ਬੈਕਯਾਰਡ ਵਿਚ ਆ ਖਲੋਤੀ ਹਾਂ। ਪਰ ਦਿਲ ਦੇ ਅੰਦਰ ਲਹਿ ਗਈਆਂ ਯਾਦਾਂ ਦੀ ਲੜੀ ਟੁੱਟਣ 'ਚ ਨਹੀਂ ਆ ਰਹੀ।

ਅੱਖਾਂ ਅੱਗੇ ਹਸਪਤਾਲ ਦੇ ਬੈੱਡ 'ਤੇ ਪਏ ਜਸਟਿਨ ਦੀ ਤਸਵੀਰ ਘੁੰਮਣ ਲੱਗ ਪਈ ਹੈ। ਉਸਦੀ ਮਾਂ ਸੱਖਣੀਆਂ ਜਿਹੀਆਂ ਅੱਖਾਂ ਨਾਲ ਜਸਟਿਨ ਵੱਲ ਤੱਕਦੀ ਹੋਈ, ਬੈੱਡ ਦੇ ਨੇੜੇ ਬੈਠੀ ਹੈ। ਅਜੇ ਮੈਂ ਕਮਰੇ ਵਿਚ ਪੈਰ ਧਰਿਆ ਹੀ ਸੀ ਕਿ ਉਹ ਉੱਠ ਕੇ ਮੇਰੇ ਵੱਲ ਆਈ, "ਤੂੰ ਹੀ ਸੁਖਬੀਰ ਹੈਂ ਨਾ?" ਮੈਂ ਹਾਂ ਵਿਚ ਸਿਰ ਹਿਲਾਇਆ।

"ਵੇਖ ਕੌਣ ਆਇਆ ਤੈਨੂੰ ਮਿਲਣ", ਉਸ ਜਸਟਿਨ ਦੇ ਵਾਲ਼ਾਂ ਤੋਂ ਸੱਖਣੇ ਸਿਰ 'ਤੇ ਹੱਥ ਫੇਰਦਿਆਂ ਆਖਿਆ। ਕੀਮੋ ਦਵਾਈਆਂ ਨਾਲ ਜਸਟਿਨ ਦੇ ਸਿਰ ਦੇ ਕੱਕੇ ਵਾਲ਼ ਝੜ ਚੁੱਕੇ ਸਨ। ਉਸਦੇ ਭਰਵੱਟੇ ਤੇ ਅੱਖਾਂ ਦੀਆਂ ਝਿੰਮਣੀਆਂ ਵੀ ਗ਼ਾਇਬ ਹੋ ਗਈਆਂ ਸਨ। ਉਸਦੇ ਬੁੱਲ੍ਹ ਜੋ ਹਮੇਸ਼ਾ ਮੁਸਕਰਾਹਟ ਨਾਲ ਖਿੜੇ ਰਹਿੰਦੇ ਸਨ, ਭੂਰੇ ਰੰਗ ਦੀ ਸਿੱਕਰੀ ਦੇ ਹੇਠਾਂ ਲੁਕੇ ਬੈਠੇ ਸਨ ਤੇ ਗੱਲ੍ਹਾਂ ਟੋਇਆਂ ਵਾਂਗਰ ਅੰਦਰ ਧਸ ਗਈਆਂ ਹੋਈਆਂ ਸਨ।

ਮੈਨੂੰ ਜਾਪਿਆ, ਇਹ ਜਸਟਿਨ ਨਹੀਂ... ਇਹ ਜਸਟਿਨ ਕਿੰਝ ਹੋ ਸਕਦਾ ਏ? ਮੇਰਾ ਜੀਅ ਕੀਤਾ ਕਿ ਮੈਂ ਉੱਥੋਂ ਦੌੜ ਜਾਵਾਂ। ਹੌਸਲਾ ਇਕੱਠਾ ਕਰ ਕੇ ਉਸਦੀ ਬਾਹੀ ਕੋਲ਼ ਬੈਠ ਗਈ। ਜਦ ਮੈਂ ਉਸਦਾ ਹੱਥ ਆਪਣੇ ਹੱਥਾਂ ਵਿਚ ਲਿਆ, ਉਸਨੇ ਅੱਖਾਂ ਖੋਲ੍ਹ ਕੇ ਮੇਰੇ ਵੱਲ ਵੇਖਿਆ। ਉਸਦੇ ਬੁੱਲ੍ਹ ਹਲਕੀ ਜਿਹੀ ਮੁਸਕਾਨ ਵਾਂਗ ਫਰਕੇ। ਪਰ ਅਗਲੇ ਪਲ ਹੀ ਉਹ ਫੇਰ ਉਸੇ ਤਰ੍ਹਾਂ ਨਿਢਾਲ ਹੋ ਗਿਆ। "ਜਸਟਿਨ!" ਮੇਰੇ ਅੰਦਰ ਦੀ ਚੀਕ ਬਾਹਰ ਨਾ ਨਿਕਲ ਸਕੀ। ਉਸੇ ਰਾਤ ਹੀ ਉਹ ਤੁਰ ਗਿਆ ਸੀ

ਉਸ ਦੇ ਅੰਤਮ ਸੰਸਕਾਰ ਸਮੇਂ ਜਿਵੇਂ ਸਾਰੀ ਯੁਨੀਵਰਸਿਟੀ ਨੂੰ ਸਦਮਾ ਪਹੁੰਚਿਆ ਹੋਵੇ, ਸੈਂਕੜੇ ਲੋਕਾਂ ਦਾ ਇਕੱਠ ਸੀ। ਉਹ ਸਾਰੇ ਲਾਈਨ ਵਿਚ ਤੁਰਦੇ ਹੋਏ ਇਕ ਇਕ ਲੰਮੀ ਡੰਡੀ ਵਾਲਾ ਗੁਲਾਬ ਦਾ ਫੁੱਲ ਉਸਦੇ ਕਾਸਕਟ ਉੱਤੇ ਰੱਖਦੇ ਤੇ ਉਸਦੀ ਮਾਂ ਨੂੰ ਕੁਝ ਅਫਸੋਸ ਦੇ ਸ਼ਬਦ ਆਖ ਕੇ ਹਾਲ ਵਿਚ ਕੁਰਸੀਆਂ ਉੱਤੇ ਬੈਠਦੇ ਜਾਂਦੇ। ਜਸਟਿਨ ਦੀ ਮਾਂ ਦੀਆਂ ਅੱਖਾਂ ਮਾਰੂਥਲ ਵਾਂਗਰ ਸੁੱਕੀਆਂ ਪਈਆਂ ਸਨ ਤੇ ਅੱਥਰੂ ਮੇਰੀਆਂ ਅੱਖਾਂ ਵਿਚੋਂ ਵੀ ਮੁੱਕ ਗਏ ਹੋਏ ਸਨ। ਮੈਂ ਰੋ ਰੋ ਕੇ ਆਪਣਾ ਗੁੱਸਾ ਕਦੇ ਜਸਟਿਨ ਤੇ ਕਦੇ ਰੱਬ ਉੱਤੇ ਕੱਢ ਹਟੀ ਸਾਂ। ਕਿਉਂ ਮੇਰੀ ਜ਼ਿੰਦਗੀ ਵਿਚ ਉਹ ਸਿਰਫ ਇਕ ਦਿਨ ਦੀ ਬਸੰਤ ਰੁੱਤ ਵਾਂਗ ਆਇਆ ਤੇ ਕਾਲ਼ੀ-ਬੋਲ਼ੀ ਹਨੇਰੀ ਦੇ ਬੁੱਲੇ ਵਾਂਗ ਸਭ ਕੁਝ ਬਿਖੇਰ ਕੇ ਅਲੋਪ ਹੋ ਗਿਆ ਸੀ।

ਸਭ ਤੋਂ ਵੱਧ ਗੁੱਸਾ ਤਾਂ ਰੱਬ 'ਤੇ ਸੀ।ਪਰ ਫੇਰ ਸੋਚਦੀ ਹਾਂ, ਕਿ ਰੱਬ ਰੁੱਬ ਵਰਗੀ ਕੋਈ ਸ਼ੈਅ ਨਹੀਂ ਇਸ ਦੁਨੀਆਂ ਵਿਚ। ਜੇ ਸੱਚਮੁੱਚ ਦਾ ਕੋਈ ਰੱਬ ਹੋਵੇ ਤਾਂ ਇਸ ਤਰ੍ਹਾਂ ਦੀਆਂ ਬੇਇਨਸਾਫੀਆਂ ਤਾਂ ਕਦੇ ਵੀ ਨਾ ਹੋਣ। ਜਸਟਿਨ ਦੀ ਮੌਤ ਤੋਂ ਮਹੀਨੇ ਕੁ ਬਾਅਦ ਹੀ ਉਸਦੀ ਮਾਂ ਵੀ ਦਿਲ ਦੇ ਦੌਰੇ ਨਾਲ ਆਪਣੇ ਪੁੱਤਰ ਕੋਲ਼ ਚਲੇ ਗਈ ਸੀ। ਰੱਬ ਦੀ ਕਾਢ ਤਾਂ ਲੱਗਦਾ ਏ ਕਿ ਚਲਾਕ ਲੋਕਾਂ ਨੇ ਆਪਣੇ ਫਾਇਦੇ ਲਈ ਕੱਢੀ ਹੋਣੀ ਆ ਕਿ ਰੱਬ ਦੇ ਨਾਂ 'ਤੇ ਲੋਕ ਲੜਦੇ ਮਰਦੇ ਰਹਿਣ, ਮੱਥੇ ਟੇਕਦੇ, ਤਰਲੇ ਕੱਢਦੇ ਤੇ ਰੱਬ ਦੇ ਠੇਕੇਦਾਰਾਂ ਦੀਆਂ ਤਿਜੌਰੀਆਂ ਭਰਦੇ ਰਹਿਣ।

ਜਸਟਿਨ ਦੇ ਕਰੀਮੇਸ਼ਨ ਤੋਂ ਬਾਅਦ ਜਦ ਲੋਕ ਹਾਲ ਵਿਚੋਂ ਬਾਹਰ ਨਿਕਲ ਰਹੇ ਸਨ ਤਾਂ ਦਰਵਾਜ਼ੇ ਦੇ ਕੋਲ਼ ਖੜਾ ਜਸਟਿਨ ਦਾ ਇਕ ਦੋਸਤ ਬਚੇ ਹੋਏ ਗੁਲਾਬਾਂ ਦੀਆਂ ਟਾਹਣੀਆਂ ਲੋਕਾਂ ਨੂੰ ਫੜਾ ਰਿਹਾ ਸੀ। ਬੇਧਿਆਨੇ ਜਿਹੇ ਹੀ ਉਸ ਮੈਨੂੰ ਵੀ ਇਕ ਟਾਹਣੀ ਫੜਾ ਦਿੱਤੀ। ਪਰ ਜਿਉਂ ਹੀ

ਉਸਨੇ ਮੇਰੀਆਂ ਪਥਰਾਈਆਂ ਜਿਹੀਆਂ ਅੱਖਾਂ ਵੱਲ ਵੇਖਿਆ, "ਆਏ ਐਮ ਸੋ ਸੌਰੀ, ਸੁਖਬੀਰ" ਮੈਨੂੰ ਪਛਾਣਦੇ ਹੋਏ ਉਸ ਆਪਣੀਆਂ ਅੱਖਾਂ ਪੂੰਝੀਆਂ।

ਮੈਨੂੰ ਜਾਪਿਆ ਜਿਵੇਂ ਜਸਟਿਨ ਮੇਰੀ ਜ਼ਿੰਦਗੀ ਦੀ ਸਿਖਰ ਦੁਪਹਿਰੇ ਇਕ ਬੱਦਲ ਦੇ ਟੁਕੜੇ ਵਾਂਗ ਪਲ ਭਰ ਦੀ ਛਾਂ ਕਰ ਕੇ ਹਵਾ ਵਿਚ ਘੁਲ਼ ਗਿਆ ਸੀ। ਮੈਨੂੰ ਹੁਣ ਬਿਲਕੁਲ ਯਾਦ ਨਹੀਂ ਕਿ ਮੈਂ ਉਸ ਦਿਨ ਘਰ ਕਿਵੇਂ ਪਹੁੰਚੀ ਸਾਂ। ਪਰ ਇਹ ਚੰਗੀ ਤਰ੍ਹਾਂ ਯਾਦ ਹੈ ਕਿ ਮੈਂ ਉਹ ਗੁਲਾਬ ਦੀ ਕਲਮ ਆਪਣੇ ਘਰ ਦੇ ਦਰਵਾਜ਼ੇ ਕੋਲ਼ ਕਿਆਰੀ ਵਿਚ ਗੱਡ ਦਿੱਤੀ ਸੀ ਜੋ ਛੇਤੀ ਹੀ ਪੁੰਗਰ ਕੇ ਫੁੱਲਾਂ ਨਾਲ ਲੱਦਿਆ ਬੂਟਾ ਬਣ ਗਈ ਸੀ ਤੇ ਜਿਸਦੀ ਮਹਿਕ ਸਾਰੇ ਚੌਗਿਰਦੇ ਵਿਚ ਫੈਲਣ ਲੱਗ ਪਈ ਸੀ। ਇਸ ਸੁੱਚੇ ਗੁਲਾਬ ਦਾ ਬੂਟਾ ਸੱਚਮੁੱਚ ਹੀ ਜਸਟਿਨ ਵਰਗਾ ਜਾਪਦਾ ਸੀ। ਸੱਚਾ ਸੁੱਚਾ, ਤੇ ਪਿਆਰ ਦੀ ਸੁਗੰਧ ਨਾਲ ਭਰਪੂਰ।

ਜਸਟਿਨ ਦਾ ਚਾਰ ਦਿਨਾਂ ਦਾ ਸੁੱਚਾ ਪਿਆਰ ਤੇ ਉਸਦੀ ਹੋਂਦ ਦਾ ਅਹਿਸਾਸ ਉਮਰ ਭਰ ਮੇਰੇ ਨਾਲ ਰਿਹਾ ਸੀ। ਸਾਰੀ ਜ਼ਿੰਦਗੀ ਉਸ ਪਲ ਭਰ ਦੇ ਪਿਆਰ ਦੇ ਨਾਂ 'ਤੇ ਯੂਨੀਵਰਸਿਟੀ ਵਿਚ ਲੁਕੀਮੀਆ ਤੇ ਹੋਰ ਕੈਂਸਰ ਦੀਆਂ ਬਿਮਾਰੀਆਂ 'ਤੇ ਰੀਸਰਚ ਕਰਨ ਦੇ ਲੇਖੇ ਲਾ ਦਿੱਤੀ ਸੀ। ਲੈਬ ਵਿਚ ਕੰਮ ਕਰਦਿਆਂ, ਸਾਲਾਂ ਦੇ ਸਾਲ ਬੀਤ ਗਏ ਸਨ। ਆਪਣੇ ਖੇਤਰ ਵਿਚ ਨਾਮ ਵੀ ਕਮਾਇਆ ਤੇ ਕਈ ਅਵਾਰਡ ਵੀ ਹਾਸਲ ਕੀਤੇ। ਦੁਨੀਆਂ ਦੇ ਸਾਰੇ ਸੁਖ, ਕਾਰਾਂ, ਘਰ, ਕੱਪੜੇ. ਸਭ ਕੁਝ ਦੀ ਬਹੁਤਾਤ ਪਰ ਕੋਈ ਵੀ ਚੀਜ਼ ਜਸਟਿਨ ਨੂੰ ਮੋੜ ਕੇ ਨਾ ਲਿਆ ਸਕੀ।

ਬੈਕਯਾਰਡ ਵਿਚ ਖੜ੍ਹੀ ਸੋਚਾਂ ਵਿਚ ਡੁੱਬੀ ਹੋਈ ਦਾ ਧਿਆਨ ਘਰ ਦੇ ਪਿਛਵਾੜੇ ਵਾਲੀ ਪਹਾੜੀ ਵੱਲ ਜਾਂਦਾ ਹੈ। ਕਾਫੀ ਦੇਰ ਤੋਂ ਮੀਂਹ ਨਾ ਪਿਆ ਹੋਣ ਕਰਕੇ ਪਹਾੜੀ ਉਤਲਾ ਘਾਹ ਸੁੱਕ ਕੇ ਮਰੁੰਡ ਹੋਇਆ ਪਿਆ ਹੈ। ਚੀੜ੍ਹ ਦੇ ਰੁੱਖ ਤੇ ਇਕ ਬਹੁਤ ਪੁਰਾਣਾ ਓਕ ਦਾ ਰੁੱਖ ਉਦਾਸ ਜਿਹੇ ਖੜ੍ਹੇ,ਪਾਣੀ ਨੂੰ ਤਰਸ ਰਹੇ ਜਾਪਦੇ ਹਨ। ਚੀੜ੍ਹ ਦੇ ਸੂਈਨੁਮਾ ਪੱਤੇ ਹਰੇ ਤੋਂ ਭੂਰੇ ਰੰਗ ਵਿਚ ਬਦਲ ਚੁੱਕੇ ਹਨ ਤੇ ਓਕ ਰੁੱਖ, ਜਿਸਦੇ ਪੱਤੇ ਪੱਤਝੜ ਵਿਚ ਵੀ ਹਰੇ-ਭਰੇ ਰਹਿੰਦੇ ਸਨ, ਸੁੱਕ ਕੇ ਅਜੇ ਵੀ ਟਾਹਣੀਆਂ ਨਾਲ ਚਿੰਬੜੇ ਭੁੰਜੇ ਡਿੱਗਣ ਤੋਂ ਇਨਕਾਰੀ ਹੋਏ ਪਾਣੀ ਮੰਗ ਰਹੇ ਹਨ। ਮੈਂ ਬਾਹਰ ਵਾਲੀ ਟੂਟੀ ਖੋਲ੍ਹ ਕੇ ਰੁੱਖਾਂ ਨੂੰ ਪਾਣੀ ਪਾਉਣ ਦੀ ਕੋਸ਼ਿਸ਼ ਕਰਦੀ ਹਾਂ ਪਰ ਰਬੜ ਦੀ ਨਾਲੀ (ਹੋਜ਼) ਤਾਂ ਅੱਧ ਵਿਚਕਾਰ ਵੀ ਨਹੀਂ ਪਹੁੰਚਦੀ, ਤੇ ਰੁੱਖ ਨਿਰਾਸ਼ ਖੜ੍ਹੇ ਮੇਰੇ ਵੱਲ ਤੱਕ ਰਹੇ ਮਹਿਸੂਸ ਹੁੰਦੇ ਹਨ।

ਇਕ ਦਮ ਪਿਆਸ ਨਾਲ ਮੇਰੇ ਬੁਲ੍ਹ ਸੁੱਕਣ ਲੱਗ ਪਏ ਹਨ ਜਿਵੇਂ ਮੈਂ ਆਪ ਵੀ ਜੁਗਾਂ-ਜੁਗਾਂਤਰਾਂ ਤੋਂ ਪਿਆਸੀ ਹੋਵਾਂ। ਮੇਰੇ ਬੁੱਲ੍ਹ ਹੀ ਨਹੀਂ ਮੇਰੀ ਰੂਹ ਵੀ ਇਕ ਬੂੰਦ ਪਾਣੀ ਲਈ ਤਰਸ ਰਹੀ ਹੈ। ਪਾਣੀ ਵਾਲੀ ਹੋਜ਼ ਮੇਰੇ ਕੰਬ ਰਹੇ ਹੱਥਾਂ ਵਿਚੋਂ ਤਿਲਕ ਕੇ ਡਿੱਗ ਪੈਂਦੀ ਹੈ। "ਕੱਲ ਨੂੰ ਸੌ ਫੁੱਟ ਵਾਲੀ ਲੰਬੀ ਹੋਜ਼ ਲਿਆ ਕੇ ਪਾਣੀ ਪਾਵਾਂਗੀ। ਇਨ੍ਹਾਂ ਰੁੱਖਾਂ ਨੂੰ ਸੁੱਕਣ ਨਹੀ ਦੇਣਾ"। ਮੇਰੇ ਅੰਦਰੋਂ ਆਵਾਜ਼ ਆਉਂਦੀ ਹੈ।

ਆਪਣੇ ਝੁਰੜੀਆਂ ਭਰੇ ਹੱਥਾਂ ਵੱਲ ਵੇਖਦੀ ਹਾਂ। ਸੱਜੇ ਹੱਥ ਦੀ ਤਲੀ ਵੱਲ ਵੇਖਦਿਆਂ ਇੰਝ ਜਾਪਿਆ ਜਿਵੇਂ ਇਸ ਉੱਤੇ ਉਸ ਨੇ ਹੁਣੇ ਹੀ 'ਜਸਟਿਨ' ਲਿਖਿਆ ਹੋਵੇ। ਮੇਰੇ ਸੁੱਕ ਰਹੇ ਬੁੱਲ੍ਹਾਂ 'ਤੇ ਇਕ ਧੀਮੀ ਜਿਹੀ ਮੁਸਕਰਾਹਟ ਫੈਲ ਜਾਂਦੀ ਹੈ । 000

***(2625 Carmelita Way, Pinole, California 94564 USA***
***Email: amarjitpannu29@gmail.com***
***Phone: +1-510-759-4009)***

# ਬਾਪੂ: ਸਕੈੱਚ: ਅਵਤਾਰ ਸਿੰਘ ਬਿਲਿੰਗ

ਬਾਪੂ ਇਕ ਉੱਦਮੀ ਮਨੁੱਖ, ਬਹੁਤ ਮਿਹਨਤੀ ਕਿਸਾਨ ਅਤੇ ਬੜਾ ਮਿਲਾਪੜਾ ਇਨਸਾਨ ਸੀ। ਮਿੱਠ ਬੋਲੜਾ। ਹਰ ਕਿਸੇ ਨੂੰ ਉੱਡ ਕੇ ਮਿਲਦਾ। ਪਿੰਡ ਵਿਚ ਮਿੱਤਰਾਂ ਮੁਲਾਹਜੇਦਾਰਾਂ ਨੂੰ ਮਿਲੇ ਬਿਨਾਂ ਨਾ ਰਹਿ ਸਕਦਾ। ਅਨਪੜ੍ਹ, ਪੜ੍ਹੇ-ਲਿਖੇ ਹਰੇਕ ਤੋਂ ਕੁਝ ਸਿੱਖਣਾ ਚਾਹੁੰਦਾ; ਅੰਤਾਂ ਦਾ ਗੰਭੀਰ ਸਰੋਤਾ। ਨਿੱਜੀ ਅਕੀਦੇ ਜਾਂ ਵਿਸ਼ਵਾਸ ਪੱਖੋਂ ਵਿਰੋਧੀ ਵਿਚਾਰਾਂ ਨੂੰ ਵੀ ਮਾਨਤਾ ਦੇਣ ਵਾਲਾ। ਗ਼ਰੀਬ ਅਮੀਰ, ਸਾਧ ਫਕੀਰ, ਪੰਡਤ ਭਾਈ ਜੀ, ਹਰੇਕ ਵਿਅਕਤੀ ਪਾਸੋਂ ਕੋਈ ਗੁਣ ਲੈਣਾ ਲੋਚਦਾ। ਸ਼ੌਕ ਵਜੋਂ ਕਵੀਸ਼ਰੀ ਕਰਦਾ। ਨੇੜਲੇ ਪਿੰਡਾਂ ਤੋਂ ਆਪਣੇ ਸਾਥੀ ਕਵੀਸ਼ਰਾਂ ਦੇ ਆਗੂ ਵਜੋਂ ਅੱਗੇ ਹੋ ਕੇ ਗਾਉਂਦਾ। ਮਲਕਪੁਰੀਏ ਜਰਨੈਲ ਸਿੰਘ 'ਨਿਰਾਲਾ' ਉਰਫ਼ 'ਸਾਰੰਗ' ਦਾ ਲਾਡਲਾ, ਕਾਬਲ ਸ਼ਾਗਿਰਦ, ਲੋਹੜੇ ਦੀ ਯਾਦਦਾਸ਼ਤ ਰੱਖਦਾ। ਕਵੀਸ਼ਰੀ ਦੇ ਸਾਰੇ ਪ੍ਰਸੰਗ ਉਹ ਖੇਤੀ ਦੇ ਆਹਰ ਲੱਗਿਆ, ਬਲ਼ਦ ਹੱਕਦਾ, ਜ਼ਬਾਨੀ ਯਾਦ ਕਰ ਲੈਂਦਾ। ਹਲ਼ ਵਾਹੁੰਦਾ, ਉਹੀ ਛੰਦ ਗਾਉਂਦਾ, ਦੁਹਰਾਉਂਦਾ ਰਹਿੰਦਾ। ਉਹ ਮੇਰੇ ਬਚਪਨ ਤੋਂ ਹੀ ਮੈਨੂੰ ਪੜ੍ਹੀ ਵਿੱਦਿਆ ਨੂੰ ਕੰਠ ਕਰਨ ਬਾਰੇ ਟੋਟਕੇ ਸੁਣਾਉਂਦਾ

*ਘੋੜਾ ਅੜੇ, ਰੋਟੀ ਸੜੇ, ਬਾਣੀ ਵਿਸਰ ਜਾਇ*
*ਕਹਿ ਚੇਲੇ ਕਿਸ ਕਾਇ?*
*ਗੁਰੂ ਜੀ, ਫੇਰੇ ਬਿਨਾਂ।*

ਮੈਂ ਤੀਜੀ ਜਮਾਤ ਵਿਚ ਸੀ ਜਦੋਂ ਉਸ ਨੇ ਆਪਣੇ ਉਸਤਾਦ ਦੀ ਰਚੀ ਭਾਈ ਕਨ੍ਹਈਆ ਬਾਰੇ ਇਕ ਬੈਂਤ ਮੈਨੂੰ ਖੁਸ਼ਖ਼ਤ ਗੁਰਮੁਖੀ ਵਿਚ ਲਿਖ ਕੇ ਯਾਦ ਕਰਵਾ ਦਿੱਤੀ ਜਿਸ ਵਿਚ ਸਮਦਰਸ਼ੀ ਸਿੱਖ ਭਾਈ ਕਨ੍ਹਈਆ ਜੀ ਜੰਗ ਵਿਚ ਡਿੱਗੇ ਜ਼ਖ਼ਮੀਆਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਪਾਣੀ ਪਿਲਾਉਂਦੇ ਹਨ। ਉਸ ਬੈਂਤ ਦੀਆਂ ਸਿਰਫ਼ ਦੋ ਸਤਰਾਂ ਮੇਰੇ ਚੇਤੇ ਨੇ ਹੁਣ ਤਕ ਸੰਭਾਲ ਰ'ਖੀਆਂ ਹਨ:

*ਡੱਬੀ ਮੱਲ੍ਹਮ ਦੀ ਦੇ ਕੇ ਸਾਰੰਗ ਜੀ*
*ਕਹਿੰਦੇ ਸਤਿਗੁਰੂ ਜ਼ਖ਼ਮਾਂ 'ਤੇ ਲਾ ਦਿਆ ਕਰ।*

ਬਾਪੂ ਨੂੰ ਅਸਮਾਨੋਂ ਗੱਲ ਫੁਰਦੀ। ਸਟੇਜ ਦਾ ਧਨੀ। ਪਿੰਡ ਵਿਚ ਜਿਹੜਾ ਮਰਜ਼ੀ ਸਮਾਗਮ ਹੁੰਦਾ, ਸਟੇਜ ਸਦਾ ਬਾਪੂ ਹੀ ਸੰਭਾਲਦਾ। ਮੌਕੇ ਢੁੱਕਦੀ ਛੋਟੀ ਮੋਟੀ ਕਵਿਤਾ ਆਪ ਵੀ ਜੋੜ ਲੈਂਦਾ। ਉਸ ਕੋਲ਼ ਹਰ ਕਿਸੇ ਨੂੰ ਖੁਸ਼ ਕਰਨ ਦਾ ਹੁਨਰ ਸੀ। ਸਾਡੇ ਪਿੰਡ ਵਿਚਲੇ ਕਿੰਨੇ ਹੀ ਕਾਸ਼ਤਕਾਰ ਤੇ ਗ਼ੈਰਕਾਸ਼ਤਕਾਰ ਸਾਥੀਆਂ ਨੇ ਮਿਲ ਕੇ ਕੀਰਤਨ ਜੱਥਾ ਬਣਾਇਆ ਸੀ ਜੋ ਹਰ ਸੰਗਰਾਂਦ/ਗੁਰਪੁਰਬ ਨੂੰ ਗੁਰਦੁਆਰੇ ਕੀਰਤਨ ਕਰਦੇ। ਪਿੰਡ ਦੀਆਂ ਲੜਕੀਆਂ ਦੇ ਆਨੰਦ ਪੜ੍ਹਾਉਂਦੇ। ਬਾਪੂ ਨੂੰ ਉਸ ਦੇ ਉਸਤਾਦ ਦੀ ਲਿਖੀ ਲੰਬੀ ਕਵਿਤਾ ਪੜ੍ਹਨ ਲਈ ਸਿਫ਼ਾਰਸ਼ਾਂ ਪੈਂਦੀਆਂ:

*ਜਾਹ ਧੀਏ ਮੇਰੀਏ ਲਾਡਲੀਏ*
*ਤੂੰ ਨਾਲ ਸੁੱਖਾਂ ਦੇ ਵੱਸਦੀ ਰਹਿ..*

ਉੱਥੇ ਇਕੱਠਾ ਹੋਇਆ ਸਾਰਾ ਇਨਾਮ ਅਤੇ ਕੀਰਤਨ ਭੇਟਾ ਇਹ ਨਿਸ਼ਕਾਮ ਜੱਥਾ ਨਵੇਂ ਵਿਕਾਸ ਕਰਦੇ ਗੁਰੂਘਰ ਨੂੰ ਭੇਟ ਕਰ ਦਿੰਦਾ। ਭਾਵੇਂ ਖੇਤੀ ਦੇ ਕੰਮ ਦਾ ਜਿੰਨਾ ਮਰਜ਼ੀ ਜ਼ੋਰ ਹੁੰਦਾ, ਹਰ ਸੰਗਰਾਂਦ ਤੋਂ ਪਹਿਲੀ ਸ਼ਾਮ ਬਾਪੂ ਅਤੇ ਉਸ ਦੇ ਸਾਥੀ ਸਾਡੇ ਪਿੰਡਾਂ ਤੋਂ 20 ਕਿਲੋਮੀਟਰ ਦੂਰ ਨਵੇਂ ਬਣ ਰਹੇ ਇਤਿਹਾਸਕ ਗੁਰਦੁਆਰਾ ਝਾੜ ਸਾਹਿਬ ਵਿਖੇ ਸਾਈਕਲਾਂ ਉਪਰ ਜਾਂਦੇ। ਰਾਤ ਦਾ ਅਤੇ ਦੂਜੇ ਦਿਨ ਦੁਪਹਿਰ ਦਾ ਮੁਫ਼ਤ ਦੀਵਾਨ ਸਜਾ ਕੇ ਧੰਨ ਹੋਏ ਮੁੜਦੇ। ਉਦੋਂ ਹਾਲੇ ਅੱਜ ਵਾਲੇ ਡੇਰੇਦਾਰ ਬਾਬੇ ਪੈਦਾ ਨਹੀਂ ਸੀ ਹੋਏ। ਉੱਥੋਂ ਦੇ ਬੜੇ ਸਾਧਾਰਨ, ਨਿਸ਼ਕਾਮ, ਤਿਆਗੀ ਬਾਬਾ

ਪਿਆਰਾ ਸਿੰਘ ਦੇ ਆਦੇਸ਼ ਅਨੁਸਾਰ, ਇਸ ਨੂੰ 'ਸੇਵਾ' ਸਮਝਦੇ, ਗੁਰੂਘਰ ਦੀ ਮਾਇਆ ਨੂੰ 'ਜ਼ਹਿਰ' ਜਾਂ 'ਪੂਜਾ ਦਾ ਧਾਨ' ਮੰਨਦੇ, ਕਦੇ ਵੀ ਸਵੀਕਾਰ ਨਾ ਕਰਦੇ। ਧੁਨ ਦੇ ਪੱਕੇ ਇਹ ਪੁੰਨ ਦਾ ਕਾਰਜ ਉਹ ਲਗਾਤਾਰ 18 ਸਾਲ ਕਰਦੇ ਰਹੇ।

ਆਪਣੇ ਸਾਰੇ ਦੋਸਤਾਂ ਵਾਂਗ ਅੰਮ੍ਰਿਤਧਾਰੀ ਹੋਣ ਦੇ ਬਾਵਜੂਦ ਬਾਪੂ ਬੜਾ ਖੁੱਲ੍ਹ-ਖਿਆਲੀਆ ਸੀ। ਗੁਰੂਘਰ ਦਾ ਅਨਿਨ ਸ਼ਰਧਾਲੂ! ਪਰ ਸ਼ਹੀਦਾਂ ਸਮਾਧਾਂ, ਹੱਥ ਹੌਲ਼ਿਆਂ, ਮਾੜੇ ਚੰਗੇ ਸੁਪਨਿਆਂ, ਜਾਂ ਸਵਰ ਸ਼ਗਨ ਵਿਚਾਰਨ ਵਿਚ ਵੀ ਵਿਸ਼ਵਾਸ ਰੱਖਦਾ। ਚੰਗੇ ਭਲੇ ਹਲ਼ ਨੂੰ ਵਗਦੇ ਬਲ਼ਦ ਦੇ ਫਾਲ਼ਾ ਵੱਜਦਾ ਜਾਂ ਸੁਪਨੇ ਵਿਚ ਬਾਪੂ ਨੂੰ ਕੋਈ ਸੁਰਗ ਸਿਧਾਰਿਆ ਬੰਦਾ ਦਿਸ ਜਾਂਦਾ ਤਾਂ ਉਹ ਸਾਡੀ ਬੀਬੀ ਨੂੰ ਖੁਆਜੇ ਦੀ 'ਕੜਾਹੀ' ਕਰਨ ਦੀ ਤਾੜਨਾ ਕਰਦਾ। ਦਿਨ ਢਲ਼ੇ ਸਾਡੀ ਮਾਤਾ ਘਿਉ ਭੁੰਨਵਾਂ ਦਲ਼ੀਆ ਲੈ ਕੇ ਖੂਹ 'ਤੇ ਪਹੁੰਚ ਜਾਂਦੀ। ਬਾਪੂ ਖੂਹ ਜਾਂ ਖੂਹੀ ਦੀ ਮੌਣ ਕੋਲ਼ ਆਟੇ ਦਾ ਬਣਾਇਆ ਚਿਰਾਗ਼ ਬਾਲ਼ਦਾ, ਅੰਗਿਆਰੀ ਦੀ ਅੱਗ ਬਣਾਉਂਦਾ, ਹਵਨ ਦਿੰਦਾ 'ਜੈ ਹੋ ਤੇਰੀ!' ਆਖਦਾ ਮੱਥਾ ਟੇਕਦਾ। ਸਭ ਨੂੰ 'ਕੜਾਹੀ' ਵੰਡਦਾ। "ਖੁਆਜਾ ਖੇਤੀ ਦਾ ਦੇਵਤਾ ਹੈ, ਪੁੱਤਰਾ। ਅਰ ਪ੍ਰੇਤ ਜੂਨੀ ਦੀ ਕਰੂਰ ਨਿਗਾਹ ਕਦੇ ਕਦਾਈਂ ਬੰਦਿਆਂ ਵੱਲ ਵੀ ਹੋ ਜਾਂਦੀ ਐ।" ਕਾਲਿਜ ਦੀ ਹਵਾ ਲੱਗਣ ਕਰ ਕੇ ਜੇ ਮੈਂ ਕਦੇ ਇਤਰਾਜ਼ ਕਰਦਾ ਤਾਂ ਬਾਪੂ ਤਸੱਲੀ ਨਾਲ ਆਖਦਾ। ਮਾਸ ਆਂਡਾ ਨਾ ਖਾਣ ਦਾ ਉਸ ਨੇ ਮੇਰੇ ਜਨਮ ਤੋਂ ਮਗਰੋਂ ਲੰਬਾ ਸਮਾਂ ਬਿਮਾਰ ਪੈ ਜਾਣ ਕਾਰਨ ਨੇਮ ਪਾ ਦਿੱਤਾ ਸੀ। ਸਾਡੀ ਬੀਬੀ ਨੇ ਆਂਡਾ ਕਦੇ ਮੂੰਹ ਉੱਤੇ ਧਰ ਕੇ ਨਹੀਂ ਦੇਖਿਆ। ਬਚਪਨ ਵਿਚ ਸਾਡੇ ਭੈਣ ਭਰਾਵਾਂ ਵਿਚੋਂ ਕਿਸੇ ਨੂੰ ਜ਼ੁਕਾਮ ਹੋ ਜਾਂਦਾ ਤਾਂ ਆਂਡਾ ਉਬਾਲ਼ ਕੇ ਜਾਂ ਦੁੱਧ ਵਿਚ ਫੈਂਟ ਕੇ ਜ਼ਰੂਰ ਦੇ ਦਿੰਦੀ। ਬਾਪੂ, ਹੋਰ ਮਿੱਤਰ ਬੇਲੀਆਂ ਵਾਂਗ, ਆਪਣੇ ਵਰਤਣ ਜੋਗੀ 'ਰੂੜੀ ਮਾਰਕਾ' ਸ਼ਾਮ ਦੇ ਮੂੰਹ ਝਾਕਰੇ ਵਿਚ ਸਾਡੇ ਡੰਗਰਾਂ ਵਾਲੇ ਘਰ ਹੀ ਕੱਢ ਲੈਂਦਾ। " ਜਾਹ ਦੇਖ ਕੇ ਆ, ਮੱਲਾ। ਐਧਰ ਬਾਹਰ ਫਿਰਨੀ 'ਤੇ ਕਿਤੇ ਪੁਲਸ ਤਾਂ ਨ੍ਹੀਂ ਆਉਂਦੀ?" ਮੈਨੂੰ ਨਿਆਣੇ ਨੂੰ ਉਹ ਕਦੇ ਸੂਏ ਦੇ ਪੁਲ ਵੱਲ ਨਠਾਉਂਦਾ।

ਪਿੰਡ ਵਿਚ ਸਕੂਲ ਨਾ ਹੋਣ ਕਾਰਨ ਉਹ ਗੁਰਦੁਆਰੇ ਵਿਖੇ ਭਾਈ ਜੀ ਜਵਾਲਾ ਸਿੰਘ ਪਾਸੋਂ ਗੁਰਮੁਖੀ, ਪੰਜ ਗਰੰਥੀ, ਦਸ ਗਰੰਥੀ ਪੜ੍ਹਿਆ ਸੀ। ਮੁਹਾਰਨੀ, ਭੁਲਾਵੇਂ ਅੱਖਰ, ਇਕ ਤੋਂ ਸੌ ਤਕ ਪੰਜਾਬੀ ਤੇ ਅੰਗਰੇਜ਼ੀ ਵਿਚ ਗਿਣਤੀ, ਪੈਂਤੀ ਪੁੱਠੀ ਅਤੇ ਸਿੱਧੀ ਇਕੋ ਸਾਹ ਵਿਚ ਪੜ੍ਹ ਦਿੰਦਾ। ਅੱਧੇ ਤੋਂ ਸਾਢੇ ਤਿੰਨ ਤਕ ਦੇ ਪਹਾੜੇ ਜ਼ਬਾਨੀ ਯਾਦ ਸਨ। ਮੈਨੂੰ ਪੜ੍ਹਾਉਣ ਦਾ ਉਸ ਨੂੰ ਬੇਹੱਦ ਸ਼ੌਕ ਸੀ। ਮੇਰੇ ਪਿੰਡ ਦੇ, ਪਿੰਡ ਵਿਚ ਹੀ ਪੜ੍ਹਾਉਂਦੇ, ਆਪਣੇ ਸੰਗੀ ਸਾਥੀਆਂ 'ਹੈੱਡ ਮਾਸਟਰ' ਜੋਗਿੰਦਰ ਸਿੰਘ ਅਤੇ ਮਾਸਟਰ ਕਸ਼ਮੀਰਾ ਸਿੰਘ ਦੀ ਰੀਸ ਉਹ ਮੈਨੂੰ ਵੀ ਦਸਵੀਂ ਤੋਂ ਬਾਅਦ ਜੇ.ਬੀ.ਟੀ. ਕਰਵਾ ਕੇ ਅਧਿਆਪਕ ਬਣਾਉਣਾ ਲੋਚਦਾ।"ਛੋਟੀ ਪੜ੍ਹਾਈ ਤਾਂ ਛੋਟੀਓ ਹੁੰਦੀ, ਨੌਰੰਗ ਸਿਆਂ! ਜੇ ਮੇਰੀ ਮੰਨਦਾ ਤੂੰ ਮੁੰਡੇ ਨੂੰ ਬੀ.ਏ. ਐੱਮ.ਏ. ਕਰਵਾ ਦੇਵੇਂ, ਇਹਨੂੰ ਕਿਸੇ ਦਿਨ ਪ੍ਰੋਫੈਸਰ/ ਪ੍ਰਿੰਸੀਪਲ ਲੱਗਿਆ ਲਵੀਂ।" ਦਸਵੀਂ ਵਿਚੋਂ ਮੇਰੀ ਫਸਟ ਕਲਾਸ ਆਉਣ ਮਗਰੋਂ ਬਾਪੂ ਉਸ ਸ਼ੁਭਚਿੰਤਕ ਨੂੰ ਨਾਲ ਲੈ ਕੇ ਮੈਨੂੰ ਏ.ਐੱਸ. ਕਾਲਿਜ ਖੰਨਾ ਵਿਖੇ ਬੜੇ ਚਾਅ ਨਾਲ ਆਪ ਦਾਖ਼ਲ ਕਰਵਾ ਕੇ ਆਇਆ ਸੀ। ਮਾਇਕ ਹਾਲਤ ਚੰਗੀ ਨਾ ਹੋਣ ਦੇ ਬਾਵਜੂਦ ਅਜਿਹੇ ਸੱਜਣਾਂ ਦੀ ਦਲੀਲ ਸਦਕਾ ਹਰਸ਼ਾਏ ਪਿਤਾ ਨੇ ਮੈਨੂੰ ਐੱਮ.ਏ. ਇੰਗਲਿਸ਼ ਕਰਨ ਲਈ ਸਰਕਾਰੀ ਕਾਲਿਜ ਲੁਧਿਆਣਾ ਵੱਲ ਤੋਰਿਆ ਸੀ। ਪਰ ਉਸ ਦੀ ਸ਼ੁਰੂ ਤੋਂ ਇਕ ਸ਼ਰਤ ਸੀ। ਜਿੱਥੇ ਫੇਲ੍ਹ ਹੋ ਗਿਆ, ਝੱਟ ਹਟਾ ਲੈਣਾ ਹੈ। ਫੀਸਾਂ ਭਰਨ ਲਈ ਉਹ ਅੜਦੇ ਥੁੜਦੇ ਇਹਨਾਂ ਮਿੱਤਰਾਂ ਪਾਸੋਂ ਹੀ ਮਾਇਆ ਉਧਾਰ ਫੜਦਾ। ਜਦੋਂ ਪੜ੍ਹਾਈ ਤੋਂ ਵਿਹਲਾ ਹੁੰਦਾ, ਮੈਨੂੰ ਖੇਤੀ ਵਿਚ ਲਗਾ ਕੇ ਰੱਖਦਾ, ਜਿੱਥੇ ਸਾਡੀ ਮਾਂ ਵੀ ਸੱਤਰਵਿਆਂ ਤਕ ਉਸ ਦਾ ਹੱਥ ਵਟਾਉਂਦੀ। ਹੋਰ ਸੁਆਣੀਆਂ ਵਾਂਗ ਦੁੱਧ ਰਿੜਕਣ, ਗੋਹਾ ਕੂੜਾ ਕਰਨ ਦਾ ਕੰਮ ਨਿਬੇੜ ਕੇ 'ਹਾਜ਼ਰੀ' ਪਹੁੰਚਦੀ ਕਰਨੀ, ਘੰਟਾ ਦੋ ਘੰਟੇ ਨੱਕੇ ਛੱਡਣੇ ਜਾਂ ਫਸਲ ਵਿਚੋਂ ਕੱਖ-ਕੰਡਾ ਕੱਢਣਾ, ਫੇਰ ਦੁਪਹਿਰ ਦੀ ਰੋਟੀ ਲੈ ਕੇ ਆਉਣੀ। ਤੀਜੇ ਪਹਿਰ ਦੀ ਚਾਹ ਦਾ

ਸਾਮਾਨ ਕਈ ਵਾਰੀ ਨਾਲ ਹੀ ਲੈ ਆਉਣਾ। ਭਲੇ ਵੇਲ਼ੇ ਸਨ ਜਦੋਂ ਖੂਹਾਂ ਦੇ ਰਾਹ ਰਸਤੇ ਸੁਆਣੀਆਂ ਨਾਲ ਭਰੇ ਰਹਿੰਦੇ। ਪੱਠੇ ਵੱਢਣੇ, ਛੱਲੀਆਂ ਕੱਢਣੀਆਂ, ਨਰਮਾ ਚੁਗਣਾ, ਭਰੀਆਂ ਬੰਨ੍ਹਵਾਉਣੀਆਂ; ਹਾੜ੍ਹੀ ਸਾਉਣੀ ਅਨੇਕਾਂ ਕੰਮ ਹੁੰਦੇ। ਮੇਰੇ ਲਈ ਵੀ 'ਸਕੂਲੋਂ ਘਰ ਅਤੇ ਘਰੋਂ ਸਿੱਧਾ ਖੇਤ!' ਪਹੁੰਚਣਾ ਉਸ ਦਾ ਹੁਕਮ ਸੀ। ਸਕੂਲੋਂ/ਕਾਲਿਜੋਂ ਆਏ ਤੋਂ ਹਰ ਰੋਜ਼ ਪੁੱਛਦਾ, ਉਸ ਦਿਨ ਮੈਨੂੰ ਕੀ ਪੜ੍ਹਾਇਆ ਗਿਆ ਸੀ; ਪੇਪਰਾਂ ਵਿਚ ਮੇਰੇ ਕਿੰਨੇ ਨੰਬਰ ਸਨ। ਗੱਲ ਕੀ, ਬਾਪੂ ਬੇਹੱਦ ਸੁਚੇਤ ਮਨੁੱਖ ਸੀ।

ਖੇਤੀ ਵਿਚ ਉਹ ਇਕੱਲਾ ਇਕਲਾਪਾ ਸੀ। ਇਕ ਤਾਂ ਸਾਡੀ ਜ਼ਮੀਨ ਮਾਰੂ। ਜਿਹੜੀ ਖਿਝੇ ਹੋਏ ਦਾਦੇ ਨੇ ਦਿੱਤੀ, ਉਸ ਵਿਚੋਂ ਸਿਰਫ਼ ਡੇਢ ਏਕੜ; ਜਿਸ ਨੂੰ ਖੂਹ ਨਾਲ ਸਿੰਜਿਆ ਜਾ ਸਕਦਾ। ਮੇਰੀ ਅਣਖੀਲੀ ਅਤੇ ਸੁਭਾਅ ਦੀ ਕੌੜੀ ਮਾਤਾ ਨੇ ਛੋਟੇ ਰੰਡੇ ਤਾਏ ਨੂੰ 'ਰੋਟੀ' ਦੇਣੀ ਸਵੀਕਾਰ ਨਾ ਕੀਤੀ। ਹਾਲਾਂਕਿ ਜਦੋਂ ਮੇਰਾ ਪਿਤਾ ਕੁਆਰਾ ਸੀ, ਉਸ ਤਾਏ ਦੀ ਅਤਿ ਸੁਨੱਖੀ ਤੇ ਸਖੀਦਿਲ ਘਰਵਾਲੀ ਦਾ ਲਾਡਲਾ ਦਿਉਰ ਸੀ ਜਿਸ ਨੂੰ ਉਹ 'ਥਾਂ ਸਿਰ ਦਾ ਮਣਕਾ' ਸਮਝਦੀ। ਕਹਿੰਦੇ, ਭਰਜਾਈ ਉੱਤੇ ਛੋਟੇ ਦਿਉਰ ਦਾ ਤਾਏ ਨਾਲੋਂ ਵੀ ਵੱਧ ਅਧਿਕਾਰ ਸੀ। ਤਾਈ ਥੋੜ੍ਹੇ ਸਾਲਾਂ ਬਾਅਦ ਹੀ ਪਿੱਛੋਂ ਆਈ ਬਿਮਾਰੀ ਟੀ.ਬੀ. ਦੀ ਸ਼ਿਕਾਰ ਹੋ ਗਈ। ਦਾਦੀ ਮੇਰੀ ਕਈ ਸਾਲ ਪਹਿਲਾਂ ਗੁਜ਼ਰ ਚੁੱਕੀ ਸੀ। ਬਾਪੂ ਅਤੇ ਤਾਇਆ ਰਲ ਕੇ, ਇਕ ਸੀਰੀ ਰੱਖ ਕੇ ਚੰਗੀ ਖੇਤੀ ਕਰਦੇ ਰਹੇ ਸਨ। ਤਾਈ ਦੇ ਚਲਾਣੇ ਮਗਰੋਂ ਬਾਪੂ ਦਾ ਗੁਆਂਢ ਵਿਚੋਂ ਲੱਗੀ ਸਿਫਾਰਸ਼ ਨਾਲ ਵਿਆਹ ਹੋਇਆ। ਪਰ ਮੇਰੇ ਦਾਦੇ ਦੇ ਸ਼ਬਦਾਂ ਵਿਚ ਮੇਰੀ 'ਸਤੀ ਸਵਿੱਤਰੀ' ਬੀਬੀ ਨੇ ਵਿਆਹੁਲੀ ਆਉਂਦੀ ਨੇ ਹੀ ਛੋਟੇ ਤਾਏ ਨਾਲ ਸਾਂਝ ਪਾਉਣ ਤੋਂ ਉੱਕਾ ਇਨਕਾਰ ਕਰਦਿਆਂ ਗ਼ਰੀਬੀ ਭੋਗਣ ਨੂੰ ਤਰਜੀਹ ਦਿੱਤੀ। ਦਾਦਾ ਸੱਥ ਵਿਚ ਬੈਠਾ ਮੱਥੇ ਹੱਥ ਮਾਰਦਾ। ਤਿੱਖੀ ਪਿਆਸ ਦੇ ਸਤਾਏ ਉਹ ਛੱਪੜ ਦਾ ਪਾਣੀ ਪੀ ਬੈਠੇ ਸਨ। ਮੇਰੀ ਮਾਤਾ ਨੂੰ ਉਹ ਕਿਸੇ ਕੌੜ ਲਵੇਰੀ ਨਾਲ ਮੇਲਦਾ, 'ਧੋਤੇ ਖੁਰਾਂ ਵਾਲੀ' ਆਖਦਾ, ਜਿਸ ਨੇ ਉਸ ਦਾ ਚੰਗਾ ਭਲਾ ਚਲਦਾ ਲਾਣਾ 'ਅੱਠੀਖੰਡ' ਕਰ ਦਿੱਤਾ ਸੀ। ਸੋ ਉਹ ਆਪਣੀ ਤਿੰਨ ਹਿੱਸੇ ਜ਼ਮੀਨ ਲੈ ਕੇ ਛੜੇ ਤਾਏ ਨਾਲ ਅਲੱਗ ਹੋ ਗਿਆ। ਬਾਪੂ ਨੂੰ ਹੋਰ ਲੋਕਾਂ ਪਾਸੋਂ ਜ਼ਮੀਨ ਵਟਾਈ ਉਪਰ ਲੈ ਕੇ ਖੇਤੀ ਕਰਨੀ ਪੈਂਦੀ ਜਿਸ ਦੀ ਉਪਜ ਵਿਚੋਂ ਅੱਧੀ ਮਾਲਕ ਨੂੰ ਦੇਣੀ ਹੁੰਦੀ। ਹਰੀ ਕ੍ਰਾਂਤੀ ਹਾਲੇ ਦੂਰ ਸੀ। ਹਲਟਾਂ ਦਾ ਜ਼ਮਾਨਾ ਸੀ। ਵਾਹੇ ਸੁਹਾਗੇ ਖੇਤਾਂ ਨੂੰ ਬਲ਼ਦਾਂ ਨਾਲ ਸਿੰਜ ਕੇ, ਜਦੋਂ ਕਣਕ ਬੀਜਣ ਦਾ ਮੌਕਾ ਹੁੰਦਾ, ਬਾਪੂ ਆਪਣਾ ਸ਼ੌਕ ਪਾਲਦਾ, ਇਕੋ ਇਕ ਸਾਲਾਨਾ ਸਮਾਗਮ ਨਾ ਛੱਡ ਸਕਦਾ, ਐਨ ਉਸ ਵੇਲ਼ੇ ਕਵੀਸ਼ਰੀ ਕਰਨ ਚਲਿਆ ਜਾਂਦਾ। ਸਾਰਿਆਂ ਤੋਂ ਅੱਗੇ ਹੋ ਕੇ ਗਾਉਣ ਕਾਰਨ ਬਾਪੂ ਦਾ ਪੇਟ ਤੇ ਛਾਤੀ ਦਰਦ ਕਰਦੀ ਜਿਸ ਨੂੰ ਉਹ 'ਤਣੇ ਚੜ੍ਹਨਾ' ਆਖਦਾ। ਬਿਮਾਰ ਹੋ ਜਾਂਦਾ। ਕਵੀਸ਼ਰੀ ਕਰਨ ਬਦਲੇ ਹੱਥ ਲੱਗੇ ਦਸ ਪੰਦਰਾਂ ਦਮੜੇ ਡਾਕਟਰ ਬੈਜਨਾਥ ਦੇ ਦੁੱਧ ਚਿੱਟੇ ਟੀਕਿਆਂ ਅਤੇ ਮਿੱਠੀਆਂ ਮਿਕਸਚਰ-ਖੁਰਾਕਾਂ ਦੀ ਭੇਟ ਚੜ੍ਹ ਜਾਂਦੇ। ਕਣਕ ਬੀਜਣ ਦੀ ਵੱਤਰ ਖੁੰਝ ਜਾਂਦੀ। ਸਾਡੇ ਬਚਪਨ ਵਿਚ ਬਾਪੂ ਦਾ ਇਹ ਸ਼ੌਕ ਬੀਬੀ ਨੂੰ ਬੇਹੱਦ ਪਸੰਦ ਸੀ। ਗੂੜ੍ਹੀ ਸਰਦੀ ਦੀ ਰੁੱਤ ਵਿਚ ਵੱਡੇ ਤੜਕੇ ਪਿਤਾ ਨੂੰ ਚਾਹ ਪਿਲ਼ਾ ਕੇ ਚਾਈਂ ਚਾਈਂ ਖੂਹ ਜਾਂ ਘੁਲਾੜੀ ਜੋੜਨ ਲਈ ਤੋਰ ਕੇ ਉਹ ਦੁੱਧ ਰਿੜਕਦੀ, ਚੱਕੀ ਪੀਂਹਦੀ; ਉਸ ਨੂੰ ਕੋਈ ਲੋਰ ਚੜ੍ਹਦੀ। ਬਾਪੂ ਤੋਂ ਸੁਣ ਕੇ ਕੰਠ ਕੀਤਾ ਇਹ ਬੰਦ ਆਪਮੁਹਾਰੇ ਗੁਣਗੁਣਾਉਂਦੀ:

*ਰੁੱਤ ਸਰਦ ਪਵੇ ਜਦ ਕੱਕਰ ਜੀ, ਪੈਰਾਂ ਤੋਂ ਨੰਗਾ ਫੱਕਰ ਜੀ*
*ਲਾਵੇ ਖੇਤਾਂ ਦੇ ਵਿਚ ਚੱਕਰ ਜੀ, ਦੋਲੇ ਦੀ ਬੁੱਕਲ ਮਾਰੀ।*
*ਜੱਟਾ ਤੇਰਾ ਹੁਲੀਆ ਬਦਲਿਆ ਨਾ, ਹੋਰ ਦੁਨੀਆਂ ਬਦਲਗੀ ਸਾਰੀ।*

ਮਾਮਿਆਂ ਨੂੰ ਬਾਪੂ ਦੀ ਇਸ ਦਿਲਚਸਪੀ ਉੱਤੇ ਮਾਣ ਸੀ। ਪਰ ਮੇਰਾ ਨਾਨਾ ਇਸ ਨੂੰ ਘਟੀਆ ਸ਼ੁਗਲ ਸਮਝਦਾ, 'ਕਮੀਣਾਂ ਦਾ ਕਿੱਤਾ' ਆਖਦਾ। ਸੋ ਗ਼ਰੀਬੀ ਦਾ ਸਤਾਇਆ ਬਾਪੂ ਆਪਣੇ ਸ਼ੌਕ ਦੀ ਬਦਖੋਈ ਸੁਣਦਾ, ਹੋਰ ਖਿਝਦਾ ਅਤੇ ਨਾਨੇ ਨੂੰ ਅਪਸ਼ਬਦ ਬੋਲਦਾ। ਬੀਬੀ ਕਲਪਦੀ, ਤੜਫਦੀ; ਕਲੇਸ ਛਿੜ ਪੈਂਦਾ। ਪਿਤਾ ਖਫ਼ਾ ਹੁੰਦਾ, ਬੀਬੀ ਦੀ ਤੁਲਨਾ ਹੋਰ ਔਰਤਾਂ

ਨਾਲ ਕਰਦਾ। ਛੋਟੇ ਕੱਦ ਦੀ ਸਾਡੀ ਮਾਤਾ ਸਾਹਮਣੇ ਆਪਣੀ ਮਰ ਚੁੱਕੀ 'ਰੰਗੀਲੀ ਮਟਕੀਲੀ, ਅੰਗ ਦੀ ਪਤਲੀ, ਮੁਟਿਆਰ ਜਵਾਨ' ਭਾਬੀ ਦੇ ਨਿੱਘੇ, ਮਿਲਾਪੜੇ ਸੁਭਾਅ ਦੀ ਸਿਫ਼ਤ ਕਰਦਾ, ਮਾਤਾ ਨੂੰ ਚਿੜਾਉਂਦਾ। ਦਾਜ ਦਹੇਜ ਨਾ ਦੇਣ ਦੇ ਤਾਹਨੇ ਮਾਰਦਾ, ਉੱਠਦਾ; ਵੱਡੇ ਤਾਏ ਵੱਲ ਤੁਰ ਜਾਂਦਾ। ਫੌਜ ਵਿਚੋਂ ਪੈਨਸ਼ਨ ਆਇਆ, ਵੀਹ ਵਰ੍ਹੇ ਵੱਡਾ ਤਾਇਆ ਘਰ ਆਏ ਛੋਟੇ ਵੀਰ ਨੂੰ ਰੰਮ ਦੇ ਦੋ ਹਾੜੇ ਲਵਾ ਦਿੰਦਾ। ਰੰਗਾਂ ਵਿਚ ਹੋਇਆ ਬਾਪੂ ਆਪਣੇ ਪੈਨਸ਼ਨੀਏਂ ਭਰਾ ਅਤੇ ਭਾਬੀ ਸਾਹਮਣੇ ਬੀਬੀ ਦੇ ਖਾਨਦਾਨ ਨੂੰ ਅਬਾ ਤਬਾ ਬੋਲਦਾ। ਮਾਂ ਵੱਲੋਂ ਪਿਤਾ ਨੂੰ ਬੁਲਾਉਣ ਲਈ ਦੌੜਾਇਆ, ਨਿੱਕਾ ਨਿਆਣਾ ਮੈਂ ਅਜਿਹੀਆਂ ਗੱਲਾਂ ਸੁਣਦਾ, ਦੁਖੀ ਹੁੰਦਾ।

ਬਾਹਰ ਸਾਰਿਆਂ ਨੂੰ ਖਿੜੇ ਮੱਥੇ ਮਿਲਦਾ ਸਾਡਾ ਰੰਗ ਰੰਗੀਲਾ ਪਿਤਾ ਘਰ ਵੜਦਿਆਂ ਮੁਰਝਾ ਜਾਂਦਾ। ਉਹ ਲਚਕੀਲੇ ਸੁਭਾਅ ਦਾ ਸੀ, ਜਦੋਂ ਕਿ ਮਾਂ ਲਈ ਲਿਫਣਾ-ਝੁਕਣਾ ਅਸੰਭਵ ਸੀ। ਬੇਸ਼ੱਕ ਉਹ ਬੜੇ ਉੱਚੇ ਸੁੱਚੇ ਆਚਰਣ ਦੀ ਮਾਲਕ ਸੀ ਪਰ ਅਜਿਹੇ ਮੌਕੇ ਬਾਪੂ ਨੂੰ ਰਿਝਾਉਣਾ ਨਾ ਜਾਣਦੀ । ਵੱਡਾ ਹੋਇਆ, ਇਕ ਵਾਰੀ ਮੈਂ ਏਹੀ ਗੱਲ ਬੀਬੀ ਨੂੰ ਆਖ ਬੈਠਾ। ਸਾਰੀ ਉਮਰ ਪਰਿਵਾਰ ਲਈ ਲਹੂ ਮਿੱਟੀ ਇਕ ਹੁੰਦੇ ਰਹੇ ਪਿਤਾ ਵੱਲ ਹੁਣ ਤਾਂ ਕੁਝ ਨਰਮ ਵਤੀਰਾ ਅਪਨਾਵੇ। ਪਰ ਮਾਤਾ ਹਵਨ ਦੀ ਅਗਨੀ ਵਾਂਗ ਭੜਕਦੀ ਬੋਲੀ; "ਮਖਿਆ, ਏਹਨੂੰ ਰਿਝਾਏ-ਵਡਿਆਏ ਬਿਨਾਂ ਹੀ ਤੁਸੀਂ ਚਾਰੇ ਭੈਣ ਭਾਈ ਅਸਮਾਨੋਂ ਡਿਗ ਪੇ ਹੋਣੇ ਐਂ? ਅਰ ਬੈਜਨਾਥ ਦੇ ਹਸਪਤਾਲ 'ਚ ਪਏ, ਏਹਦੀ ਮਰੀ ਮੁੱਕੀ ਭਾਬੋ ਦੇ ਏਸ 'ਥਾਉਂ ਸਿਰ ਦੇ ਮਣਕੇ' ਨੂੰ ਬਾਰੀਕ ਤਾਪ ਤੋਂ ਬਚਾਉਣ ਖਾਤਰ ਆਪਣਾ ਸਾਰਾ ਟੂੰਬ ਛੱਲਾ ਵੀ ਮੈਂ ਐਵੇਂ ਭੰਗ ਦੇ ਭਾਣੇ ਵੇਚਤਾ ਹੋਊ? ਜਦ ਮੈਂ ਤੇਰੇ ਪਿਉ ਨੂੰ ਕਦੇ ਰਿਝਾਇਆ ਵਡਿਆਇਆ ਈ ਨਹੀਂ, ਤੇਰੀ ਨਿਗ੍ਹਾ 'ਚ ਤਾਂ ਆਪਣੀ ਰਣੀ ਚਣੀ ਵੀ ਫੇਰ ਮੈਂ ਉਈਓਂ ਡਾਕਟਰ ਦੀ ਝੋਲ਼ੀ 'ਚ ਪਾ'ਤੀ ਹੋਊ? ਮੇਰਾ ਕੋਈ ਕਸੂਰ ਨ੍ਹੀਂ ਪੁੱਤ। ਦੋਸ਼ ਕਰਮਾਂ ਆਪਣਿਆਂ। ਨਿੱਤ ਬੋਲ ਕਬੋਲ ਬੋਲਦਾ ਬੰਦਾ ਇਕ ਨਾ ਇਕ ਦਿਨ ਸੁਣਨ ਆਲ਼ੇ ਦੇ ਮਨੋਂ ਲਹਿ ਜਾਂਦੈ, ਕਾਕਾ।" ਤੇ ਮਾਂ, ਜਿਸ ਨੂੰ ਮੈਂ ਬਹੁਤ ਸਾਧਾਰਨ ਸੁਆਣੀ ਸਮਝਦਾ, ਉਸ ਨੇ ਸੁਖਮਨੀ ਸਾਹਿਬ ਵਿਚੋਂ ਦ੍ਰਿਸ਼ਟਾਂਤ ਦਿੱਤਾ; "ਆਪਨੀ ਪਰਤੀਤ ਆਪ ਹੀ ਖੋਵਹਿ...॥" ਉਹ ਅੰਦਰੋਂ ਬਾਹਰੋਂ, ਕਥਨੀ ਕਰਨੀ ਪੱਖੋਂ ਇਕ ਹੋਣ ਨੂੰ 'ਰਾਜਪੂਤੀ ਸ਼ਾਨ' ਜਾਂ 'ਸਰਦਾਰੀ ਸਮਝ' ਆਖਦੀ ਜਦੋਂਕਿ ਪਿਤਾ ਦਾ ਵਿਸ਼ਵਾਸ ਕੁਝ ਇਸ ਤਰ੍ਹਾਂ ਦਾ ਸੀ:

*ਤਿੰਨੇ ਵਲ਼ ਤੋਂ ਬਾਝ ਨਾ ਚੱਲ ਸਕਦੇ*
*ਦੁਨੀਆਂਦਾਰੀ ਤੇ ਸੱਪ ਦਰਿਆ ਮੀਆਂ।*

ਸੋ ਦਿਨੋ ਦਿਨ ਇਕ ਦੂਜੇ ਲਈ ਵਰਤ ਵਿਹਾਰ ਕੁਰਖ਼ਤ ਹੁੰਦਾ ਗਿਆ। ਉਮਰ ਵਧਦੀ ਗਈ, ਆਪਸੀ ਤਕਰਾਰ ਅਤੇ ਤਲਖ਼ੀ ਵਿਚ ਹੋਰ ਕੁੜੱਤਣ ਭਰਨ ਲੱਗੀ। ਆਪੋ ਆਪਣੀ ਥਾਂ ਦੋਵੇਂ ਬੜੇ ਲਾਇਕ ਅਤੇ ਸਦਾਚਾਰੀ ਸਨ। ਘਰ ਪਰਿਵਾਰ ਦੀ ਬਿਹਤਰੀ ਲਈ ਕੁਰਬਾਨ ਹੋਣ ਵਾਲੇ! ਕਬੀਲਦਾਰੀ ਦੀ ਗੱਡੀ ਨੂੰ ਇਕੱਠੇ ਖਿੱਚਦੇ। ਪਰ ਸੁਭਾਅ ਦੇ ਟਕਰਾਅ ਕਾਰਨ ਅਕਸਰ ਭਿੜ ਪੈਂਦੇ। ਬਾਪੂ ਬਾਹਰ ਲੋਕਾਂ ਨਾਲ ਵਿਚਰਦਾ ਕਦੇ ਕਿਸੇ ਨਾਲ ਝਗੜ ਪੈਂਦਾ, ਘਰ ਆ ਕੇ ਉਹੀ ਘਟਨਾ ਮੁੜ ਚਿਤਾਰਦਾ, ਤੈਸ਼ ਵਿਚ ਆਇਆ ਉਸ ਬੰਦੇ ਨੂੰ ਗੰਦੀਆਂ ਗਾਲ਼ਾਂ ਕੱਢਦਾ ਤਾਂ ਬੀਬੀ ਖਾਹਮਖਾਹ ਭੜਕ ਜਾਂਦੀ; "ਏਥੇ ਮੂੰਹ ਗੰਦਾ ਕਰਨ ਦੀ ਕੀ ਲੋੜ। ਤੇਰੇ ਘਰ ਧੀ ਨ੍ਹੀਂ ਹੈਗੀ?" ਸਿਸ਼ਟਾਚਾਰ ਬਾਰੇ ਅਜਿਹੀ ਸੋਚ ਰੱਖਦੀ ਮਾਂ ਉਸ ਨੂੰ ਇਉਂ ਕਰਨ ਤੋਂ ਰੋਕਣਾ ਲੋਚਦੀ, ਅਦਿੱਖ ਲੋਕਾਂ ਦਾ ਪੱਖ ਪੂਰਦੀ। ਬਾਪੂ ਕਿਸੇ ਅੰਗ ਸਾਕ ਨੂੰ ਗਾਲ਼ਾਂ ਕੱਢਦਾ, ਮਾਂ ਹੋਰ ਵੱਧ ਤੜਫਦੀ। ਉਸ ਨੂੰ ਸਿਆਸਤ ਨਹੀਂ ਸੀ ਕਰਨੀ ਆਉਂਦੀ ਜਦੋਂ ਕਿ ਬਾਪੂ ਚੁਸਤੀ ਤੋਂ ਕੰਮ ਲੈਂਦਾ, ਮੌਕੇ ਦੀ ਨਜ਼ਾਕਤ ਨੂੰ ਸਮਝਦਾ, ਖੂਹ ਖੇਤ ਕਿਸੇ ਨਾਲ ਖਹਿਬੜ ਤਾਂ ਪੈਂਦਾ, ਪਰ ਹੱਥੋਪਾਈ ਹੋਣ ਤੋਂ ਸੰਕੋਚ ਕਰਦਾ। ਘਰ ਆ ਕੇ ਗ਼ੁੱਸਾ ਲਾਹੁਣਾ ਚਾਹੁੰਦਾ। ਜਦੋਂ ਅਸੀਂ ਭੈਣ ਭਰਾ ਵੱਡੇ ਹੋ ਕੇ ਮਾਪਿਆਂ ਨੂੰ ਸ਼ਾਂਤ ਰਹਿਣ ਦੀ ਅਪੀਲ ਕਰਦੇ, ਭਖੀ ਹੋਈ ਬੀਬੀ ਆਪਣਾ ਪੈਂਤੜਾ ਨਾ ਬਦਲਦੀ। ਉਹ ਕਿਸੇ

ਕਹਾਵਤ ਵਿਚਲੀ ਪਤਨੀ ਵਾਲਾ ਚਰਿੱਤਰ ਕਰਨਾ ਬਿਲਕੁਲ ਨਾ ਜਾਣਦੀ, ਜਿਸ ਨੂੰ ਉਸ ਦੇ ਪਤੀ ਨੇ ਸੜਕ ਦੇ ਵਿਚਕਾਰ ਖੜੋਤੇ ਗਧੇ ਨੂੰ ਦੇਖ ਕੇ ਟਿੱਚਰ ਕੀਤੀ ਸੀ: "ਮਖਿਆ, ਹੌਲ਼ੀ ਤੁਰ। ਸਾਹਮਣੇ ਰਾਹ 'ਚ ਆ ਖੜ੍ਹੇ ਆਪਣੇ ਸਕੇ ਸੋਧਰੇ ਵੀਰੇ ਨੂੰ ਤਾਂ ਲੰਘ ਜਾਣ ਦੇ।" ਜ਼ਨਾਨੀ ਕੁਝ ਦੇਰ ਚੁੱਪ ਰਹੀ। ਫੇਰ ਮੁਸਕਰਾਉਂਦਿਆਂ ਬੋਲੀ: "ਉਹ ਥੋਡਾ ਲਾਡਲਾ ਸਾਲ਼ਾ ਮੈਨੂੰ ਕੁਛ ਨ੍ਹੀਂ ਕਹਿੰਦਾ। ਤੁਸੀਂ ਅੱਗੇ ਤਾਂ ਹੋਵੋ। ਦੇਖੋ ਬੇਚਾਰਾ ਆਪਣੇ ਸਕੇ ਜੀਜਾ ਜੀ ਨੂੰ ਸਲਾਮੀ ਪਾਉਣ ਖਾਤਰ ਕਿੰਨੇ ਚਾਅ ਨਾਲ਼ ਉਡੀਕਦੈ।" ਜੇ ਕਿਤੇ ਮੇਰੀ ਮਾਤਾ ਨੂੰ ਧੁਰ ਦਰਗਾਹੋਂ ਅਜਿਹੀ ਸਿੱਖ ਮੱਤ ਮਿਲੀ ਹੁੰਦੀ ਤਾਂ ਉਹਨਾਂ ਦੀ ਜ਼ਿੰਦਗੀ ਨਿਰਾ ਸਵਰਗ ਸਾਬਤ ਹੁੰਦੀ, ਦੁਖਾਂਤ ਵਿਚ ਨਾ ਬਦਲਦੀ। ਸਾਡੀ ਬਹੁਤ ਪਿਆਰੀ ਮਾਂ ਨੂੰ ਇਹ ਨਹੀਂ ਸੀ ਪਤਾ ਕਿ ਘਰ ਕਿਸੇ ਬੰਦੇ ਲਈ ਇਕੱਲਾ ਰੈਣ ਬਸੇਰਾ ਹੀ ਨਹੀਂ, ਸਗੋਂ ਭਾਵੁਕ ਆਸਰਾ ਵੀ ਹੁੰਦਾ; ਜਿੱਥੇ ਪਤਨੀ ਅਤੇ ਬੱਚਿਆਂ ਵੱਲੋਂ ਮੁਖੀ ਦੇ ਹਰ ਕਾਰਨਾਮੇ ਨੂੰ ਸਲ਼ਾਹੁੰਦਿਆਂ ਇਕ ਆਵਾਜ਼ੇ 'ਸ਼ਾਬਾਸ਼' ਵੀ ਦੇਣੀ ਬਣਦੀ। ਬਾਹਰ ਲੋਕਾਂ ਨਾਲ ਅਤਿ ਮਿੱਠਾ ਬੋਲਦੇ ਪਿਤਾ ਨੂੰ ਅਸੀਂ ਘਰ ਵਿਚ ਮਾਤਾ ਉੱਤੇ ਹੱਥ ਚੁੱਕਦਿਆਂ ਦੇਖ ਕੇ ਅਤੇ ਗਾਲ਼ਾਂ ਕੱਢਦਿਆਂ ਸੁਣ ਕੇ ਸਮਝਾਉਂਦੇ, ਅਚਿੱਤੇ ਹੀ ਮਾਂ ਦਾ ਪੱਖ ਪੂਰ ਜਾਂਦੇ। ਲਗਾਤਾਰ ਤੀਹ ਵਰ੍ਹਿਆਂ ਤਕ ਨਿੱਤ ਆਪਣੀ ਜੀਵਨ ਸਾਥਣ ਵੱਲੋਂ ਨਾਂਹਪੱਖੀ ਵਤੀਰਾ ਬਰਦਾਸ਼ਤ ਕਰਦਾ ਅਤਿ ਭਾਵੁਕ ਪਿਤਾ ਆਖਰ ਧੁਰ ਅੰਦਰੋਂ ਤਿਲ ਤਿਲ ਕਰ ਕੇ ਟੁੱਟਦਾ ਲੜਖੜਾ ਗਿਆ। ਉਸ ਨੂੰ ਸਾਰੀ ਜ਼ਿੰਦਗੀ ਫਜ਼ੂਲ ਦਾ ਖਲਜਗਣ ਜਾਪਣ ਲੱਗੀ। ਬੇਅਰਥ ਦਾ ਵਧਾਂਤ। ਨਿਰਾ ਨਰਕ। ਕਿੰਨੇ ਉਧਾਰ ਸੁਧਾਰ ਚੁੱਕ ਕੇ ਗ਼ਰੀਬੀ ਪਹਿਰੇ ਹੱਥੀਂ ਖਰੀਦਿਆ, ਬਾਅਦ ਵਿਚ ਆਪਣੇ ਖ਼ੂਨ ਪਸੀਨੇ ਦੀ ਕਮਾਈ ਨਾਲ ਪੱਕਾ ਛੱਤਿਆ ਖੁੱਲ੍ਹਾ ਡੁੱਲ੍ਹਾ ਮਕਾਨ, ਜੋ ਕਦੇ ਉਸ ਨੂੰ 'ਕਿਲੇ' ਵਰਗਾ ਜਾਪਦਾ, ਹੁਣ 'ਜੇਹਲਖਾਨਾ' ਦਿਖਾਈ ਦਿੰਦਾ।

ਇਸ ਤਣਾਅ ਵਿਚ ਕਦੇ ਸੁੱਖਦਾਇਕ ਮੌਕੇ ਵੀ ਆਉਂਦੇ ਰਹੇ। ਮੇਰੇ ਸਿਰੜੀ ਮਾਪੇ ਆਪਣੀ ਕਬੀਲਦਾਰੀ ਨੂੰ ਅੱਗੇ ਤੋਰਨ ਲਈ ਮੋਢੇ ਨਾਲ ਮੋਢਾ ਜੋੜ ਕੇ ਮੁਸ਼ੱਕਤ ਕਰਦੇ। ਬਾਪੂ ਨੂੰ ਉਧਾਰ ਲਿਆ ਪੈਸਾ ਅਤੇ ਸਿਰ ਚੜ੍ਹਿਆ ਕਰਜ਼ਾ ਮੋੜਨ ਦੀ ਚਿੰਤਾ ਸਦਾ ਸਤਾਉਂਦੀ। ਘਰੇਲੂ ਲੋੜਾਂ ਪੂਰਨ ਵਾਸਤੇ ਕਈ ਵਾਰ ਉੱਚੀ ਵਿਆਜ ਦਰ ਉੱਤੇ ਕੁਝ ਰਕਮ ਕਿਸੇ ਪੇਂਡੂ ਫੌਜੀ ਜਾਂ ਖੰਨੇ ਦੇ ਆੜ੍ਹਤੀਏ ਤੋਂ ਲੈਣੀ ਪੈਂਦੀ। ਬਾਪੂ ਦੀ ਨੀਂਦ ਹਰਾਮ ਹੋ ਜਾਂਦੀ:

*ਦੇਣਾ ਭਲਾ ਨਾ ਬਾਪ ਦਾ, ਬੇਟੀ ਭਲੀ ਨਾ ਏਕ।*
*ਤੁਰਨਾ ਭਲਾ ਨਾ ਕੋਸ ਦਾ, ਮੇਰਾ ਸਤਿਗੁਰ ਰੱਖੇ ਟੇਕ।*

ਬਾਪੂ ਹਾੜ੍ਹੀ ਸਾਉਣੀ ਆਈ ਤੋਂ ਘੱਟ ਤੋਂ ਘੱਟ ਦਾਣੇ ਜਾਂ ਮਿੱਠਾ ਘਰ ਦੀ ਵਰਤੋਂ ਵਾਸਤੇ ਰੱਖ ਕੇ ਵੱਧ ਤੋਂ ਵੱਧ ਫਸਲ ਮੰਡੀ ਵਿਚ ਵੇਚ ਕੇ ਕਰਜ਼ੇ ਤੋਂ ਖਹਿੜਾ ਛੁਡਾਉਣ ਨੂੰ ਤਰਜੀਹ ਦਿੰਦਾ। ਜਦੋਂ ਕਿ ਸਾਡੀ ਬੀਬੀ ਗੁਆਂਢ ਵਿਚੋਂ ਕਿਸੇ ਦੇ ਘਰ ਭਰੇ ਰਹਿੰਦੇ 'ਗੁੜ ਸ਼ੱਕਰ ਦੇ ਕੜਾਹੇ' ਅਤੇ 'ਛੱਤ ਛੋਂਹਦੀਆਂ ਕਣਕ ਮੱਕੀ ਦੀਆਂ ਧਾਂਕਾਂ' ਦੀ ਮਿਸਾਲ ਦਿੰਦੀ, ਵੱਧ ਤੋਂ ਵੱਧ ਫਸਲ ਘਰ ਵਰਤਣ ਲਈ ਰੱਖਣੀ ਲੋਚਦੀ, ਤੜਫਦੀ; "ਜੇ ਸਿਆਲ਼ 'ਚ ਦਾਣੇ ਅਰ ਰੋਹੀ 'ਚ ਮਿੱਠਾ ਮੁੱਕ ਗਿਆ, ਫੇਰ ਕਮੀਣਾਂ ਵਾਂਗ ਹੱਟੀਓਂ ਲਿਆਉਂਦੇ ਚੰਗੇ ਲੱਗਾਂਗੇ?"

"ਅੱਛਿਆ! ਹੱਟੀਓਂ ਲਿਆਉਣ 'ਚ ਸਾਨੂੰ ਸ਼ਰਮ ਆਊ? ਜਦ ਕਰਿਆਨੇ ਆਲ਼ਾ ਲਾਲਾ ਅੰਮ੍ਰਿਤ ਵੇਲ਼ੇ ਆ ਕੇ ਮੱਥੇ ਲੱਗੂ ਅਰ ਆੜ੍ਹਤੀਆ ਆਏ ਐਤਵਾਰ ਦਰ ਖੜਕਾਊ, ਫੇਰ ਸਾਡੀ ਸਰਦਾਰੀ ਬਣੀ ਰਹੂ?" ਬਾਪੂ ਦਾ ਵਿਅੰਗ ਸਭ ਨੂੰ ਚੁੱਪ ਕਰਵਾ ਦਿੰਦਾ।

ਰੱਬ ਤੋਂ ਡਰਨ ਵਾਲਾ ਬਾਪੂ ਬੇਹੱਦ ਇਮਾਨਦਾਰ ਸੀ। ਕਿਸੇ ਦੀ ਅਮਾਨਤ ਦੱਬਣ ਨੂੰ ਪਾਪ ਸਮਝਦਾ। ਖੰਨੇ ਦਾ ਦੁਕਾਨਦਾਰ, ਜਿਸ ਤੋਂ ਅਸੀਂ ਕਰਿਆਨਾ ਲੈਂਦੇ ਅਤੇ ਹਿਸਾਬ ਕਿਤਾਬ ਹਾੜ੍ਹੀ ਸਾਉਣੀ ਕਰਦੇ, ਪਤਾ ਨਹੀਂ ਕਿਉਂ ਖੁਦਕੁਸ਼ੀ ਕਰ ਗਿਆ। ਫਸਲ ਆਈ ਤੋਂ ਪਿਤਾ ਬਣਦੀ ਅਦਾਇਗੀ ਕਰਨ ਲਈ ਸ਼ਹਿਰ ਪਹੁੰਚਿਆ ਤਾਂ ਉਸ ਦਾ ਲੜਕਾ ਹੈਰਾਨ ਰਹਿ ਗਿਆ; " ਲੋਕ ਤਾਂ

ਸਾਡੇ ਭਾਪਾ ਜੀ ਦੇ ਤੁਰ ਜਾਣ ਨਾਲ਼ ਹੀ ਮਰ-ਮੁੱਕਰ ਗੇ, ਸਰਦਾਰ ਜੀ। ਇਕੋ ਇਕ ਤੁਸੀਂ ਹੋ ਜੋ ਆਪ ਚੱਲ ਕੇ ਹਿਸਾਬ ਚੁਕਤਾ ਕਰਨ ਆਏ ਹੋ।" ਪਰ ਬਾਪੂ ਨੇ ਜੀਵਨ ਵਿਚ ਇਕ ਠੱਗੀ ਆਪਣੇ ਪਿਉ ਨਾਲ ਜ਼ਰੂਰ ਮਾਰੀ ਸੀ। ਵੈਸੇ ਉਹ ਸਾਡੇ ਦਾਦੇ ਤੋਂ ਬਹੁਤ ਤ੍ਰਭਕਦਾ। ਜੇ ਕਦੇ ਬਾਬੇ ਨੂੰ ਬੁਰਾ ਬੋਲਦਾ, ਦਾਦਾ ਗਹਿਰੀਆਂ ਕਬਰੀਆਂ ਅੱਖਾਂ ਨਾਲ ਉਸ ਵੱਲ ਝਾਕਦਾ; "ਮੈਂ ਤੇਰੀਆਂ ਜੜ੍ਹਾਂ ਪੱਟ ਕੇ ਸੂਰਜ ਵੱਲ ਨੂੰ ਕਰ ਦਊਂਗਾ, ਡੱਡੀਏ। ਸੋਚ ਲੈ।" ਬਾਪੂ ਡਰ ਜਾਂਦਾ। ਕਿਧਰੇ ਕੁੰਟਿਆ ਹੋਇਆ ਪਿਉ ਸਾਰੀ ਜ਼ਮੀਨ ਦੂਜੇ ਭਰਾਵਾਂ ਦੇ ਨਾਉਂ ਨਾ ਕਰਵਾ ਦੇਵੇ। ਸੋ ਉਹ ਕਦੇ ਕਦਾਈਂ ਬਾਬੇ ਨੂੰ ਗੁਰਦੁਆਰੇ ਨੇੜਲੀ ਹਲਟੀ ਤੋਂ ਬੁਲਾ ਕੇ ਘਰ ਕੱਢੀ ਦਾਰੂ ਦਾ ਪੈੱਗ ਲਵਾ ਦਿੰਦਾ। ਬੀਬੀ ਵੀ ਕਿਸੇ ਦਿਨ 'ਹਾਜ਼ਰੀ' ਵੇਲ਼ੇ ਸਾਡੇ ਘਰ ਨੇੜੇ ਬੈਠੇ ਬਾਬੇ ਨੂੰ ਦੇਖਦੀ, ਮੇਰੇ ਰਾਹੀਂ ਸੱਦ ਕੇ ਦਹੀਂ ਮੱਖਣੀ ਨਾਲ ਰੋਟੀ ਖਵਾ ਦਿੰਦੀ। ਇੰਝ ਵਡਿਆਏ ਬਾਬੇ ਨੇ ਇਕ ਵਾਰੀ ਕਈ ਖੇਤ ਬਾਪੂ ਨੂੰ ਜ਼ਬਤੀ ਉੱਤੇ ਵਾਹੁਣ ਲਈ ਦੇ ਦਿੱਤੇ। ਕਣਕ ਦੀ ਭਰਵੀਂ ਫਸਲ ਹੋਈ। ਪਰ ਬਾਪੂ ਬਣਦੀ ਰਕਮ ਦੇਣ ਤੋਂ ਉੱਕਾ ਮੁੱਕਰ ਗਿਆ।

"ਤੂੰ ਬੇਈਮਾਨ ਹੈਂ, ਓਏ ਦੁਸ਼ਟਾ। ਜਾਹ, ਮੇਰੇ ਮੱਥੇ ਨਾ ਲੱਗਿਆ ਕਰ।" ਸਾਰੇ ਹੀਲੇ ਵਸੀਲੇ ਵਰਤ ਹਟਿਆ, ਬਾਬਾ ਘੁਰਕਿਆ।

"ਨਹੀਂ ਬਾਈ ਸਿਆਂ, ਮੈਂ ਬੇਈਮਾਨ ਕੋਈ ਨ੍ਹੀਂ। ਸਾਰਾ ਕਸੂਰ ਤੇਰੀ ਅੱਖ ਦਾ ਹੈ। ਤੈਨੂੰ ਸਦਾ ਇਕੋ ਇਕ ਛੜਾ ਹੀ ਦੀਂਹਦਾ ਰਿਹੈ। ਮੈਂ ਜਾਂ ਮੇਰੇ ਜਵਾਕ ਕਦੇ ਦਿਖੇ ਹੀ ਨਹੀਂ। ਮੈਂ ਤਾਂ ਸਿਰਫ਼ ਤੈਨੂੰ ਟੇਢੀ ਉਂਗਲ਼ੀ ਨਾਲ ਘਿਉ ਕੱਢ ਕੇ ਦਿਖਾਇਐ।" ਤੇ ਇਸ ਠੱਗੀ ਤੋਂ ਬਾਅਦ ਬਾਪੂ ਦੇ ਪੈਰ ਲੱਗ ਗਏ।

ਪੇਟ ਘਰੋੜੀ ਦਾ ਪੁੱਤਰ ਹੋਣ ਕਰ ਕੇ ਦਾਦੇ ਦੇ ਧੁਰ ਅੰਦਰ ਉਸ ਲਈ ਡੂੰਘਾ ਪਿਆਰ ਸੀ।

"ਆਪਣੇ ਫੌਜੀ ਨੇ ਕਦੇ ਧੇਲਾ ਮੇਰੇ ਹੱਥ 'ਤੇ ਨ੍ਹੀਂ ਧਰਿਆ। ਮੈਂ ਉਹਨੂੰ ਇਕ ਸਿਆੜ ਨ੍ਹੀਂ ਦੇਣਾ।" ਸਾਡੇ ਸਭ ਤੋਂ ਵੱਡੇ ਤਾਏ ਤੋਂ ਖਫ਼ਾ ਹੋਏ ਦਾਦੇ ਨੇ ਇਕ ਦਿਨ ਬਾਪੂ ਅਤੇ ਛੜੇ ਨੂੰ ਕੋਲ ਬੁਲਾ ਕੇ ਸਾਰੀ ਜ਼ਮੀਨ ਉਹਨਾਂ ਦੇ ਨਾਂ ਚੜ੍ਹਾਉਣ ਲਈ ਜ਼ਿੱਦ ਕੀਤੀ ਤਾਂ ਕੰਨਾਂ ਉੱਪਰ ਹੱਥ ਰੱਖਦੇ ਦੋਵੇਂ ਭਰਾ ਪਿੱਛੇ ਹਟ ਗਏ। ਵੱਡੇ ਭਰਾ ਦਾ ਹੱਕ ਮਾਰਨ ਵਾਲਾ 'ਘੋਰ ਪਾਪ' ਉਹ ਕਦੇ ਵੀ ਨਹੀਂ ਸੀ ਕਮਾ ਸਕਦੇ।

ਜਦੋਂ ਅਸੀਂ ਅੰਦਰਲੇ ਆਦੀ ਮਕਾਨ ਵਿਚ ਰਹਿੰਦੇ ਤਾਂ ਉਮਰ ਵਿਚ ਬਹੁਤ ਵੱਡੀਆਂ ਮਾਈਆਂ, ਜੋ ਬਾਪੂ ਦੀਆਂ ਭਰਜਾਈਆਂ ਲੱਗਦੀਆਂ, ਉਸ ਨੂੰ 'ਓਏ ਕੱਛ ਆਲ਼ਿਆ!' ਆਖ ਬੁਲਾਉਂਦੀਆਂ। ਸਾਰੀ ਗਲੀ ਵਿਚ ਬਾਪੂ ਇਕੱਲਾ ਅੰਮ੍ਰਿਤਧਾਰੀ ਸੀ। ਇਉਂ ਤਾਂ ਫੌਜ ਵਿਚੋਂ ਪੈਨਸ਼ਨੀਆਂ ਆਇਆ ਦਲੀਪ ਸਿੰਘ ਮਹਿਰਾ ਵੀ ਸੀ ਪਰ ਉਮਰ ਵਿਚ ਬਰਾਬਰ ਦਾ ਅਤੇ ਗਹਿਰ ਗੰਭੀਰ ਸੁਭਾਅ ਦਾ ਹੋਣ ਕਰ ਕੇ ਉਸ ਨੂੰ ਮਜ਼ਾਕ ਕਰਨ ਦਾ ਕੋਈ ਹੌਸਲਾ ਨਾ ਦਿਖਾਉਂਦੀ। ਜਦੋਂ ਕਿਸੇ ਸ਼ਾਮ ਨੂੰ ਬਾਪੂ ਦੇ ਸਾਥੀ ਕਵੀਸ਼ਰ ਆ ਧਮਕਦੇ ਤਾਂ ਸਾਡੇ ਕੋਠੇ ਉਪਰ ਹੀ ਖੁਸ਼ਲੱਭਤੀ ਅਖਾੜਾ ਜੰਮ ਜਾਂਦਾ। ਗੁਆਂਢ ਵਿਚੋਂ ਆਦਮੀ ਔਰਤਾਂ ਆਪੋ ਆਪਣੇ ਬਨੇਰਿਆਂ ਉੱਪਰ ਜੁੜ ਕੇ ਬੈਠੇ ਫਰਮਾਇਸ਼ਾਂ ਪਾਉਂਦੇ। ਪਿੰਡ ਵਿਚੋਂ ਬਾਪੂ ਦੇ ਕਿੰਨੇ ਮਿੱਤਰ ਵੀ ਉਹਨਾਂ ਨਾਲ ਗਾਉਣ ਲੱਗਦੇ। 'ਬਾਬਾ ਵਿਧੀ ਚੰਦ ਗੁਆਚੇ ਲੱਭੂ', 'ਚੰਦੂ ਸ਼ਾਹ ਦੇ ਜ਼ੁਲਮ', 'ਭੂਮੀਆਂ ਚੋਰ', 'ਭਾਨੀਮਾਰ', 'ਕੁਛਨੀ ਬਈ ਕੁਛਨੀ' ਆਦਿ ਪ੍ਰਸੰਗ ਤੇ ਹਾਸਰਸੀ ਕਵਿਤਾਵਾਂ ਸੁਣਾਉਂਦੇ। ਮਿੱਤਰਾਂ ਦੇ ਵੱਖਰੇ ਉਚਾਰਣ ਅਤੇ ਬੋਲਣ ਢੰਗ ਤੋਂ ਹੀ ਬਾਪੂ ਨੇ ਕਈਆਂ ਦੀ ਵਿਸ਼ੇਸ਼ ਅੱਲ 'ਗੁਆਚੇ ਲੱਭੂ', 'ਬਿਧੀਆ', 'ਚੰਦੂ' 'ਰਾਮ ਰਾਜਾ', 'ਕੁਛਨੀ ਕੁਛਨੀ' ਪਾ ਦਿੱਤੀ ਸੀ। ਆਪਣੇ ਵੱਡੇ ਭਰਾਵਾਂ ਲਈ ਵੀ ਉਹ 'ਢਿੱਡ ਸਾਹਬ' 'ਬੀਨ-ਢਿੱਡਾ' ਆਦਿ ਵਿਸ਼ੇਸ਼ਣ ਵਰਤਦਾ। ਕੋਈ ਉਸ ਦਾ ਗੁੱਸਾ ਨਾ ਕਰਦਾ। ਸਾਡੀ ਗਲ਼ੀ ਵਿਚਲੀਆਂ ਵਡੇਰੀ ਉਮਰ ਭਾਬੀਆਂ ਉਸ ਲਈ- ਅਮਲਾ ਸਿਹੁੰ, ਦਰਪਦ, ਪਰਬਤ ਆਦਿ ਸਨ। ਕਿਸੇ ਸ਼ਾਮ ਦੇ ਘੁਸਮੁਸੇ ਵਿਚ ਜਦੋਂ ਉਹ ਸਿਰ ਉੱਤੇ ਪੱਠਿਆਂ ਦੀ

ਪੰਡ ਚੁੱਕੀ, ਇਕ ਬਲਦ ਅੱਗੇ ਇਕ ਪਿੱਛੇ ਫੜੀ ਭੀੜੀ ਗਲ਼ੀ ਵਿਚੋਂ ਲੰਘਦਾ ਤਾਂ ਕੋਈ ਮਸ਼ਕਰੀ ਸੁਣਾਈ ਦਿੰਦੀ; "ਓ ਕੱਛ ਆਲ਼ਿਆ! ਅੱਜ ਕੋਈ ਛੰਦ-ਛੁੰਦ ਸੁਣੇ ਸੁਣਾਏ ਬਗ਼ੈਰ ਈ ਲੰਘ ਜਾਣੈਂ?" "ਮਖਿਆ, ਹੁਣ ਨ੍ਹੀਂ ਕੁਛ ਵੀ ਸੁੱਝਦਾ, ਅਮਲਾ ਸਿਆਂ। ਕੰਮ ਨੇ ਕਚੂੰਭਰ ਕੱਢਿਆ ਪਿਐ", ਬਾਪੂ ਦੀ ਮੱਧਮ ਆਵਾਜ਼ ਅਗਲੇ ਮੋੜ ਤੋਂ ਗਲ਼ੀ ਵਿਚ ਗੂੰਜਦੀ।

ਸਿਆਲ ਜਾਂ ਗਰਮੀਆਂ ਵਿਚ ਜਦੋਂ ਵਿਹਲ ਹੁੰਦਾ, ਹਲਟੀ ਵਾਲੀ ਸੱਥ ਤੋਂ ਬਿਨਾਂ ਬਾਪੂ ਦੇ ਕਈ ਟਿਕਾਣੇ ਸਨ- ਮਿਸਤਰੀ ਲਾਹੌਰਾ ਸਿੰਘ ਦਾ ਕਾਰਖਾਨਾ, ਮਾਈ ਬਸੰਤ ਕੌਰ ਵਾਲੀ ਮਹਿਫਲ ਜਾਂ ਮਸਤੂ ਅਮਲੀ ਦਾ ਘਰ। ਲਾਹੌਰਾ ਸਿੰਘ ਉਸ ਦਾ ਕੀਰਤਨੀਆਂ ਸਾਥੀ ਸੀ ਜਿਹੜਾ ਕੀਰਤਨ ਕਰਦਿਆਂ ਦੂਜੇ ਜੋਟੀਦਾਰਾਂ ਨਾਲ ਆਪਣਾ ਮੁਕਾਬਲਾ ਕਰਦਾ, ਰਾਗ ਵਿੱਦਿਆ ਵਿਚ ਸਭ ਨੂੰ ਟਿੱਚ ਸਮਝਦਾ। ਉਸ ਬਰਾਬਰ ਨਾ ਬੋਲ ਸਕਣ ਵਾਲੇ ਨੂੰ ਛੁਟਿਆਉਂਦਾ; "ਦੇਖਿਆ? ਫੇਰ ਤੇਰਾ 'ਰਾਗੀ' ਕਹਾਉਂਦਾ ਚੰਚਲ ਸਿਹੁੰ ਉੱਦਣ ਮਿਸਤਰੀ ਦੇ ਪੁੱਤ ਨੇ ਉਪਰ ਏ ਟੰਗਤਾ ਕਿ ਨਹੀਂ? ਮਖਿਆ, ਕਰਦਾ ਤਾਂ ਮੇਰੀ ਬਰਾਬਰੀ। ਬੋਲਦਾ ਫੇਰ ਮੇਰੇ ਜਿੰਨਾ ਉੱਚਾ! ਅਖੇ, ਚੀਨ ਤੋਂ ਹਰਮੋਨੀਅਮ ਸਿੱਖ ਕੇ ਆਇਆ, ਬੜਾ ਗਮੰਤਰੀ! ਮਖਿਆ, ਜੱਟ ਦਾ ਸੁਰ ਨਾਲ਼ ਭਲਾ ਕੀ ਕੰਮ!" ਲਾਹੌਰਾ ਸਿੰਘ ਦੀਆਂ ਸ਼ੇਖੀਆਂ ਸੁਣਦਾ ਬਾਪੂ ਅੰਦਰੋਂ ਹੱਸਦਾ, ਹੱਥਲਾ ਕੰਮ ਕਰਦੇ ਮਿਸਤਰੀ ਦਾ ਹੁੰਗਾਰਾ ਭਰੀ ਜਾਂਦਾ। ਮਾਈ ਬਸੰਤ ਕੌਰ ਦੇ ਘਰ ਹਾੜ੍ਹ ਸਿਆਲ ਇਹ ਕਈ ਮਿੱਤਰ ਦੋਸਤ ਆ ਜੁੜਦੇ; ਚਾਹ ਦੀ ਪਤੀਲੀ ਹਮੇਸ਼ਾ ਚੜ੍ਹੀ ਰਹਿੰਦੀ। ਹਰ ਤਰ੍ਹਾਂ ਦੀਆਂ ਜੱਕੜਾਂ ਏਥੇ ਸੁਣਨ ਨੂੰ ਮਿਲਦੀਆਂ। ਨਿੰਦਿਆ ਪੁਰਾਣ ਸਦਾ ਖੁੱਲ੍ਹਿਆ ਰਹਿੰਦਾ। ਮਸਤੂ ਅਮਲੀ ਦੀ ਹਵੇਲੀ ਵਿਚ ਵੀ ਮਾਈ ਬਚਨੀ ਡੋਡੇ ਉਬਾਲਦੀ, ਮਲ਼-ਮਸਲ ਕੇ, ਨਿਚੋੜ-ਪੁਣ ਕੇ ਅਮਲੀ ਨੂੰ ਪਿਲਾ ਦਿੰਦੀ। ਬਾਕੀ ਬਚੇ ਪੱਤ-ਸੁੱਤ ਵਾਲੀ ਉਸ ਪਤੀਲੀ ਵਿਚ ਸਾਂਝੀ ਚਾਹ ਧਰਦੀ। ਪਿਆਲੀ ਪਿਆਲੀ ਉੱਥੇ ਬੈਠੇ ਸਾਰੇ ਚਾਹ-ਅਭਿਲਾਸ਼ੀਆਂ ਨੂੰ ਫੜਾਉਂਦੀ ਆਖਦੀ, 'ਲਉ ਵੇ ਦਾਦਣਿਓਂ! ਤੁਸੀਂ ਬੀ ਆਪਣਾ ਜੁਖਾਮ ਹਟਾ ਲੌ। ਨਾਲ਼ੇ ਦੇਖੋ, ਏਹ ਬਸੰਤ ਕੁਰ ਆਲ਼ਾ ਗੁੜ ਦਾ ਗਡਾਣਾ ਨਹੀਂ। ਦਾਦਣਿਓਂ! ਭਲਿਆਟ ਮਹਿੰ ਦੇ ਦੁੱਧ ਦੀ ਟੋਭੇ ਦੀ ਚਿੱਕ ਵਰਗੀ ਗਾੜ੍ਹੀ ਚਾਹ ਬਣਾਈ ਐ!" 'ਵਾਹ ਮਹਾਰਾਜ! ਵਾਹ ਮਹਾਰਾਜ!' ਦੀਆਂ ਉੱਚੀਆਂ ਆਵਾਜ਼ਾਂ ਨਾਲ ਅਮਲੀ ਹੋਰ ਨਸ਼ਿਆ ਜਾਂਦਾ।

ਬਾਬੇ ਦੇ ਚਲਾਣੇ ਮਗਰੋਂ ਬਾਪੂ ਨੂੰ ਪੂਰਾ ਵਿਰਾਸਤੀ ਹਿੱਸਾ ਮਿਲਣ ਨਾਲ ਹੱਥ ਕੁਝ ਸੁਖਾਲ਼ਾ ਹੋਇਆ। ਸੱਤਰਵਿਆਂ ਵਿਚ ਸਾਡੀ ਬਿਜਲੀ ਮੋਟਰ ਲੱਗ ਗਈ ਤਾਂ ਬੈਲਟਾਂ ਤੋੜਦੇ, ਹੱਥ ਕਾਲ਼ੇ ਕਰਦੇ ਡੀਜ਼ਲ ਇੰਜਣ ਤੋਂ ਖਹਿੜਾ ਛੁੱਟ ਗਿਆ। ਲੈਂਡ ਮਾਰਗੇਜ ਬੈਂਕ ਤੋਂ ਦਸ ਸਾਲਾ ਲੋਨ ਲੈ ਕੇ ਬਾਪੂ ਨੇ ਦਾਦੇ ਵੱਲੋਂ ਸਾਂਝੇ ਥਾਂ ਗਹਿਣੇ ਧਰੀ ਜ਼ਮੀਨ ਵੀ ਛੁਡਾ ਲਈ ਸੀ। ਬਾਪੂ ਪਿੰਡ ਵੱਲ ਬਹੁਤ ਘੱਟ ਗੇੜਾ ਮਾਰਦਾ। ਉਸ ਨੇ ਹੁਣ ਖੂਹ ਉੱਪਰ ਪੱਕੇ ਡੇਰੇ ਲਾ ਲਏ। ਹਰੇ ਇਨਕਲਾਬ ਦੀ ਚੜ੍ਹਤ ਨਾਲ ਖੇਤਾਂ ਵਿਚ ਲਹਿਰਾਂ ਲੱਗ ਗਈਆਂ। ਸ਼ਾਮ ਵੇਲੇ ਇਕ ਢਲ਼ੀ ਉਮਰ, ਮੂੰਹ ਤੂੰਹ ਲੱਗਦੀ ਔਰਤ ਕੱਖ ਪੱਠਾ ਲੈਣ ਦੇ ਪੱਜ ਉਧਰ ਗੇੜਾ ਮਾਰਦੀ, ਬਾਪੂ ਨਾਲ ਹੱਸਦੀ, ਖਿੱਲਾਂ ਡੋਲ੍ਹਦੀ, ਕਿੰਨੀਆਂ ਗੱਲਾਂ ਕਰਦੀ।

"ਮੁੰਡਿਆ, ਆਥਣ ਵੇਲ਼ੇ ਆਪਣੇ ਖੂਹ ਕੰਨੀਂ ਜ਼ਰੂਰ ਜਾਇਆ ਕਰ। ਕੱਲ੍ਹ ਨੂੰ ਥੋੜੇ ਵਿਆਹ-ਮੰਗਣੇ ਵੀ ਕਰਨੇ ਨੇ। ਹੋਰ ਨਾ ਤੇਰਾ ਪਿਉ ਥੋਡਾ ਅੱਗਾ ਖੜ੍ਹਾ ਦੇਵੇ।" ਫ਼ਿਕਰਮੰਦ ਹੋਈ ਬੀਬੀ ਮੈਨੂੰ ਕਾਲਿਜੋਂ ਮੁੜਦੇ ਨੂੰ ਤਾੜਦੀ, ਧੱਕੇ ਨਾਲ ਖੂਹ ਵੱਲ ਤੋਰਦੀ। ਪਤਾ ਨਹੀਂ, ਉਸ ਨੂੰ ਕਿਸੇ ਗੁੱਝੇ ਭੇਤ ਦਾ ਕਿੱਥੋਂ ਪਤਾ ਲੱਗ ਗਿਆ ਸੀ। 000

***(Email: avtarsinghbilling@gmail.com)***

# ਨੈਤਿਕਤਾ ਅਤੇ ਧਰਮ: ਲੇਖ: ਸਾਧੂ ਬਿਨਿੰਗ

ਅਸੀਂ ਜਦੋਂ ਨੈਤਿਕਤਾ (ਚੰਗਿਆਈ, ਸਦਾਚਾਰ) ਦੀ ਗੱਲ ਕਰਦੇ ਹਾਂ ਤਾਂ ਇਕ ਵਿਅਕਤੀ ਦੇ ਸਮਾਜ ਵਿਚ ਵਿਚਰਦਿਆਂ ਦੂਜੇ ਵਿਅਕਤੀਆਂ, ਹੋਰ ਜੀਵਾਂ, ਕੁਦਰਤ ਅਤੇ ਵਸਤਾਂ ਨਾਲ ਰਿਸ਼ਤੇ ਤੇ ਵਿਹਾਰ ਦੀ ਗੱਲ ਕਰਦੇ ਹਾਂ। ਅਸੀਂ ਇਹ ਦੇਖਦੇ ਹਾਂ ਕਿ ਉਹ ਵਿਅਕਤੀ ਆਪਣੇ ਖ਼ੂਨ ਦੇ ਰਿਸ਼ਤਿਆਂ ਨਾਲ ਹੀ ਨਹੀਂ ਸਗੋਂ ਸਮਾਜ ਦੇ ਬਾਕੀ ਲੋਕਾਂ ਅਤੇ ਜੀਵਾਂ ਨਾਲ ਕਿਸ ਤਰ੍ਹਾਂ ਪੇਸ਼ ਆਉਂਦਾ ਹੈ; ਦੂਜੇ ਲੋਕਾਂ ਨਾਲ ਆਪਣੇ ਵੱਖਰੇਵੇਂ ਜਾਂ ਝਗੜੇ ਕਿਸ ਤਰ੍ਹਾਂ ਸੁਲਝਾਉਂਦਾ ਹੈ; ਦੂਜੇ ਜੀਵਾਂ ਅਤੇ ਕੁਦਰਤੀ ਸੋਮਿਆਂ ਵੱਲ ਕਿਸ ਕਿਸਮ ਦਾ ਨਜ਼ਰੀਆ ਰੱਖਦਾ ਹੈ। ਨੈਤਿਕਤਾ ਦੀ ਗੱਲ ਭਾਵੇਂ ਵਿਅਕਤੀ ਦੇ ਵਿਹਾਰ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਹੈ ਪਰ ਕਿਸੇ ਵੀ ਸਮੇਂ ਕਿਸੇ ਵੀ ਸਮਾਜ ਵਿਚ ਵਿਚਰਦੇ ਵਿਅਕਤੀ ਦਾ ਵਰਤਾਓ ਆਪਣੀਆਂ ਵਿਅਕਤੀਗਤ ਵਿਲੱਖਣਤਾਵਾਂ ਜਾਂ ਵੱਖਰੇਵਿਆਂ ਦੇ ਬਾਵਜੂਦ ਉਸ ਸਮਾਜ ਦੀ ਬੋਲੀ ਤੇ ਪ੍ਰਚਲਤ ਤੌਰ-ਤਰੀਕਿਆਂ ਅਨੁਸਾਰ ਹੀ ਹੋਵੇਗਾ। ਇਸ ਲਈ ਨੈਤਿਕਤਾ ਬਾਰੇ ਵਿਚਾਰ ਕਰਨ ਵੇਲ਼ੇ ਸਮੇਂ ਤੇ ਸਮਾਜ ਨੂੰ ਵੀ ਧਿਆਨ ਦੇ ਕੇਂਦਰ ਵਿਚ ਰੱਖਿਆ ਜਾਂਦਾ ਹੈ। ਹੁਣ ਕਿਉਂਕਿ ਨਵੇਂ ਸੰਚਾਰ ਸਾਧਨਾਂ ਕਾਰਨ ਸਾਰੀ ਦੁਨੀਆ ਹੀ ਪਹਿਲਾਂ ਨਾਲੋਂ ਵੱਧ ਇਕ ਸਮਾਜ ਵਾਂਗ ਜਾਪਦੀ ਹੈ ਇਸ ਕਰਕੇ ਕਈ ਵਾਰ ਇਸ ਤਰ੍ਹਾਂ ਲੱਗਦਾ ਹੈ, ਅਤੇ ਜੋ ਸਹੀ ਵੀ ਹੈ, ਕਿ ਜਿਵੇਂ ਗੱਲ ਸਮੁੱਚੀ ਮਨੁੱਖਤਾ ਬਾਰੇ ਕੀਤੀ ਜਾ ਰਹੀ ਹੋਵੇ। ਨੈਤਿਕਤਾ ਦੇ ਸੰਬੰਧ ਵਿਚ ਅਕਸਰ ਇਹ ਸਵਾਲ ਉਠਾਇਆ ਜਾਂਦਾ ਹੈ ਕਿ ਕੀ ਇਨਸਾਨ ਰੱਬ ਦੇ ਡਰ ਬਿਨਾਂ ਨੈਤਿਕ ਬਣ ਸਕਦਾ ਹੈ? ਨਾਲ ਹੀ ਇਹ ਮਹੱਤਵਪੂਰਨ ਸਵਾਲ ਵੀ: ਇਨਸਾਨ ਦੀ ਨੈਤਿਕਤਾ ਦਾ ਸੋਮਾ ਕੀ ਹੈ? ਕੀ ਇਸਦਾ ਸੋਮਾ ਰੱਬ ਹੈ ਜਿਸਦਾ ਧਰਮਾਂ ਵੱਲੋਂ ਦਾਅਵਾ ਕੀਤਾ ਜਾਂਦਾ ਹੈ ਅਤੇ ਜਿਸਦੀ ਜਾਣਕਾਰੀ ਧਾਰਮਿਕ ਸਿੱਖਿਆ ਰਾਹੀਂ ਸਾਡੇ ਮਨਾਂ ਵਿਚ ਵਸਾਈ ਜਾਂਦੀ ਹੈ? ਜਾਂ ਕੀ ਇਹ ਮਨੁੱਖ ਹੋਣ ਦਾ ਕੁਦਰਤੀ ਤੌਰ 'ਤੇ ਹਿੱਸਾ ਹੈ?

ਦੁਨੀਆ ਦੇ ਹੋਰ ਬਹੁਤੇ ਸਮਾਜਾਂ ਵਾਂਗ, ਸਗੋਂ ਸ਼ਾਇਦ ਬਾਕੀਆਂ ਨਾਲੋਂ ਵੱਧ ਹੀ, ਪੰਜਾਬੀ/ਭਾਰਤੀ ਸਮਾਜ ਵਿਚ ਇਹ ਗੱਲ ਪੱਕੇ ਤੌਰ 'ਤੇ ਮੰਨੀ ਜਾਂਦੀ ਰਹੀ ਹੈ ਅਤੇ ਹਾਲੇ ਵੀ ਮੰਨੀ ਜਾਂਦੀ ਹੈ ਕਿ ਬੰਦੇ ਨੂੰ ਸਮਾਜ ਵਿਚ ਵਿਚਰਨ ਲਈ ਇਕ ਚੰਗਾ, ਇਖਲਾਕੀ ਜਾਂ ਨੈਤਿਕ ਇਨਸਾਨ ਬਣਾਉਣ ਵਿਚ ਸਭ ਤੋਂ ਵੱਡਾ ਹੱਥ ਧਰਮ ਦਾ ਹੁੰਦਾ ਹੈ। ਇਸ ਸਮਝ ਅਨੁਸਾਰ ਜੇ ਬੰਦਾ ਧਰਮ ਵੱਲੋਂ ਪਰਚਾਰੇ ਰੱਬ ਦੇ ਡਰ ਵਿਚ ਰਹਿ ਕੇ ਚੱਲੇ ਤਾਂ ਉਹ ਖੁਦ ਨੂੰ ਵੀ ਤੇ ਦੂਜਿਆਂ ਨੂੰ ਵੀ ਸਮਾਜ ਵਿਚ ਸੁਖੀ ਤੇ ਖ਼ੁਸ਼ ਰੱਖ ਸਕਦਾ ਹੈ। ਦੂਜੇ ਪਾਸੇ ਜੇ ਬੰਦੇ ਦੇ ਮਨ ਵਿਚੋਂ ਰੱਬ ਦਾ ਡਰ ਚੁੱਕਿਆ ਜਾਵੇ ਅਤੇ ਉਹ ਆਪਣੀ ਧਾਰਮਿਕ ਸਿੱਖਿਆ ਅਨੁਸਾਰ ਵਿਵਹਾਰ ਨਾ ਕਰੇ ਤਾਂ ਸਮਾਜ ਦਾ ਕਾਰੋਬਾਰ ਠੀਕ ਤੌਰ 'ਤੇ ਚੱਲਣਾ ਅਸੰਭਵ ਹੋ ਜਾਵੇ। ਵਿਸ਼ਵਾਸ ਆਧਾਰਤ ਸੋਚ ਇਹ ਕਹਿੰਦੀ ਹੈ ਕਿ ਅਜਿਹੀ ਸਥਿਤੀ ਵਿਚ ਹਰ ਕੋਈ ਖੁਦਗ਼ਰਜ਼ ਹੋ ਜਾਵੇਗਾ ਤੇ ਕਿਸੇ ਦੂਜੇ ਦੀ ਪਰਵਾਹ ਕੀਤੇ ਬਿਨਾਂ ਸਿਰਫ ਤੇ ਸਿਰਫ ਆਪਣੇ ਫਾਇਦੇ ਬਾਰੇ ਹੀ ਸੋਚੇਗਾ। ਲੱਗਦਾ ਹੈ ਕਿ ਰੂਸੀ ਲੇਖਕ ਦੋਸਤੋਵਸਕੀ ਦੇ ਪਾਤਰ ਇਵਾਨ ਕਰਮਾਜ਼ੋਵ ਦੀ ਕਹੀ ਗੱਲ: "ਰੱਬ ਦੀ ਗ਼ੈਰਹਾਜ਼ਰੀ 'ਚ ਕੁਝ ਵੀ ਕੀਤਾ ਜਾ ਸਕਦਾ ਹੈ" ਵਿਚਲੇ ਡਰ ਕਾਰਨ ਨੈਤਿਕਤਾ ਦੀ ਗੱਲ ਕਰਨ ਵੇਲ਼ੇ ਰੱਬ ਦੇ ਹਵਾਲੇ ਤੋਂ ਆਸੇ ਪਾਸੇ ਨਹੀਂ ਜਾਇਆ ਜਾਂਦਾ।

ਦੁਨੀਆ ਦੇ ਹੋਰ ਬਹੁਤ ਸਾਰੇ ਸਮਾਜਾਂ ਵਾਂਗ ਭਾਰਤ ਵਿਚ ਵੀ ਨੈਤਿਕਤਾ ਜਾਂ ਸਦਾਚਾਰ ਦੀ ਸਿੱਖਿਆ ਨੂੰ ਹੁਣ ਤਕ ਮੁੱਖ ਤੌਰ 'ਤੇ ਧਰਮ ਦੇ ਘੇਰੇ ਵਿਚ ਆਉਂਦੀ ਹੀ ਸਮਝਿਆ ਜਾਂਦਾ ਰਿਹਾ ਹੈ। ਆਧੁਨਿਕ ਸਮੇਂ ਦੀ ਸਕੂਲੀ ਸਿੱਖਿਆ ਵਿਚ ਨੈਤਿਕਤਾ ਨੂੰ ਧਿਆਨ ਵਿਚ ਰੱਖ ਕੇ ਬਹੁਤੀਆਂ

ਤਬਦੀਲੀਆਂ ਨਹੀਂ ਕੀਤੀਆਂ ਗਈਆਂ। ਬਸਤੀਵਾਦੀ ਲਾਰਡ ਮਕਾਲੇ ਨੇ 1835 ਵਿਚ ਭਾਰਤੀਆਂ ਨੂੰ ਅੰਗਰੇਜ਼ੀ ਸਿਖਾ ਕੇ ਆਪਣੀ ਸਰਕਾਰ ਦੇ ਕੰਮ ਚਲਾਉਣ ਲਈ ਕਲਰਕ ਪੈਦਾ ਕਰਨ ਦੀ ਜੋ ਸਿੱਖਿਆ ਨੀਤੀ ਘੜੀ ਸੀ, ਉਸ ਅਨੁਸਾਰ ਹੀ ਵਿਦਿਆਰਥੀਆਂ ਨੂੰ ਵੱਖਰੇ ਵੱਖਰੇ ਖੇਤਰਾਂ ਵਿਚ ਸਮੇਂ ਦੀ ਲੋੜ ਮੁਤਾਬਕ ਨੌਕਰੀਆਂ ਲਈ ਤਿਆਰ ਕਰਨਾ ਸਕੂਲੀ ਸਿੱਖਿਆ ਦਾ ਮੁੱਖ ਨਿਸ਼ਾਨਾ ਰਿਹਾ ਹੈ। ਸੋ ਨਤੀਜੇ ਵਜੋਂ ਆਮ ਪੜ੍ਹੇ ਲਿਖੇ ਲੋਕਾਂ ਵਿਚ ਵੀ ਤਰਕਸ਼ੀਲ ਜਾਂ ਵਿਗਿਆਨਕ ਸੋਚ ਦਾ ਵਿਕਾਸ ਨਹੀਂ ਹੋ ਸਕਿਆ। ਇਸ ਸੰਬੰਧ ਵਿਚ ਜ਼ਿਆਦਾ ਹੈਰਾਨੀ ਤੇ ਨਿਰਾਸ਼ਾ ਵਾਲ਼ੀ ਗੱਲ ਇਹ ਹੈ ਕਿ ਚੋਖੀ ਗਿਣਤੀ ਵਿਗਿਆਨੀ ਵੀ ਆਪਣੇ ਆਮ ਜੀਵਨ ਵਿਚ ਵਿਗਿਆਨਕ ਸੂਝ ਤੇ ਪਹੁੰਚ ਦੀ ਵਰਤੋਂ ਨਹੀਂ ਕਰਦੇ ਅਤੇ ਬਚਪਨ ਵਿਚ ਮਿਲੀ ਧਾਰਮਿਕ ਸਿੱਖਿਆ ਅਨੁਸਾਰ ਹੀ ਆਪਣਾ ਜੀਵਨ ਬਤੀਤ ਕਰਦੇ ਹਨ।

ਜਿੱਥੇ ਧਾਰਮਿਕ ਵਿਸ਼ਵਾਸ ਅਤੇ ਸਿੱਖਿਆ ਇਹ ਕਹਿੰਦੀ ਹੈ ਕਿ ਰੱਬ ਦੇ ਡਰ ਬਿਨਾਂ ਬੰਦੇ ਵਿਚ ਨੈਤਿਕਤਾ ਦਾ ਵਿਕਾਸ ਹੋਣਾ ਸੰਭਵ ਨਹੀਂ, ਉੱਥੇ ਵਿਗਿਆਨਕ ਪਹੁੰਚ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਰੱਬ ਦੀ ਹੋਂਦ ਵਿਚ ਵਿਸ਼ਵਾਸ ਤੋਂ ਬਿਨਾਂ ਵੀ ਇਨਸਾਨ ਨੈਤਿਕ ਹੋ ਸਕਦਾ ਹੈ ਸਗੋਂ ਬਹੁਤੀਆਂ ਸਥਿਤੀਆਂ ਵਿਚ ਉਹ ਧਾਰਮਿਕ ਲੋਕਾਂ ਨਾਲੋਂ ਕਿਤੇ ਵਧੀਆ ਨੈਤਿਕਤਾ ਵਾਲ਼ਾ ਜੀਵਨ ਜੀਉਂ ਸਕਦਾ ਹੈ। ਦੇਖਣ ਵਿਚ ਆਇਆ ਹੈ ਕਿ ਧਰਮ ਵੱਖਰੇ ਵੱਖਰੇ ਕਾਰਨਾਂ ਵੱਸ ਇਨਸਾਨ ਨੂੰ ਮਾੜੇ ਕੰਮਾਂ ਵੱਲ ਜ਼ਿਆਦਾ ਪ੍ਰੇਰਤ ਕਰਦਾ ਹੈ। ਨੋਬਲ ਇਨਾਮ ਜੇਤੂ ਭੌਤਿਕ ਵਿਗਿਆਨੀ ਸਟੀਵਨ ਵੀਨਬਰਗ ਅਨੁਸਾਰ, "ਧਰਮ ਨਾਲ ਜਾਂ ਧਰਮ ਤੋਂ ਬਿਨਾਂ, ਚੰਗੇ ਲੋਕ ਚੰਗੇ ਤੇ ਮਾੜੇ ਲੋਕ ਮਾੜੇ ਕੰਮ ਕਰਨਗੇ। ਪਰ ਚੰਗੇ ਲੋਕ ਮਾੜੇ ਕੰਮ ਕਰਨ, ਇਹ ਧਰਮ ਦਾ ਹੀ ਕ੍ਰਿਸ਼ਮਾ ਹੈ।"

ਇਸ ਸਵਾਲ ਬਾਰੇ ਸੋਚਣਾ ਜ਼ਰੂਰੀ ਹੈ ਕਿ ਨੈਤਿਕਤਾ ਦਾ ਸੋਮਾ ਕੀ ਹੈ? ਧਰਤੀ 'ਤੇ ਪੈਦਾ ਹੋਣ ਵਾਲ਼ੇ ਹਰ ਜੀਵ ਦੀਆਂ ਮੁੱਢਲੀਆਂ ਤਿੰਨ ਮੁੱਖ ਲੋੜਾਂ ਹੁੰਦੀਆਂ ਹਨ: 1) ਖੁਰਾਕ; 2) ਦੂਜਿਆਂ ਦੀ ਖੁਰਾਕ ਬਣਨ ਤੋਂ ਬਚਾਅ; 3) ਆਪਣੀ ਜਾਤੀ ਜਾਂ ਨਸਲ (ਸਪੀਸੀ) ਚਲਦੀ ਰੱਖਣ ਲਈ ਸੰਤਾਨ ਪੈਦਾ ਕਰਨੀ। ਹਰ ਜੀਵ ਦੀ ਜੀਉਂਦੇ ਰਹਿਣ ਦੀ ਲੋੜ ਵਜੋਂ ਉਸ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਵੇ ਕਿ ਉਸ ਦੀ ਜਾਤੀ ਕਾਇਮ ਰਹੇ ਕਿਉਂਕਿ ਇਸ ਤਰ੍ਹਾਂ ਉਹਦੇ ਅਤੇ ਉਹਦੀ ਸੰਤਾਨ ਦੇ ਜੀਉਂਦੇ ਰਹਿਣ ਦੇ ਮੌਕੇ ਵਧ ਜਾਂਦੇ ਹਨ। ਆਪਣੇ ਇਸ ਮੁੱਢਲੇ ਮਕਸਦ ਲਈ ਸਾਰੇ ਜੀਵ ਕੁਦਰਤੀ ਸ਼ਕਤੀਆਂ ਨਾਲ ਸਿੱਝਣ ਲਈ ਅਤੇ ਦੂਜੇ ਜੀਵਾਂ ਦੀ ਖੁਰਾਕ ਬਣਨ ਤੋਂ ਆਪਣਾ ਬਚਾਅ ਕਰਨ ਲਈ ਵੱਖਰੇ ਵੱਖਰੇ ਢੰਗ ਤਰੀਕੇ ਅਪਣਾਉਂਦੇ ਹਨ। ਆਲੇ ਦੁਆਲੇ ਵਾਤਾਵਰਨ ਦੀਆਂ ਜਾਂ ਭੂਗੋਲਿਕ ਤਬਦੀਲੀਆਂ ਕਾਰਨ ਜੀਵਾਂ ਵਿਚ ਵੀ ਤਬਦੀਲੀਆਂ ਵਾਪਰਦੀਆਂ ਹਨ। ਇਨ੍ਹਾਂ 'ਚੋਂ ਕੁੱਝ ਤਬਦੀਲੀਆਂ ਨੂੰ ਡਾਰਵਿਨ ਦੇ ਸਿਧਾਂਤ ਅਨੁਸਾਰ ਮਿਊਟੇਸ਼ਨ ਕਿਹਾ ਜਾਂਦਾ ਹੈ ਜੋ ਜੀਵ ਆਪਣੀ ਅਗਲੀ ਪੀੜ੍ਹੀ ਵਿਚ ਛੱਡ ਜਾਂਦੇ ਹਨ। ਕਿਸੇ ਵੀ ਜਾਤੀ ਦੇ ਉਹ ਮੈਂਬਰ ਹੀ ਜੀਵਤ ਰਹਿ ਸਕਦੇ ਹਨ ਜੋ ਖੁਦ ਨੂੰ ਆਪਣੇ ਆਲ਼ੇ ਦੁਆਲ਼ੇ ਵਾਪਰਦੀਆਂ ਤਬਦੀਲੀਆਂ ਅਨੁਸਾਰ ਢਾਲ਼ ਸਕਣ। ਇਹ ਸਭ ਕੁਦਰਤੀ ਵਰਤਾਰਾ ਹੈ।

ਇਹ ਗੱਲ ਵੀ ਸਾਫ ਹੈ ਕਿ ਕੁਦਰਤ ਦਾ ਅਤੇ ਕੁਦਰਤ ਦੇ ਨਿਯਮਾਂ ਦਾ ਨੈਤਿਕਤਾ ਜਾਂ ਸਦਾਚਾਰ ਨਾਲ ਕੋਈ ਸਿੱਧਾ ਸੰਬੰਧ ਨਹੀਂ। ਬਹੁਤ ਸਾਰੇ ਜੀਵਾਂ ਲਈ ਆਪਣਾ ਜੀਵਨ ਚਲਦਾ ਰੱਖਣ ਲਈ ਦੂਜਿਆਂ ਨੂੰ ਆਪਣਾ ਭੋਜਨ ਬਣਾਉਣਾ ਜ਼ਰੂਰੀ ਹੈ; ਵੱਡੀ ਮੱਛੀ ਛੋਟੀ ਮੱਛੀ ਨੂੰ ਖਾਧੇ ਬਿਨਾਂ ਖੁਦ ਜੀਵਤ ਨਹੀਂ ਰਹਿ ਸਕਦੀ। ਕੁਦਰਤ ਦੇ ਨਜ਼ਰੀਏ ਤੋਂ ਇਹ ਗੱਲ ਨਾ ਮਾੜੀ ਹੈ ਤੇ ਨਾ ਹੀ ਚੰਗੀ। ਭੂਚਾਲ, ਤੂਫਾਨ, ਸੁਨਾਮੀ ਜਾਂ ਹੋਰ ਕੁਦਰਤੀ ਆਫਤਾਂ ਦਾ ਨੈਤਕਿਤਾ ਜਾਂ ਸਦਾਚਾਰ ਨਾਲ ਕੋਈ ਸੰਬੰਧ ਨਹੀਂ ਹੁੰਦਾ ਭਾਵੇਂ ਚਲਾਕ ਧਾਰਮਿਕ ਲੋਕ ਇਸ ਨੂੰ ਇਨਸਾਨ ਵੱਲੋਂ ਧਰਮ ਖਿਲਾਫ ਜਾਂ ਰੱਬ ਖਿਲਾਫ ਕੀਤੀਆਂ ਗ਼ਲਤੀਆਂ ਲਈ ਸਜ਼ਾ ਵਜੋਂ ਪੇਸ਼ ਕਰਦੇ ਹੋਣ। ਇਕ ਖੋਜ ਅਨੁਸਾਰ ਹੁਣ ਤਕ ਧਰਤੀ 'ਤੇ ਪੈਦਾ ਹੋਏ ਜੀਵਾਂ ਦੀਆਂ ਜਾਤੀਆਂ (species) ਵਿਚੋਂ 99.9% ਸਦਾ ਲਈ ਖਤਮ ਹੋ ਚੁੱਕੀਆਂ ਹਨ ਜਿਸ ਨਾਲ ਕੁਦਰਤ ਨੂੰ ਕੋਈ ਫਰਕ ਨਹੀਂ ਪਿਆ। ਹਰ ਜਾਤੀ ਵਿਚਲੇ ਜੀਵ ਭਾਵੇਂ ਇਕ ਦੂਜੇ ਨਾਲ ਲੜਦੇ ਭਿੜਦੇ ਹਨ ਪਰ ਫੇਰ ਵੀ ਉਨ੍ਹਾਂ 'ਚੋਂ ਬਹੁਤੇ ਆਪਣੇ

ਬਚਾਅ ਲਈ ਸਮੂਹਾਂ ਵਿਚ ਵੀ ਵਿਚਰਦੇ ਹਨ ਤੇ ਨਤੀਜੇ ਵਜੋਂ ਇਕ ਦੂਜੇ ਨੂੰ ਸਹਿਯੋਗ ਦਿੰਦੇ ਹਨ ਅਤੇ ਲੋੜ ਵੇਲ਼ੇ ਇਕ ਦੂਜੇ ਦੀ ਮੱਦਦ ਕਰਦੇ ਹਨ। ਵਿਗਿਆਨੀ ਲੇਖਕ ਫਰਾਂਜ਼ ਡੀ ਵਾਲ ਅਨੁਸਾਰ: "ਬਹੁਤ ਸਾਰੇ ਜਾਨਵਰ ਇਕ ਦੂਜੇ ਨੂੰ ਖਤਮ ਕਰਕੇ ਜਾਂ ਸਭ ਕੁਝ ਆਪਣੇ ਕਬਜ਼ੇ ਵਿਚ ਰੱਖਣ ਕਰਕੇ ਜੀਵਤ ਨਹੀਂ ਰਹਿੰਦੇ, ਸਗੋਂ ਇਕ ਦੂਜੇ ਨਾਲ ਸਾਂਝ ਅਤੇ ਸਹਿਯੋਗ ਨਾਲ ਜੀਵਤ ਰਹਿੰਦੇ ਹਨ।" ਇਸੇ ਤਰ੍ਹਾਂ ਇਨਸਾਨ ਹਮੇਸ਼ਾ ਤੋਂ ਦੂਜੇ ਇਨਸਾਨਾਂ ਨਾਲ ਲੜਦਾ ਝਗੜਦਾ ਵੀ ਰਿਹਾ ਹੈ ਤੇ ਇਕ ਦੂਜੇ ਦੀ ਮੱਦਦ ਵੀ ਕਰਦਾ ਰਿਹਾ ਹੈ। ਅਸਲ ਵਿਚ ਇਨਸਾਨ ਦੇ ਦੂਜਿਆਂ ਜੀਵਾਂ ਤੋਂ ਵੱਖਰੇ ਵਿਕਾਸ ਵਿਚ ਸਭ ਤੋਂ ਵੱਧ ਯੋਗਦਾਨ ਉਸ ਦੇ ਇਕ ਦੂਜੇ ਨਾਲ ਸਹਿਯੋਗ ਅਤੇ ਉਸ ਲਈ ਲੋੜੀਂਦੇ ਸੰਚਾਰ ਦੀ ਲੋੜ ਕਾਰਨ ਪੈਦਾ ਹੋਈ ਭਾਸ਼ਾ ਦੀ ਯੋਗਤਾ ਨੇ ਪਾਇਆ ਹੈ। ਇਨਸਾਨ ਦੀ ਨੈਤਿਕਤਾ ਉਸ ਦੇ ਦੂਜੇ ਇਨਸਾਨਾਂ ਨਾਲ ਸਹਿਯੋਗ ਦੀ ਲੋੜ ਤੋਂ ਹੀ ਸ਼ੁਰੂ ਹੁੰਦੀ ਹੈ।

ਵਿਗਿਆਨ ਰਾਹੀਂ ਪੈਦਾ ਹੋਈ ਸਮਝ ਅਨੁਸਾਰ ਹੁਣ ਇਹ ਮੰਨਿਆਂ ਜਾਂਦਾ ਹੈ ਕਿ ਇਨਸਾਨ ਆਪਣੇ ਅੱਜੋਕੇ ਰੂਪ (ਹੋਮੋ ਸੇਪੀਅਨਜ਼ – ਸੋਚ ਵਾਲ਼ਾ ਸਿਆਣਾ ਮਨੁੱਖ) ਵਿਚ ਕੋਈ ਤਿੰਨ ਕੁ ਲੱਖ ਸਾਲ ਪਹਿਲਾਂ ਅਫਰੀਕਾ 'ਚ ਹੋਂਦ ਵਿਚ ਆਇਆ ਅਤੇ ਉੱਥੋਂ ਇਹ ਹੌਲ਼ੀ ਹੌਲ਼ੀ ਦੁਨੀਆ ਦੇ ਬਾਕੀ ਹਿੱਸਿਆ ਵੱਲ ਗਿਆ। ਇਨਸਾਨ ਦੂਜੇ ਜੀਵਾਂ ਨਾਲੋਂ ਜੀਵਨ ਨਾਲ ਸੰਬੰਧਤ ਕਈਆਂ ਗੱਲਾਂ ਵਿਚ ਵੱਖਰਾ ਹੈ। ਉਦਾਹਰਣ ਵਜੋਂ, ਇਨਸਾਨ ਦਾ ਬੱਚਾ ਪੈਦਾ ਹੋਣ ਤੋਂ ਪਹਿਲਾਂ ਨੌਂ ਮਹੀਨੇ ਤਕ ਆਪਣੀ ਮਾਂ ਦੇ ਪੇਟ ਵਿਚ ਪਲ਼ਦਾ ਹੈ ਤੇ ਫੇਰ ਪੈਦਾ ਹੋਣ ਬਾਅਦ ਲੰਮਾ ਸਮਾਂ ਉਸ ਨੂੰ ਦੂਜਿਆਂ ਇਨਸਾਨਾਂ (ਮਾਂ-ਪਿਓ, ਭੈਣ-ਭਰਾ, ਪਿੰਡ-ਕਬੀਲੇ ਦੇ ਲੋਕ) ਦੀ ਮੱਦਦ ਦੀ ਲੋੜ ਹੁੰਦੀ ਹੈ। ਇਨਸਾਨ ਇਸ ਤਰ੍ਹਾਂ ਲੰਮੇ ਅਰਸੇ ਬਾਅਦ ਖੁਦ ਦੁਨੀਆ ਵਿਚ ਵਿਚਰਨ ਅਤੇ ਅੱਗੇ ਸੰਤਾਨ ਪੈਦਾ ਕਰਨ ਯੋਗ ਹੁੰਦਾ ਹੈ। ਇਸ ਦੇ ਮੁਕਾਬਲੇ ਹੋਰ ਕਈ ਜੀਵ ਕੁਝ ਦਿਨ ਜਾਂ ਹਫਤੇ ਹੀ ਮਾਂ ਦੇ ਪੇਟ ਜਾਂ ਆਂਡੇ ਵਿਚ ਪਲ਼ਦੇ ਹਨ ਤੇ ਜਨਮ ਬਾਅਦ ਛੇਤੀ ਹੀ ਖੁਦ ਨੂੰ ਸੰਭਾਲਣ ਅਤੇ ਸੰਤਾਨ ਪੈਦਾ ਕਰਨ ਯੋਗ ਹੋ ਜਾਂਦੇ ਹਨ। ਇਨਸਾਨ ਦੇ ਜਨਮ ਤੋਂ ਲੈ ਕੇ ਖੁਦ ਸੰਤਾਨ ਪੈਦਾ ਕਰਨ ਨੂੰ ਲਗਦੇ ਇਸ ਮੁਕਾਬਲਤਨ ਲੰਮੇ ਸਮੇਂ ਕਾਰਨ ਆਉਂਦੀਆਂ ਮੁਸ਼ਕਲਾਂ ਦੇ ਹੱਲ ਲਈ ਉਸ ਨੇ ਆਪਣੀ ਜਾਤੀ ਦੇ ਹੋਰ ਜੀਆਂ ਨਾਲ ਦੂਜੇ ਜੀਵਾਂ ਨਾਲੋਂ ਵੱਧ ਤਾਲ ਮੇਲ ਵਧਾਇਆ। ਜਿਸ ਦੇ ਨਤੀਜੇ ਵਜੋਂ ਇਨਸਾਨਾਂ ਵਿਚ ਭਾਸ਼ਾ ਤੇ ਸੋਚ ਦਾ ਵਿਕਾਸ ਹੋਇਆ ਅਤੇ ਉਹ ਧਰਤੀ ਉਪਰਲੇ ਹੋਰ ਜੀਵਾਂ ਉਪਰ ਆਪਣੀ ਪ੍ਰਭਤਾ ਕਾਇਮ ਕਰਨ ਵਿਚ ਸਫਲ ਹੋ ਗਿਆ ਅਤੇ ਅੱਗੇ ਤੋਂ ਅੱਗੇ ਵਧੀਆ ਜੀਵਨ ਜੀਣ ਵਿਚ ਉਨਤੀ ਕਰਦਾ ਗਿਆ।

ਕੋਈ ਬਾਰਾਂ ਕੁ ਹਜ਼ਾਰ ਸਾਲ ਪਹਿਲਾਂ ਮਨੁੱਖ ਨੇ ਫਸਲਾਂ ਉਗਾਉਣ ਦੀ ਕਾਢ ਕੱਢ ਲਈ ਅਤੇ ਕੁਝ ਜਾਨਵਰਾਂ ਨੂੰ ਖੁਰਾਕ ਲਈ (ਦੁੱਧ ਅਤੇ ਮਾਸ), ਕੰਮਕਾਰ ਲਈ, ਸਵਾਰੀ ਲਈ ਅਤੇ ਰਾਖੀ ਜਾਂ ਸਾਥ ਲਈ ਪਾਲਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਕਾਢਾਂ ਕਾਰਨ ਇਨਸਾਨ ਦੀ ਸਦਾ ਰਹਿਣਯੋਗ ਨਵੀਆਂ ਥਾਵਾਂ ਦੀ ਖੋਜ ਵਿਚ ਘੁੰਮਦੇ ਰਹਿਣ ਦੇ ਅਮਲ ਵਿਚ ਤਬਦੀਲੀ ਆਈ ਅਤੇ ਉਹਨੇ ਝੀਲਾਂ ਤੇ ਦਰਿਆਵਾਂ ਕੰਢੇ ਸਮੂਹਾਂ ਵਿਚ ਰਹਿਣਾ ਸ਼ੁਰੂ ਕੀਤਾ ਅਤੇ ਜਿਸ ਦੇ ਨਤੀਜੇ ਵਜੋਂ ਹੌਲ਼ੀ ਹੌਲ਼ੀ ਸਮਾਜ ਵਿਕਸਤ ਹੋਏ। ਏਥੇ ਇਹ ਗੱਲ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਇਨਸਾਨ ਵੱਲੋਂ ਸਮਾਜ ਦੀ ਸਿਰਜਣਾ ਪਿੱਛੇ ਉਸ ਦੀ ਆਪਣੀ ਅਤੇ ਆਪਣੀ ਜਾਤੀ, ਟੱਬਰ ਜਾਂ ਕਬੀਲੇ ਦੇ ਬਚਾਅ ਦੀ ਲੋੜ ਵੀ ਕੰਮ ਕਰਦੀ ਸੀ। ਪੱਕੀਆਂ ਰਿਹਾਇਸ਼ਾਂ ਸਥਾਪਤ ਕਰਨ ਤੋਂ ਪਹਿਲਾਂ ਵੀ ਉਸ ਦੀ ਲੋੜ ਸੀ ਕਿ ਉਹ ਕੁਦਰਤੀ ਆਫਤਾਂ, ਸਣੇ ਉਸ ਦਾ ਸ਼ਿਕਾਰ ਕਰਨ ਦਾ ਇਰਾਦਾ ਰੱਖਦੇ ਜੰਗਲ਼ੀ ਜਾਨਵਰਾਂ ਤੋਂ ਬਚਾਅ ਲਈ ਸਮੂਹਾਂ ਵਿਚ ਵਿਚਰੇ। ਇਨਸਾਨ ਦਾ ਇਕ ਦੂਜੇ ਨਾਲ ਸਹਿਯੋਗ ਅਤੇ ਲੋੜ ਵੇਲੇ ਇਕ ਦੂਜੇ ਦੀ ਸਹਾਇਤਾ ਕਰਨਾ, ਇਕ ਦੂਜੇ ਦੇ ਕੰਮ ਆਉਣਾ ਉਸ ਦੀ ਹੋਂਦ ਲਈ ਜ਼ਰੂਰੀ ਸੀ। ਉਸ ਦੀ ਇਹ ਬੁਨਿਆਦੀ ਲੋੜ ਨੈਤਿਕਤਾ ਦੀ ਜਨਮਦਾਤੀ ਹੈ। ਬਾਅਦ ਵਿਚ ਧਰਮ ਨੇ ਇਸ ਕੁਦਰਤੀ ਖ਼ੂਬੀ ਨੂੰ ਆਪਣੀ ਕਾਢ ਬਣਾ ਕੇ ਪੇਸ਼ ਕੀਤਾ ਅਤੇ ਅਜੇ ਵੀ ਇਸ ਨੂੰ ਆਪਣੇ ਕਬਜ਼ੇ ਵਿਚ ਰੱਖਣ ਦੀ ਪੂਰੀ ਕੋਸ਼ਸ਼ ਵਿਚ ਹੈ। ਜਦ ਕਿ ਅਸਲੀਅਤ ਇਹ ਹੈ ਕਿ ਇਕ ਦੂਜੇ ਨਾਲ ਸਹਿਯੋਗ ਦੀ ਇਸ ਮੌਲਿਕ ਲੋੜ ਬਿਨਾਂ ਖੁਦ ਧਰਮ ਵੀ ਹੋਂਦ ਵਿਚ ਨਹੀਂ ਸੀ ਆ ਸਕਦਾ।

ਅੱਜੋਕੀ ਵਿਗਿਆਨਕ ਸੂਝ ਤਕ ਪਹੁੰਚਣ ਲਈ ਇਨਸਾਨ ਨੇ ਲੰਮਾ ਸਫਰ ਤੈਅ ਕੀਤਾ ਹੈ। ਉਸ ਵਾਸਤੇ ਸਭ ਤੋਂ ਵੱਧ ਡਰ ਵਾਲ਼ੀ ਗੱਲ ਮੌਤ ਸੀ ਜਿਸ ‘ਤੇ ਕਾਬੂ ਪਾਉਣ ਲਈ ਉਸ ਨੇ ਇਸ ਜੀਵਨ ਤੋਂ ਬਾਅਦ ਵੀ ਜੀਵਨ ਹੋਣ ਦੀ ਕਲਪਣਾ ਕੀਤੀ ਅਤੇ ਇਹ ਵਿਚਾਰ ਬਣਾਇਆ ਕਿ ਬੰਦਾ ਅਸਲ ਵਿਚ ਮਰਦਾ ਨਹੀਂ, ਸਿਰਫ ਉਸ ਦੇ ਸਰੀਰ ਦਾ ਅੰਤ ਹੁੰਦਾ ਹੈ ਅਤੇ ਉਸ ਦਾ ਅਸਲ (ਉਹਦੀ ਰੂਹ) ਅਮਰ ਰਹਿੰਦੀ ਹੈ। ਜਨਮ, ਮੌਤ ਤੇ ਕੁਦਰਤੀ ਆਫਤਾਂ ਨੂੰ ਸਮਝਣ ਤੇ ਉਨ੍ਹਾਂ ਉਪਰ ਕਾਬੂ ਪਾਉਣ ਦੇ ਇਰਾਦੇ ਨਾਲ ਉਸ ਨੇ ਇਨ੍ਹਾਂ ਵੱਖਰੀਆਂ ਵੱਖਰੀਆਂ ਸ਼ਕਤੀਆਂ ਨੂੰ ਦੇਵਤਿਆਂ, ਦੇਵੀਆਂ ਦੇ ਰੂਪਾਂ ਵਿਚ ਚਿਤਵਿਆ ਤੇ ਆਪਣੇ ਹੱਕ ਵਿਚ ਭੁਗਤਾਉਣ ਲਈ ਉਨ੍ਹਾਂ ਦੀ ਪੂਜਾ, ਖੁਸ਼ਾਮਦ ਆਦਿ ਸ਼ੁਰੂ ਕੀਤੀ। ਆਪਣੇ ਸਿਰਜੇ ਪਹਿਲਾਂ ਵੱਖਰੇ ਵੱਖਰੇ ਦੇਵਤਿਆਂ, ਦੇਵੀਆਂ ਜਾਂ ਰੱਬਾਂ ਦੇ ਸੰਕਲਪ ਤੋਂ ਚੱਲ ਕੇ ਫੇਰ ਹੌਲ਼ੀ ਹੌਲ਼ੀ ਇਕ ਸਰਵਸ਼ਕਤੀਮਾਨ ਰੱਬ ਦਾ ਸੰਕਲਪ ਸਿਰਜਿਆ। ਇਨਸਾਨ ਨੇ ਆਪਣੇ ਸਿਰਜੇ ਇਸ ਸੰਕਲਪ ਵਿਚ ਉਹ ਸਭ ਚੰਗਿਆਈਆਂ ਭਰ ਦਿੱਤੀਆਂ ਜਿਹੜੀਆਂ ਉਹ ਖੁਦ ਵਿਚ ਦੇਖਣ ਦਾ ਚਾਹਵਾਨ ਸੀ। ਇਕ ਫਰਾਂਸੀਸੀ ਦਾਰਸ਼ਨਿਕ ਮੀਸ਼ੈਅਲ ਓਨਫਰੇਅ ਦੇ ਸ਼ਬਦਾਂ ਵਿਚ: *“ਮੈਂ ਨਾਸ਼ਵਾਨ ਹਾਂ ਪਰ ਰੱਬ ਸਦੀਵੀ ਹੈ। ਮੈਂ ਸੀਮਿਤ ਹਾਂ ਪਰ ਰੱਬ ਅਸੀਮ ਹੈ। ਮੇਰੀ ਹੱਦ ਹੈ ਪਰ ਰੱਬ ਬੇਹੱਦਾ ਹੈ। ਮੈਨੂੰ ਸਭ ਕਾਸੇ ਬਾਰੇ ਨਹੀਂ ਪਤਾ ਪਰ ਰੱਬ ਸਰਬ-ਗਿਆਤਾ ਹੈ। ਮੈਂ ਸਭ ਕੁਝ ਨਹੀਂ ਕਰ ਸਕਦਾ ਪਰ ਰੱਬ ਸਰਬਸ਼ਕਤੀਮਾਨ ਹੈ। ਮੈਨੂੰ ਇਕ ਸਮੇਂ ਹਰ ਜਗ੍ਹਾ ਹੋਣ ਦੀ ਦਾਤ ਪ੍ਰਾਪਤ ਨਹੀਂ ਪਰ ਰੱਬ ਸਰਬਵਿਆਪੀ ਹੈ। ਮੈਨੂੰ ਸਿਰਜਿਆ ਗਿਆ ਸੀ ਪਰ ਰੱਬ ਨੂੰ ਕਿਸੇ ਨੇ ਸਿਰਜਿਆ ਨਹੀਂ ਹੈ। ਮੈਂ ਕਮਜ਼ੋਰ ਹਾਂ ਪਰ ਰੱਬ ਸਰਬਸ਼ਕਤੀਮਾਨ ਹੈ। ਮੈਂ ਧਰਤੀ ’ਤੇ ਵਸਦਾ ਹਾਂ ਪਰ ਰੱਬ ਸਵਰਗ ਦਾ ਵਾਸੀ ਹੈ। ਮੈਂ ਅਪੂਰਨ ਹਾਂ ਪਰ ਰੱਬ ਸੰਪੂਰਣ ਹੈ। ਮੈਂ ਕੁਝ ਵੀ ਨਹੀਂ ਪਰ ਰੱਬ ਸਭ ਕੁਝ ਹੈ।”*

ਇਨ੍ਹਾਂ ਸਾਰੇ ਗੁਣਾਂ ਨੂੰ ਪਾਉਣ ਦੀ ਖਾਹਿਸ਼ ਨਾਲ ਬੰਦੇ ਨੇ ਉਹ ਚੀਜ਼ ਸਿਰਜੀ ਜਿਹਦੇ ਵਿਚ ਇਹ ਸਾਰੇ ਗੁਣ, ਸਾਰੀਆਂ ਸ਼ਕਤੀਆਂ ਸਨ ਅਤੇ ਫੇਰ ਆਪ ਹੀ ਉਸ ਦੇ ਅੱਗੇ ਗੋਡੇ ਟੇਕ ਦਿੱਤੇ – ਜਿਹਦੀ ਖਾਹਿਸ਼ ਉਹਦੇ ਆਪਣੇ ਦਿਲ ਵਿਚ ਸੀ ਕਿ ਦੂਜੇ ਇਨਸਾਨ ਉਹਦੇ ਅੱਗੇ ਝੁਕਣ। ਇਸੇ ਹੀ ਸੰਦਰਭ ਵਿਚ ਮਨੁੱਖ ਨੇ ਆਪਣੇ ਸਿਰਜੇ ਦੇਵਤਿਆਂ ਵਰਗੇ ਗੁਣਾਂ ਵਾਲ਼ੇ ਇਨਸਾਨਾਂ (ਦੇਵਪੁਰਸ਼, ਹੀਰੋ) ਦੀ ਵੀ ਕਲਪਣਾ ਕੀਤੀ ਜੋ ਹਰ ਇਨਸਾਨੀ ਚੰਗਿਆਈ ਦੇ ਮਾਲਕ ਸਨ, ਹਰ ਪੱਖੋਂ ਪਰਮ ਮਨੁੱਖ ਸਨ। ਇਨ੍ਹਾਂ ਚੰਗਿਆਈਆਂ ਵਾਲ਼ੇ ਰੱਬ ਲਈ ਤੇ ਉਹਦੇ ਵਰਗੇ ਵਿਵਹਾਰਾਂ ਵਾਲ਼ੇ ਮਨੁੱਖਾਂ ਦੇ ਰਹਿਣ ਵਾਲ਼ੀ ਥਾਂ ਨੂੰ ਸਵਰਗ ਦਾ ਨਾਂ ਦਿੱਤਾ ਜਿੱਥੇ ਸਭ ਕੁਝ ਚੰਗਾ ਤੇ ਆਰਾਮ ਵਾਲ਼ਾ ਸੀ। ਨਾਲ ਹੀ ਬੁਰੇ ਤੇ ਸਮਾਜ ਲਈ ਨਾਂਹਵਾਚਕ ਲੋਕਾਂ ਦੇ ਰਹਿਣ ਲਈ ਨਰਕ ਵੀ ਸਿਰਜ ਦਿੱਤਾ ਤਾਕਿ ਬੁਰੇ ਕੰਮ ਕਰਨ ਵਾਲਿਆਂ ਜਾਂ ਧਰਮ ਅਤੇ ਰੱਬ ਵਿਚ ਵਿਸ਼ਵਾਸ ਤੋਂ ਨਾਬਰ ਹੋਣ ਵਾਲਿਆਂ ਦੇ ਮਨਾਂ ਵਿਚ ਡਰ ਪੈਦਾ ਕੀਤਾ ਜਾ ਸਕੇ। ਸਮਾਜ ਵਿਚਲੇ ਜਿਨ੍ਹਾਂ ਵਿਅਕਤੀਆਂ ਨੇ ਇਹ ਸੰਕਲਪ ਸਿਰਜਣ ਵਿਚ ਮੋਢੀ ਭੂਮਿਕਾ ਨਿਭਾਈ, ਉਨ੍ਹਾਂ ਨੇ ਖੁਦ ਨੂੰ ਆਪਣੀਆਂ ਸਿਰਜੀਆਂ ਸ਼ਕਤੀਆਂ ਦੇ ਭੇਜੇ ਹੋਏ ਦੂਤਾਂ ਵਜੋਂ ਪੇਸ਼ ਕੀਤਾ। ਇਸ ਢਾਂਚੇ ਵਾਲ਼ੇ ਸਮਾਜ ਵਿਚ ਉਨ੍ਹਾਂ ਵਿਅਕਤੀਆਂ ਦਾ ਰੁਤਬਾ ਸਭ ਨਾਲੋਂ ਉੱਤਮ ਮੰਨਿਆ ਗਿਆ ਅਤੇ ਨਾਲ ਹੀ ਉਨ੍ਹਾਂ ਦੇ ਹੱਥ ਵਿਚ ਸਭ ਤੋਂ ਵੱਧ ਸ਼ਕਤੀ ਵੀ ਥਮਾਈ ਗਈ। ਇਨ੍ਹਾਂ ਵਿਅਕਤੀਆਂ ਦੀ ਗੱਲ ਨੂੰ ਸਹੀ ਮੰਨਣ ਵਾਲ਼ੇ ਅਤੇ ਅੱਗੇ ਪ੍ਰਚਾਰਨ ਵਾਲ਼ੇ ਲੋਕਾਂ ਦਾ ਵੀ ਸਮਾਜ ਵਿਚ ਦਰਜਾ ਦੂਜਿਆਂ ਨਾਲੋਂ ਉੱਚਾ ਹੁੰਦਾ ਗਿਆ। ਸਮਾਜ ਵਿਚਲੇ ਇਨਸਾਨਾਂ ਨੂੰ ਇਨ੍ਹਾਂ ਸਿੱਖਿਆਵਾਂ ਅਨੁਸਾਰ ਚੱਲਣ ਲਈ ਨਿਯਮਾਂ ਅਤੇ ਕਰਮਕਾਂਡਾਂ ਦੀ ਰਚਨਾ ਕੀਤੀ ਗਈ। ਇਹ ਸਭ ਕੁਝ ਉਸ ਸਮਾਜ ਦੇ ਧਰਮ ਵਜੋਂ ਜਾਣਿਆਂ ਜਾਣ ਲੱਗਾ।

ਸਮਾਜ ਦੀ ਬਿਹਤਰੀ ਲਈ ਜ਼ਰੂਰੀ ਸੀ ਕਿ ਇਨਸਾਨ ਆਪਣੇ ਵਿਚੋਂ ਉਨ੍ਹਾਂ ਪਸ਼ੂ ਬਿਰਤੀਆਂ ਨੂੰ ਖਤਮ ਕਰੇ ਜੋ ਉਸ ਦੇ ਸਮਾਜਕ ਹੋਣ ਵਿਚ ਬਾਧਕ ਬਣਦੀਆਂ ਸਨ। ਇਸ ਅਮਲ ਵਿਚੋਂ ਇਨਸਾਨ ਦੇ ਜਿਹੜੇ ਕਾਰਜ ਸਮੇਂ ਅਨੁਸਾਰ ਸਮਾਜ ਨੂੰ ਕਾਇਮ ਰੱਖਣ ਅਤੇ ਵਧਣ ਫੁੱਲਣ ਵਿਚ ਸਹਾਈ ਹੁੰਦੇ ਸਨ ਉਨ੍ਹਾਂ ਨੂੰ ਚੰਗੇ, ਨੈਤਿਕ ਜਾਂ ਸਦਾਚਾਰਕ ਗਰਦਾਨਿਆਂ ਤੇ ਸਮਾਜ ਦੇ ਜਾਂ ਸਮਾਜ

ਦੇ ਉਸ ਪੜਾਅ 'ਤੇ ਸਥਾਪਤ ਸਮਾਜ ਨੂੰ ਚਲਾਉਣ ਵਾਲ਼ੀਆਂ ਤਾਕਤਾਂ ਵਿਰੁੱਧ ਜਾਣ ਵਾਲ਼ੇ ਕਾਰਜਾਂ ਤੇ ਵਰਤਾਰਿਆਂ ਨੂੰ ਮਾੜੇ ਜਾਂ ਅਨੈਤਿਕ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਸਮਾਜ ਵਿਚਲਾ ਹਰ ਵਿਅਕਤੀ ਇਨ੍ਹਾਂ ਦਾ ਪਾਲਣ ਕਰੇ ਇਨ੍ਹਾਂ ਦਾ ਸਿੱਧਾ ਸੰਬੰਧ ਰੱਬ, ਸਵਰਗ, ਨਰਕ, ਪਾਪ ਤੇ ਪੁੰਨ ਨਾਲ ਸਥਾਪਤ ਕਰ ਦਿੱਤਾ। ਸਮਾਜ ਵਿਚ ਚੰਗੇ ਵਰਤਾਅ ਵਾਲ਼ੇ ਵਿਅਕਤੀ ਲਈ ਰੱਬ ਦੀਆਂ ਨਜ਼ਰਾਂ ਵਿਚ ਮਾਨਤਾ, ਸਵਰਗ ਵਿਚ ਰਹਿਣ ਲਈ ਥਾਂ ਤੇ ਉਹਦੇ ਨਾਲ ਕਈ ਕਿਸਮ ਦੇ ਹੋਰ ਲਾਲਚ ਜੋੜੇ ਗਏ ਤੇ ਮਾੜੇ ਕੰਮਾਂ ਵਾਲ਼ੇ ਵਿਅਕਤੀ ਲਈ ਨਰਕ ਤੇ ਰੱਬ ਦੀ ਕਰੋਪੀ ਦਾ ਡਰਾਵਾ ਵੀ ਜੋੜਿਆ ਗਿਆ। ਹਰ ਧਰਮ ਨੇ ਇਨਸਾਨ ਨੂੰ ਸਮਾਜ ਵਿਚ ਚੰਗੀ ਤਰ੍ਹਾਂ ਰਹਿਣ ਲਈ ਲਾਲਚ ਤੇ ਡਰ ਪੈਦਾ ਕਰਨ ਵਾਲ਼ੀਆਂ ਅਨੇਕਾਂ ਕਿਸਮਾਂ ਦੀਆਂ ਮਿੱਥਾਂ ਘੜੀਆਂ। ਉਦਾਹਰਣ ਵਜੋਂ, ਭਾਰਤ ਵਿਚਲੇ ਹਿੰਦੂ ਅਤੇ ਸਿੱਖ ਧਰਮ ਵਿਚ ਇਸ ਕਿਸਮ ਦੀਆਂ ਮਿੱਥਾਂ ਆਮ ਦੇਖਣ ਨੂੰ ਮਿਲਦੀਆਂ ਹਨ। ਜਿਵੇਂ 84 ਲੱਖ ਜੂਨਾਂ, ਕਰਮ, ਕਿਸਮਤ ਆਦਿ ਦੀ ਮਿੱਥ। ਇਨਸਾਨੀ ਜੀਵਨ ਨੂੰ ਕੁਦਰਤ ਵਿਚਲੇ ਬਾਕੀ ਜੀਵਾਂ ਤੋਂ ਉਪਰ ਰੱਖਿਆ ਗਿਆ ਅਤੇ ਇਹ ਮੰਨਿਆ ਗਿਆ ਕਿ ਇਹ ਜੂਨ ਬਹੁਤ ਔਖੀ ਮਿਲਦੀ ਹੈ ਤੇ ਇਸ ਜੀਵਨ ਦੌਰਾਨ ਮਾੜੇ ਕਰਮ ਕਰਨ ਵਾਲ਼ੇ ਨੂੰ ਮੁੜ ਸਾਰੀਆਂ ਦੂਜੀਆਂ ਜੂਨਾਂ ਵਿਚ ਦੀ ਲੰਘਣਾ ਪੈਂਦਾ ਹੈ ਤੇ ਫੇਰ ਮਨੁੱਖੀ ਜੀਵਨ ਪ੍ਰਾਪਤ ਹੁੰਦਾ ਹੈ। ਹਿੰਦੂ ਧਰਮ ਵਿਚ ਇਹ ਮਿੱਥ ਵੀ ਘੜੀ ਗਈ ਕਿ ਕੁਝ ਲੋਕ ਆਪਣੇ ਪਿਛਲੇ ਜਨਮਾਂ ਦੇ ਕਰਮਾਂ ਕਰਕੇ ਉੱਚੀ ਕੁੱਲ ਵਿਚ ਜਨਮ ਲੈਂਦੇ ਹਨ ਅਤੇ ਕੁਝ ਲੋਕ ਪਿਛਲੇ ਜਨਮਾਂ ਦੇ ਮਾੜੇ ਕਰਮਾਂ ਕਰਕੇ ਨੀਵੀਂ ਜਗ੍ਹਾ ਜਨਮ ਲੈਂਦੇ ਹਨ। ਇਸ ਮਿੱਥ 'ਤੇ ਆਧਾਰਤ ਜਾਤਪਾਤ ਭਾਰਤੀ ਸਮਾਜ ਦਾ ਸਭ ਤੋਂ ਕੋਹਜਾ ਤੇ ਮਨੁੱਖਤਾ ਵਿਰੋਧੀ ਰੂਪ ਹੈ।

ਜਿਸ ਤਰ੍ਹਾਂ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਧਾਰਮਿਕ ਵਿਸ਼ਵਾਸ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਰੱਬ ਦੇ ਡਰ ਬਿਨਾਂ ਮਨੁੱਖ ਨੈਤਿਕ ਨਹੀਂ ਬਣ ਸਕਦਾ। ਜਦ ਕਿ ਅਸਲ ਵਿਚ ਕੋਈ ਵੀ ਧਾਰਮਿਕ ਵਿਅਕਤੀ ਸਹੀ ਅਰਥਾਂ ਵਿਚ ਨੈਤਿਕ ਹੋ ਹੀ ਨਹੀਂ ਸਕਦਾ ਕਿਉਂਕਿ ਉਸ ਲਈ ਕਿਸੇ ਦੂਜੇ ਵਿਅਕਤੀ ਜਾਂ ਸਮਾਜ ਲਈ ਕੁਝ ਚੰਗਾ ਕਰਨ ਦਾ ਮੁੱਖ ਕਾਰਨ ਡਰ, ਰੱਬ ਦੀਆਂ ਨਜ਼ਰਾਂ ਵਿਚ ਚੰਗਾ ਬਣਨਾ ਅਤੇ ਆਪਣੀ ਅਗਲੀ ਜ਼ਿੰਦਗੀ ਨੂੰ ਸੁਧਾਰਨਾ ਹੁੰਦਾ ਹੈ ਨਾ ਕਿ ਵਿਅਕਤੀ ਜਾਂ ਸਮਾਜ ਦੀ ਭਲਾਈ। ਉਸ ਦੀ ਚੰਗਿਆਈ ਖ਼ੁਦਗਰਜ਼ੀ ਵਾਲ਼ੀ ਅਤੇ ਵਿਸ਼ਵਾਸ 'ਤੇ ਆਧਾਰਤ ਹੁੰਦੀ ਹੈ ਨਾ ਕਿ ਮਨੁੱਖੀ ਤਜਰਬੇ, ਤਰਕ ਜਾਂ ਇਨਸਾਨੀਅਤ 'ਤੇ। ਅਜਿਹੇ ਵਿਅਕਤੀ ਲਈ ਸਮੁੱਚੀ ਮਨੁੱਖਤਾ ਨੂੰ ਇਕ ਨਜ਼ਰੇ ਦੇਖ ਸਕਣਾ ਸੰਭਵ ਨਹੀਂ ਹੁੰਦਾ ਕਿਉਂਕਿ ਉਹਦੇ ਲਈ ਉਹਦਾ ਧਰਮ ਇਕ ਨਾ ਟੱਪੀ ਜਾ ਸਕਣ ਵਾਲ਼ੀ ਕੰਧ ਬਣ ਜਾਂਦਾ ਹੈ। ਉਸ ਕੰਧ ਦੇ ਇਕ ਪਾਸੇ ਉਹਦੇ ਧਰਮ ਨੂੰ ਮੰਨਣ ਵਾਲ਼ੇ ਉਹਦੇ 'ਆਪਣੇ' ਲੋਕ ਹੁੰਦੇ ਹਨ ਤੇ ਦੂਜੇ ਪਾਸੇ ਕਿਸੇ ਹੋਰ ਧਰਮ ਨੂੰ ਮੰਨਣ ਵਾਲ਼ੇ 'ਦੂਜੇ' ਲੋਕ ਹੁੰਦੇ ਹਨ। ਆਮ ਹਾਲਤਾਂ ਵਿਚ ਆਪੇ ਸਾਜੀਆਂ ਨੈਤਿਕ ਕਦਰਾਂ-ਕੀਮਤਾਂ ਦਾ ਪਾਲਣ ਕਰਨ ਵਾਲ਼ੇ ਲੋਕ ਧਰਮ ਦੇ ਨਾਂਅ 'ਤੇ ਸਿਰੇ ਦੇ ਅਨੈਤਿਕ ਬਣ ਜਾਂਦੇ ਹਨ। ਕਈ ਹਾਲਤਾਂ ਵਿਚ ਧਰਮ ਇਸ ਗੱਲ ਦੀ ਮੰਗ ਕਰਦਾ ਹੈ ਕਿ ਉਨ੍ਹਾਂ ਲੋਕਾਂ ਨੂੰ ਸਜ਼ਾ ਦਿੱਤੀ ਜਾਵੇ ਜੋ ਧਰਮ ਖਿਲਾਫ ਕੁਝ ਕਹਿੰਦੇ ਜਾਂ ਕਰਦੇ ਹਨ ਜਾਂ ਜੇ ਕੋਈ ਆਪਣੇ ਧਰਮ ਨੂੰ ਛੱਡ ਕੇ ਕਿਸੇ ਹੋਰ ਧਰਮ ਨੂੰ ਅਪਣਾਉਂਦੇ ਹਨ। ਮਨੁੱਖੀ ਨੈਤਿਕਤਾ ਦੇ ਨਜ਼ਰੀਏ ਤੋਂ ਇਕ ਇਨਸਾਨ ਦਾ ਦੂਜੇ ਇਨਸਾਨਾਂ ਨਾਲ ਇਸ ਤਰ੍ਹਾਂ ਦਾ ਵਰਤਾਓ ਸਹੀ ਨਹੀਂ ਮੰਨਿਆ ਜਾ ਸਕਦਾ।

ਏਸੇ ਤਰ੍ਹਾਂ ਹੀ ਸਾਰੇ ਧਰਮਾਂ ਦੀ ਇਕ ਦੂਜੇ ਨਾਲ ਅਤੇ ਬਹੁਤੀ ਵਾਰੀ ਇਕੋ ਧਰਮ ਦੀਆਂ ਵੱਖੋ ਵੱਖ ਸੰਪਰਦਾਵਾਂ ਦੀ ਵੀ ਇਕ ਦੂਜੇ ਨਾਲ ਟੱਕਰ ਚਲਦੀ ਰਹਿੰਦੀ ਹੈ। ਇਸ ਤੱਥ ਦੀਆਂ ਮਨੁੱਖੀ ਇਤਿਹਾਸ ਵਿਚ ਅਣਗਿਣਤ ਉਦਾਹਰਣਾਂ ਸਾਡੇ ਸਾਹਮਣੇ ਹਨ। ਯਹੂਦੀ ਤੇ ਜੈਂਟਾਇਲ, ਈਸਾਈ ਤੇ ਪੈਗਨ, ਮੁਸਲਿਮ ਤੇ ਕਾਫਿਰ ਸਾਰੇ ਇਕ ਦੂਜੇ ਦੇ ਦੁਸ਼ਮਣ ਕੈਂਪਾਂ ਦੇ ਨਾਮ ਹਨ। ਕੱਲੇ ਇਸਾਈ ਧਰਮ ਵਿਚ ਹੀ ਪੈਂਤੀ ਹਜ਼ਾਰ ਤੋਂ ਵੱਧ ਸੰਪਰਦਾਵਾਂ ਹਨ ਅਤੇ ਬਹੁਤੀਆਂ ਦੀ ਆਪਸ ਵਿਚ ਖਿੱਚੋਤਾਣ ਚਲਦੀ ਹੀ ਰਹਿੰਦੀ ਹੈ। ਏਹੋ ਹਾਲ ਬਾਕੀ ਧਰਮਾਂ ਦਾ ਵੀ ਹੈ। ਯਹੂਦੀਆਂ ਦੀ ਧਰਮ

ਪੁਸਤਕ ਵਿਚ ਸੈਂਕੜੇ ਛੋਟੀਆਂ ਮੋਟੀਆਂ ਜੰਗਾਂ ਦਾ ਜ਼ਿਕਰ ਹੈ। ਇਸਾਈਆਂ ਦੇ ਆਪਸੀ ਦੁਸ਼ਮਣ ਫਿਰਕਿਆਂ ਵਿਚ ਹੋਏ ਅਨੇਕਾਂ ਯੁੱਧ, ਮੁਸਲਮਾਨਾਂ ਦੀ ਜਿਹਾਦੀ ਰੁਚੀ ਤੋਂ ਪੈਦਾ ਹੋਏ ਹਮਲੇ ਦੁਨੀਆ ਦੇ ਇਤਿਹਾਸ ਦਾ ਵੱਡਾ ਹਿੱਸਾ ਹਨ। ਭਾਰਤ ਵਿਚ ਜਾਤਪਾਤੀ ਵਿਤਕਰਾ ਹਿੰਦੂ ਧਰਮ ਦਾ ਅਨਿੱਖੜਵਾਂ ਅੰਗ ਹੈ ਜਿਸ ਰਾਹੀਂ ਸਮਾਜ ਦੇ ਵੱਡੇ ਹਿੱਸੇ ਨੂੰ ਇੱਕੀਵੀਂ ਸਦੀ ਦੌਰਾਨ ਵੀ ਗ਼ੁਲਾਮ ਬਣਾ ਕੇ ਰੱਖਿਆ ਜਾ ਰਿਹਾ ਹੈ। ਇਨ੍ਹਾਂ ਪੁਰਾਣੇ ਸਥਾਪਤ ਧਰਮਾਂ ਦੇ ਮੁਕਾਬਲੇ ਨਵਾਂ ਹੋਣ ਦੇ ਬਾਵਜੂਦ ਸਿੱਖ ਧਰਮ ਵਿਚ ਵੀ ਅਨੇਕਾਂ ਵੱਖਰੀਆਂ ਵੱਖਰੀਆਂ ਸੰਪਰਦਾਵਾਂ ਪੈਦਾ ਹੋ ਚੁੱਕੀਆਂ ਹਨ ਅਤੇ ਉਹ ਹੋਰਨਾਂ ਧਰਮਾਂ ਦੇ ਫਿਰਕਿਆਂ ਵਾਂਗ ਹੀ ਆਪਸ ਵਿਚ ਲੜ ਝਗੜ ਰਹੀਆਂ ਹਨ। ਪਿਛਲੀ ਸਦੀ ਦੇ ਅੱਸੀਵੀਆਂ ਦੌਰਾਨ ਸਿੱਖ ਧਰਮ ਵਿਚਲੇ ਸੰਕਟ ਦੀ ਸ਼ੁਰੂਆਤ ਦਾ ਮੁੱਖ ਕਾਰਨ ਸੰਪਰਦਾਵਾਂ ਦਾ ਆਪਸੀ ਟਕਰਾਅ ਹੀ ਸੀ। ਨੈਤਿਕਤਾ ਦੇ ਪੱਖੋਂ ਇਹ ਸਮੱਸਿਆ ਹੋਰ ਵੀ ਗੰਭੀਰ ਹੁੰਦੀ ਹੈ ਜਦੋਂ ਕਿਸੇ ਇਕ ਤੋਂ ਵੱਧ ਧਰਮਾਂ ਵਾਲ਼ੇ ਸਮਾਜ ਵਿਚ ਰਾਜਸੀ ਤਾਕਤ ਇਕ ਧਰਮ ਦੇ ਹੱਥ ਆ ਜਾਵੇ। ਜੋ ਕੁਝ ਇਸ ਵੇਲੇ ਭਾਰਤ ਵਿਚ ਹੋ ਰਿਹਾ ਹੈ ਉਹ ਇਸ ਦੀ ਪ੍ਰਤੱਖ ਉਦਾਹਰਣ ਹੈ। ਇਸ ਸੰਬੰਧੀ ਜੇਮਜ਼ ਹਾਅਟ ਆਪਣੀ ਪੁਸਤਕ 'ਧਰਮ ਦੀਆਂ ਦਹਿਸ਼ਤਾਂ' Holy Horrors) ਵਿਚ ਲਿਖਦਾ ਹੈ: "ਜਦੋਂ ਕਿਸੇ ਸਮਾਜ ਵਿਚ ਧਰਮ ਰਾਜ ਕਰਨ ਵਾਲ਼ੀ ਤਾਕਤ ਹੁੰਦਾ ਹੈ, ਇਹ ਦਹਿਸ਼ਤ ਪੈਦਾ ਕਰਦਾ ਹੈ।" ਇਹ ਗੱਲ ਸਾਰੇ ਧਰਮਾਂ ਉਪਰ ਲਾਗੂ ਹੁੰਦੀ ਹੈ ਕਿ ਜਦੋਂ ਧਰਮ ਕਮਜ਼ੋਰ ਹੁੰਦਾ ਹੈ ਤਾਂ ਨਿਮਰਤਾ ਦੀ ਗੱਲ ਕਰਦਾ ਹੈ, ਤਾਕਤ ਫੜਦਿਆਂ ਹੀ ਜ਼ਾਲਮ ਬਣ ਬੈਠਦਾ ਹੈ। ਇਸ ਸੰਬੰਧੀ ਅਸੀਂ ਬੁੱਧ ਧਰਮ ਦੀ ਗੱਲ ਕਰ ਸਕਦੇ ਹਾਂ। ਬਹੁਤੀਆਂ ਸਥਿਤੀਆਂ ਵਿਚ ਆਪਣਾ ਨਿਮਰਤਾ ਦਾ ਰੂਪ ਪੇਸ਼ ਕਰਨ ਵਾਲ਼ਾ ਬੁੱਧ ਧਰਮ ਮਾਈਨਮਾਰ (ਬਰਮਾ) ਵਿਚ ਮੁਸਲਮਾਨਾਂ ਵਿਰੁੱਧ ਆਪਣਾ ਵੱਖਰਾ ਰੂਪ ਦਿਖਾ ਰਿਹਾ ਹੈ। ਇਸ ਦੀ ਕੋਈ ਹੈਰਾਨੀ ਵੀ ਨਹੀਂ, ਕਿਸੇ ਵੀ ਧਰਮ ਤੋਂ ਇਸ ਤੋਂ ਵੱਖਰੇ ਵਿਹਾਰ ਦੀ ਆਸ ਨਹੀਂ ਕੀਤੀ ਜਾ ਸਕਦੀ।

ਸਾਡੇ ਲਈ (ਪੰਜਾਬੀਆਂ/ਭਾਰਤੀਆਂ ਲਈ) ਸਭ ਤੋਂ ਵੱਡੀ ਅਤੇ ਸਦਾ ਦੁੱਖ ਦੇਣ ਵਾਲ਼ੀ ਘਟਨਾ ਧਰਮਾਂ ਦੇ ਨਾਂਅ 'ਤੇ 1947 ਵਿਚ ਹੋਇਆ ਵਟਵਾਰਾ ਸੀ। ਸਦੀਆਂ ਤੋਂ ਇਕ ਦੂਜੇ ਨਾਲ ਰਲ਼ ਮਿਲ਼ ਕੇ ਰਹਿਣ ਵਾਲ਼ੇ ਲੋਕ ਧਰਮ ਦੇ ਨਾਂਅ 'ਤੇ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਬਣ ਗਏ। ਇਹ ਗੱਲ ਜੱਗ ਜ਼ਾਹਰ ਹੈ ਕਿ ਉਸ ਸਮੇਂ ਉਹ ਲੋਕ ਹੀ ਇਸ ਹਨੇਰੀ ਤੋਂ ਬਚ ਸਕੇ ਜਿਨ੍ਹਾਂ ਕੋਲ਼ ਸਮੱਸਿਆ ਨੂੰ ਵਿਗਿਆਨਕ ਪਹੁੰਚ ਨਾਲ ਦੇਖਣ ਤੇ ਸਮਝਣ ਦੀ ਸੂਝ ਸੀ। ਉਸ ਸਮੇਂ ਧਾਰਮਿਕ ਲੋਕਾਂ ਦੀ ਨੈਤਿਕਤਾ ਉਨ੍ਹਾਂ ਦੇ ਵਿਸ਼ਵਾਸ ਅੱਗੇ ਗੋਡੇ ਟੇਕ ਗਈ। ਦਿੱਲੀ ਅਤੇ ਭਾਰਤ ਦੇ ਕਈ ਹਿੱਸਿਆਂ ਵਿਚ 1984 ਦੌਰਾਨ ਸਮੇਂ ਦੀ ਸਰਕਾਰ ਵਿਚਲੇ ਧਾਰਮਿਕ ਨਫਰਤ ਪਾਲਣ ਵਾਲ਼ੇ ਲੋਕਾਂ ਨੇ ਸਿੱਖਾਂ ਵਿਰੁੱਧ ਜਿਸ ਕਿਸਮ ਦੀਆਂ ਹਿੰਸਕ ਕਾਰਵਾਈਆਂ ਕੀਤੀਆਂ ਅਤੇ ਕਰਵਾਈਆਂ ਉਹ ਸਿਰਫ ਧਾਰਮਿਕ ਲੋਕ ਹੀ ਕਰ ਸਕਦੇ ਹਨ। ਫੇਰ ਡੇਢ ਦਹਾਕਾ ਪੰਜਾਬ ਵਿਚ ਸਮੇਂ ਦੀ ਸਰਕਾਰ ਅਤੇ ਸਿੱਖਾਂ ਲਈ ਧਰਮ ਆਧਾਰਤ ਵੱਖਰੇ ਮੁਲਕ ਦੀ ਮੰਗ ਕਰਨ ਵਾਲਿਆਂ ਵਿਚ ਚੱਲੀ ਹਿੰਸਕ ਲਹਿਰ ਵਿਚ ਵੀ ਅਨੇਕਾਂ ਬੇਦੋਸ਼ੇ ਲੋਕਾਂ ਦਾ ਖ਼ੂਨ ਵਹਾਇਆ ਗਿਆ। ਇਸ ਸਮੇਂ ਦੌਰਾਨ ਧਾਰਮਿਕ ਲੜਾਈ ਲੜਨ ਵਾਲ਼ਿਆਂ ਵੱਲੋਂ ਲੋਕਾਂ ਨਾਲ ਅਨੇਕਾਂ ਅਨੈਤਿਕ ਵਰਤਾਅ ਕੀਤੇ ਗਏ। ਅਤੇ ਇਸ ਜਨੂੰਨੀ ਹਨੇਰੀ ਅੱਗੇ ਡੱਟ ਕੇ ਖੜ੍ਹਨ ਵਾਲ਼ੇ ਵਿਗਿਆਨਕ ਸੋਚ ਦੇ ਧਾਰਨੀ ਲੋਕ ਸਨ ਜਿਨ੍ਹਾਂ ਵਿਚੋਂ ਕਈਆਂ ਨੇ ਆਪਣੇ ਜੀਵਨ ਤਕ ਦੀ ਕੁਰਬਾਨੀ ਦਿੱਤੀ। ਏਸੇ ਤਰ੍ਹਾਂ ਦੇਸ ਦੇ ਵੱਖਰੇ ਵੱਖਰੇ ਹਿੱਸਿਆਂ ਵਿਚ ਸਮੇਂ ਸਮੇਂ ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਹੁੰਦੇ ਫਸਾਦ, ਸਮਾਜ ਦੇ ਸਭ ਤੋਂ ਵੱਧ ਦੱਬੇ ਕੁਚਲੇ ਦਲਿਤ ਲੋਕਾਂ ਨਾਲ ਲਗਾਤਾਰ ਹੁੰਦੀ ਹਿੰਸਾ, ਇਹੋ ਜਿਹੀਆਂ ਸਾਰੀਆਂ ਘਟਨਾਵਾਂ ਪਿੱਛੇ ਜੇ ਹਰ ਵਾਰ ਨਹੀਂ ਤਾਂ ਬਹੁਤੀ ਵਾਰ ਧਰਮ ਹੀ ਹੁੰਦਾ ਹੈ ਜੋ ਆਮ ਵਿਅਕਤੀਆਂ ਨੂੰ ਅਨੈਤਿਕ ਕੰਮ ਕਰਨ ਲਈ ਉਕਸਾਉਂਦਾ ਹੈ।

ਬਹੁਤੀ ਵਾਰੀ ਧਾਰਮਿਕ ਲੋਕਾਂ ਅਤੇ ਧਰਮਾਂ ਵੱਲੋਂ ਇਹ ਗੱਲ ਵੀ ਦਾਅਵੇ ਨਾਲ ਕਹੀ ਜਾਂਦੀ ਹੈ ਕਿ ਉਹ ਮਨੁੱਖਤਾ ਦੀ ਸੇਵਾ ਕਰਦੇ ਹਨ। ਕਈ ਵਾਰੀ ਅਜਿਹਾ ਲੱਗਦਾ ਵੀ ਹੈ ਕਿ ਧਰਮ ਜਾਂ

ਧਾਰਮਿਕ ਲੋਕ ਸਮਾਜ ਦੀਆਂ ਹੋਰ ਸੰਸਥਾਵਾਂ ਦੇ ਮੁਕਾਬਲੇ ਲੋੜਵੰਦਾਂ ਦੀ ਵੱਧ ਮੱਦਦ ਕਰਦੇ ਹਨ। ਪਰ ਘੋਖ ਕੀਤਿਆਂ ਪਤਾ ਲੱਗਦਾ ਹੈ ਕਿ ਗੱਲ ਏਨੀ ਸਾਫ ਨਹੀਂ ਹੈ। ਪਹਿਲੀ ਗੱਲ ਤਾਂ ਇਹ ਹੀ ਸਾਹਮਣੇ ਆਉਂਦੀ ਹੈ ਕਿ ਧਾਰਮਿਕ ਲੋਕਾਂ ਦੀ ਸੇਵਾ ਦਾ ਅਸਲ ਮਕਸਦ ਆਪਣਾ ਅੱਗਾ ਸੁਆਰਨਾ ਅਤੇ ਆਪਣੇ ਧਰਮ ਨੂੰ ਦੂਜਿਆਂ ਦੇ ਮੁਕਾਬਲੇ ਬਿਹਤਰ ਸਾਬਤ ਕਰਨਾ ਹੁੰਦਾ ਹੈ। ਭਾਰਤੀ ਸਮਾਜ ਵਿਚ ਖਾਸ ਕਰਕੇ, ਸੇਵਾ 'ਕੀਤੀ' ਨਹੀਂ ਜਾਂਦੀ ਸੇਵਾ 'ਕਮਾਈ' ਜਾਂਦੀ ਹੈ ਤਾਕਿ ਪਰਮਾਤਮਾ ਦੀ ਨਜ਼ਰਾਂ ਵਿਚ ਚੰਗਾ ਬਣਿਆ ਜਾ ਸਕੇ। ਇਸ ਕਿਸਮ ਦੀ ਬਿਰਤੀ ਦੂਜੇ ਧਰਮਾਂ ਵਿਚ ਵੀ ਦੇਖਣ ਨੂੰ ਮਿਲਦੀ ਹੈ। ਉਦਾਹਰਣ ਲਈ, ਇਸਾਈ ਮੱਤ ਦਾ ਕੈਥੋਲਿਕ ਧੜਾ ਦੁਨੀਆ ਦੇ ਤਕਰੀਬਨ ਹਰ ਹਿੱਸੇ ਵਿਚ ਫੈਲਿਆ ਹੋਇਆ ਹੈ। ਉਹ ਹਰ ਜਗ੍ਹਾ ਲੋੜਵੰਦਾਂ ਦੀ ਮੱਦਦ ਕਰਨ ਦਾ ਦਾਅਵਾ ਕਰਦੇ ਹਨ। ਪਰ ਜਿਨ੍ਹਾਂ ਥਾਵਾਂ 'ਤੇ ਉਹ ਲੋਕਾਂ ਦੀ ਮੱਦਦ ਕਰਦੇ ਰਹੇ ਹਨ ਉੱਥੋਂ ਦੇ ਲੋਕਾਂ ਦੇ ਆਮ ਜੀਵਨ ਵਿਚ ਸਦੀਆਂ ਬਾਅਦ ਵੀ ਆਰਥਿਕ ਪੱਖੋਂ ਕੋਈ ਖਾਸ ਤਬਦੀਲੀ ਦੇਖਣ ਨੂੰ ਨਹੀਂ ਮਿਲਦੀ। ਨਾਲ ਹੀ ਇਹ ਸਚਾਈ ਸਾਫ ਦਿਸਦੀ ਹੈ ਕਿ ਇਹ ਧੜਾ ਦੁਨੀਆ ਦਾ ਸਭ ਤੋਂ ਵੱਡਾ ਜਗੀਰਦਾਰ ਹੈ, ਦੂਜੇ ਸ਼ਬਦਾਂ ਵਿਚ ਇਸ ਚਰਚ ਦੇ ਨਾਮ ਦੁਨੀਆ ਭਰ ਵਿਚ ਬੇਸ਼ੁਮਾਰ ਜਮੀਨ ਲੱਗੀ ਹੋਈ ਹੈ। ਇਸ ਫਿਰਕੇ ਨੇ ਦੁਨੀਆ ਦੇ ਬਹੁਤ ਸਾਰੇ ਹਿੱਸਿਆਂ ਵਿਚ ਜਾ ਕੇ ਲੋਕਾਂ ਦੀ ਆਰਥਿਕ ਲੁੱਟ ਹੀ ਨਹੀਂ ਕੀਤੀ, ਨਾਲ ਹੀ ਉਨ੍ਹਾਂ ਦੇ ਸਭਿਆਚਾਰ ਤੇ ਬੋਲੀ ਨੂੰ ਵੀ ਨਸ਼ਟ ਕਰਨ ਦੀ ਕੋਸ਼ਸ਼ ਕੀਤੀ। ਇਸ ਦੀ ਇਕ ਵੱਡੀ ਉਦਾਹਰਣ ਕਨੇਡਾ ਦੇ ਆਦਿਵਾਸੀ ਬੱਚਿਆਂ ਨੂੰ ਜਬਰੀ ਉਨ੍ਹਾਂ ਦੇ ਮਾਪਿਆਂ ਤੋਂ ਖੋਹ ਕੇ ਰੀਜ਼ਰਵੇਸ਼ਨ ਸਕੂਲਾਂ ਵਿਚ ਰੱਖ ਕੇ ਪੜ੍ਹਾਉਣਾ ਸੀ ਤਾਕਿ ਉਹ ਆਪਣੀ ਬੋਲੀ ਤੇ ਸਭਿਆਚਾਰ ਤੋਂ ਪੂਰੀ ਤਰ੍ਹਾਂ ਅਲੱਗ ਹੋ ਜਾਣ। ਇਨ੍ਹਾਂ ਸਕੂਲਾਂ ਵਿਚ ਇਨ੍ਹਾਂ ਬੱਚਿਆਂ ਨਾਲ ਹਰ ਕਿਸਮ ਦੀ ਬਦਸਲੂਕੀ ਦੇ ਨਾਲ ਨਾਲ ਇਨ੍ਹਾਂ ਦਾ ਕਾਮੁਕ ਸ਼ੋਸ਼ਣ ਵੀ ਵੱਡੇ ਪੱਧਰ 'ਤੇ ਕੀਤਾ ਗਿਆ। ਹੁਣ ਇਹ ਗੱਲ ਵੀ ਆਮ ਜਾਣੀ ਜਾਂਦੀ ਹੈ ਕਿ ਬਹੁਤ ਸਾਰੇ ਕੈਥੋਲਿਕ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਪਾਦਰੀ ਆਪਣੀ ਕਾਮੁਕ ਭੁੱਖ ਮਿਟਾਉਣ ਲਈ ਵਰਤਦੇ ਰਹੇ। ਇਸ ਚੱਕਰ ਵਿਚ ਦੇਖਣ, ਸੋਚਣ ਵਾਲ਼ੀ ਗੱਲ ਇਹ ਹੈ ਕਿ ਇਸ ਦੁਨੀਆ ਦੇ ਸਭ ਤੋਂ ਤਾਕਤਵਰ ਚਰਚ ਨੇ ਆਪਣੇ ਪਾਦਰੀਆਂ ਦੀਆਂ ਹਰ ਪੱਖੋਂ ਅਨੈਤਿਕ ਹਰਕਤਾਂ ਨੂੰ ਪੂਰੀ ਤਰ੍ਹਾਂ ਲੁਕੋਇਆ ਅਤੇ ਉਨ੍ਹਾਂ ਨੂੰ ਕਾਨੂੰਨੀ ਸਜ਼ਾਵਾਂ ਤੋਂ ਬਚਾਉਣ ਦੀ ਹਰ ਸੰਭਵ ਕੋਸ਼ਸ਼ ਕੀਤੀ। ਇਨ੍ਹਾਂ ਦੇ ਇਸ ਵਿਹਾਰ ਵਿਚ ਨੈਤਿਕਤਾ ਨਾਂਅ ਦੀ ਕੋਈ ਚੀਜ਼ ਦੇਖਣ ਨੂੰ ਵੀ ਨਹੀਂ ਮਿਲਦੀ।

ਇਸੇ ਸੈਕਟ ਨਾਲ ਸੰਬੰਧਤ ਭਾਰਤ ਦੇ ਗ਼ਰੀਬ ਲੋਕਾਂ ਦੀ ਮੱਦਦ ਕਰਕੇ ਨੋਬਲ ਇਨਾਮ ਪ੍ਰਾਪਤ ਕਰਨ ਵਾਲ਼ੀ ਮਦਰ ਟੈਰਿਸਾ ਦੀ ਉਦਾਹਰਣ ਸਾਡੇ ਸਾਹਮਣੇ ਹੈ। ਉਹ ਗ਼ਰੀਬਾਂ ਨੂੰ ਸਿੱਖਿਆ ਦਿੰਦੀ ਸੀ ਕਿ ਕਿਉਂਕਿ ਉਹ ਗ਼ਰੀਬ ਹਨ ਇਸ ਲਈ ਉਹ ਬਹੁਤ ਕਿਸਮਤ ਵਾਲ਼ੇ ਹਨ; ਪਰਮਾਤਮਾ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਪਿਆਰ ਕਰਦਾ ਹੈ ਤੇ ਗ਼ਰੀਬ ਹੋਣਾ ਬਹੁਤ ਮਹਾਨ ਗੱਲ ਹੈ। ਅਸਲੀਅਤ ਇਹ ਹੈ ਕਿ ਮਦਰ ਟੈਰਿਸਾ ਨੇ ਗ਼ਰੀਬਾਂ ਦੀ ਮੱਦਦ ਕਰਨ ਦੇ ਨਾਂਅ 'ਤੇ ਵੱਡੀ ਮਾਤਰਾ ਵਿਚ ਪੈਸਾ ਇਕੱਠਾ ਕਰਕੇ ਆਪਣੇ ਚਰਚ ਨੂੰ ਦਿੱਤਾ। ਕਰਿਸਟੋਫਰ ਹਿਚਨ ਅਨੁਸਾਰ: *"ਮਦਰ ਟੈਰੇਸਾ ਇਕ ਕੱਟੜ, ਮੂਲਵਾਦੀ ਅਤੇ ਧੋਖੇਬਾਜ਼ ਸੀ। ਜੇ ਉਹਦੀ ਉਦਾਹਰਣ ਮਗਰ ਜਾਇਆ ਜਾਵੇ ਤਾਂ ਹੋਰ ਜ਼ਿਆਦਾ ਲੋਕ ਗ਼ਰੀਬ ਤੇ ਬਿਮਾਰ ਹੋਣਗੇ।"*

ਦੁਨੀਆ ਵਿਚ ਬਹੁਤ ਸਾਰੇ ਅਮੀਰ ਲੋਕ ਹਨ ਜੋ ਆਪੋ ਆਪਣੇ ਰੱਬ ਜਾਂ ਪਰਮਾਤਮਾ ਦੇ ਨਾਂਅ 'ਤੇ ਹਰ ਕਿਸਮ ਦਾ ਦਾਨ ਦਿੰਦੇ ਹਨ ਅਤੇ ਮੰਦਰ, ਗੁਰਦਵਾਰੇ, ਚਰਚ ਤੇ ਮਸੀਤਾਂ ਆਦਿ ਬਣਵਾਉਂਦੇ ਹਨ ਅਤੇ ਆਮ ਲੋਕਾਂ ਵਿਚ ਦਾਨੀ ਤੇ ਧਰਮੀ ਅਖਵਾਉਂਦੇ ਹਨ। ਪਰ ਜਿਨ੍ਹਾਂ ਦੀ ਸਖਤ ਮਿਹਨਤ ਦੀ ਲੁੱਟ ਕਰਕੇ ਉਹ ਐਸ਼ ਪ੍ਰਸਤੀ ਦਾ ਜੀਵਨ ਜੀਂਦੇ ਹਨ ਅਤੇ ਧਾਰਮਿਕ ਤੇ ਸਿਆਸੀ ਸੰਸਥਾਵਾਂ ਨੂੰ ਦਿਲ ਖੋਲ੍ਹ ਕੇ ਦਾਨ ਦਿੰਦੇ ਹਨ, ਉਨ੍ਹਾਂ ਮਜ਼ਦੂਰਾਂ ਨੂੰ ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਜੋਗੀ ਵੀ ਮਜ਼ਦੂਰੀ ਦੇਣ ਨੂੰ ਤਿਆਰ ਨਹੀਂ ਹੁੰਦੇ। ਖਾਸ ਕਰ ਉਨ੍ਹਾਂ ਮਜ਼ਦੂਰਾਂ ਨਾਲ ਇਹ ਵੱਧ ਸਖਤੀ ਨਾਲ ਪੇਸ਼ ਆਉਂਦੇ ਹਨ ਜੋ ਜਥੇਬੰਦ ਹੋ ਕੇ ਬਿਹਤਰ ਤਨਖਾਹਾਂ, ਕੰਮ ਦੀਆਂ ਹਾਲਤਾਂ ਵਿਚ ਸੁਧਾਰ ਤੇ

ਖੁਦ ਲਈ ਥੋੜ੍ਹੇ ਸਤਿਕਾਰ ਦੀ ਮੰਗ ਕਰਨ। ਇਹ ਨਿਹਾਇਤ ਹੀ ਅਨੈਤਿਕ ਲੋਕ ਆਪਣੇ ਪੈਸੇ ਦੇ ਜ਼ੋਰ ਨਾਲ ਤੇ ਧਰਮ ਦੀ ਆੜ ਵਿਚ ਸਭ ਤੋਂ ਵੱਧ ਨੈਤਿਕ ਦਿਸਦੇ ਹਨ।

ਧਰਮਾਂ ਵੱਲੋਂ ਪੈਦਾ ਕੀਤੀਆਂ ਹਰ ਕਿਸਮ ਦੀਆਂ ਬੰਦਸ਼ਾਂ ਦੇ ਬਾਵਜੂਦ ਮਨੁੱਖ ਦੀ ਸੋਚ ਵਿਚ ਲਗਾਤਾਰ ਤਬਦੀਲੀ ਆਉਂਦੀ ਰਹਿੰਦੀ ਹੈ ਜਿਸ ਨਾਲ ਸਮਾਜ ਵੀ ਬਦਲਦੇ ਰਹਿੰਦੇ ਹਨ ਭਾਵੇਂ ਇਸ ਬਦਲੀ ਦੀ ਰਫਤਾਰ ਵੱਧ ਘੱਟ ਹੋ ਸਕਦੀ ਹੈ। ਜਿਹੜੇ ਲੋਕ ਅਤੇ ਜਿਹੜੇ ਸਮਾਜ ਮਨੁੱਖ ਦੀ ਵਿਗਿਆਨਕ ਸੂਝ ਨਾਲ ਬਦਲ ਰਹੀ ਸੋਚ ਅਨੁਸਾਰ ਨਹੀਂ, ਬਦਲਦੇ ਉਹ ਇਨਸਾਨ ਵੀ ਤੇ ਸਮਾਜ ਵੀ ਪਿੱਛੇ ਰਹਿ ਜਾਂਦੇ ਹਨ। ਉਨ੍ਹਾਂ ਦੇ ਧਾਰਮਿਕ ਆਗੂਆਂ ਵੱਲੋਂ ਸਦੀਆਂ ਪਹਿਲਾਂ ਦਿੱਤੀਆਂ ਗਈਆਂ ਸਿੱਖਿਆਵਾਂ ਅਨੁਸਾਰ ਸਮਾਜ ਵਿਚ ਦੂਜੇ ਵਿਅਕਤੀਆਂ ਵੱਲ ਰਵੱਈਆ ਅਤੇ ਵਿਹਾਰ ਅੱਜੋਕੇ ਸਮੇਂ ਨੈਤਿਕ ਨਹੀਂ ਕਹਾ ਸਕਦੇ। ਉਦਾਹਰਣ ਵਜੋਂ, ਲੰਮੇ ਸਮੇਂ ਤਕ ਬੰਦੇ ਦਾ ਬੰਦੇ ਨੂੰ ਗ਼ੁਲਾਮ ਬਣਾ ਕੇ ਰੱਖਣਾ ਧਾਰਮਿਕ ਸੋਚ ਵਾਸਤੇ ਕੋਈ ਸਮੱਸਿਆ ਨਹੀਂ ਸੀ। ਦੁਨੀਆ ਦੇ ਦੋਵੇਂ ਵੱਡੇ ਧਰਮਾਂ ਇਸਾਈਅਤ ਅਤੇ ਇਸਲਾਮ ਨੇ ਲੰਮਾ ਸਮਾਂ ਗ਼ੁਲਾਮੀ ਦੀ ਰਵਾਇਤ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ। ਮਾਈਕਲ ਓਨਫੇਅਰ ਅਨੁਸਾਰ: *"ਅਸਲ ਵਿਚ ਗ਼ੁਲਾਮਾਂ ਦੇ ਵਪਾਰ ਦੀ ਕਾਢ ਲਈ ਅਸੀਂ ਇਸਲਾਮ ਦੇ ਦੇਣਦਾਰ ਹਾਂ। ਸਾਲ 1000 ਈਸਵੀ ਵਿਚ ਕੀਨੀਆ ਅਤੇ ਚੀਨ ਦਰਮਿਆਨ ਗ਼ੁਲਾਮਾਂ ਦਾ ਨਿਰੰਤਰ ਵਪਾਰ ਹੁੰਦਾ ਸੀ। ... ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਅੱਲਾ (ਦਇਆਵਾਨ, ਸਰਬਸ਼ਕਤੀਮਾਨ ਤੇ ਸਭ ਤੋਂ ਸਿਆਣਾ) ਦੇ ਭਗਤਾਂ ਨੇ ਬਾਰਾਂ ਸੌ ਸਾਲਾਂ ਦੌਰਾਨ ਦਸ ਮਿਲੀਅਨ ਇਨਸਾਨਾਂ ਦਾ ਵਪਾਰ ਕੀਤਾ।"*

ਇਸਾਈਆਂ ਦੀ ਪਵਿੱਤਰ ਪੁਸਤਕ ਬਾਈਬਲ ਵਿਚ ਗ਼ੁਲਾਮਾਂ ਸੰਬੰਧੀ ਅਨੇਕਾਂ ਹਿਦਾਇਤਾਂ ਦਰਜ ਹਨ। ਡੇਢ ਕੁ ਸੌ ਸਾਲ ਪਹਿਲਾਂ ਤਕ ਵੀ ਇਸਾਈ ਮੱਤ ਦੇ ਲੋਕਾਂ ਦਾ ਇਹ ਮੰਨਣਾ ਸੀ ਕਿ ਅਫਰੀਕਾ ਦੇ ਕਾਲ਼ੇ ਲੋਕਾਂ ਨੂੰ ਗੁਲਾਮ ਬਣਾਉਣਾ ਹਰ ਪੱਖੋਂ ਸਹੀ ਸੀ ਕਿਉਂਕਿ ਉਨ੍ਹਾਂ ਵਿਚ ਯੂਰਪ ਦੇ ਗੋਰੇ ਲੋਕਾਂ ਵਾਂਗ ਰੂਹ ਨਹੀਂ ਸੀ ਅਤੇ ਉਨ੍ਹਾਂ ਨੂੰ ਇਨਸਾਨਾਂ ਵਾਂਗ ਦੁੱਖ ਮਹਿਸੂਸ ਨਹੀਂ ਸੀ ਹੁੰਦਾ। ਇਸ ਕਰਕੇ ਉਨ੍ਹਾਂ ਤੋਂ ਪਸ਼ੂਆਂ ਵਾਂਗ ਕੰਮ ਲਿਆ ਜਾ ਸਕਦਾ ਸੀ ਤੇ ਉਨ੍ਹਾਂ ਨੂੰ ਵੇਚਿਆ ਖਰੀਦਿਆ ਜਾ ਸਕਦਾ ਸੀ। ਅਮਰੀਕਾ ਵਿਚ ਗ਼ੁਲਾਮੀ ਦੇ ਹੱਕ ਵਿਚ ਬੋਲਣ ਤੇ ਲਿਖਣ ਵਾਲ਼ੇ ਵੱਡੀ ਗਿਣਤੀ ਇਸਾਈ ਪਾਦਰੀ ਸਨ ਤੇ ਉਹ ਆਪਣੀ ਪਵਿੱਤਰ ਪੁਸਤਕ ਦੇ ਆਧਾਰ 'ਤੇ ਪੂਰੇ ਦਾਅਵੇ ਨਾਲ ਇਹ ਗੱਲ ਕਰਦੇ ਸਨ।

ਇਸ ਕਿਸਮ ਦੇ ਪਿਛੋਕੜ ਤੋਂ ਤੁਰ ਕੇ ਜੇ ਅੱਜੋਕੇ ਇਨਸਾਨ ਵਿਚ ਮਨੁੱਖੀ ਆਜ਼ਾਦੀ ਅਤੇ ਬਰਾਬਰੀ ਦਾ ਅਹਿਸਾਸ ਪੈਦਾ ਹੋਇਆ ਹੈ ਤਾਂ ਉਸ ਦੀ ਸੂਝ ਕਿਸੇ ਵੀ ਧਰਮ ਜਾਂ ਧਾਰਮਿਕ ਆਗੂ ਕੋਲ਼ੋਂ ਪ੍ਰਾਪਤ ਨਹੀਂ ਹੋਈ। ਇਸ ਵਿਕਾਸ ਦਾ ਮੁੱਖ ਕਾਰਨ ਇਨਸਾਨ ਦਾ ਧਾਰਮਿਕ ਜਕੜ ਤੋਂ ਪਾਸੇ ਹੋ ਕੇ ਆਪਣੇ ਆਲ਼ੇ ਦੁਆਲ਼ੇ ਨੂੰ ਤਰਕ ਨਾਲ ਦੇਖ, ਘੋਖ ਸਕਣਾ ਹੈ। ਵਿਗਿਆਨਕ ਸੂਝ ਅਨੁਸਾਰ ਇਸ ਵੇਲ਼ੇ ਸਮੁੱਚੀ ਦੁਨੀਆ ਵਿਚ ਅੱਠ ਬਿਲੀਅਨ ਨੂੰ ਢੁੱਕ ਰਹੀ ਆਬਾਦੀ ਦਾ ਹਰ ਵਿਅਕਤੀ ਹਰ ਪੱਖੋਂ ਬਰਾਬਰ ਹੈ। ਅਮਰੀਕਨ ਲੇਖਕ ਸੈਮ ਹੈਰਿਸ ਆਪਣੀ ਕਿਤਾਬ 'ਨੈਤਿਕ ਭੂ-ਦ੍ਰਿਸ਼' (The Moral Landscape) ਵਿਚ ਲਿਖਦਾ ਹੈ: "ਜਿਨਸੀ ਸਬੂਤ ( genetic evidence) ਇਹ ਇਸ਼ਾਰਾ ਕਰਦੇ ਹਨ ਕਿ 150 ਕੁ ਲੋਕਾਂ ਦਾ ਕਾਫਲਾ (ਪੰਜਾਹ ਹਜ਼ਾਰ ਸਾਲ ਪਹਿਲਾਂ) ਅਫਰੀਕਾ ਤੋਂ ਤੁਰਿਆ ਜਿਹਨੇ ਦੁਨੀਆ ਦੀ ਬਾਕੀ ਲੋਕਾਈ ਨੂੰ ਜਨਮ ਦਿੱਤਾ।" ਭੂਗੋਲਿਕ ਸਥਿਤੀਆਂ ਤੇ ਵਾਤਾਵਰਨ ਨੇ ਉਨ੍ਹਾਂ ਦੀ ਚਮੜੀ ਦੇ ਰੰਗ, ਅਤੇ ਸਰੀਰਕ ਬਣਤਰ 'ਤੇ ਅਸਰ ਪਾਇਆ। ਪਰ ਚਮੜੀ ਦੇ ਵੱਖਰੇ ਰੰਗ, ਨਸਲ ਜਾਂ ਸਰੀਰਕ ਬਣਤਰ ਨਾਲ ਉਨ੍ਹਾਂ ਦੇ ਇਨਸਾਨ ਹੋਣ ਵਿਚ ਕਿਸੇ ਕਿਸਮ ਦਾ ਕੋਈ ਫਰਕ ਨਹੀਂ ਪਿਆ। ਪਰ ਪੁਰਾਣੇ ਵਿਸ਼ਵਾਸਾਂ ਦੇ ਅਸਰ ਥੱਲੇ ਅਤੇ ਆਰਥਿਕ ਤੇ ਸਮਾਜਕ ਕਾਰਨਾਂ ਵੱਸ ਕਾਫੀ ਗਿਣਤੀ ਗੋਰੇ ਲੋਕਾਂ ਵੱਲੋਂ ਗ਼ੈਰ-ਗੋਰੇ ਲੋਕਾਂ ਨਾਲ ਨਸਲੀ ਤੇ ਰੰਗ ਆਧਾਰਤ ਵਿਤਕਰਾ ਅਜੇ ਵੀ ਲਗਾਤਾਰ ਜਾਰੀ ਹੈ ਅਤੇ ਇਹ ਅਕਸਰ ਦੇਖਣ ਵਿਚ ਆਇਆ ਹੈ ਕਿ ਅਜਿਹਾ ਵਿਤਕਰਾ ਕਰਨ ਵਾਲ਼ੇ ਲੋਕਾਂ ਵਿਚ ਧਾਰਮਿਕ ਲੋਕਾਂ ਦੀ ਗਿਣਤੀ ਮੁਕਾਬਲਤਨ ਵੱਧ ਹੁੰਦੀ ਹੈ।

ਇਸੇ ਤਰ੍ਹਾਂ ਧਰਮਾਂ ਅਨੁਸਾਰ ਇਹ ਵੀ ਮੰਨਿਆ ਜਾਂਦਾ ਸੀ ਕਿ ਰਾਜੇ ਪਰਮਾਤਮਾ ਵੱਲੋਂ ਰਾਜ ਕਰਨ ਲਈ ਭੇਜੇ ਗਏ ਸਨ ਤੇ ਪਰਜਾ ਉਨ੍ਹਾਂ ਦੀ ਜੀਅ ਹਜ਼ੂਰੀ ਲਈ ਸੀ। ਭਾਵੇਂ ਅਜੇ ਵੀ ਅੱਜੋਕੇ ਆਰਥਿਕ ਢਾਂਚੇ ਵਿਚ ਇਸ ਸੋਚ ਦੀ ਰਹਿੰਦ ਖੂੰਦ ਦੇਖਣ ਨੂੰ ਮਿਲਦੀ ਹੈ ਪਰ ਹੁਣ ਇਸ ਨੂੰ ਪਹਿਲਾਂ ਵਾਲ਼ੀ ਮਾਨਤਾ ਪ੍ਰਾਪਤ ਨਹੀਂ। ਜਿੱਥੇ ਪਹਿਲਾਂ ਰਾਜੇ ਨੂੰ ਪਰਮਾਤਮਾ ਵੱਲੋਂ ਭੇਜਿਆ ਸਮਝ ਕੇ ਉਹਦੇ ਅੱਗੇ ਝੁਕਣਾ ਨੈਤਿਕ ਸਮਝਿਆ ਜਾਂਦਾ ਸੀ, ਹੁਣ ਇਸ ਨੂੰ ਵੱਖਰੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਵਿਗਿਆਨਕ ਸੂਝ ਨਾਲ ਬਹੁਤੇ ਲੋਕ ਹੁਣ ਇਹ ਗੱਲ ਭਲੀ ਭਾਂਤ ਸਮਝਦੇ ਹਨ ਕਿ ਸਾਰੇ ਇਨਸਾਨ ਬਰਾਬਰ ਹਨ ਅਤੇ ਕਿਸੇ ਨੂੰ ਵੀ ਦੂਜਿਆਂ ਉਪਰ ਭਾਰੀ ਹੋਣ ਦਾ ਜਮਾਂਦਰੂ ਹੱਕ ਹਾਸਲ ਨਹੀਂ ਹੋ ਸਕਦਾ। ਅੱਜੋਕੇ ਸਮੇਂ ਦੌਰਾਨ ਸਮਾਜ ਜਾਂ ਦੇਸਾਂ ਦੇ ਕੰਮਕਾਰ ਚਲਾਉਣ ਵਾਸਤੇ ਲੋਕ ਖੁਦ ਆਪਣੇ ਵਿਚੋਂ ਕੁਝ ਵਿਅਕਤੀਆਂ ਨੂੰ ਚੁਣਦੇ ਹਨ। ਭਾਵੇਂ ਸਰਕਾਰ ਚੁਣਨ ਜਾਂ ਸਰਕਾਰੀ ਪ੍ਰਬੰਧ ਚਲਾਉਣ ਦੇ ਢੰਗ ਤਰੀਕਿਆਂ ਵਿਚ ਅਨੇਕਾਂ ਸੁਧਾਰਾਂ ਦੀ ਲੋੜ ਹੈ ਪਰ ਹੁਣ ਜੇ ਕੋਈ ਇਹ ਸੁਝਾਅ ਦੇਵੇ ਕਿ ਕਿਸੇ ਵਿਅਕਤੀ ਨੂੰ ਰੱਬ ਵੱਲੋਂ ਇਹ ਹੱਕ ਹਾਸਲ ਹੈ ਤਾਂ ਇਸ ਗੱਲ ਨੂੰ ਕਿਸੇ ਪੱਖੋਂ ਵੀ ਨੈਤਿਕ ਵਿਚਾਰ ਨਹੀਂ ਮੰਨਿਆ ਜਾਵੇਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦੁਨੀਆ ਦੇ ਮੌਜੂਦਾ ਪੂੰਜੀਵਾਦੀ ਆਰਥਿਕ ਢਾਂਚੇ ਵਿਚ ਸਮਾਜ ਦੀ ਵਾਗ ਡੋਰ ਅਮੀਰ ਜਮਾਤ ਦੇ ਹੱਥਾਂ ਵਿਚ ਹੈ। ਇਹ ਜਮਾਤ ਆਮ ਲੋਕਾਂ ਨੂੰ ਗ਼ਰੀਬੀ ਦੀ ਪੱਧਰ ਤੋਂ ਹੇਠਾਂ ਰੱਖਣ ਵਿਚ ਕਾਮਯਾਬ ਹੈ ਅਤੇ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਅਮੀਰ ਜਮਾਤ ਇਸ ਕੰਮ ਲਈ ਸ਼ਰ੍ਹੇਆਮ ਧਰਮ ਦੀ ਵਰਤੋਂ ਕਰਦੀ ਹੈ। ਬੜੇ ਯੋਜਨਾਬੱਧ ਤਰੀਕੇ ਨਾਲ ਆਮ ਲੋਕਾਂ ਨੂੰ ਵਿਗਿਆਨਕ ਸੂਝ ਤੋਂ ਦੂਰ ਰੱਖਿਆ ਜਾਂਦਾ ਹੈ ਅਤੇ ਜਥੇਬੰਦ ਧਰਮ ਨੂੰ ਆਰਥਿਕ ਮੱਦਦ ਦੇ ਕੇ ਲੋਕਾਂ ਨੂੰ ਪੁਰਾਣੀ ਸੋਚ ਵਿਚ ਗਲਤਾਨ ਰੱਖਿਆ ਜਾਂਦਾ ਹੈ। ਨਤੀਜੇ ਵਜੋਂ ਬਹੁਤੇ ਲੋਕ ਆਪਣੀ ਹਾਲਤ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਬਣਨ ਦੀ ਥਾਂ ਇਸ ਨੂੰ ਪਰਮਾਤਮਾ ਦੀ ਦੇਣ ਜਾਂ ਕਿਸਮਤ ਮੰਨ ਕੇ ਉਸ ਅਨੁਸਾਰ ਜੀਵਨ ਜੀਣ ਦੀ ਕੋਸ਼ਿਸ਼ ਕਰਦੇ ਹਨ। ਇਹ ਗੱਲ ਖਾਸ ਕਰ ਭਾਰਤ ਵਰਗੇ ਮੁਲਕ ਵਿਚ ਸਾਫ ਦੇਖਣ ਨੂੰ ਮਿਲਦੀ ਹੈ ਜਿੱਥੇ ਪੁਜਾਰੀ ਜਮਾਤ ਵੱਲੋਂ ਸੁਝਾਇਆ ਵਿਸ਼ਵਾਸ ਕਿ ਉਨ੍ਹਾਂ ਦੀ ਸਥਿਤੀ ਦਾ ਕਾਰਨ ਰੱਬ ਵੱਲੋਂ ਤਹਿ ਕੀਤੀ ਉਨ੍ਹਾਂ ਦੀ ਕਿਸਮਤ ਹੈ ਜਾਂ ਉਨ੍ਹਾਂ ਦੇ ਪਿਛਲੇ ਜਨਮਾਂ ਦੇ ਕੰਮ ਇਸ ਦਾ ਕਾਰਨ ਹਨ।

ਸਮਾਜ ਵਿਚ ਔਰਤ ਦੀ ਸਥਿਤੀ ਬਾਰੇ ਵੀ ਇਹ ਗੱਲ ਕਹੀ ਜਾ ਸਕਦੀ ਹੈ ਕਿ ਤਕਰੀਬਨ ਸਾਰੇ ਹੀ ਧਰਮ ਵੱਖੋ ਵੱਖਰੇ ਤਰੀਕੇ ਨਾਲ ਔਰਤ ਨੂੰ ਮਰਦ ਨਾਲੋਂ ਥੱਲੇ ਦੀ ਸ਼ੈਅ ਵਜੋਂ ਦੇਖਦੇ ਸਨ ਅਤੇ ਕੁਝ ਹੱਦ ਤਕ ਅਜੇ ਵੀ ਦੇਖਦੇ ਹਨ। ਲਗਪਗ ਸਾਰੇ ਹੀ ਧਰਮ ਆਦਮੀਆਂ ਦੇ ਦਿਮਾਗ਼ਾਂ ਦੀ ਕਾਢ ਹਨ ਅਤੇ ਇਨ੍ਹਾਂ ਨੂੰ ਸਥਾਪਤ ਕਰਨ ਵਿਚ ਔਰਤ ਦਾ ਯੋਗਦਾਨ ਨਾ ਬਰਾਬਰ ਹੈ। ਇਸਾਈ ਧਰਮ ਦੇ ਪੈਰੋਕਾਰਾਂ ਵੱਲੋਂ ਯੂਰਪ ਵਿਚ ਲੰਮਾ ਸਮਾਂ ਔਰਤਾਂ ਨੂੰ ਭੂਤਨੀਆਂ (witches) ਕਹਿ ਕੇ ਜ਼ਿੰਦਾ ਜਲਾਇਆ ਜਾਂਦਾ ਰਿਹਾ। ਇਸਲਾਮ ਵਿਚ ਅਜੇ ਵੀ ਔਰਤ ਨੂੰ ਬਰਾਬਰ ਦੇ ਹੱਕ ਪ੍ਰਾਪਤ ਨਹੀਂ ਹਨ। ਕਈ ਥਾਵੀਂ ਉਹ ਪੜ੍ਹ ਲਿਖ ਨਹੀਂ ਸਕਦੀ ਤੇ ਕਈ ਥਾਵੀਂ ਕਾਰ ਤਕ ਨਹੀਂ ਚਲਾ ਸਕਦੀ। ਜਿੱਥੇ ਧਰਮ ਮਰਦ ਨੂੰ ਇਕ ਤੋਂ ਵੱਧ ਵਿਆਹ ਕਰਾਉਣ ਦੀ ਇਜਾਜ਼ਤ ਦਿੰਦਾ ਹੈ ਉੱਥੇ ਔਰਤ ਜੇ ਮਰਦ ਦੀ ਵਾਹੀ ਲਕੀਰ ਤੋਂ ਇੱਧਰ ਉੱਧਰ ਹੋ ਜਾਵੇ ਤਾਂ ਉਸ ਨੂੰ ਧਰਤੀ ਵਿਚ ਗੱਡ ਕੇ ਪੱਥਰਾਂ ਨਾਲ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ।

ਭਾਰਤ ਵਿਚ ਤਾਂ ਔਰਤ ਦੀ ਸਥਿਤੀ ਹੋਰ ਵੀ ਭਿਆਨਕ ਰਹੀ ਹੈ ਅਤੇ ਕਾਫੀ ਹੱਦ ਤਕ ਅਜੇ ਵੀ ਹੈ। ਮਰਦ ਦੇ ਬਰਾਬਰ ਔਰਤ ਦੇ ਅਤੇ ਖਾਸ ਕਰ ਅਖੌਤੀ ਛੋਟੀਆਂ ਜਾਤਾਂ ਦੀਆਂ ਔਰਤਾਂ ਦੇ ਹੱਕ ਬਹੁਤ ਘੱਟ ਸਨ। ਗ਼ਰੀਬ ਲੋਕਾਂ ਨੂੰ ਆਪਣੀਆਂ ਧੀਆਂ ਦੇਵਦਾਸੀ ਪ੍ਰਥਾ ਅਨੁਸਾਰ ਪੁਜਾਰੀਆਂ ਦੀ ਸੇਵਾ ਕਰਨ ਲਈ ਮੰਦਰਾਂ ਨੂੰ ਦੇਣੀਆਂ ਪੈਂਦੀਆਂ ਸਨ ਜਿੱਥੇ ਉਹ ਪੁਜਾਰੀਆਂ ਅਤੇ ਅਮੀਰ ਲੋਕਾਂ ਦੀ ਕਾਮ ਪੂਰਤੀ ਲਈ ਵਰਤੀਆਂ ਜਾਂਦੀਆਂ ਸਨ। ਔਰਤਾਂ ਨੂੰ ਆਪਣੇ ਮਰਦ ਦੀ ਮੌਤ ਸਮੇਂ ਸਤੀ ਹੋਣਾ ਪੈਂਦਾ ਸੀ। ਵਿਧਵਾ ਔਰਤਾਂ ਨੂੰ ਦੁਬਾਰਾ ਸ਼ਾਦੀ ਕਰਨ ਦਾ ਅਧਿਕਾਰ ਨਹੀਂ ਸੀ। ਅਨੇਕਾਂ ਥਾਵਾਂ 'ਤੇ ਔਰਤ ਨੂੰ ਇੱਜ਼ਤ ਦੇ ਨਾਂ 'ਤੇ ਕਤਲ ਕਰ ਦਿੱਤਾ ਜਾਂਦਾ ਹੈ ਤੇ ਕਈ ਵਾਰੀ ਜੰਮਣ ਤੋਂ

ਪਹਿਲਾਂ ਹੀ ਕੁੱਖ ਵਿਚ ਖਤਮ ਕਰ ਜਾਂ ਕਰਵਾ ਦਿੱਤਾ ਜਾਂਦਾ ਸੀ ਤੇ ਹੈ। ਇਨ੍ਹਾਂ ਸਭ ਪੁੱਜ ਕੇ ਅਨੈਤਿਕ ਵਿਵਹਾਰਾਂ ਨੂੰ ਧਰਮ ਵੱਲੋਂ ਪੂਰੀ ਮਾਨਤਾ ਮਿਲਦੀ ਰਹੀ ਹੈ। ਦੁਨੀਆ ਦੇ ਉਹ ਹਿੱਸੇ ਜਿੱਥੇ ਧਰਮ ਦੀ ਪਕੜ ਜ਼ਿਆਦਾ ਹੈ ਉੱਥੇ ਔਰਤ ਦੇ ਹੱਕ ਨਾ ਹੋਣ ਬਰਾਬਰ ਹਨ। ਜਿੱਥੇ ਧਰਮ ਤੇ ਰਾਜ ਵਿਚ ਦੂਰੀ ਸਥਾਪਤ ਕੀਤੀ ਜਾ ਚੁੱਕੀ ਹੈ ਅਤੇ ਕਾਨੂੰਨਾਂ ਦਾ ਆਧਾਰ ਧਰਮ ਨਹੀਂ, ਉੱਥੇ ਵੀ ਔਰਤ ਨੂੰ ਮਰਦ ਦੇ ਬਰਾਬਰ ਹੱਕ ਪ੍ਰਾਪਤ ਕਰਨ ਲਈ ਲਗਾਤਾਰ ਜੱਦੋਜਹਿਦ ਕਰਨੀ ਪੈ ਰਹੀ ਹੈ। ਔਰਤ ਪ੍ਰਤੀ ਧਰਮਾਂ ਵੱਲੋਂ ਪਰਚਾਰੀ ਤੇ ਸਤਿਕਾਰੀ ਜਾਂਦੀ ਅਜਿਹੀ ਸੋਚ ਨੂੰ ਅੱਜੋਕੇ ਸਮੇਂ ਕਿਸੇ ਵੀ ਪੱਧਰ 'ਤੇ ਨੈਤਿਕ ਨਹੀਂ ਮੰਨਿਆ ਜਾ ਸਕਦਾ। ਵਿਗਿਆਨਕ ਸੋਚ ਨੇ ਇਸ ਦਰਜਾਬੰਦੀ ਨੂੰ ਖਤਮ ਕਰਨ ਵੱਲ ਬਹੁਤ ਤੇਜ਼ੀ ਨਾਲ ਕਦਮ ਪੁੱਟੇ ਹਨ।

ਧਾਰਮਿਕ ਸੋਚ ਦੇ ਵਿਸ਼ਾਲ ਪੱਧਰ 'ਤੇ ਅਨੈਤਿਕ ਹੋਣ ਦੀ ਸਭ ਤੋਂ ਵੱਡੀ ਤੇ ਅਤਿ ਘਿਨਾਉਣੀ ਉਦਾਹਰਣ ਭਾਰਤ ਦਾ ਜਾਤਪਾਤੀ ਢਾਂਚਾ ਹੈ। ਇਸ ਸੋਚ ਅਨੁਸਾਰ ਇੱਕੀਵੀਂ ਸਦੀ ਵਿਚ ਵੀ ਸਮਾਜ ਦੇ ਇਕ ਵਰਗ ਨੂੰ ਬਰਾਬਰ ਦੇ ਇਨਸਾਨ ਨਹੀਂ ਸਮਝਿਆ ਜਾ ਰਿਹਾ ਤੇ ਨਾ ਹੀ ਉਨ੍ਹਾਂ ਨਾਲ ਇਨਸਾਨਾਂ ਵਾਲ਼ਾ ਸਲੂਕ ਕੀਤਾ ਜਾ ਰਿਹਾ ਹੈ। ਜਿਸ ਤਰੀਕੇ ਨਾਲ ਭਾਰਤ ਦੀ ਮੌਜੂਦਾ ਹਿੰਦੂ ਸਰਕਾਰ ਦੀ ਸਹਿਮਤੀ ਨਾਲ ਅਖੌਤੀ ਛੋਟੀਆਂ ਜਾਤਾਂ ਨਾਲ ਸ਼ਰ੍ਹੇਆਮ ਵਿਤਕਰਾ ਤੇ ਹਿੰਸਾ ਕੀਤੀ ਜਾ ਰਹੀ ਹੈ, ਉਸ ਨੂੰ ਕਿਸੇ ਤਰ੍ਹਾਂ ਵੀ ਨੈਤਿਕ ਨਹੀਂ ਕਿਹਾ ਜਾ ਸਕਦਾ। ਭਾਵੇਂ ਲੰਮੇ ਸਮੇਂ ਤੋਂ ਜਾਤਪਾਤ ਨੂੰ ਖਤਮ ਕਰਨ ਦੀਆਂ ਕੋਸ਼ਸ਼ਾਂ ਹੋ ਰਹੀਆਂ ਹਨ ਪਰ ਇਸ ਦੇ ਕਾਇਮ ਰਹਿਣ ਪਿੱਛੇ ਸਭ ਤੋਂ ਵੱਡਾ ਕਾਰਨ ਬਿਨਾਂ ਸ਼ੱਕ ਲੋਕਾਂ ਦੀ ਸੋਚ ਉੱਤੇ ਧਰਮ ਦੀ ਜਕੜ ਹੈ।

ਵਿਗਿਆਨਕ ਸੂਝ ਤੋਂ ਪਹਿਲਾਂ ਮਨੁੱਖ ਨੂੰ ਲੱਗਦੀਆਂ ਬੀਮਾਰੀਆਂ ਬਾਰੇ ਜੋ ਸਮਝ ਸੀ ਤੇ ਉਸ ਸਮਝ ਅਨੁਸਾਰ ਬੀਮਾਰੀਆਂ ਦੇ ਇਲਾਜ ਨਾਲ ਜੁੜਿਆ ਬਹੁਤ ਕੁਝ ਸੀ ਜੋ ਅੱਜੋਕੇ ਸਮੇਂ ਅਨੈਤਿਕਤਾ ਦੇ ਘੇਰੇ ਵਿਚ ਆਉਂਦਾ ਹੈ। ਜਿਵੇਂ ਜੋਤਿਸ਼, ਭੂਤਾਂ ਅਤੇ ਰੂਹਾਂ ਆਦਿ ਵਿਚ ਵਿਸ਼ਵਾਸ ਤੇ ਭੂਤ ਕੱਢਣ ਲਈ ਵਰਤੇ ਜਾਂਦੇ ਤੌਰ ਤਰੀਕੇ ਕਿਸੇ ਵੀ ਕੋਣ ਤੋਂ ਨੈਤਿਕ ਨਹੀਂ ਕਹੇ ਜਾ ਸਕਦੇ। ਆਪਣੀਆਂ ਮੁਸ਼ਕਲਾਂ ਦੇ ਹੱਲ ਲਈ ਜਾਦੂ, ਟੂਣੇ ਤੇ ਮੰਤਰ ਆਦਿ ਵੀ ਸਿੱਧੇ ਤੌਰ 'ਤੇ ਅਨੈਤਿਕ ਕਾਰਜ ਹਨ ਕਿਉਂਕਿ ਉਹ ਵਿਅਕਤੀ ਵੱਲੋਂ ਆਪਣੇ ਮੁਫਾਦ ਲਈ ਦੂਜੇ ਦਾ ਨੁਕਸਾਨ ਕਰਨ ਦੀ ਮਨਸ਼ਾ ਨਾਲ ਕੀਤੇ ਜਾਂਦੇ ਹਨ। ਲੋਕਾਂ ਵਿਚ ਅਜੇ ਵੀ ਅਨੇਕਾਂ ਅੰਧ-ਵਿਸ਼ਵਾਸਾਂ ਦੇ ਹੋਣ ਵਿਚ ਧਰਮ ਭਾਵੇਂ ਸਿੱਧੇ ਤੌਰ 'ਤੇ ਜ਼ਿੰਮੇਵਾਰ ਨਾ ਹੋਵੇ, ਅਸਿੱਧੇ ਤੌਰ 'ਤੇ ਜ਼ਰੂਰ ਜ਼ਿੰਮੇਵਾਰ ਹੈ। ਲੋਕਾਂ ਦੀ ਅਗਿਆਨਤਾ ਨੂੰ ਆਪਣੀ ਕਮਾਈ ਦਾ ਹਿੱਸਾ ਬਣਾਉਣ ਵਾਲ਼ੇ ਹਰ ਕਿਸਮ ਦੇ ਧੋਖੇਬਾਜ਼ ਲੋਕਾਂ ਨੂੰ ਧਰਮ ਦੀ ਪੂਰੀ ਹਿਮਾਇਤ ਮਿਲਦੀ ਹੈ। ਨਾਲ ਹੀ ਲੋਕਾਂ ਦੀ ਧਰਮ ਵਿਚ ਸ਼ਰਧਾ ਤੇ ਵਿਗਿਆਨਕ ਸੂਝ ਤੋਂ ਦੂਰੀ ਵੀ ਉਨ੍ਹਾਂ ਦੀਆਂ ਸਥਿਤੀਆਂ ਲਈ ਜ਼ਿੰਮੇਵਾਰ ਹੈ। ਸ਼ਰਧਾ ਬਿਨਾਂ ਅੰਧ-ਵਿਸ਼ਵਾਸ ਸੰਭਵ ਹੀ ਨਹੀਂ।

ਅੱਜੋਕੇ ਸਮੇਂ ਦੌਰਾਨ ਖਾਸ ਕਰਕੇ ਪੰਜਾਬੀ ਭਾਈਚਾਰੇ ਵਿਚ ਧਾਰਮਿਕ ਸੰਸਥਾਵਾਂ, ਹਰ ਕਿਸਮ ਦੇ ਧਾਰਮਿਕ ਆਗੂਆਂ ਅਤੇ ਬਹੁਤੇ ਪੰਜਾਬੀ ਮੀਡੀਏ ਵੱਲੋਂ ਲੋਕਾਂ ਨੂੰ ਚੰਗੇ, ਇਮਾਨਦਾਰ, ਹਮਦਰਦ ਇਨਸਾਨ ਬਣਨ ਦੀ ਸਿੱਖਿਆ 'ਤੇ ਮੁਕਾਬਲਤਨ ਵੱਧ ਸ਼ਕਤੀ ਤੇ ਸੋਮੇ ਲਾਏ ਜਾਂਦੇ ਹਨ। ਹਰ ਪਾਸੇ ਹਰ ਵੇਲ਼ੇ ਸਾਨੂੰ ਧਰਮ ਦੀ ਚਰਚਾ ਸੁਣਨ ਨੂੰ ਮਿਲਦੀ ਹੈ। ਆਮ ਲੋਕ ਵੀ ਤੇ ਸਮਾਜ ਵਿਚ ਵੱਖ ਵੱਖ ਖੇਤਰਾਂ ਵਿਚ ਪਛਾਣ ਰੱਖਣ ਵਾਲ਼ੇ ਲੋਕ, ਖਾਸ ਕਰ ਪੰਜਾਬੀ ਗਾਇਕ ਤੇ ਕਲਾਕਾਰ ਆਪਣੀ ਹਰ ਗੱਲ ਵਿਚ ਪਰਮਾਤਮਾ ਦਾ ਜ਼ਿਕਰ ਕਰਨਾ, ਹਰ ਗੱਲ ਲਈ ਉਹਦਾ ਸ਼ੁਕਰੀਆ ਅਦਾ ਕਰਨਾ ਆਪਣਾ ਮੁੱਖ ਕਰਤਵ ਸਮਝਦੇ ਹਨ। ਇਸ ਨਾਲ ਆਮ ਲੋਕਾਂ ਦੇ ਮਨਾਂ ਵਿਚੋਂ ਧਰਮ ਦਾ ਤੇ ਰੱਬ ਦਾ ਖਿਆਲ ਇਕ ਪਲ ਲਈ ਵੀ ਪਾਸੇ ਨਹੀਂ ਜਾਣ ਦਿੰਦੇ। ਧਰਮ ਦਾ ਏਨਾ ਜ਼ਿਆਦਾ ਬੋਲਬਾਲਾ ਹੋਣ ਦੇ ਬਾਵਜੂਦ ਵੱਡੀ ਗਿਣਤੀ ਪੰਜਾਬੀਆਂ ਵੱਲੋਂ ਇਹ ਗੱਲ ਵੀ ਮੰਨੀ ਜਾਂਦੀ ਹੈ ਕਿ ਬਹੁਤੇ ਪੰਜਾਬੀ ਦੂਜੇ ਲੋਕਾਂ ਦੇ ਮੁਕਾਬਲੇ ਘੱਟ ਇਮਾਨਦਾਰ ਅਤੇ ਨੈਤਿਕ ਹਨ। ਅਸੀਂ ਆਮ ਦੇਖਦੇ, ਸੁਣਦੇ, ਪੜ੍ਹਦੇ ਹਾਂ ਕਿ ਸਾਡੇ ਧਾਰਮਿਕ, ਸਿਆਸੀ ਤੇ ਕਾਰੋਬਾਰੀ (business) ਖੇਤਰਾਂ ਵਿਚਲੇ ਆਗੂ ਅਕਸਰ ਆਪਣੇ ਕਾਰਜਾਂ ਵਿਚ ਅਨੈਤਿਕ ਹੁੰਦੇ ਹਨ। ਆਮ ਲੋਕ ਵੀ ਲੋੜ

ਅਨੁਸਾਰ ਆਪਣਾ ਕੰਮ ਕੱਢਣ ਵਾਸਤੇ ਜੇ ਕੋਈ ਅਨੈਤਿਕ ਗੱਲ ਕਰਨੀ ਪਵੇ ਤਾਂ ਬਹੁਤੀ ਸੋਚ ਵਿਚਾਰ ਤੋਂ ਬਿਨਾਂ ਹੀ ਕਰ ਲੈਂਦੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕਾਂ ਦੀ ਜੀਵਨ-ਜਾਚ ਧਾਰਮਿਕ ਸਿੱਖਿਆ 'ਤੇ ਆਧਾਰਤ ਹੁੰਦੀ ਹੈ। ਅਨੈਤਿਕ ਕੰਮ ਕਰਨ ਸਮੇਂ ਉਹ ਅੰਦਰੋਂ ਡਰਦੇ ਵੀ ਹਨ ਕਿ ਰੱਬ ਉਨ੍ਹਾਂ ਦੇ ਇਸ ਕਾਰਜ ਨੂੰ ਦੇਖ ਰਿਹਾ ਹੈ। ਉਹ ਆਪਣੇ ਰੱਬ ਦੀ ਤੇ ਧਰਮ ਦੀ ਆਪਣੀ ਆਰਥਿਕ ਸ਼ਕਤੀ ਨਾਲ ਪੂਜਾ ਕਰ ਜਾਂ ਕਰਵਾ ਕੇ ਆਪਣੇ ਇਸ ਡਰ ਤੋਂ ਛੁਟਕਾਰਾ ਪਾਉਂਦੇ ਹਨ। ਇਸ ਨਾਲ ਅਨੈਤਿਕਤਾ ਦਾ ਇਕ ਨਾ ਟੁੱਟਣ ਵਾਲ਼ਾ ਚੱਕਰ ਚੱਲਦਾ ਰਹਿੰਦਾ ਹੈ।

ਇਸ ਸਥਿਤੀ ਦਾ ਮੁਕਾਬਲਾ ਅਸੀਂ ਦੁਨੀਆ ਦੇ ਕੁਝ ਉਨ੍ਹਾਂ ਸਮਾਜਾਂ ਨਾਲ ਕਰ ਸਕਦੇ ਹਾਂ ਜਿੱਥੇ ਬਹੁ ਗਿਣਤੀ ਲੋਕ ਗ਼ੈਰ-ਧਾਰਮਿਕ ਹਨ ਜਾਂ ਨਾਸਤਕ ਹਨ। ਉਦਾਹਰਣ ਵਜੋਂ, ਸਕੈਂਡੇਨੇਵੀਅਨ ਮੁਲਕਾਂ - ਡੈਨਮਾਰਕ, ਨੌਰਵੇ ਅਤੇ ਸਵੀਡਨ - ਦੇ ਲੋਕਾਂ ਵਿਚ ਪੰਝੱਤਰ ਪ੍ਰਤੀਸ਼ਤ ਤੋਂ ਉਪਰ ਕਿਸੇ ਕਿਸਮ ਦੇ ਰੱਬ ਜਾਂ ਅਣਦਿਸਦੀ ਸ਼ਕਤੀ ਵਿਚ ਯਕੀਨ ਨਹੀਂ ਕਰਦੇ ਅਤੇ ਉਨ੍ਹਾਂ ਵਿਚੋਂ ਸਿਰਫ ਤਿੰਨ ਤੋਂ ਪੰਜ ਪ੍ਰਤੀਸ਼ਤ ਤਕ ਹੀ ਨੇਮ ਨਾਲ ਚਰਚ ਜਾਂਦੇ ਹਨ। ਉਨ੍ਹਾਂ ਦੇ ਰੋਜ਼ਾਨਾ ਜੀਵਨ ਵਿਚ ਧਰਮ ਜਾਂ ਧਾਰਮਿਕ ਗੱਲਾਂ ਬਾਤਾਂ ਦੀ ਕੋਈ ਬਹੁਤੀ ਅਹਿਮੀਅਤ ਨਹੀਂ। ਇਨ੍ਹਾਂ ਮੁਲਕਾਂ ਦੇ ਲੋਕਾਂ ਬਾਰੇ ਪੜ੍ਹਨ ਸੁਣਨ ਨੂੰ ਆਮ ਮਿਲਦਾ ਹੈ ਕਿ ਇਹ ਮੁਕਾਬਲਤਨ ਜ਼ਿਆਦਾ ਨੈਤਿਕ ਹਨ ਤੇ ਬਾਕੀਆਂ ਨਾਲੋਂ ਜ਼ਿਆਦਾ ਸਾਫ ਸੁਥਰਾ ਤੇ ਖੁਸ਼ੀ ਵਾਲ਼ਾ ਜੀਵਨ ਜੀਉਂਦੇ ਹਨ। ਇਨ੍ਹਾਂ ਦੇਸਾਂ ਬਾਰੇ ਪ੍ਰਾਪਤ ਇਕ ਜਾਣਕਾਰੀ ਅਨੁਸਾਰ: *"ਜਦੋਂ ਦਇਆ ਜਾਂ ਦਾਨ ਦੀ ਗੱਲ ਆਉਂਦੀ ਹੈ ਤਾਂ ਗ਼ਰੀਬ ਮੁਲਕਾਂ ਨੂੰ ਸਹਾਇਤਾ ਦੇਣ ਦੇ ਮਾਮਲੇ ਵਿਚ ਇਹ ਤਿੰਨੋ ਮੁਲਕ ਦੁਨੀਆ ਦੇ ਉਪਰਲੇ ਚਾਰ ਮੁਲਕਾਂ ਵਿਚ ਆਉਂਦੇ ਹਨ। ਬੇਹੱਦ ਧਾਰਮਿਕ ਅਮਰੀਕਾ ਨੇ 2010 ਵਿਚ ਗ਼ਰੀਬ ਮੁਲਕਾਂ ਦੀ ਸਹਾਇਤਾ ਵਜੋਂ 97 ਡਾਲਰ ਪ੍ਰਤੀ ਵਿਅਕਤੀ ਦਿੱਤੇ, ਜੋ ਏਨਾ ਮਾੜਾ ਨਹੀਂ ਕਿਹਾ ਜਾ ਸਕਦਾ। ਪਰ ਗ਼ੈਰ-ਧਾਰਮਿਕ ਸਵੀਡਨ ਨੇ 483 ਡਾਲਰ ਪ੍ਰਤੀ ਵਿਅਕਤੀ ਦਿੱਤੇ, ਡੈਨਮਾਰਕ ਨੇ 517 ਡਾਲਰ ਤੇ ਨੌਰਵੇ ਨੇ ਆਪਣੇ ਮੁਲਕ ਦੇ ਹਰ ਆਦਮੀ ਔਰਤ ਤੇ ਬੱਚੇ ਮਗਰ 936 ਡਾਲਰ ਪ੍ਰਤੀ ਵਿਅਕਤੀ ਗ਼ਰੀਬ ਮੁਲਕਾਂ ਦੀ ਸਹਾਇਤਾ ਲਈ ਦਿੱਤੇ - ਜੋ ਕਿ ਅਮਰੀਕਾ ਨਾਲੋਂ ਦਸ ਗੁਣਾ ਵਾਧੂ ਹੈ।"*

ਉਪਰ ਵਿਚਾਰੀਆਂ ਕੁਝ ਉਦਾਹਰਣਾਂ ਵਰਗੀਆਂ ਅਨੇਕਾਂ ਹੋਰ ਸਮਾਜਕ ਸਥਿਤੀਆਂ ਹਨ ਜਿੱਥੇ ਧਰਮ ਦੀ ਸਿੱਖਿਆ ਨੈਤਿਕਤਾ ਤੋਂ ਬਿਲਕੁਲ ਹੀ ਉਲਟ ਹੈ। ਜੇ ਅੱਜੋਕੇ ਸਮੇਂ ਅਸੀਂ ਆਪਣੇ ਨਿੱਤ ਦੇ ਜੀਵਨ ਵੱਲ ਝਾਤ ਮਾਰੀਏ ਤਾਂ ਤਕਰੀਬਨ ਸਭ ਕੁਝ ਹੀ ਜੋ ਅਸੀਂ ਕਰਦੇ ਹਾਂ ਜਾਂ ਜੀਉਂਦੇ ਹਾਂ, ਉਹ ਵਿਗਿਆਨਕ ਸੂਝ ਅਨੁਸਾਰ ਪੈਦਾ ਕੀਤੀਆਂ ਵਸਤਾਂ ਤੇ ਸਥਿਤੀਆਂ ਅਨੁਸਾਰ ਹੈ। ਜੇ ਅਸੀਂ ਕਾਰ ਚਲਾਉਂਦੇ ਲਾਲ ਬੱਤੀ 'ਤੇ ਰੁਕਦੇ ਹਾਂ ਤਾਂ ਇਸ ਕਰਕੇ ਨਹੀਂ ਕਿ ਕਿਸੇ ਪਰਮਾਤਮਾ ਜਾਂ ਉਸ ਪਰਮਾਤਮਾ ਦੇ ਭੇਜੇ ਦੂਤ ਨੇ ਸਾਨੂੰ ਇਹ ਸਿੱਖਿਆ ਦਿੱਤੀ ਹੈ ਕਿ ਲਾਲ ਬੱਤੀ 'ਤੇ ਰੁਕਣਾ ਪੁੰਨ ਦਾ ਕੰਮ ਹੈ ਤੇ ਨਾ ਰੁਕਣਾ ਪਾਪ। ਅਸੀਂ ਰੁਕਦੇ ਹਾਂ ਕਿਉਂਕਿ ਸਾਨੂੰ ਪਤਾ ਹੈ ਕਿ ਨਾ ਰੁਕਣ ਨਾਲ ਸਾਡਾ ਆਪਣਾ ਤੇ ਦੂਜਿਆਂ ਦਾ ਨੁਕਸਾਨ ਹੋਵੇਗਾ।

ਨੈਤਿਕਤਾ ਦੇ ਸੰਬੰਧ ਵਿਚ ਇਕ ਗੱਲ ਹੋਰ ਵਿਚਾਰਨ ਵਾਲ਼ੀ ਹੈ: ਕਈ ਵਾਰੀ ਅਸੀਂ ਮੌਜੂਦਾ ਅਰਥਿਕ ਢਾਂਚੇ ਕਾਰਨ ਮਨੁੱਖਤਾ ਤੇ ਵਾਤਾਵਰਨ ਲਈ ਪੈਦਾ ਹੋਈਆਂ ਬੇਸ਼ੁਮਾਰ ਮੁਸ਼ਕਲਾਂ; ਜ਼ੁਰਮ ਅਤੇ ਨਸ਼ਿਆਂ ਵਿਚ ਵਾਧਾ; ਕੰਮਾਂ ਕਾਰਾਂ ਵਿਚ ਇਮਾਨਦਾਰੀ ਦੀ ਘਾਟ; ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿਚ ਲੜਾਈ ਵਰਗੀਆਂ ਵੱਡੀਆਂ ਸਮੱਸਿਆਵਾਂ; ਆਸ ਪਾਸ ਦੇ ਲੋਕਾਂ ਦੀਆਂ ਆਮ ਨਾਂਹਵਾਚਕ ਗੱਲਾਂ; ਸਮਾਜ ਵਿਚ ਲਗਾਤਾਰ ਵਾਪਰਦੀਆਂ ਅਨੇਕਾਂ ਮਾੜੀਆਂ ਘਟਨਾਵਾਂ ਆਦਿ ਤੋਂ ਡਰੇ ਤ੍ਰਭਕੇ ਇਹ ਮਹਿਸੂਸ ਕਰਨ ਲੱਗਦੇ ਹਾਂ ਕਿ ਹੁਣ ਦੁਨੀਆ ਵਿਚ ਕੁਝ ਵੀ ਚੰਗਾ ਹੋਣ ਦੀ ਆਸ ਨਹੀਂ ਹੈ। ਹੁਣ ਜਦ ਕਿ ਸਮੁੱਚੀ ਮਨੁੱਖਤਾ ਕੋਵਿਡ-19 ਦੇ ਕਹਿਰ ਦਾ ਨਿਸ਼ਾਨਾ ਬਣੀ ਹੋਈ ਹੈ ਅਤੇ ਅਸੀਂ ਸੰਸਾਰ ਪੱਧਰ 'ਤੇ ਡਾਨਲਡ ਟਰੰਪ ਅਤੇ ਨਰਿੰਦਰ ਮੋਦੀ ਵਰਗੇ ਹੱਦ ਦੇ ਅਨੈਤਿਕ ਨੇਤਾਵਾਂ ਵੱਲੋਂ ਧਰਮਾਂ ਦੀ ਆੜ ਵਿਚ ਹਰ ਕਿਸਮ ਦੇ ਝੂਠ ਤੇ ਬੇਇਮਾਨੀ ਨਾਲ ਤਾਕਤ ਵਿਚ ਡਟੇ ਰਹਿਣ ਦਾ 'ਕ੍ਰਿਸ਼ਮਾ' ਦੇਖ ਰਹੇ ਹਾਂ, ਤਾਂ ਮਨੁੱਖਤਾ ਦੇ ਭਵਿੱਖ ਲਈ ਘੋਰ ਨਿਰਾਸ਼ਾ ਦਾ ਅਹਿਸਾਸ ਪੈਦਾ

ਹੋਣਾ ਕੁਦਰਤੀ ਗੱਲ ਹੈ। ਅਜਿਹੇ ਮੌਕੇ ਸਾਨੂੰ ਮਨੁੱਖਤਾ ਦੇ ਹੁਣ ਤਕ ਦੇ ਵਿਕਾਸ ਵੱਲ ਨਿਗਾਹ ਮਾਰਨ ਦੀ ਲੋੜ ਹੈ। ਪਹਿਲਾਂ ਵੀ ਇਸ ਕਿਸਮ ਦੀਆਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਪਰ ਇਨਸਾਨ ਨੇ ਹਾਰ ਨਹੀਂ ਮੰਨੀ। ਅਮਰੀਕਨ ਲੇਖਕ ਮਾਈਕਲ ਸ਼ਰਮਰ ਆਪਣੀ ਵੱਡ-ਆਕਾਰੀ ਪੁਸਤਕ 'ਦਾ ਮੌਰਲ ਆਰਕ' ਵਿਚ ਇਨਸਾਨ ਵੱਲੋਂ ਵੱਖ ਵੱਖ ਖੇਤਰਾਂ ਵਿਚ ਤਰਕ ਅਤੇ ਵਿਗਿਆਨਕ ਸੂਝ ਦੇ ਸਹਾਰੇ ਪਿਛਲੀਆਂ ਸਦੀਆਂ ਦੌਰਾਨ ਲਗਾਤਾਰ ਕੀਤੇ ਨੈਤਿਕ ਵਿਕਾਸ ਦੀ ਵਿਸਥਾਰ ਨਾਲ ਚਰਚਾ ਕਰਦਾ ਹੈ। ਉਸ ਦਾ ਕਹਿਣਾ ਹੈ ਕਿ "ਅਸੀਂ ਵਿਗਿਆਨ ਰਾਹੀਂ ਖੋਜ ਦੇ ਵੱਖਰੇ ਵੱਖਰੇ ਖੇਤਰਾਂ ਵਿਚੋਂ ਅੰਕੜੇ ਲੈ ਕੇ ਨੈਤਿਕ ਆਰਕ (ਚਾਪ, ਚੱਕਰ ਦਾ ਹਿੱਸਾ) ਦੇ ਵਿਕਾਸ ਦਾ ਇਤਿਹਾਸ ਦੇਖ ਸਕਦੇ ਹਾਂ। ਸਾਰੇ ਅੰਕੜੇ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਅਸੀਂ ਇਕ ਪ੍ਰਜਾਤੀ(species) ਵਜੋਂ ਕਿਸ ਤਰ੍ਹਾਂ ਜ਼ਿਆਦਾ (ਪਹਿਲਾਂ ਦੇ ਮੁਕਾਬਲੇ) ਨੈਤਿਕ ਹੋ ਰਹੇ ਹਾਂ।"

ਇਹ ਸਾਫ ਹੈ ਕਿ ਪਿਛਲੀਆਂ ਸਦੀਆਂ ਦੌਰਾਨ ਹੋਇਆ ਨੈਤਿਕ ਵਿਕਾਸ ਵਿਗਿਆਨ ਤੇ ਤਰਕ ਕਾਰਨ ਹੋਇਆ ਹੈ ਅਤੇ ਹੋ ਰਿਹਾ ਹੈ। ਅਸਲੀਅਤ ਇਹ ਹੈ ਕਿ ਇਨਸਾਨ ਕੋਲ਼ ਹੁਣ ਉਹ ਗਿਆਨ ਤੇ ਤਕਨੀਕੀ ਸੂਝ ਹੈ ਜਿਸ ਨਾਲ ਸਮੁੱਚੀ ਮਨੁੱਖਤਾ ਲਈ ਬਹੁਤ ਕੁਝ ਹਾਸਲ ਕੀਤਾ ਜਾ ਸਕਦਾ ਹੈ; ਅਜਿਹਾ ਸਮਾਜ ਸਿਰਜਿਆ ਜਾ ਸਕਦਾ ਹੈ ਜਿਸ ਦਾ ਹਰ ਮੈਂਬਰ ਖੁਸ਼ਹਾਲ ਅਤੇ ਨੈਤਿਕ ਹੋਵੇ। ਪਰ ਬੰਦੇ ਦੇ ਗਲ਼ ਪਏ ਧਰਮ ਦੇ ਸੰਗਲ਼ ਅਜੇ ਉਸ ਨੂੰ ਇਸ ਪਾਸੇ ਕਾਮਯਾਬ ਨਹੀਂ ਹੋਣ ਦੇ ਰਹੇ। ਬਰਤਾਨਵੀ ਦਾਰਸ਼ਨਿਕ ਬਰਟਰੈਂਡ ਰਸਲ ਨੇ 1930 ਵਿਚ ਲਿਖੇ ਇਕ ਲੇਖ ਵਿਚ ਬੜੇ ਸਾਫ ਤੇ ਸਿੱਧੇ ਸ਼ਬਦਾਂ ਵਿਚ ਇਹ ਗੱਲ ਸਾਨੂੰ ਸਮਝਾਈ ਸੀ: *"ਉਹ ਗਿਆਨ ਸਾਰਥਕ ਹੈ ਜਿਹਦੇ ਨਾਲ ਵਿਸ਼ਵ ਵਿਆਪੀ ਪ੍ਰਸੰਨਤਾ ਹਾਸਿਲ ਕੀਤੀ ਜਾ ਸਕਦੀ ਹੈ; ਇਸ ਮਕਸਦ ਲਈ ਇਹਦੀ ਵਰਤੋਂ ਅੱਗੇ ਸਭ ਤੋਂ ਵੱਡਾ ਰੋੜਾ ਧਰਮ ਦੀ ਸਿੱਖਿਆ ਹੈ। ਧਰਮ ਸਾਡੇ ਬੱਚਿਆਂ ਨੂੰ ਤਰਕਸ਼ੀਲ ਵਿਦਿਆ ਪ੍ਰਾਪਤ ਕਰਨ ਤੋਂ ਰੋਕਦਾ ਹੈ; ਧਰਮ ਜੰਗ ਦੇ ਮੁੱਢਲੇ ਕਾਰਨਾਂ ਨੂੰ ਖਤਮ ਕਰਨ ਤੋਂ ਵੀ ਸਾਨੂੰ ਰੋਕਦਾ ਹੈ; ਧਰਮ ਸਾਨੂੰ ਪਾਪ ਤੇ ਦੰਡ ਦੇ ਪੁਰਾਣੇ ਰੂੜ੍ਹੀਵਾਦੀ ਦਾਰਸ਼ਨਿਕ ਨਜ਼ਰੀਏ ਦੀ ਥਾਂ ਵਿਗਿਆਨਕ ਸਾਂਝੀਵਾਲਤਾ ਦਾ ਸਦਾਚਾਰ ਸਿਖਾਉਣ ਤੋਂ ਰੋਕਦਾ ਹੈ। ਇਹ ਸੰਭਵ ਹੈ ਕਿ ਮਨੁੱਖਤਾ ਸੁਨਹਿਰੀ ਯੁੱਗ ਦੇ ਬੂਹਾਂ 'ਤੇ ਖੜ੍ਹੀ ਹੋਵੇ; ਪਰ ਜੇ ਇਸ ਤਰ੍ਹਾਂ ਹੈ ਤਾਂ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੋਵੇਗਾ ਕਿ ਦਰਵਾਜ਼ੇ ਮੂਹਰੇ ਅੜ ਕੇ ਖੜ੍ਹੋਤੇ ਅਜਗਰ (dragon) ਨੂੰ ਮਾਰਨਾ ਹੋਵੇਗਾ, ਅਤੇ ਇਹ ਅਜਗਰ ਧਰਮ ਹੈ।"*

ਹੁਣ ਤਕ ਦੇ ਵਿਚਾਰ ਵਟਾਂਦਰੇ ਦੇ ਆਧਾਰ 'ਤੇ ਇਸ ਲੇਖ ਦੇ ਸ਼ੁਰੂ ਵਿਚ ਉਠਾਏ ਸਵਾਲ ਦਾ ਜਵਾਬ ਹਾਂ ਵਿਚ ਦਿੱਤਾ ਜਾ ਸਕਦਾ ਹੈ ਕਿ ਰੱਬ ਵਿਚ ਵਿਸ਼ਵਾਸ ਤੋਂ ਬਿਨਾਂ ਬੰਦਾ ਨੈਤਿਕ ਹੋ ਸਕਦਾ ਹੈ। ਸਗੋਂ ਅਵਿਸ਼ਵਾਸੀ ਜਾਂ ਨਾਸਤਕ ਹੀ ਅਸਲੀ ਅਰਥਾਂ ਵਿਚ ਨੈਤਿਕ ਕਹਾ ਸਕਦਾ ਹੈ। ਇਸ ਵੇਲੇ ਲੋੜ ਹੈ ਆਪੇ ਸਿਰਜੇ ਰੱਬ ਅਤੇ ਧਾਰਮਿਕ ਬੰਦਸ਼ਾਂ ਤੋਂ ਮਨੁੱਖਤਾ ਨੂੰ ਆਜ਼ਾਦ ਕਰਾਉਣ ਦੀ; ਤਰਕ ਅਤੇ ਵਿਗਿਆਨਕ ਪਹੁੰਚ ਅਪਣਾ ਕੇ ਪੂਰੇ ਭਰੋਸੇ ਨਾਲ ਅੱਗੇ ਵਧਣ ਦੀ।

ਇਸ ਹੱਥਲੇ ਲੇਖ ਵਿਚ ਨੈਤਿਕਤਾ ਅਤੇ ਧਰਮ ਬਾਰੇ ਕੁਝ ਪਹਿਲੂ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦੁਨੀਆ ਭਰ ਦੇ ਚਿੰਤਕਾਂ ਵੱਲੋਂ ਇਸ ਵਿਸ਼ੇ ਵੱਲ ਹਮੇਸ਼ਾ ਗੰਭੀਰ ਧਿਆਨ ਦਿੱਤਾ ਜਾਂਦਾ ਰਿਹਾ ਹੈ। ਖਾਸ ਕਰ ਪਿਛਲੇ ਕੁਝ ਸਾਲਾਂ ਦੌਰਾਨ ਕਾਫੀ ਚਰਚਿਤ ਕਿਤਾਬਾਂ ਸਾਹਮਣੇ ਆਈਆਂ ਹਨ। ਇਸ ਵਿਸ਼ੇ ਸੰਬੰਧੀ ਇਨ੍ਹਾਂ ਕੁਝ ਪੁਸਤਕਾਂ ਨੇ ਦੂਜੀਆਂ ਦੇ ਮੁਕਾਬਲੇ ਜ਼ਿਆਦਾ ਧਿਆਨ ਖਿੱਚਿਆ ਹੈ: ਮਾਈਕਲ ਸ਼ਰਮਰ ਦੀ 'ਨੈਤਿਕ ਚਾਪ' (The Moral Arc, 2015); ਸੈਮ ਹੈਰਿਸ ਦੀ 'ਨੈਤਿਕ ਭੂ-ਦ੍ਰਿਸ਼' (The Moral Landscape, 2010); ਫਰਾਂਜ਼ ਡੀ ਵਾਲ ਦੀ 'ਹਮਦਰਦੀ ਦਾ ਯੁੱਗ' (The Age of Empathy, 2009); ਰੌਬਰਟ ਬੱਕਮੈਨ ਦੀ 'ਕੀ ਅਸੀਂ ਰੱਬ ਬਿਨਾਂ ਚੰਗੇ ਹੋ ਸਕਦੇ ਹਾਂ?' (Can We Be Good Without God, 2000)। 000

***(sadhu.binning@gmail.com Phone +1-778-773-1886)***

# ਰੰਗਮੰਚ ਅਤੇ ਲੋਕਤੰਤਰ: ਲੇਖ: ਦਵਿੰਦਰ ਦਮਨ

ਮਨੁੱਖੀ ਜ਼ਿੰਦਗੀ ਦੇ ਵਿਕਾਸ ਦੇ ਇਤਿਹਾਸ ਵਿਚ ਜਿੱਥੇ ਜ਼ਿੰਦਗੀ ਦੇ ਅਲੱਗ ਅਲੱਗ ਪਹਿਲੂਆਂ ਵਿਚ ਹੈਰਾਨੀਜਨਕ ਤਰੱਕੀ ਹੋਈ ਹੈ, ਉੱਥੇ ਕਲਾ ਅਤੇ ਸਮਾਜਕ ਤੇ ਰਾਜਨੀਤਕ ਪਹਿਲੂਆਂ ਵਿਚ ਵੀ ਅਹਿਮ ਪ੍ਰਾਪਤੀਆਂ ਹੋਈਆਂ ਹਨ। ਇਹਨਾਂ ਵਿਚ ਰੰਗਮੰਚ ਕਲਾ ਅਤੇ ਸਿਆਸੀ ਪ੍ਰਬੰਧ ਦੀ ਆਪਣੀ ਅਲੱਗ ਅਹਿਮੀਅਤ ਹੈ। ਇਹਨਾਂ ਦੋਨਾਂ ਸੰਸਥਾਵਾਂ ਦਾ ਇਨਸਾਨੀ ਜ਼ਿੰਦਗੀ ਦੀ ਸਮੁੱਚੀ ਤਰੱਕੀ ਵਿਚ ਬਹੁਤ ਵੱਡਾ ਰੋਲ ਹੈ। ਵੇਖਿਆ ਜਾਵੇ ਤਾਂ ਇਹ ਦੋਨੋਂ ਹੀ ਸੰਸਥਾਵਾਂ ਇਨਸਾਨੀ ਜ਼ਿੰਦਗੀ ਦੇ ਮੁੱਢਕਦੀਮੀ ਦੌਰ ਵਿਚ ਹੀ ਸ਼ੁਰੂ ਹੋ ਗਈਆਂ ਸਨ। ਰੰਗਮੰਚ ਮਤਲਬ ਪ੍ਰਗਟਾਅ (Expression) ਅਤੇ ਸਿਆਸੀ ਪ੍ਰਬੰਧ ਭਾਵ ਸਮਾਜ ਦੀ ਸੰਭਾਲ਼। ਇਹਨਾਂ ਦੋਨਾਂ ਬਿਨਾਂ ਇਨਸਾਨੀ ਤਰੱਕੀ ਨਾ-ਮੁਮਕਿਨ ਸੀ। ਕਲਾਤਮਕ ਪ੍ਰਗਟਾਅ ਤੋਂ ਇਕ ਵਧੀਆ ਸਿਸਟਮ ਦੀ ਜ਼ਿੰਦਗੀ ਦਾ ਕਿਆਸ ਕਰਨਾ ਹੀ ਆਪਣੇ ਆਪ ਵਿਚ ਉਲਝਣਾਂ (Chaotic) ਭਰਿਆ ਹੈ।

ਰੰਗਮੰਚ ਕਲਾ ਭਾਵ ਪ੍ਰਗਟਾਅ ਹੀ ਆਦਮੀ ਦਾ ਸਮਾਜ ਨੂੰ ਮੁਖਾਤਿਬ ਹੋਣ ਦਾ ਪਹਿਲਾ ਜ਼ਰੀਆ ਹੈ। ਆਦਮੀ ਦੇ ਪ੍ਰਗਟਾਅ ਕਰਨ ਦੇ ਯਤਨ ਵਿਚੋਂ ਹੀ ਸਾਰੀ ਕਲਾ ਪੈਦਾ ਹੋਈ ਹੈ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਇਨਸਾਨ ਦੇ ਪ੍ਰਗਟਾਉ ਦੇ ਇਤਿਹਾਸ ਵਿਚ ਉਸ ਦੀ ਤਰੱਕੀ ਦਾ ਇਤਿਹਾਸ ਸਮੋਇਆ ਹੋਇਆ ਹੈ। ਜੇ ਵੇਖਿਆ ਜਾਵੇ ਤਾਂ ਪ੍ਰਗਟਾਉ ਦੇ ਨਜ਼ਰੀਏ ਤੋਂ ਰੰਗਮੰਚ ਕਲਾ ਦੂਜੀਆਂ ਕਲਾਵਾਂ ਤੋਂ ਬਹੁਤ ਅਲੱਗ ਹੈ। ਸਾਰੀਆਂ ਕਲਾਵਾਂ ਪੈਦਾ ਹੁੰਦੀਆਂ ਹੀ ਸਥਿਰ (Freeze) ਹੋ ਜਾਂਦੀਆਂ ਹਨ ਜਦੋਂ ਕਿ ਰੰਗਮੰਚ ਹਮੇਸ਼ਾ ਹਰਕਤ ਵਿਚ ਰਹਿੰਦਾ ਹੈ। ਬਾਕੀ ਕਲਾਵਾਂ ਪੁਰਾਣੀਆਂ ਅਤੇ ਬਾਸੀ ਹੋ ਜਾਂਦੀਆਂ ਹਨ। ਜਦੋਂ ਕਿ ਰੰਗਮੰਚ ਪੈਦਾ ਹੁੰਦਿਆਂ ਹੀ ਦਰਸ਼ਕਾਂ ਦੇ ਦਿਮਾਗ਼ਾਂ 'ਤੇ ਆਪਣੀ ਛਾਪ ਛੱਡ ਕੇ ਆਪ ਓਝਲ ਹੋ ਜਾਂਦਾ ਹੈ। ਇਸ ਨੂੰ ਜਦੋਂ ਵੀ ਪਰੋਸਿਆ ਜਾਂਦਾ ਹੈ, ਤਾਜ਼ਾ ਹੀ ਪਰੋਸਿਆ ਜਾਂਦਾ ਹੈ। ਇਸ ਦੀਆਂ ਇਹਨਾਂ ਖ਼ੂਬੀਆਂ ਕਰਕੇ ਹੀ ਇਹ ਸਮੇਂ ਦੇ ਨਾਲ ਚੱਲਣ ਦੀ ਸਮਰੱਥਾ ਰੱਖਦਾ ਹੈ। ਜ਼ਰਾ ਆਦਿਵਾਸੀ ਦੌਰ ਦੇ ਜੀਵਨ ਦੀ ਕਲਪਨਾ ਕਰੋ। ਕਬੀਲਾ ਇਕੱਠਾ ਬੈਠ ਕੇ ਸ਼ਿਕਾਰ ਨੂੰ ਅੱਗ 'ਤੇ ਪਕਾ ਰਿਹਾ ਹੈ। ਇਕ ਬਜ਼ੁਰਗ ਸ਼ਿਕਾਰੀ ਨੂੰ ਪੁੱਛਦਾ ਹੈ ਕਿ ਏਡਾ ਵੱਡਾ ਸ਼ਿਕਾਰ ਕਿਵੇਂ ਮਾਰਿਆ? ਓਦੋਂ ਕੇਵਲ ਇਸ਼ਾਰਿਆਂ ਦੀ ਬੋਲੀ ਹੀ ਸੀ। ਜ਼ੁਬਾਨ ਦੀ ਬੋਲੀ ਭਾਵ ਸ਼ਬਦਾਂ ਦੀ ਬੋਲੀ ਅਜੇ ਵਿਕਸਿਤ ਨਹੀਂ ਹੋਈ ਸੀ। ਸ਼ਿਕਾਰੀ ਅਤੇ ਉਸਦੀ ਟੋਲੀ ਕਿਰਿਆ ਰਾਹੀਂ ਉਹ ਸਾਰਾ ਨਾਟਕ ਕਰ ਕੇ ਵਿਖਾਉਂਦੇ ਹਨ। ਸੋ ਇਸ਼ਾਰਿਆਂ ਦੀ ਬੋਲੀ ਮਨੁੱਖ ਦੀ ਪਹਿਲੀ ਬੋਲੀ ਹੈ ਜੋ ਅੱਜ ਵੀ ਬਰਕਰਾਰ ਹੈ। ਅੱਜ ਵੀ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਅੱਖਾਂ, ਹੱਥ, ਪੈਰ ਜਾਂ ਸਿਰ ਹਿਲਾ ਕੇ ਚੁੱਪ ਵਿਚ ਹੀ ਜਵਾਬ ਦੇ ਦਿੰਦੇ ਹਾਂ। ਆਪਣੀ ਦਲੀਲ 'ਤੇ ਜ਼ੋਰ ਦਿੰਦੇ ਸਮੇਂ ਕਈ ਵਾਰ ਅਸੀਂ ਆਪਣਾ ਮੁੱਕਾ ਵੀ ਜ਼ੋਰ ਨਾਲ ਮੇਜ਼ 'ਤੇ ਮਾਰਦੇ ਹਾਂ। ਇਹੋ ਇਸ਼ਾਰੇ ਰੰਗਮੰਚ ਦੀ ਕਲਾ ਵਿਚ ਅਦਾਕਾਰੀ ਦਾ ਅਟੁੱਟ ਹਿੱਸਾ ਹਨ। ਬਲਕਿ ਇਸ਼ਾਰਿਆਂ ਨੇ ਤਾਂ ਬਿਨਾਂ ਭਾਸ਼ਾ ਤੋਂ ਹੀ ਰੰਗਮੰਚ ਦੀ ਦੁਨੀਆਂ ਵਿਚ ਪੈਂਟੋਮਾਇਮ (Panto Mime) ਦੇ ਰੂਪ ਵਿਚ ਆਜ਼ਾਦਾਨਾ ਤੌਰ 'ਤੇ ਆਪਣਾ ਸਰੂਪ ਬਰਕਰਾਰ ਰੱਖਿਆ ਹੈ।

ਹਰ ਮਨੁੱਖ ਵਿਚ ਐਕਟਿੰਗ ਦੇ ਗੁਣ ਮੌਜੂਦ ਹਨ। ਅਦਾਕਾਰੀ ਦੇ ਗੁਣ ਮਨੁੱਖ ਦੇ ਨਾਲ

ਹੀ ਪੈਦਾ ਹੁੰਦੇ ਹਨ ਅਤੇ ਵਿਕਸਤ ਹੁੰਦੇ ਹਨ। ਅਸੀਂ ਸਭ ਕਿਸੇ ਨਾ ਕਿਸੇ ਰੂਪ ਵਿਚ ਅਦਾਕਾਰ ਹਾਂ। ਜਦੋਂ ਅਸੀਂ ਕੁਝ ਪੋਜ਼ ਕਰ ਰਹੇ ਹੁੰਦੇ ਹਾਂ ਜਾਂ ਝੂਠ ਬੋਲ ਰਹੇ ਹੁੰਦੇ ਹਾਂ ਤਾਂ ਓਦੋਂ ਸਾਡੀ ਅਦਾਕਾਰੀ ਦੀ ਕਲਾ ਵੇਖਣ ਯੋਗ ਹੁੰਦੀ ਹੈ।

ਅਦਾਕਾਰੀ ਮਨੁੱਖ ਦੀ ਸਭ ਤੋਂ ਪਹਿਲੀ ਕਲਾ ਹੈ। ਬਾਕੀ ਕਲਾਵਾਂ ਬਾਅਦ ਵਿਚ ਪੈਦਾ ਹੋਈਆਂ ਹਨ। ਇਸੇ ਲਈ ਪਹਿਲੇ ਚਿੱਤਰ ਜੋ ਅੱਜ ਵੀ ਗੁਫਾਵਾਂ ਵਿਚ ਵੇਖੇ ਜਾ ਸਕਦੇ ਹਨ, ਉਹ ਮਨੁੱਖ ਦੇ ਸ਼ਿਕਾਰ ਖੇਡਣ ਦੇ ਨਜ਼ਾਰੇ ਹੀ ਪ੍ਰਗਟ ਕਰਦੇ ਹਨ। ਇਹ ਚਿੱਤਰਾਂ ਦੇ ਰੂਪ ਵਿਚ ਮਨੁੱਖ ਦੀ ਪਹਿਲੀ ਕਹਾਣੀ ਲਿਖਣ ਦੀ ਕਲਾ ਵੀ ਬਿਰਾਜਮਾਨ ਹੈ।

ਰੰਗਮੰਚ ਕਲਾ ਦੀ ਪਹਿਲੀ ਖ਼ੂਬੀ ਇਹ ਹੈ ਕਿ ਇਹ ਇਕੋ ਸਮੇਂ ਹਜ਼ਾਰਾਂ ਦੀ ਭੀੜ ਨੂੰ ਮੁਖ਼ਾਤਿਬ ਹੋ ਸਕਦਾ ਹੈ। ਵਰ੍ਹਿਆਂ ਤੋਂ ਪੁਸਤਕਾਲਿਆਂ ਵਿਚ ਬੰਦ ਪਈਆਂ ਕਿਤਾਬਾਂ ਜਦੋਂ ਨਾਟਕ ਵਿਚ ਰੂਪਾਂਤਰ ਹੋ ਕੇ ਮੰਚ 'ਤੇ ਪ੍ਰਗਟ ਹੁੰਦੀਆਂ ਹਨ ਤਾਂ ਉਸ ਨੂੰ ਇਕੋ ਸਮੇਂ ਹਜ਼ਾਰਾਂ ਦਰਸ਼ਕ ਪੜ੍ਹ ਰਹੇ ਹੁੰਦੇ ਹਨ।

ਜਿਵੇਂ ਲੇਖ ਦੇ ਆਰੰਭ ਵਿਚ ਜ਼ਿਕਰ ਕੀਤਾ ਗਿਆ ਹੈ, ਮਨੁੱਖ ਦੀ ਦੂਜੀ ਵੱਡੀ ਪ੍ਰਾਪਤੀ ਉਸ ਦਾ ਸਿਆਸੀ ਪ੍ਰਬੰਧ ਹੈ। ਮਨੁੱਖ ਆਪਣੇ ਸ਼ਿਕਾਰੀ ਜੀਵਨ ਦੇ ਦੌਰ ਤੋਂ ਲੈ ਕੇ ਹੁਣ ਤੀਕ ਬਹੁਤ ਅਲੱਗ ਅਲੱਗ ਸਿਆਸੀ ਪ੍ਰਬੰਧਾਂ ਵਿਚੋਂ ਗੁਜ਼ਰਿਆ ਹੈ। ਟੱਬਰ ਦਾ ਸੰਗਠਨ, ਕਬੀਲਿਆਂ ਦੀਆਂ ਪੰਚਾਇਤਾਂ, ਛੋਟੇ ਛੋਟੇ ਕਬੀਲਿਆਂ ਦੀ ਸਰਦਾਰੀ, ਛੋਟੇ ਛੋਟੇ ਰਾਜਿਆਂ ਦੀਆਂ ਰਿਆਸਤਾਂ ਦਾ ਜਾਗੀਰਦਾਰੀ ਦੌਰ, ਵੱਡੇ ਵੱਡੇ ਬਾਦਸ਼ਾਹਾਂ ਦੀਆਂ ਬਾਦਸ਼ਾਹਤਾਂ, ਤਾਨਾਸ਼ਾਹੀ, ਸਮਾਜਵਾਦ ਤੇ ਅੱਜ ਦਾ ਲੋਕਤੰਤਰ ਆਦਿ। ਭਾਵੇਂ ਅੱਜ ਵੀ ਪੂਰੀ ਦੁਨੀਆਂ ਵਿਚ ਲੋਕਤੰਤਰ ਬਰਕਰਾਰ ਨਹੀਂ ਹੈ ਪਰ ਵੱਡੀ ਲੋਕ ਰਾਏ ਲੋਕਤੰਤਰ ਦੇ ਹੱਕ ਵਿਚ ਹੀ ਹੈ। ਇਹ ਵੱਖਰੀ ਗੱਲ ਹੈ ਕਿ ਵੱਖ ਵੱਖ ਰਾਜਨੀਤਕ ਸਿਧਾਂਤ ਲੋਕਤੰਤਰ ਨੂੰ ਆਪਣੇ ਆਪਣੇ ਨਜ਼ਰੀਏ ਤੋਂ ਵੇਖਦੇ ਹਨ। ਵਲਾਦੀਮੀਰ ਲੈਨਿਨ ਅਨੁਸਾਰ, "ਪਰੋਲੇਤਾਰੀ ਦੀ ਤਾਨਾਸ਼ਾਹੀ ਹੀ ਵਿਸ਼ਾਲ ਲੋਕਤੰਤਰ ਪ੍ਰਦਾਨ ਕਰ ਸਕਦੀ ਹੈ ... ਅੱਗੇ ਲੋਕਤੰਤਰ ਸਮਾਜਵਾਦ ਦਾ ਰਾਹ ਵਿਖਾਉਂਦਾ ਹੈ।" ਕਾਰਲ ਮਾਰਕਸ ਅਨੁਸਾਰ, "ਅਸਲ ਲੋਕਤੰਤਰ ਓਦੋਂ ਹੀ ਬਹਾਲ ਹੋ ਸਕਦਾ ਹੈ ਜੇਕਰ ਪੈਦਾਵਾਰ ਦੇ ਵਸੀਲਿਆਂ 'ਤੇ ਸਭ ਸ਼ਹਿਰੀਆਂ ਦਾ ਇਕੋ ਜਿੰਨਾ ਅਧਿਕਾਰ ਹੋਵੇ।" ਜੀ. ਬੀ. ਬਰਨਾਅਰਡ ਸ਼ਾਅ ਅਨੁਸਾਰ, "ਡੈਮੋਕਰੇਸੀ ਉਹ ਜੰਤਰ ਹੈ ਜੋ ਲੋਕਾਂ ਨੂੰ ਵਿਸ਼ਵਾਸ ਦਿਵਾਉਂਦਾ ਹੈ ਕਿ ਸਾਨੂੰ ਅਜਿਹਾ ਪ੍ਰਬੰਧ ਹੀ ਮਿਲੇਗਾ ਜਿਸ ਦੇ ਅਸੀਂ ਹੱਕਦਾਰ ਹਾਂ।" ਆਸਕਰ ਵਾਇਲਡ ਲੋਕਤੰਤਰ ਨੂੰ ਡੰਡਾ ਮੰਨਦਾ ਹੈ ਜੋ ਲੋਕਾਂ ਦੇ ਹੱਥ ਵਿਚ ਹੈ, ਲੋਕਾਂ ਵੱਲੋਂ ਹੈ ਅਤੇ ਲੋਕਾਂ ਵਾਸਤੇ ਹੈ। ਮਹਾਤਮਾ ਗਾਂਧੀ ਦਾ ਵਿਸ਼ਵਾਸ ਹੈ ਕਿ ਸੱਚੇ ਲੋਕਤੰਤਰ ਵਿਚ ਵਿਸ਼ਵਾਸ ਰੱਖਣ ਵਾਲਾ ਉਹੀ ਮਨੁੱਖ ਹੋ ਸਕਦਾ ਹੈ ਜੋ ਸ਼ਾਂਤਮਈ ਢੰਗ ਨਾਲ ਆਪਣੀ, ਆਪਣੇ ਦੇਸ਼ ਦੀ ਅਤੇ ਸਮੂਹ ਮਨੁੱਖਤਾ ਦੀ ਰਾਖੀ ਕਰੇ। ਜਨਾਬ ਮੁਹੰਮਦ ਅਲੀ ਜਿਨਾਹ ਫ਼ਰਮਾਉਂਦੇ ਹਨ ਕਿ "ਜਮੂਹਰੀਅਤ ਮੁਸਲਮਾਨਾਂ ਦੇ ਲਹੂ ਵਿਚ ਹੈ ਜੋ ਸਭ ਮਨੁੱਖਾਂ ਨੂੰ ਬਰਾਬਰ ਸਮਝਦੇ ਹਨ ਅਤੇ ਭਾਈਚਾਰੇ, ਬਰਾਬਰੀ ਅਤੇ ਆਜ਼ਾਦੀ ਵਿਚ ਵਿਸ਼ਵਾਸ ਰੱਖਦੇ ਹਨ।"

ਇਸ ਵਿਚ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਦੇਸ਼ਾਂ ਦੇ ਲੋਕ ਲੋਕਤੰਤਰ ਦੀ ਬਹਾਲੀ ਲਈ ਜੂਝ ਰਹੇ ਹਨ। ਲੋਕਤੰਤਰ ਦਾ ਮਤਲਬ ਹੈ ਆਮ ਲੋਕਾਂ ਦੀ ਸਿਆਸੀ ਪ੍ਰਬੰਧ ਵਿਚ ਸ਼ਮੂਲੀਅਤ ਹੋਵੇ, ਖੁੱਲ੍ਹਾ ਅਤੇ ਆਜ਼ਾਦ ਸਮਾਜ ਜੋ ਹਰ ਆਦਮੀ ਦੇ ਹਿਤਾਂ ਤੇ ਹੱਕਾਂ ਅਤੇ ਉਸਦੇ ਗੋਰਵ ਦੀ ਰਾਖੀ ਕਰੇ ਅਤੇ ਉਸਦੀਆਂ ਉਮੀਦਾਂ ਉੱਤੇ ਖਰਾ ਉਤਰੇ।

ਜੇਕਰ ਲੋਕਤੰਤਰ ਦੇ ਸੰਬੰਧ ਵਿਚ ਦੁਨੀਆ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਲੋਕਤੰਤਰ (democracy) ਸ਼ਬਦ ਅਤੇ ਲੋਕਤੰਤਰੀ ਢਾਂਚੇ (democratic

system) ਦਾ ਆਰੰਭ ਏਥਨਜ਼ ਯੂਨਾਨ ਵਿਚੋਂ ਹੋਇਆ ਪ੍ਰਤੀਤ ਹੁੰਦਾ ਹੈ। ਅੱਗੇ ਚੱਲ ਕੇ ਇਸਦੇ ਆਧਾਰ 'ਤੇ ਹੀ ਯੂਰੋਪ ਵਿਚ ਇਸਦੀ ਸ਼ੁਰੂਆਤ ਹੋਈ। ਇਹ ਵੀ ਹੈਰਾਨੀਜਨਕ ਵਰਤਾਰਾ ਹੈ ਕਿ ਉਸੇ ਸਮੇਂ ਹੀ ਯੂਨਾਨ ਵਿਚ ਫਿਲਾਸਫ਼ੀ, ਰੰਗਮੰਚ, ਚਿੱਤਰਕਲਾ, ਬੁੱਤਕਾਰੀ ਅਤੇ ਇਮਾਰਤਸਾਜ਼ੀ ਆਦਿ ਕਲਾਵਾਂ ਦਾ ਆਗਾਜ਼ ਅਤੇ ਵਿਕਾਸ ਹੋਇਆ। ਇਸ ਵਰਤਾਰੇ ਤੋਂ ਇਕ ਹੋਰ ਨੁਕਤਾ ਸਮਝ ਵਿਚ ਆਉਂਦਾ ਹੈ ਕਿ ਕਲਾ ਦੇ ਇਸ ਤਰ੍ਹਾਂ ਦੇ ਪ੍ਰਗਟਾਓ ਦੀ ਤਰੱਕੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕਲਾਕਾਰ ਕਿਸ ਤਰ੍ਹਾਂ ਦੇ ਪ੍ਰਬੰਧ ਵਿਚ ਜੀਅ ਰਿਹਾ ਹੈ। ਕੀ ਉਹ ਇਕ ਆਜ਼ਾਦ ਸਮਾਜ ਅੰਦਰ ਇਨਸਾਨੀ ਹੱਕਾਂ ਨਾਲ ਜੀਵਨ ਬਤੀਤ ਕਰ ਰਿਹਾ ਹੈ ਅਤੇ ਉਹ ਕਲਾ ਨੂੰ ਸਮਰਪਤ ਹੋਇਆ ਲੋੜੀਂਦਾ ਗੋਰਵ ਹਾਸਿਲ ਕਰ ਰਿਹਾ ਹੈ? ਏਥਨਜ਼ ਵਿਚ, ਬੋਲਣ ਦੀ ਆਜ਼ਾਦੀ ਉਸ ਲੋਕਤੰਤਰ ਪ੍ਰਬੰਧ ਵਿਚ ਹੈਰਾਨੀਜਨਕ ਮਿਸਾਲ ਹੈ ਕਿ ਉਸੇ ਸਮੇਂ ਸੁਕਰਾਤ, ਪਲੈਟੋ ਅਤੇ ਅਰਸਤੂ ਖੁਲ੍ਹੇਆਮ ਲੋਕਤੰਤਰ ਦੀਆਂ ਧੱਜੀਆਂ ਉਡਾਅ ਰਹੇ ਸਨ। ਸੁਕਰਾਤ ਸਿਆਸੀ ਪ੍ਰਬੰਧ ਵਿਚ ਆਮ ਲੋਕਾਂ ਦੀ ਸ਼ਮੂਲੀਅਤ ਪਸੰਦ ਨਹੀਂ ਕਰਦਾ ਸੀ। ਪਲੈਟੋ ਦਾ ਕਹਿਣਾ ਸੀ ਕਿ "ਲੋਕਤੰਤਰ ਵਿਚ ਆਜ਼ਾਦੀ ਦੀ ਜ਼ਿਆਦਾ ਖੁਲ੍ਹ ਤਾਨਾਸ਼ਾਹੀ, ਜ਼ੁਲਮ ਅਤੇ ਗ਼ੁਲਾਮੀ ਨੂੰ ਜਨਮ ਦਿੰਦੀ ਹੈ।" ਅਰਸਤੂ ਦਾ ਕਹਿਣਾ ਹੈ, "ਲੋਕਤੰਤਰ ਵਿਚ ਗ਼ਰੀਬ ਲੋਕਾਂ ਦੇ ਹੱਥ ਵਿਚ ਜ਼ਿਆਦਾ ਤਾਕਤ ਆ ਜਾਂਦੀ ਹੈ ਕਿਉਂਕਿ ਉਹਨਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ।" ਉਹ ਅੱਗੇ ਦੱਸਦਾ ਹੈ, "ਲੋਕਤੰਤਰ ਉਹ ਹੈ ਜਿਸ ਵਿਚ ਤਾਕਤ ਨੀਵੀਂ ਜਾਤ ਵਿਚ ਜਨਮੇ, ਕੰਮੀ-ਕਮੀਨਾਂ ਦੇ ਹੱਥ ਵਿਚ ਆ ਜਾਂਦੀ ਹੈ।" ਹਾਲਾਂਕਿ ਯੂਨਾਨ ਵਿਚ ਲੋਕਤੰਤਰ ਅਜੇ ਅਧੂਰਾ ਸੀ ਜਿਸ ਵਿਚ ਬਹੁਤ ਵੱਡੀ ਤਦਾਦ ਵਿਚ ਔਰਤਾਂ, ਗ਼ੁਲਾਮਾਂ ਅਤੇ ਪਰਦੇਸੀ ਕਾਰੀਗਰਾਂ ਨੂੰ ਸਿਆਸਤ ਵਿਚ ਹਿੱਸਾ ਲੈਣ ਦਾ ਹੱਕ ਹਾਸਿਲ ਨਹੀਂ ਸੀ।

ਯੂਨਾਨੀ ਲੋਕਤੰਤਰ ਕਿਹੋ ਜਿਹਾ ਵੀ ਰਿਹਾ ਹੋਵੇ- ਮੁੱਢਲਾ, ਅਧੂਰਾ ਜਾਂ ਪੂਰਾ ਪਰ ਇਸਦਾ ਜਨਮ ਰੰਗਮੰਚ ਦੀ ਕੁੱਖ ਵਿਚੋਂ ਹੋਇਆ ਹੈ। ਏਥਨਜ਼ (Athens) ਵਿਚ ਹਰ ਸਾਲ ਰੰਗਮੰਚ ਦੇ ਦੋ ਮੇਲੇ ਕਰਨ ਦਾ ਰਿਵਾਜ ਸੀ। ਇਕ ਸ਼ਹਿਰੀ ਤੇ ਇਕ ਪੇਂਡੂ। ਇਹ ਕਈ ਕਈ ਮਹੀਨੇ ਚਲਿਆ ਕਰਦੇ ਸਨ। ਇਹਨਾਂ ਵਿਚ ਗੀਤਾਂ ਅਤੇ ਨਾਚਾਂ ਦੁਆਰਾ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ। ਇਹ ਅੱਜ ਦੇ ਜ਼ਮਾਨੇ ਵਰਗਾ ਰੰਗਮੰਚ ਨਹੀਂ ਸੀ। ਅਕਸਰ ਨਾਚ ਅਤੇ ਗੀਤ ਕੋਰਸ (ਸਮੂਹਕ ਗਾਇਕਿ ਮੰਡਲੀ) ਦੁਆਰਾ ਪੇਸ਼ ਕੀਤੇ ਜਾਂਦੇ ਸਨ। ਇਕ ਦਿਨ ਅਚਾਨਕ ਇਕ ਘਟਨਾ ਵਾਪਰੀ। ਕੋਰਸ ਯਾਨੀ ਸਮੂਹਕ ਗਾਇਕ ਮੰਡਲੀ ਦਾ ਆਗੂ ਸਮੂਹ ਤੋਂ ਅਲੱਗ ਹੋ ਕੇ ਖੜ੍ਹਾ ਹੋ ਗਿਆ। ਨਾਚ ਦੇ ਅੰਤ 'ਤੇ ਉਹ ਮੰਚ ਦੇ ਕੇਂਦਰ ਵਿਚ ਆਇਆ ਅਤੇ ਅਦਾਕਾਰੀ ਕਰਦਿਆਂ ਹੋਇਆਂ ਉਸਨੇ ਵਾਰਤਾਲਾਪ ਬੋਲਣੇ ਸ਼ੁਰੂ ਕਰ ਦਿੱਤੇ। ਇਹ ਰਵਾਇਤ ਤੋਂ ਬਹੁਤ ਹਟ ਕੇ ਸੀ। ਪਰ ਦਰਸ਼ਕਾਂ ਨੇ ਇਸ ਨੂੰ ਬਹੁਤ ਹੀ ਪਸੰਦ ਕੀਤਾ। ਬਸ ਇਸ ਤੋਂ ਬਾਅਦ ਰੰਗਮੰਚ ਦਾ ਸਰੂਪ ਹੀ ਬਦਲ ਗਿਆ। ਇਸ ਤੋਂ ਬਾਅਦ ਦਰਸ਼ਕਾਂ ਵਿਚ ਇਹ ਨਵੀਂ ਕਿਸਮ ਦਾ ਰੰਗਮੰਚ ਹਰਮਨ ਪਿਆਰਾ ਹੋ ਗਿਆ। ਕਿਉਂਕਿ ਰੰਗਮੰਚ ਹੁਣ ਕੇਵਲ ਦੇਵਤਿਆਂ ਦੀ ਅਰਾਧਨਾ ਤਕ ਹੀ ਸੀਮਤ ਨਹੀਂ ਰਿਹਾ ਸੀ। ਉਹ ਲੋਕਾਂ ਦੀ ਖ਼ੁਸ਼ੀ-ਗ਼ਮੀ ਅਤੇ ਦੁੱਖ-ਸੁੱਖ ਦਾ ਪ੍ਰਗਟਾਅ ਵੀ ਕਰਦਾ ਸੀ। ਇਸ ਅਦਾਕਾਰ ਦਾ ਨਾਂ ਥੈਸਪਿਸ (Thespis) ਸੀ, ਜਿਸ ਨੂੰ ਰੰਗਮੰਚ ਦੇ ਇਤਿਹਾਸ ਵਿਚ ਪਹਿਲਾ ਅਦਾਕਾਰ, ਪਹਿਲਾ ਨਿਰਦੇਸ਼ਕ, ਅਤੇ ਪਹਿਲਾ ਨਾਟਕ ਲੇਖਕ ਮੰਨਿਆ ਜਾਂਦਾ ਹੈ। ਇਸ ਤੋਂ ਬਾਅਦ ਹੀ ਐਸਕਾਇਲਸ (Aeschylus), ਸੋਫ਼ੋਕਲਿਜ਼ (Sophocles) ਅਤੇ ਯੂਰੋਪੀਡੀਜ਼ ( Euripides) ਵਰਗੇ ਮਹਾਨ ਨਾਟਕਕਾਰਾਂ ਦਾ ਆਗਮਨ ਹੁੰਦਾ ਹੈ। ਰੰਗਮੰਚ ਦੇ ਪੁਰਾਣੇ ਸਰੂਪ ਨੂੰ ਨਵੇਂ ਸਰੂਪ ਵਿਚ ਢਾਲਣ ਦਾ ਸਿਹਰਾ ਭਾਵੇਂ ਥੈਸਪਿਸ ਨੂੰ ਜਾਂਦਾ ਹੈ ਪਰ ਰੰਗਮੰਚ ਦੁਆਰਾ ਲੋਕਤੰਤਰ ਪੈਦਾ ਕਰਨ ਦਾ

ਸਿਹਰਾ ਪੀਸਿਸਤਰਾਤੋਸ (Peisistratos) ਨਾਂ ਦੇ ਇਕ ਜਰਨੈਲ ਨੂੰ ਜਾਂਦਾ ਹੈ। ਉਸ ਨੇ ਹੀ ਹੋਮਰ ਦੀਆਂ ਦੋ ਕਵਿਤਾਵਾਂ ਇਲੀਅਡ ਅਤੇ ਓਡੀਸੀ ਨੂੰ ਲਿੱਪੀਬਧ ਕਰਵਾ ਕੇ ਸੰਭਾਲਿਆ ਅਤੇ ਏਥਨਜ਼ ਵਿਚ ਪਹਿਲੀ ਵਾਰ ਪੁਸਤਕਾਲੇ ਦੀ ਉਸਾਰੀ ਕਰਵਾਈ। ਭਾਵੇਂ ਉਸ ਨੂੰ ਅਤਿਆਚਾਰੀ ਗਰਦਾਨਿਆ ਗਿਆ ਪਰ ਏਥਨਜ਼ ਦੀ ਜਿੰਨੀ ਤਰੱਕੀ ਉਸ ਦੇ ਰਾਜ ਵਿਚ ਹੋਈ ਅਤੇ ਜਿੰਨੇ ਸ਼ਹਿਰੀ ਉਸ ਦੇ ਰਾਜ ਵਿਚ ਸੁਖੀ ਸਨ, ਉਸ ਤੋਂ ਪਹਿਲਾਂ ਕਦੀ ਨਹੀਂ ਸਨ। ਉਸ ਦੇ ਰਾਜ ਵਿਚਲੇ ਚਾਰ ਕਬੀਲੇ ਹਮੇਸ਼ਾ ਆਪਸ ਵਿਚ ਲੜਦੇ ਰਹਿੰਦੇ ਸਨ। ਪੀਸਿਸਤਰਾਤੋਸ ਨੂੰ ਇਹ ਅੱਛਾ ਨਹੀਂ ਸੀ ਲਗਦਾ। ਏਥਨਜ਼ ਵਿਚ ਇਹ ਚਾਰੇ ਕਬੀਲੇ ਆਪਣੇ ਆਪਣੇ ਰੰਗਮੰਚ ਮੇਲਿਆਂ ਦਾ ਪ੍ਰਯੋਜਨ ਕਰਦੇ ਸਨ। ਪੀਸਿਸਤਰਾਤੋਸ ਨੇ ਚਾਰੇ ਕਬੀਲਿਆਂ ਨੂੰ ਸਾਂਝੇ ਤੌਰ ‘ਤੇ ਏਥਨਜ਼ ਵਿਚ ਇਕੋ ਥਾਂ ਉੱਤੇ ਇਕੋ ਸਮੇਂ ਰੰਗਮੰਚ ਮੇਲਾ ਕਰਨ ਲਈ ਪ੍ਰੇਰਿਆ। ਇਹ ਇਨਕਲਾਬੀ ਕਦਮ ਸੀ। ਚਾਰੇ ਕਬੀਲੇ ਇਕੋ ਜਗ੍ਹਾ ਇਕੱਠੇ ਹੋਣ ਲੱਗੇ। ਉਹਨਾਂ ਵਿਚ ਆਪਸੀ ਮੇਲ-ਜੋਲ ਵਧਣ ਲੱਗਿਆ। ਉਹਨਾਂ ਨੂੰ ਭਾਈਚਾਰੇ ਦੇ ਮਤਲਬ ਸਮਝ ਆਉਣ ਲੱਗੇ। ਏਥਨਜ਼ ਵਾਸੀਆਂ ਵਿਚ ਮਿਲਜੁਲ ਕੇ ਰਹਿਣ ਦੀ ਜਾਗਰੂਕਤਾ ਪੈਦਾ ਹੋਣ ਲੱਗੀ ਜਿਸ ਦੇ ਆਧਾਰ ‘ਤੇ ਇਕ ਅਸੈਂਬਲੀ ਦਾ ਨਿਰਮਾਣ ਹੋਇਆ ਜਿਸ ਦੇ ਮੈਂਬਰ ਲਾਟਰੀ (Lottery) ਦੇ ਆਧਾਰ ‘ਤੇ ਚੁਣੇ ਜਾਂਦੇ ਸਨ, ਕਬੀਲਿਆਂ ਦੀ ਗਿਣਤੀ ਦੇ ਆਧਾਰ ‘ਤੇ ਨਹੀਂ। ਇਸ ਤਰ੍ਹਾਂ ਦੁਨੀਆ ਵਿਚ ਪਹਿਲੀ ਵਾਰ ਲੋਕਤੰਤਰ ਦਾ ਆਰੰਭ ਹੋਇਆ ਜਿਸ ਨੂੰ ਪੂਰੇ 104 ਸਾਲ ਏਥਨਜ਼ ਵਾਸੀਆਂ ਨੇ ਮਾਣਿਆ। ਰੰਗਮੰਚ ਦੀ ਪ੍ਰੇਰਨਾ ਸਦਕਾ ਸਰਕਾਰੀ ਪ੍ਰਬੰਧ ਵਿਚ ਆਮ ਸਾਧਾਰਨ ਲੋਕਾਂ ਦੀ ਵਧ-ਚੜ੍ਹ ਕੇ ਏਨੀ ਨੁਮਾਇੰਦਗੀ ਹੋਈ ਕਿ ਪਲੈਟੋ (Plato) ਲੋਕਤੰਤਰ ਦੇ ਨਾਲ ਨਾਲ ਰੰਗਮੰਚ ਦੇ ਵੀ ਖਿਲਾਫ਼ ਹੋ ਗਿਆ। ਉਸ ਨੇ ਕਿਹਾ, “The worst form of government was Theatocracy” (ਜਿਸ ਦਾ ਅਰਥ ਸੀ ਨਾਟਕਬਾਜ਼ਾਂ ਦੀ, ਤਮਾਸ਼ਬੀਨਾਂ ਦੀ, ਕੂੜੇ ਦੀ, ਜਨਸਾਧਾਰਨ ਦੀ, ਭੀੜ ਦੀ ਸਰਕਾਰ)। ਇਸ ਤੋਂ ਬਾਅਦ ਜੰਗ ਸ਼ੁਰੂ ਹੋ ਗਈ। ਸਪਾਰਟਾ (Sparta) ਦੇ ਹੱਥੋਂ ਏਥਨਜ਼ ਹਾਰ ਗਿਆ ਅਤੇ ਏਥਨਜ਼ ਖੇਰੂੰ ਖੇਰੂੰ ਹੋ ਗਿਆ। ਇਸ ਦੇ ਨਾਲ ਹੀ ਏਥਨਜ਼ ਵਿਚ ਰੰਗਮੰਚ ਦਾ ਯੁੱਗ ਖ਼ਤਮ ਹੋ ਗਿਆ ਅਤੇ ਲੋਕਤੰਤਰ ਦਾ ਵੀ।

ਰੰਗਮੰਚ ਅਤੇ ਲੋਕਤੰਤਰ ਦਾ ਬੜਾ ਗੂੜ੍ਹਾ ਰਿਸ਼ਤਾ ਹੈ। ਇਹ ਇਕ ਦੂਸਰੇ ਬਿਨਾਂ ਨਹੀਂ ਰਹਿ ਸਕਦੇ। ਪਰ ਇਹ ਵੀ ਨਹੀਂ ਹੈ ਕਿ ਰੰਗਮੰਚ ਨਾਲ ਲੋਕਤੰਤਰ ਦਾ ਕੋਈ ਵਿਰੋਧ ਨਹੀਂ ਹੈ। ਜਦੋਂ ਲੋਕਤੰਤਰ ਕੇਵਲ ਨਾਉਂ ਦਾ ਹੀ ਰਹਿ ਜਾਂਦਾ ਹੈ, ਜਦੋਂ ਇਕ ਖ਼ਾਸ ਵਰਗ ਲੋਕਤੰਤਰ ਦਾ ਮਖੌਟਾ ਪਾ ਕੇ, ਦੇਸ਼ ਦੇ ਆਰਥਿਕ ਵਸੀਲਿਆਂ ‘ਤੇ ਕਾਬਜ਼ ਹੋ ਜਾਂਦਾ ਹੈ ਤਾਂ ਰੰਗਮੰਚ ਇਸ ਬੇਇਨਸਾਫ਼ੀ ਦੇ ਖ਼ਿਲਾਫ਼ ਲੜਨ ਲਈ ਅਵਾਮ ਨੂੰ ਜਾਗਰੂਕ ਕਰਦਾ ਹੈ। ਉਹ ਲੋਕਾਂ ਦੀ ਜ਼ੁਬਾਨ ਬਣਦਾ ਹੈ ਅਤੇ ਉਹਨਾਂ ਦੇ ਨਾਲ ਖੜ੍ਹਾ ਹੁੰਦਾ ਹੈ। ਇਹੋ ਕਾਰਨ ਹੈ ਕਿ ਲੋਕਤੰਤਰ ਵਿਚ ਵੀ ਰੰਗਮੰਚ ‘ਤੇ ਪਾਬੰਦੀ ਲੱਗ ਜਾਂਦੀ ਹੈ। ਪਰ ਰੰਗਮੰਚ ਡਰ ਕੇ ਬੈਠਦਾ ਨਹੀਂ। ਉਹ ਬੇਇਨਸਾਫ਼ੀ ਦੇ ਖਿਲਾਫ਼ ਗੁਰੀਲਾ ਲੜਾਈ ਲੜਦਾ ਹੈ। ਉਹ ਕਦੇ ਘਰਾਂ ਦੀਆਂ ਛੱਤਾਂ ਉੱਤੇ ਜਾਂ ਭੋਰਿਆਂ (Basements) ਵਿਚ ਪਹੁੰਚ ਜਾਂਦਾ ਹੈ, ਕਦੀ ਪਾਰਕਾਂ, ਫੈਕਟਰੀਆਂ ਦੇ ਗੇਟਾਂ ਜਾਂ ਅਹਾਤਿਆਂ ਦਾ ਇਸਤੇਮਾਲ ਕਰਦਾ ਹੈ। ਰੰਗਮੰਚ ਅੱਜ ਵੀ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ, ਤਸ਼ੱਦਦ ਅਤੇ ਪਾਬੰਦੀਆਂ ਦੇ ਬਾਵਜੂਦ ਸੱਚੀ ਜਮਹੂਰੀਅਤ ਅਤੇ ਇਨਸਾਨੀ ਹੱਕਾਂ ਦੀ ਬਹਾਲੀ ਲਈ ਜਦੋਜਹਿਦ ਕਰ ਰਿਹਾ ਹੈ। ਅਵਾਮ ਨੂੰ ਜਾਗਰੂਕ ਕਰ ਰਿਹਾ ਹੈ। ਜਿਵੇਂ ਉਪਰ ਦੱਸਿਆ ਜਾ ਚੁੱਕਾ ਹੈ ਕਿ ਰੰਗਮੰਚ ਅਤੇ ਲੋਕਤੰਤਰ ਇਕ ਦੂਜੇ ਬਿਨਾਂ ਨਹੀਂ ਰਹਿ ਸਕਦੇ। ਅਸਲ ਲੋਕਤੰਤਰ ਦੀ ਪ੍ਰਾਪਤੀ ਉਪਰੰਤ ਉਸ ਨੂੰ ਸੁਧਾਰਨ, ਮਨੁੱਖੀ ਕਦਰਾਂ-ਕੀਮਤਾਂ ਦੀ ਬਹਾਲੀ,

ਲੋਕਤੰਤਰ ਨੂੰ ਸਿਹਤਮੰਦ ਅਤੇ ਬਰਕਰਾਰ ਰੱਖਣ ਲਈ ਵੀ ਰੰਗਮੰਚ ਜ਼ਰੂਰੀ ਹੈ। ਜਦੋਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਲੋਕਾਂ ਵੱਲੋਂ ਬੇਪ੍ਰਵਾਹ ਹੋ ਜਾਂਦੇ ਹਨ, ਆਪਣੇ ਫ਼ਰਜ਼ ਭੁੱਲ ਜਾਂਦੇ ਹਨ, ਭ੍ਰਿਸ਼ਟ ਅਤੇ ਬੇਸ਼ਰਮ ਹੋ ਜਾਂਦੇ ਹਨ ਤਾਂ ਰੰਗਮੰਚ ਲੋਕਾਂ ਦੀ ਆਵਾਜ਼ ਬਣ ਕੇ ਅਸੈਂਬਲੀਆਂ ਅਤੇ ਸੰਸਦਾਂ ਵਿਚ ਬਦਮਸਤ ਬੈਠੇ ਨੁਮਾਇੰਦਿਆਂ ਨੂੰ ਝੰਜੋੜਦਾ ਹੈ, ਉਹਨਾਂ ਨੂੰ ਲੋਕਾਂ ਨਾਲ ਕੀਤੇ ਵਾਅਦੇ ਯਾਦ ਕਰਾਉਂਦਾ ਹੈ, ਉਹਨਾਂ ਨੂੰ ਨੰਗਿਆਂ ਕਰਦਾ ਹੈ। ਰੰਗਮੰਚ ਸੰਸਦ ਦੇ ਬਰਾਬਰ ਇਕ ਖੁੱਲ੍ਹੀ ਸੰਸਦ, ਲੋਕਾਂ ਦੀ ਸੰਸਦ ਪ੍ਰਦਾਨ ਕਰਦਾ ਹੈ। ਪ੍ਰਬੰਧ ਜਿੰਨਾ ਮਰਜ਼ੀ ਜਮ੍ਹੂਰੀਅਤ ਦਾ ਦਾਅਵਾ ਕਰੇ ਪਰ ਉਸ ਦੇ ਆਪਣੇ ਜਮਾਤੀ ਹਿਤਾਂ ਲਈ ਲੁਕਵੇਂ ਏਜੰਡੇ ਹੁੰਦੇ ਹਨ, ਜਿਹਨਾਂ ਬਾਰੇ ਕੇਵਲ ਰੰਗਮੰਚ ਹੀ ਲੋਕਾਂ ਨੂੰ ਸੁਚੇਤ ਕਰਦਾ ਹੈ। ਇਹੋ ਕਾਰਨ ਹੈ ਕਿ ਸਰਕਾਰਾਂ ਅਕਸਰ ਕਿਸੇ ਨਾ ਕਿਸੇ ਢੰਗ ਨਾਲ ਰੰਗਮੰਚ ਦਾ ਵਿਰੋਧ ਕਰਦੀਆਂ ਰਹਿੰਦੀਆਂ ਹਨ ਅਤੇ ਇਸ ਕਲਾ ਦੀ ਹੌਸਲਾ ਅਫ਼ਜ਼ਾਈ ਕਰਨ ਤੋਂ ਗੁਰੇਜ਼ ਕਰਦੀਆਂ ਹਨ। ਇਹ ਆਮ ਵੇਖਣ ਵਿਚ ਆਇਆ ਹੈ ਕਿ ਸਰਕਾਰ ਦੇ ਬਜਟ ਦੇ ਸਭਿਆਚਾਰਕ ਖਾਤੇ ਵਿਚ ਰੰਗਮੰਚ ਲਈ ਬਹੁਤ ਹੀ ਨਿਗੂਣੀ ਜਿਹੀ ਰਕਮ ਰੱਖੀ ਜਾਂਦੀ ਹੈ ਜਾਂ ਕਈ ਵੇਰਾਂ ਰੱਖੀ ਹੀ ਨਹੀਂ ਜਾਂਦੀ। ਸਰਕਾਰ ਜਿੰਨੀ ਲੋਕਾਂ ਤੋਂ ਦੂਰੀ ਬਣਾ ਕੇ ਰੱਖਦੀ ਹੈ, ਇਸ ਤੋਂ ਕਈ ਗੁਣਾਂ ਜ਼ਿਆਦਾ ਸਰਕਾਰ ਲੋਕਾਂ ਨੂੰ ਰੰਗਮੰਚ ਤੋਂ ਦੂਰ ਰੱਖਣ ਲਈ ਕਈ ਤਰੀਕੇ ਅਪਣਾਉਂਦੀ ਹੈ। ਪਰ ਇਤਿਹਾਸ ਗਵਾਹ ਹੈ ਕਿ ਰੰਗਮੰਚ ਹਮੇਸ਼ਾ ਲੋਕਾਂ ਦੇ ਨਾਲ ਖੜ੍ਹਾ ਹੈ। ਲੋਕਾਂ ਦਾ ਰੰਗਮੰਚ ਨਾਲ ਅਟੁੱਟ ਰਿਸ਼ਤਾ ਹੈ ਕਿਉਂਕਿ ਲੋਕ ਹੀ ਲੋਕਤੰਤਰਤਾ ਹਨ। ਯੂਨਾਨੀ ਭਾਸ਼ਾ ਵਿਚ ਡੈਮੋ (Demo) ਸ਼ਬਦ ਦੇ ਅਰਥ ਹਨ ਆਮ ਲੋਕ ਮਤਲਬ ਅਵਾਮ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਰੰਗਮੰਚ ਉਪਰ ਵੀ ਬਹੁਤ ਵੱਡੀ ਜਿੰਮੇਵਾਰੀ ਹੈ।

ਜਿੱਥੇ ਰੰਗਮੰਚ ਨੇ ਲੋਕਾਂ ਨੂੰ ਜਾਗੂਰਕ ਰੱਖਣਾ ਹੈ ਉੱਥੇ ਰੰਗਮੰਚ ਲਈ ਆਪਣੇ ਆਪ ਉਪਰ ਨਿਗਰਾਨੀ ਰੱਖਣੀ ਵੀ ਜ਼ਰੂਰੀ ਹੈ ਕਿ ਉਹ ਖ਼ੁਦ ਤਾਂ ਭ੍ਰਿਸ਼ਟ ਨਹੀਂ ਹੋ ਰਿਹਾ? ਇਸ ਵਿਚਾਰ ਨੂੰ ਹੋਰ ਸਪਸ਼ਟ ਕਰਨ ਹਿਤ ਇੱਥੇ ਸਪੈਨਿਸ਼ ਨਾਟਕਕਾਰ ਗਾਰਸ਼ੀਆ ਲੋਰਕਾ ਦਾ ਕਥਨ ਠੀਕ ਰਹੇਗਾ। ਉਹ ਲਿਖਦਾ ਹੈ, "ਉਹ ਕੌਮ ਜੋ ਆਪਣੇ ਰੰਗਮੰਚ ਨੂੰ ਹੌਸਲਾ ਅਤੇ ਮਦਦ ਮੁਹਈਆ ਨਹੀਂ ਕਰਦੀ, ਜੇ ਉਹ ਅਜੇ ਮਰੀ ਨਹੀਂ ਤਾਂ ਮਰਨ ਦੀ ਤਰਫ਼ ਜਾ ਰਹੀ ਹੈ। ਇਸੇ ਤਰ੍ਹਾਂ ਜੋ ਰੰਗਮੰਚ ਆਪਣੇ ਲੋਕਾਂ ਦੇ ਹੰਝੂਆਂ ਅਤੇ ਹਾਸੇ ਦੇ ਪਿੱਛੇ ਸਮਾਜਕ ਅਤੇ ਇਤਿਹਾਸਕ ਨਬਜ਼ ਨਹੀਂ ਫੜਦਾ, ਆਪਣੇ ਲੋਕਾਂ ਦੀ ਸੱਚੀ-ਸੁੱਚੀ ਰੂਹਾਨੀ ਅਤੇ ਕੁਦਰਤੀ ਤਸਵੀਰ ਪੇਸ਼ ਨਹੀਂ ਕਰਦਾ, ਉਸ ਨੂੰ ਰੰਗਮੰਚ ਕਹਾਉਣ ਦਾ ਹੱਕ ਨਹੀਂ ਹੈ, ਉਹ ਮਹਿਜ਼ ਤਮਾਸ਼ਾ ਹੈ।" 000

***(HM - 90, ਫੇਜ਼ 4, ਮੁਹਾਲੀ, ਪੰਜਾਬ - 160059***
***ਫੋਨ +91-98551-09660)***

# ਵੱਡਾ ਫਲਾਤੂ: ਸ਼ਬਦ ਝਰੋਖਾ: ਬਲਜੀਤ ਬਾਸੀ

ਕੱਚੀ ਜਮਾਤ ਵਿਚ ਸੇਮਾਂ ਨਾਂ ਦਾ ਮੁੰਡਾ ਮੇਰੇ ਨਾਲ ਪੜ੍ਹਦਾ ਸੀ। ਪੜ੍ਹਦਾ ਕੀ ਸਕੂਲ ਆਉਂਦਾ ਕਹਿਣਾ ਹੀ ਠੀਕ ਹੈ ਕਿਉਂਕਿ ਬਸਤੇ ਨਾਲ ਉਸ ਦਾ ਸੰਬੰਧ ਇਸ ਨੂੰ ਚੁੱਕਣ ਤੇ ਕਮਰੇ ਵਿਚ ਲਿਆ ਕੇ ਇਸ ਉੱਤੇ ਬੈਠਣ ਤਕ ਹੀ ਸੀ। ਕੈਦਾ ਫੱਟੀ ਕਦੇ ਉਸ ਨੇ ਕੱਢ ਕੇ ਨਹੀਂ ਸੀ ਦੇਖੇ। ਉਹ ਅਕਸਰ ਚੁੱਪ-ਗੜੁੱਪ ਹੀ ਰਹਿੰਦਾ, ਅਧਿਆਪਕ ਦੇ ਕਿਸੇ ਪੁੱਛੇ ਦਾ ਉਸ ਨੇ ਜਵਾਬ ਕੀ ਦੇਣਾ ਹੁੰਦਾ। ਪੱਕੀ ਜਮਾਤ ਵਿਚ ਚੜ੍ਹਨ ਤੋਂ ਪਹਿਲਾਂ ਪਹਿਲਾਂ ਹੀ ਇਕ ਦਿਨ ਉਸ ਦਾ ਪਿਉ ਆਇਆ, ਨਾਲ ਉਸ ਦੇ ਸੇਮੇਂ ਦਾ ਵੱਡਾ ਭਰਾ ਸ਼ਿੰਦਰ ਸੀ। ਮੁੰਡਿਆਂ ਦਾ ਪਿਉ ਮਾਸਟਰ ਨੂੰ ਕੁਝ ਇਸ ਤਰ੍ਹਾਂ ਬੋਲਿਆ, ''ਮੈਂ ਬੜੇ ਨੂੰ ਲੈ ਕੇ ਆਇਆਂ। ਦੇਖ ਲਿਓ ਏਹਦੇ ਢਿਡ ਚਾਰ ਅੱਖਰ ਪੈਂਦੇ ਕਿ ਨਹੀਂ। ਸੇਮੇਂ ਨੂੰ ਮੈਂ ਲੈ ਜਾਨਾਂ। ਖੇਤਾਂ 'ਚ ਹੱਥ ਬਟਾਉਣ ਲਈ ਬੀ ਕੋਈ ਚਾਹੀਦਾ''। ਮਾਸਟਰ ਦਾ ਹੁੰਗਾਰਾ ਉਡੀਕੇ ਬਿਨਾਂ ਪਿਉ ਸੇਮੇਂ ਦਾ ਹੱਥ ਫੜੀ ਕਮਰੇ ਤੋਂ ਬਾਹਰ ਹੋ ਗਿਆ। ਲਗਦਾ ਹੈ ਮਾਸਟਰ ਨੇ ਸੇਮੇਂ ਦੀ ਪੜ੍ਹਾਈ ਵਿਚ ਦਿਲਚਸਪੀ ਨਾ ਹੋਣ ਦੀ ਸ਼ਿਕਾਇਤ ਭੇਜੀ ਸੀ।

ਨਵਾਂ ਦਾਖਲ ਹੋਇਆ ਸ਼ਿੰਦਰ ਕਲਾਸ ਵਿਚ ਸਭ ਤੋਂ ਵੱਡੀ ਉਮਰ ਦਾ ਲੱਗਦਾ ਸੀ, ਸਾਰਿਆਂ ਨਾਲੋਂ ਪੰਜ ਛੇ ਸਾਲ ਵੱਡਾ ਜ਼ਰੂਰ ਹੋਵੇਗਾ। ਮੂਹਰੇ ਬੈਠਾ ਹੋਵੇ ਤਾਂ ਮਾਸਟਰ ਨਹੀਂ ਸੀ ਦਿਸਦਾ। ਉਸ ਨੇ ਦਿਨਾਂ ਵਿਚ ਹੀ ਪੜ੍ਹਾਈ ਦਾ ਘਾਪਾ ਪੂਰ ਲਿਆ ਤੇ ਹੁਸ਼ਿਆਰ ਸਮਝਿਆ ਜਾਣ ਲੱਗਾ। ਪ੍ਰਾਇਮਰੀ ਤੇ ਅੱਗੇ ਹਾਈ ਸਕੂਲ ਵਿਚ ਅੱਠਵੀਂ ਜਮਾਤ ਤਕ ਉਹ ਮੇਰਾ ਹਮ-ਜਮਾਤੀ ਹੀ ਨਹੀਂ ਪੱਕਾ ਯਾਰ-ਬੇਲੀ ਵੀ ਬਣਿਆ ਰਿਹਾ। ਉਸ ਦਾ ਨਿੱਕੀਆਂ ਇੱਟਾਂ ਵਾਲਾ ਘਰ ਸਾਡੀ ਗਲ਼ੀ ਵਿਚ ਹੀ ਸੀ। ਸਭ ਤੋਂ ਵੱਡੀ ਉਮਰ ਦਾ ਹੋਣ ਕਰਕੇ ਕੁਦਰਤੀ ਤੌਰ ‘ਤੇ ਉਸ ਵਿਚ ਔਸਤ ਬੁੱਧੀ ਵੀ ਹੋਰਨਾਂ ਨਾਲੋਂ ਵਧੇਰੇ ਸੀ। ਸੱਤਵੀਂ ਅੱਠਵੀਂ ਵਿਚ ਜਾ ਕੇ ਤਾਂ ਉਹ ਪੂਰਾ ਗੱਭਰੂ, ਪ੍ਰੌੜ੍ਹ ਤੇ ਸਿਆਣਾ ਸਿਆਣਾ ਲੱਗਣ ਲੱਗ ਪਿਆ। ਉਹ ਸਾਡੇ ਨਾਲ ਗੱਲਾਂ ਵੀ ਵੱਡੀ ਉਮਰ ਵਾਲੀਆਂ ਕਰਦਾ। ਜ਼ਿੰਦਗੀ ਵਿਚ ਪਹਿਲੀ ਵਾਰੀ ਉਸ ਤੋਂ ਲੰਮੀਆਂ ਲੰਮੀਆਂ, ਗੰਦੀਆਂ ਗੰਦੀਆਂ ਬੋਲੀਆਂ ਸੁਣੀਆਂ ਤੇ ਸਿੱਖੀਆਂ। ਹੋਰ ਤਾਂ ਹੋਰ ਉਸ ਨੇ ਆਪਣੀ ਗਲ਼ੀ ਵਿਚਲੀ ਕਿਸੇ ਗੁਆਂਢਣ ਕੁੜੀ ਨਾਲ ਆਪਣੇ ਕਾਮ-ਅਨੁਭਵ ਵੀ ਦੱਸਣੇ ਸ਼ੁਰੂ ਕਰ ਦਿੱਤੇ। ਉਸ ਦੀਆਂ ਗੱਲਾਂ ਸੁਣਕੇ ਅਸੀਂ ਤਾਂ ਬੁੱਲ੍ਹਾਂ ‘ਤੇ ਜੀਭ ਹੀ ਫੇਰ ਛੱਡਦੇ। ਇਸ ਤਰ੍ਹਾਂ ਬਹੁਤਿਆਂ ਵਿਚ ਕਾਮ-ਚੇਤਨਤਾ ਉਮਰ ਤੋਂ ਪਹਿਲਾਂ ਹੀ ਜਾਗ੍ਰਤ ਹੋ ਗਈ।

ਇਕ ਦਿਨ ਮੈਂ ਉਸ ਨੂੰ ਕੋਈ ਗੱਲ ਆਖੀ ਜੋ ਹੁਣ ਯਾਦ ਨਹੀਂ, ਸਿਆਣਿਆਂ ਵਾਲੀ ਹੋਣੀ ਹੈ, ਤਾਂ ਉਸ ਨੇ ਤਮਕ ਕੇ ਕਿਹਾ,'ਜਾਹ ਵੱਡਾ ਫਲਾਤੂ'। ਮੇਰੀ ਸ਼ਕਲ ਮਾਨੋ ਪ੍ਰਸ਼ਨਵਾਚੀ ਬਣ ਗਈ, ''ਫਲਾਤੂ? ਇਹ ਕੀ ਹੁੰਦਾ?'' ਮੈਂ ਸਹਿਜ ਭਾਅ ਪੁੱਛਿਆ। ''ਫਲਾਤੂ, ਫਲਾਤੂ ਹੁੰਦਾ, ਤੈਨੂੰ ਨਹੀਂ ਪਤਾ'', ਕਹਿੰਦਿਆਂ ਉਹ ਪਰੇ ਹੋ ਗਿਆ। ਸ਼ਬਦ ਦੀ ਪਰਿਭਾਸ਼ਾ ਦੇਣਾ ਸੌਖਾ ਕੰਮ ਨਹੀਂ ਤੇ ਸ਼ਿੰਦਰ ਜਿਹਾ ਸਿਆਣਾ-ਬਿਆਣਾ ਵੀ ਇਸ ਤੋਂ ਅਸਮਰੱਥ ਸੀ। ਫਲਾਤੂ ਬਾਰੇ ਹੋਰ ਅੱਗੇ ਲਿਖਣ ਤੋਂ ਪਹਿਲਾਂ ਇਹ ਦੱਸ ਦੇਵਾਂ ਕਿ ਸ਼ਿੰਦਰ ਤਾਂ ਅੱਠਵੀ ਪਾਸ ਕਰ ਕੇ ਹੀ ਹਟ ਗਿਆ ਪਰ ਮੈਂ ਅੱਗੇ ਪੜ੍ਹਦਾ ਯੂਨੀਵਰਸਿਟੀ ਤਕ ਚਲੇ ਗਿਆ ਸਾਂ। ਇਕ ਦਿਨ ਪਿੰਡ ਗਿਆ ਤਾਂ ਉਹ ਗਲ਼ੀ ਵਿਚ ਮਿਲਿਆ। ਮੈਂ ਹਾਲਚਾਲ ਪੁੱਛਿਆ ਤਾਂ ਉਹ ਮੁਸ਼ਕੜੀਆਂ ਵਿਚ ਕਹਿੰਦਾ,''ਵਧਕੇ, ਪੋਤੀ ਕਨੇਡੇ ਵਿਆਹ ਦਿੱਤੀ''। ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕੀ, ਮੇਰਾ ਵਿਆਹ ਵੀ ਨਹੀਂ ਹੋਇਆ ਤੇ ਇਸ ਨੇ ਪੋਤੀ ਵੀ ਵਿਆਹ ਲਈ। ਮੈਂ ਆਪਣੀ ਉਮਰ ਦੇ ਸਾਲ ਗਿਣਨ ਲੱਗ ਪਿਆ। ਪਰ ਆਪਣੇ ਜਵਾਬ ਵਿਚ ਉਸਨੇ ਇਕ ਤਰ੍ਹਾਂ ਮੇਰੇ ਅਜੇ ਤਕ ਵੀ ਅਣ-ਵਿਆਹੇ ਰਹਿਣ ‘ਤੇ ਵਿਅੰਗ ਹੀ ਕੱਸਿਆ ਸੀ ਜਿਸ ਨੂੰ ਉਸ ਨੇ ਝੱਟ ਹੀ ਪਿੱਛੋਂ ਢਿੱਲਾ ਕੀਤਾ, 'ਕੈਨੇਡੇ ਪੋਤੀ ਹੋਈ ਹੈ, ਮੂਰਖਾ।'' ਮੁੱਦਤਾਂ ਬਾਅਦ

ਮਿਲੇ ਹੋਣ ਕਾਰਨ ਉਸ ਨੇ ਮੁੰਡੇ ਦੇ ਕੈਨੇਡਾ ਵਿਆਹੇ ਜਾਣ ‘ਤੇ ਪੋਤੀ ਹੋਣ ਦੀ ਸੂਚਨਾ ਇਕ ਤਰ੍ਹਾਂ ਇਕੱਠੀ ਹੀ ਦਿੱਤੀ ਸੀ।

ਇਸ ਤਰਾਂ ਫਲਾਤੂ ਸ਼ਬਦ ਨਾਲ ਮੇਰਾ ਪਰਿਚੈ ਅੱਠਵੀਂ ਜਮਾਤ ਵਿਚ ਸ਼ਿੰਦਰ ਨੇ ਹੀ ਕਰਾਇਆ ਸੀ। ਦਸਵੀਂ ਵਿਚ ਹੋਇਆ ਤਾਂ ਮਾਰਕਸਵਾਦੀ ਸਾਹਿਤ ਪੜ੍ਹਨ ਦੀ ਚੇਟਕ ਲੱਗ ਗਈ। ਜਲੰਧਰ ਸ਼ਹਿਰ ਦੇ 'ਪੰਜਾਬ ਬੁੱਕ ਸੈਂਟਰ' ਜਾ ਕੇ ਅਕਸਰ ਮਾਰਕਸਵਾਦੀ ਸਾਹਿਤ ਤੇ ਹੋਰ ਰਿਸਾਲੇ ਕਿਤਾਬਾਂ ਖਰੀਦਣ ਲੱਗ ਪਿਆ। ਇਕ ਦਿਨ ਓ.ਯਾਕੂਤ ਵੱਲੋਂ ਲਿਖੀ ਪੰਜਾਬੀ ਵਿਚ ਅਨੁਵਾਦੀ ਪੁਸਤਕ 'ਅਫਲਾਤੂਨ ਤੋਂ ਲੈਨਿਨ ਤਕ' ਖਰੀਦ ਲਿਆਇਆ। ਇਹ ਫਲਸਫੇ ਦੇ ਇਤਿਹਾਸ ਦੀ ਸਰਲ ਕਿਤਾਬ ਸੀ। ਪੜ੍ਹਨ ‘ਤੇ ਪਤਾ ਲੱਗਾ ਕਿ ਇਸ ਵਿਚ ਜ਼ਿਕਰ ਕੀਤਾ ਫਿਲਾਸਫਰ ਅਫਲਾਤੂਨ ਦਰਅਸਲ ਯੂਨਾਨੀ ਫਿਲਾਸਫਰ ਪਲੈਟੋ ਹੈ। ਉਦੋਂ ਮਾੜੀ ਮੋਟੀ ਹੈਰਾਨੀ ਵੀ ਹੋਈ ਕਿ ਪੰਜਾਬੀਆਂ ਨੇ 'ਪਲੈਟੋ' ਨੂੰ ਵਿਗਾੜ ਕੇ ਅਟਪਟਾ ਜਿਹਾ 'ਅਫਲਾਤੂਨ' ਕਿਉਂ ਬਣਾ ਲਿਆ?

ਅੱਜ ਤੋਂ ਕੋਈ ਢਾਈ ਹਜ਼ਾਰ ਸਾਲ ਪਹਿਲੋਂ ਜਨਮੇ ਅਫਲਾਤੂਨ ਉਰਫ ਪਲੈਟੋ ਨੂੰ ਪੱਛਮੀ ਫਿਲਾਸਫੀ ਦਾ ਮੋਢੀ ਮੰਨਿਆ ਜਾਂਦਾ ਹੈ। ਇਹ ਗੱਲ ਨਹੀਂ ਕਿ ਉਸ ਤੋਂ ਪਹਿਲਾਂ ਫਿਲਾਸਫੀ ਨਹੀਂ ਸੀ ਬਲਕਿ ਇਕ ਹੋਰ ਵੱਡਾ ਫਿਲਾਸਫਰ ਅਰਸਤੂ ਉਸ ਦਾ ਉਸਤਾਦ ਸੀ। ਕਹਿਣ ਤੋਂ ਭਾਵ ਪਲੈਟੋ ਨੇ ਇਕ ਤਰ੍ਹਾਂ ਸੁਗਠਤ ਦਰਸ਼ਨ ਪੇਸ਼ ਕੀਤਾ ਜਿਸ ਵਿਚ ਦਵੰਦਾਤਮਕ ਵਿਧੀ ਸੀ। ਉਸ ਨੇ ਲਗਪਗ ਹਰ ਤਰ੍ਹਾਂ ਦੇ ਵਿਸ਼ੇ ਜਿਵੇਂ ਰਾਜਨੀਤੀ, ਕਲਾ, ਸਾਹਿਤ, ਨੀਤੀ-ਸ਼ਾਸਤਰ, ਅਧਿਆਤਮਵਾਦ, ਗਣਿਤ, ਜੀਵਵਿਗਿਆਨ, ਭਾਸ਼ਾ, ਗੱਲ ਕੀ ਹਰ ਤਰ੍ਹਾਂ ਦੇ ਵਿਸ਼ੇ ‘ਤੇ ਭਵਿੱਖਮੁਖੀ ਕੰਮ ਕੀਤਾ। ਪਲੈਟੋ ਦੇ ਫਲਸਫੇ ਤੇ ਆਧਾਰਤ ਇਕ ਆਦਰਸ਼ਕ ਪਿਆਰ ਦਾ ਵਿਚਾਰ ਪੈਦਾ ਹੋਇਆ ਜਿਸ ਵਿਚ ਵਾਸਨਾ-ਰਹਿਤ ਰੂਹਾਨੀ ਪਿਆਰ ਦੀ ਵਕਾਲਤ ਕੀਤੀ ਜਾਂਦੀ ਹੈ। ਪੰਜਾਬੀ ਵਿਚ ਇਸ ਲਈ 'ਅਫਲਾਤੂਨੀ ਪਿਆਰ' ਉਕਤੀ ਪ੍ਰਚਲਤ ਹੈ। *'ਪਿਆਰ ਕਬਜ਼ਾ ਨਹੀਂ, ਪਛਾਣ ਹੈ'* ਦੀ ਰਟ ਲਾ ਕੇ ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਇਸ ਦਾ ਖੂਬ ਪ੍ਰਸਾਰ ਕੀਤਾ।

‘ਅਫਲਾਤੂਨ' ਨੂੰ ਅੰਗਰੇਜ਼ ਆਪਣੀ ਭਾਸ਼ਾ ਵਿਚ ਪਲੈਟੋ ਕਹਿੰਦੇ ਹਨ ਤੇ ਕਿਉਂਕਿ ਹਰ ਪੜ੍ਹਿਆ ਲਿਖਿਆ ਅੰਗਰੇਜ਼ੀ ਦੇ ਪਿੱਛੇ ਲੱਗਦਾ ਹੈ,ਇਸ ਲਈ ਅੱਜ ਬਹੁਤੀਆਂ ਭਾਸ਼ਾਵਾਂ ਵਿਚ ਇਹ ਦਾਰਸ਼ਨਿਕ ਇਸੇ ਨਾਂ ਨਾਲ ਜਾਣਿਆ ਜਾਂਦਾ ਹੈ। ਅਸਲ ਵਿਚ ਉਸ ਦੀ ਆਪਣੀ ਗਰੀਕ ਭਾਸ਼ਾ ਵਿਚ ਬੋਲਿਆ ਜਾਣ ਵਾਲਾ ਨਾਂ ਪਲਾਟੋਨ ਸੀ। ਇਹ ਨਾਂ ਉਸ ਦੇ ਘਰ ਦਿਆਂ ਨੇ ਨਹੀਂ ਸੀ ਰੱਖਿਆ। ਉਸ ਦਾ ਜਮਾਂਦਰੂ ਨਾਂ ਸ਼ਾਇਦ ਉਸ ਦੇ ਦਾਦਾ ਦੇ ਨਾਂ ਪਿੱਛੇ ਅਰਿਸਟੋਕਲਜ਼ ਰੱਖਿਆ ਗਿਆ ਸੀ। ਉਸ ਵੇਲੇ ਏਥਨਜ਼ ਵਿਚ ਮੁੰਡਿਆਂ ਦਾ ਨਾਂ ਦਾਦਾ ਦੇ ਨਾਂ ਪਿੱਛੇ ਰੱਖਣ ਦੀ ਰੀਤ ਸੀ। ਪਰ ਸਾਡੇ ਫਿਲਾਸਫਰ ਨੇ ਆਪ ਆਪਣਾ ਨਾਂ ਪਲਾਟੋਨ ਪਰਚਾਰਿਆ। ਇਸ ਨਾਂ ਪਿੱਛੇ ਵੀ ਇਕ ਕਹਾਣੀ ਹੈ। ਬਹੁਪ੍ਰਤਿਭਾਸ਼ਾਲੀ ਪਲੈਟੋ ਨੂੰ ਪਹਿਲਵਾਨੀ ਦਾ ਵੀ ਸ਼ੌਕ ਸੀ। ਕਹਿੰਦੇ ਹਨ ਪਲੈਟੋ ਦੇ ਮੋਢੇ (ਕਈਆਂ ਅਨੁਸਾਰ ਛਾਤੀ ਜਾਂ ਮੱਥਾ) ਬਹੁਤ ਚੌੜੇ ਸਨ। ਉਸ ਦੇ ਅਜਿਹੇ ਚੌੜੇ-ਚਕਲੇ ਜੁੱਸੇ ਤੋਂ ਪ੍ਰਭਾਵਤ ਹੋਇਆ ਉਸਦਾ ਕੋਚ ਉਸ ਨੂੰ ਪਲਾਟੋਨ ਕਹਿਣ ਲੱਗ ਪਿਆ। ਪਰਾਚੀਨ ਗਰੀਕ ਭਾਸ਼ਾ ਵਿਚ 'ਚੌੜਾ' ਲਈ ਪਲੇਟਸ (platus) ਜਿਹਾ ਸ਼ਬਦ ਹੈ ਜਿਸ ਤੋਂ ਵਿਅਕਤੀ ਨਾਂ ਬਣਾਇਆ ਗਿਆ ਪਲਾਟੋਨ। ਇਹ ਨਾਂ ਲਾਤੀਨੀ ਵਿਚ ਗਿਆ ਤਾਂ ਨ ਧੁਨੀ ਅਲੋਪ ਹੋ ਗਈ ਤੇ ਨਾਂ ਦਾ ਸ਼ਬਦ ਪਲੈਟੋ ਜਿਹਾ ਬਣ ਗਿਆ। ਯੂਰਪ ਦੇ ਇਕ ਖਿੱਤੇ ਵਿਚ ਲਾਤੀਨੀ ਭਾਰੂ ਹੋਣ ਕਰਕੇ ਅੰਗਰੇਜ਼ੀ ਸਮੇਤ ਕਈ ਭਾਸ਼ਾਵਾਂ ਵਿਚ ਏਹੀ ਸ਼ਬਦ ਪ੍ਰਚੱਲਤ ਹੋਇਆ।

ਐਪਰ ਸਲਾਵਿਕ ਤੇ ਕਈ ਹੋਰ ਭਾਸ਼ਾਵਾਂ ਵਿਚ ਇਸ ਨੇ ਪਲਾਤੋਨ ਜਿਹਾ ਰੂਪ ਅਖਤਿਆਰ ਕਰ ਲਿਆ। ਗਰੀਸ ਅਰਬ ਦੇਸ਼ਾਂ ਦਾ ਗੁਆਂਢੀ ਵੀ ਹੈ, ਇਸ ਲਈ ਦੋਨਾਂ ਧਿਰਾਂ ਵਿਚਕਾਰ ਕਈ ਤਰ੍ਹਾਂ ਦਾ ਵਪਾਰਕ ਤੇ ਵਿਚਾਰਕ ਆਦਾਨ-ਪ੍ਰਦਾਨ ਹੁੰਦਾ ਰਿਹਾ ਹੈ। ਸੋ ਅਰਬੀ ਵਿਚ ਜਾ ਕੇ ਪਲਾਤੋਨ ਅਫਲਾਤੂਨ ਬਣ ਗਿਆ। ਅਸਲ ਵਿਚ ਅਰਬੀ ਜ਼ਬਾਨ ਵਿਚ ਪ ਧੁਨੀ ਨਹੀਂ ਹੈ ਤੇ ਨਾ ਹੀ ਇਸ ਦਾ ਲਖਾਇਕ ਕੋਈ ਅੱਖਰ। (ਬਾਅਦ ਵਿਚ ਤਿੰਨ ਨੁਕਤੇ ਲਾ ਕੇ ਬਣਾਇਆ ਗਿਆ)।

ਇਸ ਲਈ ਪ ਧੁਨੀ ਫ਼ ਵਿਚ ਬਦਲ ਗਈ। ਪੈਲਸਟਾਈਨ ਨੂੰ ਅਰਬੀ ਵਿਚ ਫਲਸਤੀਨ ਇਸੇ ਕਰਕੇ ਕਿਹਾ ਜਾਂਦਾ ਹੈ। ਸ਼ਾਇਦ ਫ਼ ਧੁਨੀ ਇਕੱਲੀ ਬੋਲਣੀ ਆਸਾਨ ਨਹੀਂ ਸੀ, ਇਸ ਲਈ ਸ਼ੁਰੂ ਵਿਚ ਅ ਲਾ ਦਿੱਤਾ ਗਿਆ। ਉਂਝ ਫਲਾਤੂਨ ਵੀ ਅਰਬੀ ਫਾਰਸੀ ਵਿਚ ਚੱਲਦਾ ਹੈ। ਅਰਬੀ ਤੋਂ ਹੀ ਅਫਲਾਤੂਨ ਫਾਰਸੀ ਵਿਚ ਗਿਆ ਤੇ ਉੱਥੋਂ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ। ਪੰਜਾਬੀ ਤੇ ਸ਼ਾਇਦ ਹੋਰ ਭਾਰਤੀ ਭਾਸ਼ਾਵਾਂ ਵਿਚ ਇਹ ਸ਼ਬਦ ਵਿਦਵਾਨ, ਕਾਰੀਗਰ, ਹੁਸ਼ਿਆਰ, ਘਾਗ, ਚਤੁਰ, ਸ਼ੇਖੀਖੋਰਾ ਜਿਹੇ ਅਰਥਾਂ ਵਿਚ ਵੀ ਵਰਤਿਆ ਜਾਣ ਲੱਗਾ। ਅਰਬੀ ਫਾਰਸੀ ਗਿਆਨ ਨਾਲ ਭਰੇ ਪੰਜਾਬੀ ਸੂਫੀ ਅਤੇ ਕਿੱਸਾ ਕਾਵਿ ਵਿਚ ਅਫ਼ਲਾਤੂਨ ਦਾ ਖੂਬ ਬੋਲਬਾਲਾ ਹੋ ਗਿਆ। ਹਾਸ਼ਮ ਸ਼ਾਹ ਦਾ ਕਲਾਮ ਸੁਣੋ:

*ਜਿਸ ਉਸਤਾਦ ਸੰਦੂਕ ਸੱਸੀ ਦਾ, ਘੜਿਆ ਨਾਲ ਮਿਹਰ ਦੇ।*
*ਅਫਲਾਤੂਨ ਅਰਸਤੂ ਜੇਹੇ,ਹੋਣ ਸ਼ਾਗਿਰਦ ਹੁਨਰ ਦੇ।*

ਅਤੇ ਵਾਰਸ ਸ਼ਾਹ,

*ਫੈਲਸੂਫ ਜਿਹਾਂ ਦੀਆਂ ਅਸੀਂ ਰੰਨਾਂ, ਸਾਡੇ ਮਕਰ ਦੇ ਭੇਤ ਕਿਸ ਪਾਵਨੇ ਵੇ।*
*ਅਫਲਾਤੂਨ ਸ਼ਾਗਿਰਦ ਜ਼ੁਲਾਮ ਅਰੱਸਤੂ, ਲੁਕਮਾਨ ਥੀਂ ਪੈਰ ਧੁਆਵਨੇ ਵੇ।*

ਹੀਰ ਨੂੰ ਸੱਪ ਨੇ ਡੰਗਿਆ ਤਾਂ,

*ਕੁੜੀਆਂ ਕਾਂਗ ਕੀਤੀ ਆ ਪਈ ਵਾਹਰ,*
*ਲੋਕਾਂ ਕੰਮ ਤੇ ਕਾਜ ਵਿਸਾਰਿਆ ਈ।*
*ਮੰਜੇ ਪਾਇਕੇ ਹੀਰ ਨੂੰ ਘਰੀਂ ਘਿੰਨਿਆ,*
*ਜੱਟੀ ਪਲੋ ਪਲੀ ਅੰਗ ਨਿਹਾਰਿਆ ਈ*
*ਦੇਖੋ ਫਾਰਸੀ ਤੋਰਕੀ ਨਜ਼ਮ ਨਸਰੋਂ,*
*ਇਹ ਮਕਰ ਘਿਉ ਵਾਂਗ ਨਿਤਾਰਿਆ ਈ।*
*ਅੱਗੇ ਕਿਸੇ ਕਿਤਾਬ ਵਿੱਚ ਨਹੀਂ ਪੜ੍ਹਿਆ,*
*ਜੇਹਾ ਖਚਰਿਆਂ ਪਚਰਪੌ ਸਾਰਿਆ ਈ।*
*ਸ਼ੈਤਾਨ ਨੇ ਆਣ ਸਲਾਮ ਕੀਤਾ,*
*ਤੁਸਾਂ ਜਿੱਤਿਆ ਤੇ ਅਸਾਂ ਹਾਰਿਆ ਈ।*
*ਅਫਲਾਤੂਨ ਦੀ ਰੀਸ ਮਿਕਰਾਜ਼ ਕੀਤੀ,*
*ਵਾਰਿਸ ਕੁਦਰਤਾਂ ਦੇਖ ਕੇ ਵਾਰਿਆ ਈ।*

'ਅਫਲਾਤੂਨ ਦੀ ਰੀਸ ਮਿਕਰਾਜ਼ ਕੀਤੀ' ਦਾ ਮਤਲਬ ਹੈ ਅਫਲਾਤੂਨ ਦੀ ਦਾਅੜੀ ਕੈਂਚੀ ਨਾਲ ਕੱਟ ਦਿੱਤੀ, ਭਾਵ ਕੁੜੀਆਂ ਅਫਲਾਤੂਨ ਨੂੰ ਵੀ ਚਾਰ ਸਕਦੀਆਂ ਹਨ।... ਅਰਬੀ ਵਿਚ ਅਫਲਾਤੂਨ ਦਾ ਇਕ ਰੂਪਾਂਤਰ ਫਲਾਤੂਨ ਵੀ ਹੈ। ਪੰਜਾਬੀ 'ਫਲਾਤੂ' ਵੀ ਅਸਲ ਵਿਚ ਫਲਾਤੂਨ ਦਾ ਹੋਰ ਲਘੂ ਰੂਪ ਹੈ, ਪਲੈਟੋ ਦਾ ਵਿਗਾੜ ਨਹੀਂ। ਬਾਬੂ ਰਜਬ ਅਲੀ ਦੀ ਤਸਦੀਕ ਪੇਸ਼ ਹੈ,

*ਕਿੰਗਰੇ ਦਲੇਰ, ਮੱਖੀ ਚੂਸ ਨੇ ਥਰਾਜ ਵਾਲ਼ੇ,*
*ਜੰਮਦੇ ਫਲਾਤੂ ਕੁਤਰਨ ਕੰਨ ਸਿਆਣੇ ਦੇ।*
*ਦਾਨੇ ਵਾਲ਼ੇ ਮੂੜ੍ਹ ਤੇ ਗ਼ਰੀਬ ਲੋਕ ਰੱਥੜੀਆਂ ਦੇ,*
*ਮੜਕ ਵਾਲ਼ੇ ਬਾਹਲ਼ੇ ਵਿਚ ਅਬੁਲ ਖੁਰਾਣੇ ਦੇ।*

ਅਫਲਾਤੂਨ ਫਿਲਾਸਫਰ ਸੀ। ਫਿਲਾਸਫਰ ਲੋਕ ਵਿਲਾਸ ਅਵਸਥਾ ਵਿਚ ਖੂਬ ਫੈਲਸੂਫੀਆਂ ਕਰਦੇ ਹਨ। ਸ਼ਾਇਦ ਇਸੇ ਲਈ ਸਿੰਘ ਬੋਲੇ ਘੜਨ ਵਾਲਿਆਂ ਨੇ ਰਜਾਈ ਲਈ ਅਫਲਾਤੂਨੀ ਬੋਲਾ ਘੜਿਆ। ਅਸੀਂ ਵੀ ਇਸ ਸ਼ਬਦ ਦੀ ਹੋਰ ਨਿਰੁਕਤਕ ਫੈਲਸੂਫੀ ਕਰ ਕੇ ਇਸ ਦੀਆਂ ਅੰਗਲੀਆਂ ਸੰਗਲੀਆਂ ਕਿਸੇ ਅਗਲੇ ਅੰਕ ਵਿਚ ਫਰੋਲਾਂਗੇ। 000

***(8345 Opal Drive, Westland, MI 48185 USA)***

# ਚਿਹਰਾ ਚਿਹਰਾ ਮੈਂ (ਰਿਵਿਊ-ਨਿਬੰਧ) ਚੰਦਰ ਮੋਹਨ

ਡਾਕਟਰੀ ਪੇਸ਼ੇ ਨੂੰ ਨਿਭਾਉਣ ਦੇ ਨਾਲ ਨਾਲ ਆਪਣੀ ਕਾਵਿ-ਸਾਧਨਾ ਨਿਰੰਤਰ ਜਾਰੀ ਰੱਖਣ ਵਾਲਾ ਪ੍ਰਬੁੱਧ ਸ਼ਾਇਰ ਡਾ. ਰਵਿੰਦਰ ਕਾਵਿ-ਸੰਗ੍ਰਹਿਆਂ ਦੇ ਰੂਪ ਵਿਚ ਪੰਜਾਬੀ ਕਾਵਿ ਕਿਆਰੀ ਵਿਚ ਨੌਂ ਬੂਟੇ ਲਗਾ ਚੁੱਕਾ ਹੈ। 'ਚਿਹਰਾ ਚਿਹਰਾ ਮੈਂ' (ਪੰਨੇ 96, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਏਸੇ ਕਿਆਰੀ ਵਿਚ ਲਾਇਆ ਉਸਦਾ ਦਸਵਾਂ ਕਾਵਿ-ਬੂਟਾ ਹੈ।

ਹੱਥਲੇ ਕਾਵਿ-ਸੰਗ੍ਰਹਿ ਦੇ ਸ਼ੀਰਸ਼ਕ ਵਾਲੀ ਕਵਿਤਾ ਵਿਚ ਡਾ. ਰਵਿੰਦਰ ਨੇ ਇਸ ਸੰਗ੍ਰਹਿ ਦੇ ਸਿਰਜਣਈ ਆਧਾਰਾਂ ਦੀ ਪੁਸ਼ਟੀ ਕੀਤੀ ਲਗਦੀ ਹੈ। ਜਿਸਦੀ ਪਛਾਣ ਕਾਵਿ-ਮੈਂ ਅਤੇ ਕਾਵਿ-ਪਾਤਰ ਦੇ ਸੰਬੰਧਕ ਰਿਸ਼ਤੇ ਵਿਚੋਂ ਉਦੈ ਹੁੰਦੀ ਧੁਨੀ ਰਾਹੀਂ ਕੀਤੀ ਜਾ ਸਕਦੀ ਹੈ।ਪੁਸ਼ਟੀ ਲਈ ਇਸ ਕਵਿਤਾ ਦੇ ਬੋਲ ਹਾਜ਼ਰ ਹਨ:

*ਮੇਰੇ ਦਿੱਸਦੇ ਚਿਹਰੇ ਪਿੱਛੇ*
*ਹੋਰ ਹੋਰ/ ਅਸੰਖ, ਅਨੇਕਾਂ/ ਚਿਹਰੇ ਹੀ ਚਿਹਰੇ ਨੇ*
*ਮੈਂ ਚਿਹਰਾ ਦਰ ਚਿਹਰਾ/ ਆਪਣੇ ਆਪ ਨੂੰ ਲੱਭ ਰਿਹਾ ਹਾਂ*
*ਆਪਣੇ ਨਾਲ ਹੀ ਗੱਲਾਂ ਕਰਕੇ/ ਆਪਣਾ ਆਪ ਜਗਾਉਂਦਾ*
*ਆਪਣੇ ਦਰ 'ਤੇ ਦਸਤਕ ਦੇ ਕੇ/ ਅੰਦਰ ਜਾਣਾ ਚਾਹੁੰਦਾ*

ਮਨੁੱਖੀ ਸਮਾਜ ਵਿਚ ਵਿਚਰਦੇ ਅਨੇਕਾਂ ਚਿਹਰਿਆਂ ਦੀ ਪਛਾਣ ਲਈ ਡਾ. ਰਵਿੰਦਰ ਨੇ ਜਿਹੜਾ ਕਾਵਿ-ਪਾਤਰ ਲਿਆ ਹੈ ਉਹ ਸੱਤਾ ਸਿਆਸਤ ਦੀ ਗਹਿਰੀ ਧੂੜ ਦਾ ਝੰਬਿਆ ਹੋਇਆ ਹੈ। ਏਨਾ ਝੰਬ ਹੋਣ ਦੇ ਬਾਵਜੂਦ ਨਾ ਤਾਂ ਉਸਦੀ ਸੁਰਤੀ ਗੁੰਮਦੀ ਹੈ ਤੇ ਨਾ ਹੀ ਉਸਦੀ ਬਿਰਤੀ ਆਪਣੇ ਨਿਸ਼ਾਨੇ ਤੋਂ ਉੱਖੜਦੀ ਹੈ। ਸੁਰਤੀ ਤੇ ਬਿਰਤੀ ਦੀ ਇਕਾਗਰਤਾ ਵਾਲਾ ਇਹ ਪਾਤਰ ਡਾ. ਰਵਿੰਦਰ ਦੀ ਕਾਵਿ-ਮੈਂ ਨੂੰ ਸੰਤੁਸ਼ਟੀ ਪ੍ਰਦਾਨ ਕਰਨ ਵਾਲਾ ਹੈ। ਕਾਵਿ-ਮੈਂ ਤੇ ਕਾਵਿ-ਪਾਤਰ ਦੇ ਗਹਿਰੇ ਤੇ ਅਤੁੱਟਵੇਂ ਕਲਾਤਮਕ ਸੰਯੋਗ ਦਾ ਫਲ ਹੀ ਹੈ ਇਹ ਕਾਵਿ-ਪੁਸਤਕ।

ਇਸ ਕਾਵਿ-ਪੁਸਤਕ ਵਿਚ ਇਕ ਚਿਹਰਾ ਮੌਜੂਦਾ ਰਾਜਸੱਤਾ ਅਰਥਾਤ ਸਥਾਪਤੀ ਦੇ ਜਬਰ,ਜ਼ੁਲਮ ਤੇ ਆਤੰਕੀ ਮਾਹੌਲ ਦਾ ਹੈ,ਤੇ ਦੂਸਰਾ,ਅਜਿਹੇ ਮਾਹੌਲ ਵਿਚ ਸਾਹ ਲੈ ਰਹੀ ਆਮ ਲੋਕਾਈ ਦੀ ਵੇਦਨਾ, ਸੰਵੇਦਨਾ ਤੇ ਚੇਤਨਾ ਦਾ ਹੈ। ਆਮ ਲੋਕਾਈ 'ਚੋਂ ਵੀ ਇਕ ਚਿਹਰਾ ਮਜ਼ਦੂਰ ਵਰਗ ਦਾ ਉਭਾਰਿਆ ਗਿਆ ਹੈ। ਕੁਦਰਤੀ ਬਿਪਤਾਵਾਂ ਦੇ ਦੌਰ ਵਿਚ ਸਮਾਜ ਦੇ ਇਸ ਵਰਗ ਦੀ ਦਸ਼ਾ ਨੂੰ *'ਲਛਮਣਕਾਰ'*, *'ਏਨਾ ਨਹੀਂ ਸੀ ਮੰਗਿਆ'*, *'ਆਫਤ ਵੱਡੀ ਛੋਟੀ'*, *'ਇਹ ਲੋਕ'* ਨਾਮਕ ਕਵਿਤਾਵਾਂ ਵਿਚ ਬੜੇ ਹੀ ਮਾਰਮਿਕ ਢੰਗ ਨਾਲ ਪੇਸ਼ ਕਰਦਿਆਂ ਡਾ. ਰਵਿੰਦਰ ਨੇ ਇਸ ਵਰਗ ਦੀ ਰਾਜਸੀ ਸਮਝ ਦੀ ਪਛਾਣ ਵੀ ਕੀਤੀ ਹੈ।ਇਹਨਾਂ ਕਵਿਤਾਵਾਂ ਵਿਚ ਹੁਕਮਰਾਨ ਦੇ ਤਾਨਾਸ਼ਾਹੀ ਫੁਰਮਾਨ ਤੇ ਮਜ਼ਦੂਰ ਵਰਗ ਦੀ ਸੂਝਮਈ ਰਾਜਸੀ ਹੂਕ ਵਿਅੰਗ ਦਾ ਰੂਪ ਧਾਰ ਕੇ ਜਿੱਥੇ ਇਹਨਾਂ ਕਵਿਤਾਵਾਂ ਦੀ ਰੂਪ-ਰਚਨਾ ਨੂੰ ਸੁਆਰਦੇ ਕਾਵਿ-ਤੱਤਾਂ ਦੀ ਪਛਾਣ ਦਿੰਦੇ ਹਨ ਉੱਥੇ ਇਹ ਰਾਜਸੀ ਭੂਮਿਕਾ ਨਿਭਾਉਣ ਕਰਕੇ ਇਹਨਾਂ ਦੇ ਵਿਚਾਰਧਾਰਕ ਅੰਗ ਵੀ ਬਣੇ ਹਨ। ਮਿਸਾਲ ਲਈ ਕਾਵਿ-ਸਤਰਾਂ ਹਨ:

*ਬਹੁਤ ਜ਼ਿਆਦਾ ਦੇ ਦਿੱਤਾ ਏ/ ਤੁਸੀਂ ਮਾਲਕੋ!*
*ਸੋਚਾਂ ਲਈ/ ਨਫ਼ਰਤ ਦੇ ਭਾਂਬੜ*
*ਪੈਰਾਂ ਲਈ/ ਸਦੀਵੀ ਭਟਕਣ*
*ਇਕ ਦਿਸ਼ਾ ਵਿਚ/ ਇਕ ਨਿਸ਼ਾਨੇ/ ਇਕੋ ਰੰਗੇ ਖੰਭ ਲਾ ਕੇ*

*ਪਰਵਾਜ਼ ਲਈ/ ਪੂਰਨ ਆਜ਼ਾਦੀ*

... ... ...

*ਕੌਣ ਨੇ 'ਇਹ ਲੋਕ'/ ਜੋ ਏਨੇ ਦਹਾਕਿਆਂ ਤੋਂ*
*ਆਜ਼ਾਦ ਹੋ ਕੇ ਵੀ/ ਬੰਦੇ ਨਹੀਂ ਬਣ ਸਕੇ*

... ... ...

*ਕੌਣ ਨੇ ਇਹ ਲੋਕ/ ਜਿਹਨਾਂ ਨੂੰ ਲੋਕ*
*'ਇਹ ਲੋਕ'/ ਕਰਕੇ ਜਾਣਦੇ ਨੇ*

ਵਿਅੰਗ ਦੀ ਧਾਰ ਨਾਲ ਸੱਤਾ/ਸਿਆਸਤ ਉੱਤੇ ਵਾਰ ਕਰਦੀਆਂ ਇਹ ਕਵਿਤਾਵਾਂ ਜਿੱਥੇ ਕਿਰਤੀ ਵਰਗ ਦੇ ਬਾਹਰਮੁਖੀ ਹੱਕਾਂ ਦੀ ਪ੍ਰੋੜਤਾ ਕਰਦੀਆਂ ਹਨ ਉੱਥੇ ਉਸਦੇ ਮਨ-ਮਸਤਕ ਅੰਦਰ ਜਗਦੇ ਰਾਜਸੀ ਗਿਆਨ ਦੇ ਦੀਪਕ ਦੀ ਲੋਅ ਨੂੰ ਵੀ ਪਛਾਣਦੀਆਂ ਹਨ:

*ਅਸੀਂ ਤਾਂ/ ਸਦੀਆਂ ਤੋਂ ਸੁਰੱਖਿਅਤ*
*ਜੀਅ ਰਹੇ/ ਤੁਹਾਡੀ ਦੇਖ ਰੇਖ ਵਿਚ*
*ਤੁਹਾਡੀ ਕਿਰਪਾ ਕਰਕੇ*
*ਘਰਾਂ ਦੇ ਅੰਦਰ ਰਹਿਣਾ/ ਨਹੀਂ ਨਸੀਬੀਂ ਸਾਡੇ*
*ਫਿਕਰ ਨਾ ਕਰੋ*
*ਅਸੀਂ ਆਪਣੇ/ ਸਾਹਾਂ ਦੀ ਸਰਹੱਦ 'ਤੇ*
*ਆਪ ਹੀ ਪਹਿਰਾ ਦੇ ਕੇ*
*ਆਪ ਹੀ/ ਅਣਦਿੱਸਦੇ ਦੁਸ਼ਮਨ ਲਈ/ ਬੂਹੇ ਭੇੜ ਕੇ ਰੱਖਾਂਗੇ*
*ਬਿਨਾਂ ਕਵਚ ਹਥਿਆਰ/ ਭੁੱਖੇ ਨੰਗੇ ਰਹਿ ਕੇ*
*ਆਖਰੀ ਸਾਹ ਤਕ/ ਯੁੱਧ ਲੜਾਂਗੇ*

ਕਿਰਤੀ/ਆਦਿਵਾਸੀ ਵਰਗਾਂ ਦਾ ਭੁੱਖੇ ਨੰਗੇ ਰਹਿ ਕੇ ਬਿਨਾਂ ਕਵਚ ਹਥਿਆਰ ਦੇ ਯੁੱਧ ਕਰਨ ਦਾ ਕ੍ਰਾਂਤੀਸ਼ੀਲ ਸੰਕਲਪ ਇਕ ਤਰ੍ਹਾਂ ਨਾਲ ਹੁਕਮਰਾਨ ਬੁਰਜੁਆਜ਼ੀ ਖਿਲਾਫ਼ ਵੱਜਿਆ ਇਕ ਬਿਗਲ ਹੈ।

ਡਾ.ਰਵਿੰਦਰ ਦੀ ਕਵਿਤਾ ਇਕ ਹੋਰ ਬਿਗਲ ਵੀ ਵਜਾਉਂਦੀ ਹੈ ਜਦੋਂ ਇਹ ਮਨੁੱਖੀ ਮਨ ਉੱਤੇ ਜੰਮੇ ਦੰਭਕਾਰੀ ਧੂੜ ਦੇ ਨਿੱਕੇ ਨਿੱਕੇ ਕਣਾਂ ਦੇ ਚਿਹਰਿਆਂ ਦੀ ਪਛਾਣ ਕਰਦੀ ਹੈ।ਮਸਲਨ, ਜਦ ਇਹ, ਆਪਣੇ ਦੋਸ਼ ਦੂਸਰੇ ਦੇ ਸਿਰ ਮੜ੍ਹਣ ਵਾਲੇ ਵਿਅਕਤੀ ਦੀ ਪਛਾਣ ਕਰਾਉਂਦੀ ਹੈ; ਜਦ ਇਹ ਸਮੁੱਚੇ ਬ੍ਰਹਿਮੰਡ ਵਿਚ ਇਕ ਦੂਜੇ ਨੂੰ ਨਿਗ਼ਲਣ ਵਾਲੀ ਸਮਾਜ-ਸੱਤਾ ਦੀ ਵਿਆਕਰਣ ਨੂੰ ਪਛਾਣਦੀ ਹੈ; ਜਦ ਇਹ ਮੁਹੱਬਤ ਤੇ ਇਨਕਲਾਬ ਜਿਹੇ ਪਰਿਵਰਤਨਕਾਰੀ ਸੰਕਲਪਾਂ ਨੂੰ ਸਭ ਤਰ੍ਹਾਂ ਦੇ ਵਾਦਾਂ, ਦੇਸਾਂ,ਖਿੱਤਿਆਂ, ਰੰਗ-ਭੇਦ, ਨਸਲਾਂ, ਕੌਮਾਂ, ਧਰਮਾਂ ਆਦਿ ਦੀ ਵਲਗਣ ਤੋਂ ਟਪਾ ਕੇ ਵਿਅਕਤੀ ਤੋਂ ਵਿਅਕਤੀ ਦੀ ਸਮੀਪ-ਯਾਤਰਾ ਖਿਆਲਦੀ ਹੈ; ਜਦ ਇਹ ਔਰਤ-ਮਰਦ ਦੇ ਸਾਬਤ-ਸਬੂਤੇ ਦਿਸਦੇ ਰਿਸ਼ਤੇ ਦੀਆਂ ਖੋਖਲੀਆਂ ਖੋੜ੍ਹਾਂ 'ਚ ਜਾ ਵੜਦੀ ਹੈ; ਜਦ ਇਹ ਸਮਾਜਕ ਵਰਤਾਰੇ ਉੱਤੇ ਜੰਮੀ ਝੂਠੇ ਸੱਚ ਦੇ ਯਕੀਨਾਂ ਦੀਆਂ ਪਰਤਾਂ ਨੂੰ ਖੁਰਚਦੀ ਹੈ; ਜਦ ਇਹ ਅਣਕੀਤੇ ਇਜ਼ਹਾਰਾਂ ਨੂੰ ਜ਼ਾਹਿਰ ਕਰਨ ਡਹਿ ਪੈਂਦੀ ਹੈ। ਅਜਿਹਾ ਹੋਰ ਬਹੁਤ ਕੁਝ ਹੈ, ਡਾ. ਰਵਿੰਦਰ ਦੀ ਕਵਿਤਾ ਵਿਚ ਜਿਸਦੀ ਕਾਵਿ-ਦ੍ਰਿਸ਼ਟੀ 'ਮਨ ਤੂੰ ਜੋਤ ਸਰੂਪ ਹੈਂ ਆਪਣਾ ਮੂਲ ਪਛਾਣ' ਵਾਲੀ ਗੁਰ-ਉਕਤੀ 'ਚੋਂ ਵੀ ਸ਼ਕਤੀ ਗ੍ਰਹਿਣ ਕਰਦੀ ਹੈ।ਏਸੇ ਲਈ ਕਵੀ ਮਾਨਸਿਕ ਧਰਾਤਲ ਉੱਤੇ ਯੁੱਧ ਲੜ ਰਹੇ ਕਾਵਿ-ਪਾਤਰ ਸਾਹਵੇਂ ਇਹ ਜੀਵਨ-ਆਦਰਸ਼ ਰ'ਖਦਾ ਹੈ:

*ਜੋ ਜਿੱਤਣਾ ਸੀ*
*ਆਪਣੇ ਅੰਦਰ/ ਏਨਾ ਨੇੜੇ ਹੁੰਦਿਆਂ*
*ਉਹ ਤਾਂ ਕਦੀ/ ਨਜ਼ਰ ਨਾ ਆਇਆ*

*ਉਸ ਵੱਲ ਤਾਂ/ ਇਕ ਪੈਰ ਨਾ ਪੁੱਟਿਆ*
*ਵਾਧੂ ਘਾਟੂ ਕੰਮ ਸਮਝ ਕੇ*
*ਫੇਰ ਕਿਸੇ ਵਿਹਲੇ ਵੇਲੇ ਲਈ/ ਨੁੱਕਰੇ ਲਾਈ ਛੱਡਿਆ*
*ਉਹ ਯੁੱਧ ਹੁਣ/ ਲਲਕਾਰ ਰਿਹਾ ਹੈ*
*ਉਹ ਯੁੱਧ ਹੁਣ/ ਵੰਗਾਰ ਰਿਹਾ ਹੈ*

ਅਜਿਹੇ ਯੁੱਧ ਦੀ ਲਲਕਾਰ ਤੇ ਵੰਗਾਰ ਪ੍ਰੋਖ ਤੇ ਅਪ੍ਰੋਖ ਰੂਪ ਵਿਚ *'ਇਕ ਯੁੱਧ ਇਹ ਵੀ'*, *'ਚੱਕਰ'*, *'ਝੂਠਾ ਪਛਤਾਵਾ'*, *'ਮਾਂ ਦਾ ਮਰਨਾ'*, *'ਮਾਂ ਦੀ ਗੋਦ'ਚ'*, *'ਮਾਂ ਤੂੰ ਮੈਨੂੰ ਜਿਉਂਦਿਆਂ ਜੀ'*, *'ਮਾਂ ਦੀ ਸਹੁੰ'*, *'ਮੇਰੀ ਗੋਦੀ 'ਚ ਮਾਂ'*, *'ਝੂਠ-ਸੱਚ'*, *'ਰਿਸ਼ਤਾ ਬਾਜ਼ਾਰ'*, *'ਲਿਖਤੁਮ ਪਿਤਾ'*, *'ਮੇਰੇ ਮਿੱਤਰੋ ਮੇਰੇ ਪਿਤਰੋ'*, *'ਫ਼ਜ਼ੂਲ ਬਾਪ'*, *'ਪਿਆਰ ਇਹ ਵੀ ਹੁੰਦਾ'* ਤੇ *'ਅਣਕੀਤਾ ਇਜ਼ਹਾਰ'* ਕਵਿਤਾਵਾਂ ਦੀ ਧੁਨੀ ਬਣਦੀ ਹੈ:।

ਡਾ.ਰਵਿੰਦਰ ਦੀ ਸ਼ੈਲੀ, ਚਿੰਤਨ ਤੇ ਕਲਾ ਵਰਤਮਾਨ ਦੇ ਪਦਾਰਥਕ, ਸਮਾਜਕ, ਸਭਿਆਚਾਰਕ ਤੇ ਰਾਜਸੀ ਸਰੋਕਾਰਾਂ ਨੂੰ ਆਪਣੇ ਕਲਾਵੇ ਵਿਚ ਭਰ ਕੇ ਕਵਿਤਾ ਵਿਚ ਇੰਝ ਧਰਦੀ ਹੈ ਜਿਵੇਂ ਮਨੁੱਖੀ ਬੁੱਧੀ ਨੂੰ ਤਿਖੇਰੀ ਕਰਨਾ ਕਵਿਤਾ ਦਾ ਇਕ ਲਾਜ਼ਮੀ ਵਿਧਾਗਤ ਮਕਸਦ ਹੋਵੇ। *'ਚਿਰਾਗ਼ ਹਨੇਰਾ ਰੋਸ਼ਨੀ'* ਨਾਂ ਦੀ ਕਵਿਤਾ ਦੀਆਂ ਸਤਰਾਂ ਹਨ:

ਚਾਨਣ ਦਾ/ ਹਨੇਰੇ ਨਾਲ ਤਾਂ ਸ਼ਾਇਦ/ ਕੋਈ ਰਿਸ਼ਤਾ ਹੋਵੇ
ਚਿਰਾਗਾਂ ਦਾ/ ਰੋਸ਼ਨੀ ਨਾਲ/ ਚਿਰਾਗਾਂ ਦਾ/ ਹਨੇਰੇ ਨਾਲ
ਕੋਈ ਵਾਹ ਵਾਸਤਾ ਨਹੀਂ ਹੁੰਦਾ

ਸ਼ਾਇਦ ਏਸੇ ਲਈ ਡਾ. ਰਵਿੰਦਰ *'ਸੁਣ ਗਾਇਕਾ ਸੁਣ ਕਵੀਆ'*, *'ਚੰਗਾ ਹੀ ਹੋਇਆ'*, *'ਹਨੇਰਾ ਮੇਰਾ ਯਾਰ'*, *'ਬੇਲੋੜੇ ਜੁਗਨੂੰ'*, *'ਗੁੰਮ ਗਈ ਜੋ ਕਵਿਤਾ'*, *'ਕਵਿਤਾ ਦਾ ਮੁੱਲ'*, *'ਸਾਵਣ'*, *'ਸ਼ਬਦ ਸਰੀਰ'*, *'ਇਨਕਲਾਬ'* ਨਾਮਕ ਕਵਿਤਾਵਾਂ ਰਾਹੀਂ ਸਾਹਿਤਕ ਕਾਮਿਆਂ ਤੇ ਬੁੱਧੀਜੀਵੀਆਂ ਨੂੰ ਇਹ ਸੁਨੇਹਾ ਦਿੰਦਾ ਜਾਪਦਾ ਹੈ ਕਿ ਉਹਨਾਂ ਨੂੰ ਆਪ ਚਿਰਾਗ਼ ਤੇ ਰੋਸ਼ਨੀ ਬਣਨ ਦੀ ਤਮੰਨਾ ਦਾ ਤਿਆਗ ਕਰਕੇ ਚਾਨਣ ਦਾ ਰੂਪ ਹੀ ਹੋ ਜਾਣਾ ਚਾਹੀਦਾ ਹੈ।

*ਸ਼ਬਦ ਤਾਂ ਹੁੰਦੇ ਪਾਕ ਪਵਿੱਤਰ*
*ਚਾਨਣ ਕਰਦੇ/ ਦਿਲ ਨ੍ਹੇਰੇ ਵਿਚ*
*ਮਨ ਦੀ ਮੈਲ਼ ਧੋਣ ਲਈ/ ਇਹੋ ਤੀਰਥ ਹੁੰਦੇ।*

... ... ...

*ਸਰੀਰ ਸੌਂ ਜਾਂਦੇ/ ਸ਼ਬਦ ਜਾਗਦੇ ਰਹਿੰਦੇ/ ਸਦੀਆਂ ਤੀਕ*
*ਚਾਨਣ ਵੰਡਦੇ/ ਇਹ ਕਾਲੇ ਹਰਫ਼*
*ਫੈਲ ਜਾਂਦੇ/ ਕੁਲ ਬ੍ਰਹਿਮੰਡ ਵਿਚ*

ਸ਼ਬਦ ਦੀ ਮਹਿਮਾ, ਸੱਚੇ ਕਵੀ ਦੀ ਪਛਾਣ, ਮਾੜੀ ਸਾਹਿਤ-ਸਿਰਜਣਾ ਦਾ ਤਿਆਗ, ਮਾਣਾਂ-ਸਨਮਾਨਾਂ ਪਿੱਛੇ ਭੱਜਦੇ ਲੇਖਕਾਂ ਨੂੰ ਟਕੋਰ ਆਦਿ ਵਰਗੇ ਸਵੱਛ ਵਿਚਾਰਾਂ ਨੂੰ ਪਰਨਾਈ ਹੈ ਡਾ. ਰਵਿੰਦਰ ਦੀ ਕਾਵਿ-ਮੈਂ। ਅਜਿਹੀ ਕਾਵਿ-ਮੈਂ ਸਦਕੇ ਹੀ ਡਾ.ਰਵਿੰਦਰ ਨੇ *'ਕਿਰਤ ਕੀਤੀ ਜਦੋਂ'*, *'ਨਾਨਕ ਸ਼ਾਹ ਫਕੀਰ'* ਤੇ *'ਬੜੇ ਦਿਨਾਂ ਤੋਂ ਸੀ ਚਰਚਾ'* ਨਾਮਕ ਕਵਿਤਾਵਾਂ ਵਿਚ ਗੁਰੂ ਨਾਨਕ ਦੇਵ ਦੀ ਗਿਆਨ, ਕਰਮ ਤੇ ਧਰਮ ਦੀ ਤ੍ਰਿਵੈਣੀ (ਵਿਚਾਰਧਾਰਾ) ਨੂੰ ਬੁੱਧੀਜੀਵੀਆਂ, ਲੇਖਕਾਂ ਤੇ ਰਾਜਨੀਤੱਗਾਂ ਲਈ ਇਕ ਸੁਨੇਹੇ ਦੇ ਤੌਰ 'ਤੇ ਪੇਸ਼ ਕੀਤਾ ਹੈ:

*ਸ਼ਬਦ ਦੀ ਜੋਤ ਮੱਥੇ ਵਿਚ ਲੈ ਜੋ ਸਫ਼ਰ'ਤੇ ਤੁਰਿਆ*
*ਉਹ ਸੂਰਜ ਹੋ ਕੇ ਚੜ੍ਹਿਆ ਚਮਕਿਆ, ਅੰਨ੍ਹੀਆਂ ਗੁਫਾਵਾਂ ਵਿਚ*

... ... ...

*ਵੰਡ ਖਾਣਾ, ਕਿਰਤ ਕਰਨੀ ਤੇ ਨਾਮ ਜਪੀ ਜਾਣਾ*

*ਉਸ ਇਨਕਲਾਬ ਲੈ ਆਂਦਾ ਬਿਨਾਂ ਨਾਹਰਾ ਲਗਾ ਕੇ*

*ਉਹ ਸਾਂਝਾ ਗੁਰੂ, ਸਾਂਝਾ ਪੀਰ ਤੇ ਸਾਂਝਾ ਪ੍ਗ਼ੰਬਰ ਸੀ*
*ਉਹਦੀ ਬਾਣੀ ,ਉਹਦੀ ਸਿੱਖੀ, ਨਾ ਚੀਰੋ ਵੰਡੀਆਂ ਪਾ ਕੇ*

ਇਤਿਹਾਸ ਦੇ ਹਰ ਦੌਰ ਵਿਚ ਸੱਤਾ/ਸਿਆਸਤ ਸਮਾਜ ਵਿਚ ਵੰਡੀਆਂ ਪਾਉਣ ਦਾ ਕੰਮ ਕਰਦੀ ਰਹੀ ਹੈ। ਡਾ.ਰਵਿੰਦਰ ਦੀ ਕਾਵਿ-ਨਜ਼ਰ ਅਜਿਹੇ ਇਤਿਹਾਸਕ ਵਰਤਾਰੇ ਨੂੰ ਚੰਗੀ ਤਰ੍ਹਾਂ ਭਾਂਪਦੀ ਹੋਈ ਦਲਾਲ ਸਰਮਾਏਦਾਰੀ ਦੀ ਦਬੇਲ ਬਣੀ ਸੱਤਾ/ਸਿਆਸਤ ਦੀ ਕਾਰਗੁਜ਼ਾਰੀ ਨੂੰ ਸਿਸਟਮ-ਵਿਹੂਣੇ ਸਿਸਟਮ ਵਜੋਂ *'ਗੱਟਰ'* ਨਾਂ ਦੀ ਕਵਿਤਾ ਵਿਚ ਬੜੇ ਹੀ ਸਲੀਕੇ ਨਾਲ ਪੇਸ਼ ਕਰਦੀ ਹੈ। ਇਸ ਕਵਿਤਾ ਵਿਚ ਡਾ. ਰਵਿੰਦਰ ਨੇ ਆਪਣੀ ਕਾਵਿ-ਸਿਰਜਣ ਦੀ ਪ੍ਰਕ੍ਰਿਆ ਦੇ ਦੋ ਮਹੱਤਵਪੂਰਨ ਪਹਿਲੂਆਂ (ਕਾਵਿ-ਯਥਾਰਥ ਤੇ ਕਾਵਿ-ਆਦਰਸ਼) ਦੇ ਦੋ ਕਾਵਿ-ਨਮੂਨੇ ਵੀ ਪੇਸ਼ ਕੀਤੇ ਹਨ।ਕਾਵਿ-ਯਥਾਰਥ ਦਾ ਨਮੂਨਾ ਹੈ:

*ਗੰਦਗੀ ਦੀ/ ਆਪਣੀ ਖੂਬਸੂਰਤੀ ਹੈ*
*ਬਦਨਿਜ਼ਾਮੀ/ ਆਪਣੇ ਆਪ ਵਿਚ ਪ੍ਰਬੰਧ ਹੈ*

ਕਾਵਿ-ਆਦਰਸ਼ ਦਾ ਨਮੂਨਾ ਹੈ:

*ਬਹੁਤ ਦੁਖੀ ਤੇ/ ਹੈਰਾਨ ਪਰੇਸ਼ਾਨ ਹੈ*
*ਸਾਫ ਸੁਥਰੇ/ ਬੇਦਾਗ਼ ਅਕਸ ਵਾਲਾ/ ਵਿਚਾਰਾ ਬੇਕਸੂਰ ਗੱਟਰ*

ਪ੍ਰਤੀਕ ਨੂੰ ਵਿਅੰਗ ਦੇ ਰੂਪ ਵਿਚ ਪੇਸ਼ ਕਰਨ ਵਾਲੀ ਕਲਾ ਦਾ ਕ੍ਰਿਸ਼ਮਾ ਹੀ ਹੈ ਕਿ 'ਗੱਟਰ' ਸ਼ਬਦ ਆਪਣੇ ਸ਼ਾਬਦਿਕ ਅਰਥ ਨੂੰ ਪਿੱਠਭੂਮੀ ਉੱਤੇ ਲਿਜਾ ਕੇ ਇਕ ਵਿਸ਼ੇਸ਼ ਕਿਸਮ ਦੇ ਵਿਅੰਗ-ਅਰਥ ਦੀ ਸਿਰਜਣਾ ਕਰ ਰਿਹਾ ਹੈ। ਇਹ ਵਿਅੰਗ-ਅਰਥ ਦੇਸ਼ ਦੀਆਂ ਬਹਿਰੂਨੀ ਤੇ ਅੰਦਰੂਨੀ ਸਥਿਤੀਆਂ ਨੂੰ ਉਜਾਗਰ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ। ਸੱਤਾ ਦੇ ਗਲਿਆਰਿਆਂ ਤੇ ਸੱਤਾ ਦੇ ਸਤਾਇਆਂ ਦਾ ਦਵੰਦ-ਚਿੱਤਰ 'ਗੱਟਰ' ਪ੍ਰਤੀਕ ਰਾਹੀਂ ਉਘਾੜਿਆ ਗਿਆ ਹੈ। ਦੇਸ਼ ਦੇ ਪ੍ਰਬੰਧ ਨੂੰ 'ਗੱਟਰ' ਕਹਿਣਾ ਤੇ ਫੇਰ ਓਸੇ 'ਗੱਟਰ' ਨੂੰ 'ਬੇਕਸੂਰ' ਠਹਿਰਾ ਦੇਣ ਦਾ ਕਾਵਿਕ-ਕ੍ਰਿਸ਼ਮਾ ਕਰ ਦੇਣ ਵਾਲੀ ਕਾਵਿ-ਸ਼ੈਲੀ ਦਾ ਇਸਤੇਮਾਲ ਆਪਣੇ ਆਪ ਵਿਚ ਕਮਾਲ ਹੈ। ਅਜਿਹੀ ਹੀ ਸ਼ੈਲੀ ਦੀ ਵਰਤੋਂ ਕਰਦਿਆਂ ਡਾ.ਰਵਿੰਦਰ ਨੇ ਸਮਾਜ ਦੇ ਸ਼ੀਸ਼ੇ ਉੱਤੇ ਬਣੇ ਔਰਤ ਦੀ ਸੰਵੇਦਨਸ਼ੀਲਤਾ ਦੇ ਪ੍ਰਤੀਬਿੰਬ ਨੂੰ *'ਚਿੜੀਆਂ ਕੁੜੀਆਂ ਨਹੀਂ', 'ਧੀਆਂ ਤੇ ਤਿਤਲੀਆਂ', 'ਅਣਕੀਤਾ ਇਜ਼ਹਾਰ', 'ਰਿਸ਼ਤਾ ਬਾਜ਼ਾਰ', 'ਕੂੰਜਾਂ'ਤੇ ਬੱਦਲ'* ਨਾਮਕ ਕਵਿਤਾਵਾਂ ਵਿਚ ਬਿੰਬਿਤ ਕਰਕੇ ਔਰਤ ਦੇ ਹੱਕ ਵਿਚ ਆਵਾਜ਼ ਉਠਾਈ ਹੈ। ਇੰਝ ਹੀ *'ਵੱਖਰੀ ਕਿਸਮ ਦੇ ਪੰਛੀ', 'ਬਸਰੇ ਦੀ ਲਾਮ'*, ਤੇ *'ਗੱਟਰ'* ਕਵਿਤਾਵਾਂ ਵਿਚ ਮਾੜੀ ਪਦਾਰਥਕ ਸਥਿਤੀ ਦੇ ਕਾਰਨ ਪਰਵਾਸ ਦਾ ਰੁਖ਼ ਕਰਦੇ ਵਿਅਕਤੀ ਦੇ ਚਿਹਰੇ ਅਕਸੇ ਗਏ ਹਨ ਅਤੇ ਇਹਨਾਂ ਨੂੰ ਅਕਸਣ ਸਮੇਂ ਡਾ.ਰਵਿੰਦਰ ਨੇ ਇਸ ਪੰਜਾਬੀ ਸਭਿਆਚਾਰਕ ਸੋਚ ਨੂੰ ਵੀ ਆਪਣੀ ਕਾਵਿ-ਦ੍ਰਿਸ਼ਟੀ ਦੇ ਕੇਂਦਰ ਵਿਚ ਰਖਿਆ ਹੈ ਜਿਸਦਾ ਬਿਆਨ ਲੋਕ-ਪ੍ਰਚੱਲਤ ਇਹਨਾਂ ਕਥਨਾਂ ਵਿਚ ਸਮਾਇਆ ਹੈ: *"ਕਬਰਾਂ ਉਡੀਕਦੀਆਂ ਜਿਉਂ ਪੁੱਤਰਾਂ ਨੂੰ ਮਾਵਾਂ"* ਅਤੇ *"ਨੀ ਮੈਂ ਰੰਡੀਓਂ ਸੁਹਾਗਣ ਹੋਵਾਂ ਬਸਰੇ ਦੀ ਲਾਮ ਟੁੱਟ ਜਾਏ"*।

ਮਸਲਾ ਚਾਹੇ ਔਰਤ ਦੀ ਵੇਦਨਾ ਤੇ ਸੰਵੇਦਨਾ ਦਾ ਹੋਵੇ, ਚਾਹੇ ਪਰਵਾਸ ਦਾ , ਚਾਹੇ ਰਾਜਸੀ ਪ੍ਰਪੰਚ ਦਾ ਤੇ ਚਾਹੇ ਹੋਵੇ ਮਾਨਸਿਕ ਦਵੰਦ ਦਾ; ਡਾ. ਰਵਿੰਦਰ ਨੇ ਪ੍ਰਕ੍ਰਿਤੀ ਤੇ ਸਮਾਜ ਵਿਚਲੀਆਂ ਜੜ੍ਹ ਤੇ ਚੇਤੰਨ ਵਸਤਾਂ ਦੀ ਅਨਿੱਖੜਵੀਂ ਕਾਵਿ-ਸ਼ੈਲੀ ਰਾਹੀਂ ਇਹਨਾਂ ਨੂੰ ਪੇਸ਼ ਕੀਤਾ ਹੈ। ਨਿਵੇਕਲੀ ਸ਼ੈਲੀ, ਕਟਾਖਸ਼ੀ ਕਲਾ ਅਤੇ ਮੌਲਿਕ ਚਿੰਤਨ ਭਰਪੂਰ ਇਸ ਕਾਵਿ-ਪੁਸਤਕ ਦਾ ਭਰਵਾਂ ਸਵਾਗਤ ਕਰਨਾ ਬਣਦਾ ਹੀ ਹੈ। 000

***(ਪ੍ਰੋਫੈਸਰ, ਪੰਜਾਬੀ, ਈਵਨਿੰਗ ਸਟੱਡੀਜ਼ ਡਿਪਾਰਮੈਂਟ,***
***ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)***

## ਆਜ਼ਾਦੀ ਸੰਗਰਾਮ: ਗਦਰੀ ਲਹਿਰਾਂ ਦੀ ਹਿੱਸੇਦਾਰੀ (ਵਾਰਤਕ) ਗੁਰੂਮੇਲ ਸਿੱਧੂ

ਪਿਛਲੇ ਸੱਤ ਦਹਾਕਿਆਂ ਵਿਚ ਏਨਾ ਵੱਡਾ ਦੇਸ਼ ਤਾਂ ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਨਾਵਾਂ ਥੱਲੇ ਟੁਕੜੇ ਟੁਕੜੇ ਹੋ ਗਿਆ ਪਰ ਹਾਲੀ ਤਕ ਇਨ੍ਹਾਂ ਤਿੰਨਾਂ ਹੀ ਦੇਸ਼ਾਂ ਵਿਚ ਕਿਸੇ ਇਤਿਹਾਸਕਾਰ ਨੇ ਸੁਤੰਤਰਤਾ ਪ੍ਰਾਪਤੀ ਲਈ ਕੀਤੇ ਸੰਘਰਸ਼ ਬਾਰੇ ਕੋਈ ਅਜਿਹੀ ਰਚਨਾ ਨਹੀਂ ਤਿਆਰ ਕੀਤੀ ਜਾਪਦੀ ਜਿਸ ਵਿਚ ਸੁਤੰਤਰਤਾ ਪ੍ਰਾਪਤੀ ਲਈ ਜੂਝੇ ਮਹਾਰਥੀਆਂ ਤੇ ਲਹਿਰਾਂ ਨੂੰ ਇਕ ਜਿਲਦ ਵਿਚ ਕਲਮਬੰਦ ਕੀਤਾ ਗਿਆ ਹੋਵੇ। ਅਮਰੀਕਾ ਨਿਵਾਸੀ ਗੁਰੂਮੇਲ ਸਿੱਧੂ ਨੇ ਇਹ ਕੰਮ ਹਾਲ ਵਿਚ ਹੀ ਨੇਪਰੇ ਚਾੜ੍ਹਿਆ ਹੈ। 2020 ਦੇ ਸੁਤੰਤਰਤਾ ਦਿਵਸ ਨੇੜੇ ਪ੍ਰਕਾਸ਼ਤ ਹੋਈ ਉਸ ਦੀ ਵੱਡ-ਆਕਾਰੀ ਪੁਸਤਕ 'ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ: ਗਦਰੀ ਲਹਿਰਾਂ ਦੀ ਹਿੱਸੇਦਾਰੀ' (ਲੋਕਗੀਤ ਪ੍ਰਕਾਸ਼ਨ ਮੁਹਾਲੀ, ਪੰਨੇ 876, ਮੁੱਲ 1195 ਰੁਪਏ) ਸਿੱਧੂ ਦੀ ਵਿਗਿਆਨਕ ਧਾਰਨਾ ਨਾਲ ਕੀਤੇ ਕੰਮ ਦਾ ਨਤੀਜਾ ਹੈ।

ਪਿਛਲੇ ਸਾਲ ਜਦੋਂ 1919 ਦੀ ਵਿਸਾਖੀ ਵਾਲੇ ਦਿਨ ਵਾਪਰੀ ਘਟਨਾ ਦੇ ਸੌ ਸਾਲਾ ਯਾਦਗਾਰ ਸਮਾਗਮ ਰਚਾਏ ਗਏ ਤਾਂ ਬਰਤਾਨਵੀ ਹਾਕਮਾਂ ਵੱਲੋਂ ਹਿੰਦੁਸਤਾਨੀਆਂ ਦੇ ਖ਼ੂਨ ਨੂੰ ਪਾਣੀ ਵਾਂਗ ਵਹਾਏ ਜਾਣ ਦੀ ਗੱਲ ਹੀ ਨਹੀਂ, ਇਸ ਖ਼ੂਨ ਨਾਲ ਰੰਗੇ ਦੇਸ਼ ਭਗਤਾਂ ਦੇ ਗੇਰੂ ਰੰਗੇ ਚੋਲੇ ਵੀ ਚੇਤੇ ਕੀਤੇ ਗਏ। ਇਹ ਸੱਚ ਵੀ ਨਿੱਤਰ ਕੇ ਸਾਹਮਣੇ ਆਇਆ ਕਿ ਜ਼ਾਲਮ ਸਰਕਾਰ ਦੀ ਕਬਰ ਪੁੱਟਣ ਲਈ ਟੱਕ ਲਾਉਣ ਵਾਲੀ ਕੂਕਾ ਲਹਿਰ ਸੀ। ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੇ ਤਾਬੂਤ ਤਿਆਰ ਕੀਤਾ, ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਤਾਬੂਤ ਵਿਚ ਕਿੱਲ ਠੋਕੇ ਅਤੇ ਆਜ਼ਾਦ ਹਿੰਦ ਫ਼ੌਜ ਨੇ ਇਸ ਨੂੰ ਸਪੁਰਦ-ਏ-ਖ਼ਾਕ ਕੀਤਾ।

ਗੁਰੂਮੇਲ ਸਿੱਧੂ ਆਪਣੀ ਰਚਨਾ ਵਿਚ ਕੇਵਲ ਇਨ੍ਹਾਂ ਦਾ ਹੀ ਗੁਣ ਗਾਇਨ ਨਹੀਂ ਕਰਦਾ, ਉਹ ਇਸ ਗਾਥਾ ਨੂੰ ਈਸਟ ਇੰਡੀਆ ਕੰਪਨੀ ਨਾਲ ਆਢਾ ਲੈਣ ਵਾਲੇ ਸਿਰਾਜ-ਉਲ-ਦੀਨ ਦੌਲਾ, ਟੀਪੂ ਸੁਲਤਾਨ ਤੇ ਉਨ੍ਹਾਂ ਦੇ ਵਾਰਿਸਾਂ ਨਾਲ ਸ਼ੁਰੂ ਕਰ ਕੇ ਬਹਾਦਰ ਸ਼ਾਹ ਜਫਰ ਦੀ ਰੰਗੂਨ ਵਿਚ ਜਲਾਵਤਨੀ ਅਤੇ ਮੁਹੰਮਦ ਅਬਦੁੱਲਾ ਤੇ ਸ਼ੇਰ ਅਲੀ ਖਾਂ ਵਹਾਬੀ ਦੀ ਕੁਰਬਾਨੀ (ਅਬਦੁੱਲਾ ਨੇ ਕਲਕੱਤਾ ਕੋਰਟ ਦੇ ਚੀਫ਼ ਜਸਟਿਸ ਦਾ ਕਤਲ ਕੀਤਾ ਸੀ ਤੇ ਸ਼ੇਰ ਅਲੀ ਨੇ ਹਿੰਦੁਸਤਾਨ ਦੇ ਵਾਇਸਰਾਏ ਲਾਰਡ ਮਿਓ ਦਾ) 'ਤੇ ਫੁੱਲ ਚੜ੍ਹਾਉਂਦਾ ਹੋਇਆ ਕਿਸਾਨੀ ਬਗਾਵਤਾਂ ਵੱਲ ਪਰਤਦਾ ਹੈ।

ਇਨ੍ਹਾਂ ਵਿਚ ਹਿੱਸਾ ਲੈਣ ਵਾਲੇ ਬਾਗ਼ੀ ਫ਼ਕੀਰ ਤੇ ਸਨਿਆਸੀ ਹੀ ਨਹੀਂ; ਬਿਹਾਰ, ਉੜੀਸਾ ਤੇ ਬੰਗਾਲ ਦੇ ਸੰਥਾਲ; ਝਾਰਖੰਡ, ਉੜੀਸਾ ਤੇ ਪਛਮੀ ਬੰਗਾਲ ਦੀਆਂ ਪਹਾੜੀਆਂ ਵਿਚ ਰਹਿੰਦੇ ਮੁੰਡਾ, ਜੈਂਤੀਆ ਤੇ ਗਾਰੋ; ਮਹਾਰਾਸ਼ਟਰ, ਗੁਜਰਾਤ ਤੇ ਰਾਜਸਥਾਨ ਦੇ ਪਰਬਤੀ ਲਾਂਘਿਆਂ ਵਿਚ ਵੱਸੇ ਹੋਏ ਭੀਲ; ਛੋਟਾ ਨਾਗਪੁਰ ਨੇੜਲੇ ਸਿੰਘਭੂਮ ਕਬੀਲੇ ਦੇ ਲੋਕ ਵੀ ਸ਼ਾਮਲ ਸਨ।

ਸਿੱਧੂ ਅਨੁਸਾਰ, ਰਾਜਨੀਤਕ ਤੇ ਸਮਾਜਕ ਲਹਿਰਾਂ ਵਿਚੋਂ ਇੰਡੀਅਨ ਮੁਸਲਮਾਨਾਂ ਦੀ ਖਿਲਾਫ਼ਤ ਲਹਿਰ ਵੱਲੋਂ ਮਹਾਤਮਾ ਗਾਂਧੀ ਨਾਲ ਮਿਲ ਕੇ ਬਰਤਾਨਵੀ ਸਰਕਾਰ ਵਿਰੁੱਧ ਚਲਾਈ ਲਹਿਰ ਦਾ ਯੋਗਦਾਨ ਵਿਸ਼ੇਸ਼ ਧਿਆਨ ਮੰਗਦਾ ਹੈ। ਮਾਲਾਬਾਰ ਖਿੱਤੇ ਦੇ ਪੱਟੇਦਾਰ ਤੇ ਭੂਮੀਹੀਣ ਮੁਸਲਮਾਨਾਂ ਦੀ ਮਾਪਲਾ ਲਹਿਰ, ਦਿਓਬੰਦ ਵਿਖੇ ਮਜ਼੍ਹਬੀ ਸਿੱਖਿਆ ਦੇਣ ਵਾਲੇ ਹਾਜੀ ਮੁਹੰਮਦ ਆਬਿਦ ਦੇ ਚੇਲਿਆਂ ਵੱਲੋਂ ਵਿੱਢੀ ਦਿਓਬੰਦੀ ਲਹਿਰ ਤੇ ਰੇਸ਼ਮੀ ਰੁਮਾਲ ਲਹਿਰ ਨੇ ਵੀ ਨੌਜਵਾਨ ਵਰਗ ਵਿਚ ਆਜ਼ਾਦੀ ਦੀ ਰੂਹ ਫੂਕੀ। ਰੇਸ਼ਮੀ ਰੁਮਾਲ ਲਹਿਰ ਦੀ ਨੀਂਹ ਉਬੈਦਉਲਾ ਸਿੰਧੀ ਨੇ

ਰੱਖੀ ਜਿਹੜਾ ਆਪਣੇ ਸੰਦੇਸ਼ ਰੇਸ਼ਮੀ ਰੁਮਾਲਾਂ ਉੱਤੇ ਲਿਖ ਕੇ ਈਰਾਨ ਦੇ ਮੌਲਾਨਾ ਮਹਿਮੂਦ ਅਲਹਸਨ ਨੂੰ ਭੇਜਦਾ ਹੁੰਦਾ ਸੀ। ਸੁਤੰਤਰਤਾ ਵਿਚ ਇਸ ਲਹਿਰ ਦੇ ਯੋਗਦਾਨ ਨੂੰ ਮੁੱਖ ਰਖਦਿਆਂ ਉਸ ਸਮੇਂ ਭਾਰਤ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ 20 ਜਨਵਰੀ 2013 ਨੂੰ ਇਸ ਲਹਿਰ ਦਾ ਡਾਕ ਟਿਕਟ ਜਾਰੀ ਕੀਤਾ ਸੀ।

ਹਿੰਦੁਸਤਾਨ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੰਦੁਸਤਾਨ ਦੀਆਂ ਸਾਰੀਆਂ ਰਿਆਸਤਾਂ ਵਿਰੁੱਧ ਉੱਭਰੀ ਪਰਜਾ ਮੰਡਲ ਲਹਿਰ ਦਾ ਯੋਗਦਾਨ ਵੀ ਇਸ ਪੁਸਤਕ ਦੀ ਸ਼ਾਨ ਹੈ; ਖਾਸ ਕਰ ਕੇ ਜੂਨ 1947 ਵਿਚ ਆਲ ਇੰਡੀਆ ਕਾਂਗਰਸ ਵੱਲੋਂ ਇਹ ਮਤਾ ਪਾਸ ਕਰਨਾ ਕਿ ਹਿੰਦੁਸਤਾਨ ਦੀਆਂ 565 ਰਿਆਸਤਾਂ ਵਿਚੋਂ ਕਿਸੇ ਨੂੰ ਵੀ ਖੁਦਮੁਖਤਿਆਰੀ ਦਾ ਦਰਜਾ ਨਹੀਂ ਦਿੱਤਾ ਜਾਵੇਗਾ। ਪੁਸਤਕ ਵਿਚ ਪਰਜਾ ਮੰਡਲ ਤੋਂ ਬਿਨਾਂ ਨਾਮਧਾਰੀ ਲਹਿਰ, ਗ਼ਦਰ ਪਾਰਟੀ ਲਹਿਰ, ਸਾਰਾਗੜ੍ਹੀ ਦੀ ਜੰਗ, ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ, ਜਰਮਨੀ ਦਾ ਹਾਫ਼ਮੂਨ ਕੈਂਪ, ਲਾਹੌਰ ਸਾਜ਼ਿਸ਼ ਕੇਸ, ਜਲ੍ਹਿਆਂਵਾਲਾ ਬਾਗ਼, ਭਗਤ ਸਿੰਘ ਦਾ ਮੁੱਕਦਮਾ, ਗੁਰਦੁਆਰਾ ਸੁਧਾਰ ਤੇ ਅਕਾਲੀ ਲਹਿਰ, ਨਨਕਾਣਾ ਸਾਹਿਬ ਤੇ ਜੈਤੋ ਦੇ ਮੋਰਚੇ, ਬੱਬਰ ਅਕਾਲੀ ਲਹਿਰ, ਕਿਰਤੀ ਕਿਸਾਨ ਪਾਰਟੀ, ਆਜ਼ਾਦ ਹਿੰਦ ਫ਼ੌਜ ਆਦਿ ਅਨੇਕਾਂ ਕਾਂਡ ਹਨ ਜਿਹੜੇ ਉਪਰੋਕਤ ਲਹਿਰਾਂ, ਮੋਰਚਿਆਂ ਤੇ ਬਗ਼ਾਵਤਾਂ ਬਾਰੇ ਭਰਪੂਰ ਜਾਣਕਾਰੀ ਦਿੰਦੇ ਹਨ। ਇਨ੍ਹਾਂ ਲਹਿਰਾਂ ਤੇ ਮੋਰਚਿਆਂ ਵਿਚ ਭਾਗ ਲੈਣ ਵਾਲੀਆਂ ਹਸਤੀਆਂ ਦੇ ਨਾਂ, ਪਤੇ ਤੇ ਪਿੰਡ, ਕਸਬੇ ਤੇ ਜ਼ਿਲ੍ਹੇ ਵੀ ਦਿੱਤੇ ਗਏ ਹਨ ਤਾਂ ਕਿ ਉਨ੍ਹਾਂ ਥਾਵਾਂ ਦੇ ਵਸਨੀਕ ਆਪਣੇ ਪੁਰਖਿਆਂ 'ਤੇ ਮਾਣ ਕਰ ਸਕਣ।

ਇਹ ਪੁਸਤਕ ਮਿਡਲ ਅਤੇ ਪ੍ਰਾਇਮਰੀ ਪਾਠਸ਼ਾਲਾਵਾਂ ਜਾਂ ਦਿਹਾਤੀ ਲਾਇਬਰੇਰੀਆਂ ਤਕ ਹੀ ਸੀਮਤ ਨਹੀਂ ਰਹਿਣੀ ਚਾਹੀਦੀ। ਸਕੂਲਾਂ, ਕਾਲਿਜਾਂ ਤੇ ਯੂਨੀਵਰਸਟੀ ਲਾਇਬਰੇਰੀਆਂ ਦਾ ਸ਼ਿੰਗਾਰ ਵੀ ਹੋਣੀ ਚਾਹੀਦੀ ਹੈ; ਖਾਸ ਕਰ ਕੇ ਲਾਹੌਰ ਵਾਲੇ ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫੋਰਮ ਦੀ ਲਾਇਬਰੇਰੀ ਦੀ। ਜੇ ਉਸ ਸੰਸਥਾ ਦਾ ਕਰਤਾ ਧਰਤਾ ਤੇ ਮੇਰਾ ਜਾਣੂ ਜਨਾਬ ਐੱਸ.ਐੱਸ. ਨਦੀਮ ਪੜ੍ਹ ਸੁਣ ਰਿਹਾ ਹੋਵੇ ਤਾਂ ਮੈਂ ਚਾਹਾਂਗਾ ਕਿ ਸਰਕਾਰੀ ਤੌਰ 'ਤੇ ਇਸ ਦਾ ਫਾਰਸੀ ਵਿਚ ਲਿੱਪੀਅੰਤਰ ਕਰਵਾ ਕੇ ਪਾਕਿਸਤਾਨ ਦੀਆਂ ਵਿਦਿਅਕ ਸੰਸਥਾਵਾਂ ਵਿਚ ਵੀ ਪਹੁੰਚਾਵੇ। ਇਹ ਦੱਸਦੀ ਹੈ ਕਿ ਹਿੰਦੂ, ਸਿੱਖ ਤੇ ਮੁਸਲਮਾਨ ਹਿੰਦੁਸਤਾਨ ਨੂੰ ਗੋਰਿਆਂ ਤੋਂ ਆਜ਼ਾਦ ਕਰਵਾਉਣ ਲਈ ਕਿੰਨੀਆਂ ਕੁਰਬਾਨੀਆਂ ਦੇ ਚੁੱਕੇ ਹਨ, ਇਕ ਦੂਜੇ ਦੇ ਮੋਢੇ ਨਾਲ ਮੋਢਾ ਡਾਹ ਕੇ।

ਇਹ ਰਚਨਾ ਆਦਿਵਾਸੀ ਕਬੀਲਿਆਂ ਦੀ ਨਵੀਂ ਪਨੀਰੀ ਨੂੰ ਵੀ ਦੱਸਦੀ ਹੈ ਕਿ ਕਿਸ ਤਰ੍ਹਾਂ ਬਰਤਾਨਵੀ ਸਰਕਾਰ ਨੇ 1871 ਵਿਚ ਕਰਿਮੀਨਲ ਟਰਾਈਬਜ਼ ਐਕਟ ਪਾਸ ਕਰ ਕੇ ਸਰਕਾਰੀ ਏਜੰਸੀਆਂ ਨੂੰ ਹੁਕਮ ਦਿੱਤਾ ਸੀ ਕਿ ਉਨ੍ਹਾਂ ਨੂੰ ਲੱਭ ਕੇ ਉਨ੍ਹਾਂ ਦੇ ਆਗੂਆਂ ਨੂੰ ਮੁਜਰਮ ਐਲਾਨਣ। ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਹੋਣਾ ਜ਼ਰੂਰੀ ਹੈ ਕਿ ਉਨ੍ਹਾਂ ਦੇ ਵਡੇਰਿਆਂ ਨੇ ਬਰਤਾਨਵੀ ਸਰਕਾਰ ਨਾਲ ਲੜ ਕੇ ਕਿੰਨੀਆਂ ਅਤੇ ਕਿਹੋ ਜਿਹੀਆਂ ਕੁਰਬਾਨੀਆਂ ਦਿੱਤੀਆਂ ਹਨ। ਇਨ੍ਹਾਂ ਅਣਖੀ ਜੀਵਾਂ ਨੂੰ ਅਪਰਾਧੀ ਬਣਾਉਣ ਵਾਲੇ ਗੋਰੀ ਸਰਕਾਰ ਦੇ ਕਾਲੇ ਕਾਨੂੰਨ ਹੀ ਸਨ।

ਹੱਥਲੀ ਪੁਸਤਕ ਵਿਚਲੀ ਜਾਣਕਾਰੀ ਨੂੰ ਨਿਤਾਰ ਕੇ, ਜਿੱਥੇ ਕਿਤੇ ਜ਼ਰੂਰੀ ਸੀ, ਨੁਕਤਿਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਤਾਂ ਕਿ ਗੱਲ ਪਾਠਕ ਦੇ ਪੱਲੇ ਪੈ ਜਾਵੇ। ਵਿਸ਼ਿਆਂ ਬਾਰੇ ਮੌਲਿਕ ਜਾਣਕਾਰੀ ਵਰਤੀ ਗਈ ਹੈ, ਦੁਜੈਲੀ ਵਾਕਫ਼ੀਅਤ ਦਾ ਆਸਰਾ ਨਾ-ਸਰਦੇ ਨੂੰ ਲਿਆ ਗਿਆ ਹੈ। ਜਾਣਕਾਰੀ ਇਕੱਠੀ ਕਰਦਿਆਂ ਵਿਸ਼ੇ ਦੀ ਪ੍ਰਮਾਣਿਕਤਾ ਨੂੰ ਧਿਆਨ ਵਿਚ ਰੱਖਿਆ ਹੈ। ਲੋੜੀਂਦੀ ਸਮੱਗਰੀ ਨੂੰ ਵੱਖ-ਵੱਖ ਪੁਸਤਕਾਂ ਤੇ ਮੈਗਜ਼ੀਨਾਂ ਅਤੇ ਇੰਟਰਨੈੱਟ ਦੇ ਖੋਜ-ਲੇਖਾਂ 'ਚੋਂ ਕਸ਼ੀਦ ਕਰ ਕੇ ਵਰਤਿਆ ਗਿਆ ਹੈ। ਲਿਖਤ ਅਤੇ ਲੇਖਕ ਦੀ ਅਹਿਮੀਅਤ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਦੀਆਂ ਪੁਸਤਕਾਂ/ਲੇਖਾਂ ਵਿਚੋਂ ਟੂਕਾਂ ਅੰਕਿਤ ਕੀਤੀਆਂ ਸਨ।ਗ਼ਦਰ ਲਹਿਰ ਦੇ ਤਤਕਾਲੀ ਅੰਗਰੇਜ਼ ਲੇਖਕਾਂ, ਬ੍ਰਿਟਿਸ਼ ਸਰਕਾਰ ਦੇ ਅਫ਼ਸਰਾਂ ਅਤੇ ਹਾਕਮਾਂ ਵੱਲੋਂ ਲਿਖੀਆਂ ਪੁਸਤਕਾਂ ਇੰਟਰਨੈੱਟ

'ਤੇ ਮਿਲਦੀਆਂ ਹਨ ਪਰ ਇਨ੍ਹਾਂ ਦੀ ਥਾਹ ਪਾਉਣ ਲਈ ਲਾਇਬਰੇਰੀ ਆਫ਼ ਦੀ ਕਾਂਗਰਸ ਦਾ ਮੈਂਬਰ ਹੋਣਾ ਲਾਜ਼ਮੀ ਹੈ ਜੋ ਲੇਖਕ ਹੈ। ਸੋ, ਵਿਗਿਆਨਕ ਢੰਗ ਨਾਲ ਵਿਉਂਤੀ ਗਈ ਇਸ ਰਚਨਾ ਦੀ ਸਮੱਗਰੀ ਸਮਾਜਕ ਵਿਗਿਆਨੀ, ਇਤਿਹਾਸਕਾਰਾਂ ਤੇ ਖੋਜੀਆਂ ਲਈ ਲਾਭਦਾਇਕ ਹੈ, ਖਾਸ ਕਰ ਕੇ ਅਗਲੀਆਂ ਪਿਛਲੀਆਂ ਪੀੜ੍ਹੀਆਂ ਵਿਚਕਾਰ ਜਾਣਕਾਰੀ ਦੀ ਤੰਦ ਨੂੰ ਜੋੜਨ ਦੇ ਪੱਖੋਂ।

ਇਨ੍ਹਾਂ ਲਹਿਰਾਂ ਨੇ ਜੁਝਾਰੂ ਕਵਿਤਾ ਨੂੰ ਵੀ ਜਨਮ ਦਿੱਤਾ। ਪਹਿਲਾਂ ਕੂਕਿਆਂ ਦੀ ਕੁਰਬਾਨੀ ਬਾਰੇ ਇੰਦਰ ਸਿੰਘ ਚਕ੍ਰਵਰਤੀ ਲਿਖਤ:

*ਸਭ ਤੋਂ ਪਹਿਲਾਂ ਮਾਲਵੇ ਕਰੀ ਆਵਾਜ਼ ਬੁਲੰਦ*
*ਹੋਣਾ ਅਸੀਂ ਆਜ਼ਾਦ ਹੈ, ਕੱਢ ਗੁਲਾਮੀ ਗੰਦ*
*ਇਸ ਥਾਂ ਹੋਏ ਕੁਰਬਾਨ ਨੇ, ਹੀਰੇ ਮੋਤੀ ਲਾਲ*
*ਭਰਿਆ ਸੀ ਦਿਲ ਜਿਨ੍ਹਾਂ ਦਾ, ਸੁਤੰਤਰਤਾ ਦੇ ਨਾਲ*
*ਸਾਡੀ ਧਰਤੀ, ਏਸ 'ਤੇ ਅਸੀ ਕਰਾਂਗੇ ਰਾਜ*
*ਕਰ ਗਏ ਏਹੋ ਕੂਕਦੇ, ਤੋਪ ਅੱਗੇ ਪਰਵਾਜ਼*

ਗੁਣ ਗ਼ਦਰ ਲਹਿਰ ਬਾਰੇ ਭਗਵਾਨ ਸਿੰਘ ਪ੍ਰੀਤਮ ਦਾ ਲਿਖਿਆ ਬੰਦ:

*ਤੇਜ਼ੀ ਨਾਲ ਫਰੰਗੀ ਜਿਤਨੇ ਬਹੁਤੇ ਜ਼ੁਲਮ ਕਮਾਵਣਗੇ,*
*ਆਪੇ ਰਲ ਮਿਲ ਬਾਗ਼ੀ ਸਾਰੇ ਜਲਦੀ ਗ਼ਦਰ ਮਚਾਵਣਗੇ।*
*ਜਿਤਨੀ ਹਾਲਤ ਬਿਗੜ ਜਾਏਗੀ ਇਸ ਮੱਕਾਰ ਕੁਸੰਗੀ ਤੋਂ,*
*ਆਖਰ ਮਿਲਸੀ ਖੁਲ੍ਹ ਅਸਾਂ ਨੂੰ, ਸਾਡੀ ਇਸ ਬਦਰੰਗੀ ਤੋਂ।*
*ਗ਼ਰਕ ਜਾਣਗੇ ਵਿਚ ਗੁਲਾਮੀ ਜਾਂ ਫਿਰ ਤੇਗ ਉਠਾਵਣਗੇ,*
*ਆਪੇ ਰਲ ਕੇ ਬਾਗ਼ੀ ਸਾਰੇ ਜਲਦੀ ਗ਼ਦਰ ਮਚਾਵਣਗੇ।*

ਚੇਤੇ ਰਹੇ ਕਿ ਅਜਿਹੀਆਂ ਕਵਿਤਾਵਾਂ ਗ਼ਦਰ ਪਾਰਟੀ ਵੱਲੋਂ ਅਮਰੀਕਾ ਦੇ ਪਛਮੀ ਤੱਟ ਤੋਂ ਜਾਰੀ ਕੀਤੇ 'ਗ਼ਦਰ' ਨਾਮੀ ਅਖ਼ਬਾਰ ਵਿਚ ਛਪਦੀਆਂ ਸਨ ਜਿਹੜਾ ਪਹਿਲਾਂ ਸਾਈਕਲੋਸਟਾਈਲ ਮਸ਼ੀਨ ਅਤੇ ਫਿਰ ਪ੍ਰਿੰਟਿੰਗ ਮਸ਼ੀਨ ਉੱਤੇ ਛਾਪ ਕੇ ਕਈ ਜੁਗਤਾਂ ਰਾਹੀਂ ਦੂਰ -ਦੁਰਾਡੇ ਪੁਚਾਇਆ ਜਾਂਦਾ ਸੀ। ਇਹ ਵੀ ਕਿ ਇਸ ਦੇ ਖਾਸ ਅੰਕ ਹਿੰਦੀ, ਗੁਜਰਾਤੀ, ਬੰਗਲੀ, ਨਿਪਾਲੀ ਆਦਿ ਵਿਚ ਵੀ ਛਾਪੇ ਤੇ ਵੰਡੇ ਜਾਂਦੇ ਸਨ।

ਇਸ ਰਚਨਾ ਦਾ ਇਕ ਹੋਰ ਹਾਸਲ ਇਸ ਵਿਚਲੇ ਚਿੱਤਰ ਹਨ। ਜਲ੍ਹਿਆਂਵਾਲਾ ਖੂਹ, ਸ਼ਹੀਦਾਂ ਦੀਆਂ ਖੋਪਰੀਆਂ ਤੇ ਹੱਡੀਆਂ, ਸਟਾਕਟਨ ਦਾ ਗੁਰਦੁਆਰਾ, ਯੁਗੰਤਰ ਆਸ਼ਰਮ ਦੀ ਪਹਿਲੀ ਬਿਲਡਿੰਗ, ਕਾਮਾਗਾਟਾ ਮਾਰੂ ਤੇ ਗੁਰਦਿੱਤ ਸਿੰਘ, ਹਾਫ਼ ਮੂਨ ਕੈਂਪ ਦਾ ਕਬਰਸਤਾਨ, ਪੂਰਨ ਸਿੰਘ ਬਨਿੰਗ ਨਾਲ ਊਧਮ ਸਿੰਘ, ਭਗਤ ਸਿੰਘ ਦੀ ਮੌਤ ਦਾ ਫ਼ਰਮਾਨ ਤੇ ਮੌਤ ਦਾ ਸਰਟੀਫ਼ੀਕੇਟ, ਗ਼ਦਰ ਪਾਰਟੀ ਦਾ ਝੰਡਾ, 'ਗ਼ਦਰ' (ਉਰਦੂ/ਪੰਜਾਬੀ) ਤੇ 'ਗ਼ਦਰ ਦੀ ਗੂੰਜ' ਸਮੇਤ ਤਿੰਨ ਹੋਰ ਅਖ਼ਬਾਰਾਂ ਦੇ ਸਰਵਰਕ, ਗ਼ਦਰ ਪਾਰਟੀ ਦੀ ਪ੍ਰਿੰਟਿੰਗ ਪ੍ਰੈੱਸ, ਤਗਮੇ, ਗਹਿਣੇ, ਸਿੱਕੇ ਅਤੇ ਬਾਬਾ ਸੋਹਣ ਸਿੰਘ ਭਕਨਾ, ਲਾਲ ਹਰਦਿਆਲ, ਕਾਂਸ਼ੀ ਰਾਮ, ਰਾਮ ਬਿਹਾਰੀ ਬੋਸ ਤੇ ਉਸ ਦੀ ਜਪਾਨੀ ਪਤਨੀ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹੀ ਨਹੀਂ, ਹੋਰ ਵੀ ਬਹੁਤ ਕੁਝ।

ਮੈਨੂੰ ਨਿੱਜੀ ਤੌਰ 'ਤੇ ਇਸ ਗੱਲ ਦੀ ਖ਼ੁਸ਼ੀ ਤੇ ਤਸੱਲੀ ਹੈ ਕਿ ਇਸ ਵਡਮੁੱਲੀ ਰਚਨਾ ਵਿਚ ਬਲਜੀਤ ਬਾਸੀ ਨੇ ਗੁਰੂਮੇਲ ਸਿੱਧਾ ਦਾ ਹੱਥ ਵਟਾਇਆ ਹੈ।ਜਦੋਂ ਕਾਮਰੇਡ ਸੁਰਜੀਤ ਨੇ ਮੈਨੂੰ 'ਦੇਸ਼ ਸੇਵਕ' ਦੀ ਸੰਪਾਦਕੀ ਜ਼ਿੰਮੇਵਾਰੀ ਸੌਂਪੀ ਸੀ ਤਾਂ ਬਲਜੀਤ ਸਮਾਂ ਕੱਢ ਕੇ ਹਰ ਰੋਜ਼ ਮੇਰੀ ਵੀ ਮਦਦ ਕਰਦਾ ਰਿਹਾ ਸੀ। ਉਹ ਨਿਰ-ਸੁਆਰਥ ਜਿਊੜਾ ਹੈ। ਏਸ ਪੁਸਤਕ ਦੇ ਹੋਂਦ ਵਿਚ ਆਉਣ ਦੇ ਹੋਰ ਵੀ ਭੇਤ ਹਨ। ਪੜ੍ਹੋ ਤੇ ਮਾਣੋ!

**-ਗੁਲਜ਼ਾਰ ਸਿੰਘ ਸੰਧੂ**

## ਹਾਰੀਂ ਨਾ ਬਚਨਿਆ (ਕਹਾਣੀ ਸੰਗ੍ਰਹਿ) ਗੁਰਮੀਤ ਕੜਿਆਲਵੀ

ਗੁਰਮੀਤ ਕੜਿਆਲਵੀ ਨੂੰ ਪੰਜਾਬੀ ਕਹਾਣੀ ਦੇ ਖੇਤਰ ਵਿਚ 'ਆਤੂ ਖੋਜੀ' ਕਹਾਣੀ ਦੇ ਜ਼ਿਕਰ ਨਾਲ ਵਡਿਆਇਆ ਜਾਂਦਾ ਹੈ। ਅਜਿਹਾ ਜ਼ਿਕਰ ਕਈ ਵਾਰ ਲੇਖਕ ਜਾਂ ਪਾਠਕ ਦੀ ਖੜੋਤ ਦਾ ਕਾਰਨ ਬਣ ਜਾਂਦਾ ਹੈ ਕਿਉਂਕਿ ਲੇਖਕ ਕਿਸੇ ਇਕ ਰਚਨਾ ਦੀ ਪ੍ਰਸਿੱਧੀ ਨੂੰ ਆਪਣੀ ਪ੍ਰਾਪਤੀ ਸਮਝ ਕੇ ਨਿੱਸਲ ਹੋ ਜਾਂਦੇ ਹਨ ਅਤੇ ਪਾਠਕ ਵੀ ਉਸੇ ਤਰ੍ਹਾਂ ਦੀ ਰਚਨਾ ਦਾ ਸੰਕਲਪ ਮਨ ਵਿਚ ਵਸਾਈ ਰੱਖਣ ਕਾਰਨ ਦੂਜੀਆਂ ਰਚਨਾਵਾਂ ਦੀ ਗਹਿਰਾਈ ਨੂੰ ਸਮਝਣ ਤੋਂ ਟਾਲ਼ਾ ਵੱਟ ਜਾਂਦੇ ਹਨ। ਪਰੰਤੂ ਗੁਰਮੀਤ ਕੜਿਆਲਵੀ ਚਿੰਤਨ ਮੰਥਨ ਰਾਹੀਂ ਵਿਕਾਸ ਕਰਨ ਵਾਲਾ ਲੇਖਕ ਹੈ। ਹੱਥਲੇ ਕਹਾਣੀ ਸੰਗ੍ਰਹਿ 'ਹਾਰੀਂ ਨਾ ਬਚਨਿਆ' ਵਿਚ ਉਹ ਆਪਣੀ ਵਿਚਾਰਧਾਰਕ ਪਹੁੰਚ ਅਤੇ ਕਲਾਤਮਕ ਸੰਗਠਨ ਕਾਰਨ ਵਧੇਰੇ ਸਪੱਸ਼ਟ ਰੂਪ ਵਿਚ ਹਾਜ਼ਰੀ ਲਗਾਉਂਦਾ ਹੈ।

ਇਸ ਸਮੇਂ ਦੇਸ਼ ਦੀ ਸਰਵ ਉੱਚ ਅਦਾਲਤ ਵਿਚ ਕੰਮ ਕਰਦੇ ਇਕ ਵਕੀਲ ਦੁਆਰਾ ਉੱਥੇ ਹੁੰਦੇ ਫੈਸਲਿਆਂ ਨੂੰ ਹਾਕਮ ਧਿਰ ਤੇ ਉਸਦੇ ਕਾਰਿੰਦਿਆਂ ਵੱਲੋਂ ਆਪਣਾ ਅਸਰ ਵਰਤਦਿਆਂ ਪ੍ਰਭਾਵਤ ਕਰਨ ਦੀ ਗੱਲ ਕਰਕੇ ਦੇਸ਼ ਦੀ ਨਿਆਂ ਪਾਲਿਕਾ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦਾ ਮਸਲਾ ਬਹੁਤ ਭਖਵਾਂ ਬਣਿਆ ਹੋਇਆ ਹੈ। ਸਾਹਿਤ ਵਿਚ ਇਸ ਵਰਤਾਰੇ ਨੂੰ ਸਮੇਂ-ਸਮੇਂ ਉਭਾਰਿਆ ਜਾਂਦਾ ਰਿਹਾ ਹੈ। ਗੁਰਮੀਤ ਕੜਿਆਲਵੀ ਨੇ ਆਪਣੀ ਕਹਾਣੀ 'ਛਿਲਤਰਾਂ' ਵਿਚ ਦਲਿਤ ਚੇਤਨਾ ਦੇ ਸੰਦਰਭ ਵਿਚ ਅਤੇ 'ਹਾਰੀਂ ਨਾ ਬਚਨਿਆ' ਕਹਾਣੀ ਵਿਚ ਆਪਣੀ ਪੋਤੀ ਨਾਲ ਹੋਏ ਬਲਾਤਕਾਰ ਦਾ ਇਨਸਾਫ ਲੈਣ ਲਈ ਇਸੇ ਨਿਆਂ ਪਾਲਿਕਾ ਦੇ ਹੱਥੋਂ ਖੱਜਲ ਖੁਆਰ ਹੋਣ ਦਾ ਬਿਰਤਾਂਤ ਉਸਾਰਿਆ ਹੈ। ਕਸਬ ਵਜੋਂ ਬਾਜ਼ੀਗਰ ਬਚਨੇ ਦੀ ਪੋਤੀ ਨਾਲ ਪਿੰਡ ਦੇ ਧਨਾਢ ਪਟਵਾਰੀਆਂ ਦੇ ਕਾਕਿਆਂ ਵੱਲੋਂ ਬਲਾਤਕਾਰ ਕਰਨ ਉਪਰੰਤ ਉਸਦੀ ਕੋਈ ਉੱਘ-ਸੁੱਘ ਨਹੀਂ ਮਿਲਦੀ। ਨਿਆਂ ਦੀ ਉਡੀਕ ਵਿਚ ਭਟਕਦਾ ਬਚਨਾ ਨਿਰਾਸ ਹੋਣ ਦੀ ਥਾਂ ਇਕ ਬੱਚੀ ਅਕੀਦਾ (ਆਸੀਫਾ) ਦੇ ਬਲਾਤਕਾਰ ਅਤੇ ਕਤਲ ਦੇ ਰੋਸ ਵਜੋਂ ਸ਼ਹਿਰ ਵਿਚ ਹੋ ਰਹੇ ਪ੍ਰਦਰਸ਼ਨ ਵਿਚ ਸ਼ਾਮਲ ਹੋ ਜਾਂਦਾ ਹੈ। ਬਚਨੇ ਅੰਦਰ ਪਰਿਸਥਿਤੀਆਂ ਨਾਲ ਲੜਨ ਅਤੇ ਨਿਰਾਸ ਨਾ ਹੋਣ ਦੀ ਚੇਤਨਾ ਉਸਦੇ ਕਸਬ ਵਿਚੋਂ ਸਹਿਜ ਰੂਪ ਵਿਚ ਆਈ ਹੋਈ ਹੈ। ਸੂਲ਼ੀ ਦੀ ਛਾਲ, ਰੱਸੀ 'ਤੇ ਸੰਤੁਲਨ ਬਣਾ ਕੇ ਤੁਰਨਾ ਅਤੇ ਹੋਰ ਅਜਿਹੀਆਂ ਕਲਾਬਾਜ਼ੀਆਂ ਕਾਰਨ ਉਸ ਵਿਚ ਸਹਿਜਤਾ, ਇਕਾਗਰਤਾ ਤੇ ਹਿੰਮਤ ਆਉਂਦੀ ਹੈ। ਇਸੇ ਨਿਆਂ ਪਾਲਿਕਾ ਨੇ ਦਲਿਤਾਂ ਨੂੰ ਪੰਚਾਇਤੀ ਜ਼ਮੀਨ ਵਿਚੋਂ ਹਿੱਸਾ ਲੈਣ ਦਾ ਹੱਕ ਦਿੱਤਾ ਹੋਇਆ ਹੈ ਪਰੰਤੂ ਪਿੰਡ ਦੇ ਧਨਾਢ ਜ਼ਿਮੀਂਦਾਰ ਪੰਚਾਇਤੀ ਜ਼ਮੀਨ 'ਤੇ ਕਾਬਜ਼ ਹੋਣ ਕਾਰਨ ਦਲਿਤ ਇਸ ਹੱਕ ਤੋਂ ਵਾਂਝੇ ਰਹਿੰਦੇ ਹਨ। ਪਿਛਲੇ ਸਮੇਂ ਤੋਂ ਦਲਿਤਾਂ ਅੰਦਰ ਇਸ ਪ੍ਰਤੀ ਚੇਤਨਾ ਪੈਦਾ ਹੋਈ ਹੈ ਤੇ ਉਹ ਆਪਣਾ ਬਣਦਾ ਹੱਕ ਲੈਣ ਲਈ ਸੰਘਰਸ਼ ਦੇ ਰਾਹ ਪਏ ਹਨ। ਬਾਲ੍ਹਦ ਕਲਾਂ, ਜਲੂਰ ਤੇ ਹੋਰ ਅਨੇਕਾਂ ਪਿੰਡਾਂ ਵਿਚ ਇਹ ਸੰਘਰਸ਼ ਲਹੂ ਡੋਲ੍ਹਵੇਂ ਰੂਪ ਵਿਚ ਹੋਇਆ ਹੈ ਤੇ ਦਲਿਤਾਂ ਨੇ ਧਨਾਢਾਂ ਦੀ ਹੈਂਕੜ ਤੋੜਦਿਆਂ ਜਿੱਤ ਪ੍ਰਾਪਤ ਕੀਤੀ ਹੈ। 'ਛਿਲਤਰਾਂ' ਕਹਾਣੀ ਦਲਿਤਾਂ ਦੀ ਇਸੇ ਹੱਕੀ ਲੜਾਈ ਦਾ ਬਿਰਤਾਂਤ ਹੈ। ਕਹਾਣੀਕਾਰ ਨੇ ਦਲਿਤ ਵਰਗ ਦੀ ਤ੍ਰਾਸਦੀ ਲਈ ਜਮਾਤੀ ਚੇਤਨਾ ਦੀ ਘਾਟ ਹੋਣਾ ਪ੍ਰਮੁੱਖ ਕਾਰਨ ਮੰਨਿਆ ਹੈ। ਪਿਆਰੇ ਵਰਗੇ ਇਸੇ ਜਮਾਤੀ ਚੇਤਨਾ ਦੀ ਅਣਹੋਂਦ ਕਾਰਨ ਖੱਬਲ ਸਿਰੀਏ ਵਰਗੇ ਜਮਾਤੀ ਦੁਸ਼ਮਣਾਂ ਦੀ ਪਛਾਣ ਕਰਨ ਦੀ ਥਾਂ ਉਹਨਾਂ ਦੇ ਹੱਥਠੋਕੇ ਬਣੇ ਰਹਿੰਦੇ ਹਨ। ਹੱਕੀ ਸੰਘਰਸ਼ ਲਈ ਜਮਾਤੀ ਚੇਤਨਾ ਅਤੇ ਏਕਤਾ ਮੁੱਢਲੀ ਤੇ ਲਾਜ਼ਮੀ ਸ਼ਰਤ ਹੈ।

ਲੋਕ ਹਿਤਾਂ ਲਈ ਸੰਘਰਸ਼ ਕਰਨ ਵਾਲੇ ਆਗੂਆਂ ਦੇ ਬੱਚੇ ਉਹਨਾਂ ਵਾਂਗ ਸੰਘਰਸ਼ ਦੇ ਰਾਹ 'ਤੇ ਚੱਲਣ ਤੋਂ ਇਨਕਾਰੀ ਹੋ ਕੇ ਭਟਕ ਕਿਉਂ ਜਾਂਦੇ ਹਨ? ਇਸ ਸਵਾਲ ਨੂੰ 'ਤੂੰ ਜਾਹ ਡੈਡੀ' ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ। ਲੋਕ ਹਿਤਾਂ ਲਈ ਸੰਘਰਸ਼ਸ਼ੀਲ ਆਗੂ ਆਪਣੇ ਬੱਚਿਆਂ ਨੂੰ ਲੋੜੀਂਦਾ ਸਮਾਂ ਹੀ ਨਹੀਂ ਦੇ ਪਾਉਂਦੇ, ਜਿਸ ਕਾਰਨ ਉਹ ਆਪਮੁਹਾਰੇ ਹੋ ਕੇ ਸੱਤਾ ਵੱਲੋਂ ਫੈਲਾਏ ਨਸ਼ਿਆਂ ਦੇ ਹੜ੍ਹ ਵਿਚ ਵਹਿ ਜਾਂਦੇ ਹਨ। ਕਹਾਣੀ ਦਾ ਬਿਰਤਾਂਤਕਾਰ ਆਪਣੇ ਸੰਘਰਸ਼ਸ਼ੀਲ ਬਾਪ ਦਾ ਵਿਗੜੈਲ ਪੁੱਤਰ ਹੈ। ਲੋਕ ਹਿਤਾਂ ਲਈ ਲੜਨ ਵਾਲਾ ਉਸਦਾ ਬਾਪ

ਆਪਣੇ ਪੁੱਤਰ ਹੱਥੋਂ ਹਾਰ ਜਾਂਦਾ ਹੈ। ਬਾਪ ਦਾ ਫਸਲਾਂ ਦੇ ਭਾਅ ਵਧਾਉਣ ਲਈ, ਬੈਂਕਾਂ ਦੀ ਕੁਰਕੀ ਰੁਕਵਾਉਣ ਲਈ ਪ੍ਰਸ਼ਾਸਨ ਨਾਲ ਸੰਘਰਸ਼, ਨਾਜਾਇਜ਼ ਕਬਜ਼ੇ ਛੁਡਵਾਉਣ ਲਈ ਭੁੱਖੇ ਢਿੱਡ ਧਰਨਿਆਂ ਮੁਜ਼ਾਹਰਿਆਂ ਵਿਚ ਜਾਣਾ ਤੇ ਦੂਜੇ ਪਾਸੇ ਪੁੱਤਰ ਦਾ ਮੋਬਾਇਲ ਅਤੇ ਬੁਲਟ ਮੋਟਰਸਾਇਕਲ ਲੈਣ ਲਈ ਘਰ ਵਿਚ ਕਲੇਸ, ਪੁਲਿਸ ਦੀ ਮਿਲੀਭੁਗਤ ਨਾਲ ਮੀਟ-ਸ਼ਰਾਬਾਂ ਪੀ ਕੇ ਲੋਕਾਂ ਦੀਆਂ ਕੋਠੀਆਂ 'ਤੇ ਨਾਜਾਇਜ਼ ਕਬਜ਼ੇ ਕਰਨ ਦੀ ਆਪਸੀ ਤੁਲਨਾ ਕਮਾਲ ਦਾ ਬਿਰਤਾਂਤ ਹੈ।ਕਹਾਣੀ ਵਿਚ ਡੀ.ਐੱਸ.ਪੀ. ਰੰਧਾਵਾ, ਕ੍ਰਿਪਾਲ ਸਿੰਘ ਕਾਪਾ ਅਤੇ ਪਿੰਡ ਦੇ ਪੈਂਚ ਦੇ ਬਿਰਤਾਂਤ ਪੁਲਿਸ, ਸਰਮਾਏਦਾਰ ਅਤੇ ਦਲਾਲ ਧਿਰਾਂ ਦੇ ਸਿਆਸੀ ਗੱਠਜੋੜ ਦਾ ਪ੍ਰਮਾਣ ਹਨ। ਇਹ ਆਪਣੇ ਮੁਨਾਫ਼ੇ ਲਈ ਨੌਜਵਾਨਾਂ ਨੂੰ ਵਰਤਦੇ ਹਨ ਤੇ ਸਮਾਜ ਵਿਚ ਆਪਣੀ ਭੱਲ ਲੋਕ ਸੇਵਕ ਵਜੋਂ ਬਣਾਈ ਰੱਖਦੇ ਹਨ।

ਗੁਰਮੀਤ ਕੜਿਆਲਵੀ ਆਪਣੀਆਂ ਕਹਾਣੀਆਂ ਵਿਚ ਜਿੱਥੇ ਲੋਕ ਹਿਤਾਂ ਲਈ ਲੜਨ ਵਾਲੇ ਇਮਾਨਦਾਰ ਵਰਕਰਾਂ ਵੱਲ ਤਵੱਜੋ ਦਿੰਦਾ ਹੈ ਉੱਥੇ ਉਹ ਅਹੁਦਿਆਂ ਦੀ ਵਰਤੋਂ ਕਰਕੇ ਆਮ ਵਰਕਰਾਂ ਦਾ ਮਨੋਬਲ ਤੋੜਨ ਵਾਲੇ ਆਗੂਆਂ ਦਾ ਪਰਦਾ ਚਾਕ ਕਰਦਾ ਹੈ। ਇਸ ਲਈ ਉਹ ਇਨਕਲਾਬੀ ਧਿਰ ਨਾਲ ਜੁੜੇ ਹੋਏ ਆਗੂਆਂ ਨੂੰ ਵੀ ਨਹੀਂ ਬਖਸ਼ਦਾ। 'ਅਲਵਿਦਾ ਬਿੱਕਰ ਸਿੰਘ' ਇਸਦੀ ਭਾਵੁਕ ਪਰ ਯਥਾਰਥਕ ਪੇਸ਼ਕਾਰੀ ਹੈ। ਕਹਾਣੀ ਦਾ ਮੁੱਖ ਪਾਤਰ ਬਿੱਕਰ ਸਿੰਘ ਅਧਿਆਪਕ ਯੂਨੀਅਨ ਰਾਹੀਂ ਲੋਕ ਮਸਲਿਆਂ 'ਤੇ ਲੜਨ ਵਾਲਾ ਚੇਤਨ ਤੇ ਇਮਾਨਦਾਰ ਵਿਅਕਤੀ ਹੈ। ਪਾਰਟੀ ਵਿਚ ਅਜਿਹੇ ਸੰਘਰਸ਼ਸ਼ੀਲ ਵਿਅਕਤੀਆਂ ਦੀ ਥਾਂ ਭਾਈ ਭਤੀਜਾਵਾਦ ਭਾਰੂ ਰਹਿੰਦਾ ਹੈ। ਬਿੱਕਰ ਦੀ ਪਾਰਟੀ ਆਗੂਆਂ ਨਾਲ ਅੱਤਵਾਦੀਆਂ ਨਾਲ ਸਿੱਧੇ ਟਕਰਾਅ ਦੇ ਮਸਲੇ 'ਤੇ, ਪਾਰਟੀ ਹਮਦਰਦ ਹਰੀਏ ਨੂੰ ਉਸਦੀ ਧੀ ਨਾਲ ਹੋਏ ਬਲਾਤਕਾਰ ਤੇ ਕਤਲ ਲਈ ਇਨਸਾਫ ਦਿਵਾਉਣ ਦੇ ਮਸਲੇ 'ਤੇ ਤਿੱਖੀ ਬਹਿਸ ਹੁੰਦੀ ਹੈ। ਹਰੀਏ ਦੀ ਧੀ ਦੇ ਦੋਸ਼ੀ ਭੱਠੇ ਵਾਲੇ ਸਰਦਾਰਾਂ ਖਿਲਾਫ ਪਾਰਟੀ ਹਾਈਕਮਾਂਡ ਵੱਲੋਂ ਰੋਕਣ ਦੇ ਬਾਵਜੂਦ ਬਿੱਕਰ ਸੰਘਰਸ਼ ਵਿੱਢ ਦਿੰਦਾ ਹੈ। ਜ਼ਿਲ੍ਹਾ ਸੈਕਟਰੀ ਰਘਬੀਰ ਸਿੰਘ ਦੀ ਭੱਠੇ ਵਾਲੇ ਸਰਦਾਰਾਂ ਨਾਲ ਰਿਸ਼ਤੇਦਾਰੀ ਅਤੇ ਉਹਨਾਂ ਵੱਲੋਂ ਸਮੇਂ-ਸਮੇਂ ਪੈਸੇ ਤੇ ਇੱਟਾਂ ਦੇ ਰੂਪ ਵਿਚ ਪਾਰਟੀ ਨੂੰ ਕੀਤੀ ਮੱਦਦ ਦੇ ਪ੍ਰਭਾਵ ਅਧੀਨ ਹਾਈਕਮਾਂਡ ਸੰਘਰਸ਼ ਤੋਂ ਟਾਲਾ ਵੱਟਦੀ ਹੈ। ਲੋਕ ਹਿਤਾਂ ਲਈ ਲੜਦਾ ਹੋਇਆ ਬਿੱਕਰ ਜਿਉਂਦੇ ਜੀਅ ਵੀ ਪਾਰਟੀ ਵੱਲੋਂ ਤ੍ਰਿਸਕਾਰਿਆ ਰਹਿੰਦਾ ਹੈ ਅਤੇ ਆਪਣੀ ਮੌਤ ਉਪਰੰਤ ਵੀ ਉਸਨੂੰ ਪਾਰਟੀ ਆਗੂਆਂ ਵੱਲੋਂ ਸ਼ਰਧਾਂਜਲੀ ਅਤੇ ਝੰਡਾ ਨਸੀਬ ਨਹੀਂ ਹੁੰਦਾ। ਅਸਲ ਵਿਚ ਇਮਾਨਦਾਰੀ ਤੇ ਗੜ੍ਹਕ ਨਾਲ ਸਹੀ ਨੂੰ ਸਹੀ ਤੇ ਗ਼ਲਤ ਨੂੰ ਗ਼ਲਤ ਕਹਿਣ ਵਾਲਾ ਬੰਦਾ ਇਸ ਸਿਸਟਮ ਵਿਚ ਫਿੱਟ ਨਹੀਂ ਬੈਠਦਾ। ਸਿਸਟਮ ਨੂੰ ਉਹੀ ਬੰਦਾ ਫਿੱਟ ਬੈਠਦਾ ਜੋ ਉਸਦੀ ਜੀ ਹਜ਼ੂਰੀ ਅਤੇ ਹਾਂ ਵਿਚ ਹਾਂ ਮਿਲਾਉਂਦਾ ਹੋਵੇ। 'ਵਾਇਰਸ' ਕਹਾਣੀ ਦਾ ਮੁੱਖ ਪਾਤਰ ਬਲ ਬਹਾਦਰ ਵੀ ਆਪਣੀ ਇਸੇ ਗੜ੍ਹਕ ਕਾਰਨ ਆਪਣੇ ਬੌਸ ਦੀਆਂ ਨਜ਼ਰਾਂ ਵਿਚ ਅਣਫਿੱਟ ਹੈ। ਉਸਦੇ ਬੌਸ ਲਈ ਜੀ ਹਜ਼ੂਰੀ ਕਰਨ ਵਾਲੇ ਅਤੇ ਤੋਹਫਿਆਂ ਦਾ ਲਾਲਚ ਦੇ ਕੇ ਰਿਆਇਤਾਂ ਲੈਣ ਵਾਲੇ ਭੁੱਲਰ ਵਰਗੇ ਹੀ ਫਿੱਟ ਬੈਠਦੇ ਹਨ। ਜਿਸ ਤਰ੍ਹਾਂ ਇਕ ਵਾਇਰਸ ਕੰਮਪਿਊਟਰ ਨੂੰ ਨੁਕਸਦਾਰ ਬਣਾ ਦਿੰਦਾ ਹੈ ਉਸੇ ਤਰ੍ਹਾਂ ਸਰਮਾਏ ਦੀ ਖਿੱਚ ਮੱਧ ਵਰਗੀ ਪੇਸ਼ਾ ਯੁਕਤ ਬੰਦੇ ਨੂੰ ਭ੍ਰਿਸ਼ਟ ਬਣਾ ਦਿੰਦੀ ਹੈ। ਇਹੀ ਵਾਇਰਸ ਜੇਕਰ ਪਤੀ ਜਾਂ ਪਤਨੀ ਦੇ ਦਿਮਾਗ਼ ਵਿਚ ਸ਼ੱਕ ਦਾ ਬੀਅ ਬਣ ਕੇ ਉਭਰ ਆਵੇ ਤਾਂ ਇਹ ਸਾਵੀਂ ਪੱਧਰੀ ਜ਼ਿੰਦਗੀ ਨੂੰ ਤਬਾਹ ਕਰ ਦਿੰਦਾ ਹੈ। 'ਕਮੀਨਾ' ਕਹਾਣੀ ਇਸਦਾ ਯਥਾਰਥਕ ਬਿਆਨ ਹੈ। ਸਮਕਾਲੀ ਪ੍ਰਬੰਧ ਨੇ ਮਨੁੱਖ ਨੂੰ ਚਿੰਤਾਗ੍ਰਸਤ ਅਤੇ ਸ਼ੱਕੀ ਬਣਾ ਦਿੱਤਾ ਹੈ।

ਇਸੇ ਤਰ੍ਹਾਂ 'ਕੀ ਕਰਾਂ?' ਕਹਾਣੀ ਵੀ ਸਿਸਟਮ ਦਾ ਅੰਗ ਬਣਕੇ ਚੱਲਣ ਵਾਲੇ ਤੇ ਹਰ ਤਰ੍ਹਾਂ ਦੇ ਦਾਬੇ ਤੋਂ ਇਨਕਾਰੀ ਹੋ ਕੇ ਵੱਖਰੀ ਪਛਾਣ ਬਣਾਉਣ ਵਾਲਿਆਂ ਦਾ ਯਥਾਰਥਕ ਬਿਆਨ ਕਰਦੀ ਹੈ। ਕਹਾਣੀ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਨਾਲ ਜੋੜਨ ਦੇ ਨਾਮ ਹੇਠ ਖੁੱਲ੍ਹੀ ਵਿਦਿਅਕ ਅਕੈਡਮੀ ਅੰਦਰ ਧਾਰਮਿਕ ਦਾਬੇ ਦਾ ਕੌੜਾ ਬਿਰਤਾਂਤ ਉਭਰਦਾ ਹੈ। ਕਹਾਣੀ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਅਕੈਡਮੀ ਵਿਚ ਆਗੂਆਂ ਦੀ ਜੀ ਹਜੂਰੀ ਕਰਨ ਵਾਲਿਆਂ ਨੂੰ ਹੀ ਮਾਨਤਾ ਮਿਲਦੀ ਹੈ। ਜੀ

ਹਜ਼ੂਰੀ ਤੋਂ ਇਨਕਾਰੀ ਮੈਡਮ ਦਿਲਪ੍ਰੀਤ ਨੂੰ ਪੀ.ਐੱਚ.ਡੀ. ਹੋਣ ਦੇ ਬਾਵਜੂਦ ਅਕੈਡਮੀ ਵਿਚੋਂ ਹਟਾ ਦਿੱਤਾ ਜਾਂਦਾ। ਨਿਮਨ ਕਿਸਾਨੀ ਪਰਿਵਾਰ ਦੀ ਜੰਮਪਲ ਕਹਾਣੀ ਦੀ ਮੁੱਖ ਪਾਤਰ ਕਿਰਨ ਅਕੈਡਮੀ ਵਿਚ ਪੜ੍ਹਦਿਆਂ ਇਕ ਪਾਸੇ ਧਾਰਮਿਕ ਦਾਬੇ ਦਾ ਸ਼ਿਕਾਰ ਹੈ ਉੱਥੇ ਦੂਜੇ ਪਾਸੇ ਉਸਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਵੱਲੋਂ ਉਥੇ ਪੜ੍ਹਨ ਲਈ ਮਜਬੂਰ ਕਰਨ 'ਤੇ ਸਮਾਜਕ ਦਾਬੇ ਦਾ ਵੀ ਸ਼ਿਕਾਰ ਹੈ। ਕਿਰਨ ਇਸ ਦਾਬੇ ਵਿਚੋਂ ਆਪਣੀ ਸੁਤੰਤਰ ਸੋਚ ਲਈ ਸੰਘਰਸ਼ ਕਰਦੀ ਹੈ। ਉਹ ਇਸ ਪ੍ਰਬੰਧ ਵਿਚ ਆਪਣੀ ਮੌਲਿਕਤਾ ਨੂੰ ਮਾਰ ਕੇ ਫਿੱਟ ਹੋਣ ਤੋਂ ਇਨਕਾਰੀ ਹੈ।

ਦੇਸ਼ ਲਈ ਸ਼ਹੀਦ ਹੋਣ ਵਾਲੇ ਯੋਧਿਆਂ ਦੀ ਕੁਰਬਾਨੀ ਦਾ ਮੁੱਲ ਵੱਟਣ ਵਾਲੇ ਪਰਿਵਾਰਕ ਮੈਂਬਰਾਂ ਅਤੇ ਉਹਨਾਂ ਸ਼ਹੀਦਾਂ ਦੇ ਨਾਂਅ 'ਤੇ ਧਾਰਮਿਕ, ਸਭਿਆਚਾਰਕ ਅਤੇ ਖੇਡ ਮੇਲੇ ਕਰਾਉਣ ਵਾਲੇ ਲੋਕ ਸ਼ਹੀਦਾਂ ਦੀ ਸੋਚ ਤੋਂ ਕੋਹਾਂ ਦੂਰ ਹੁੰਦੇ ਹਨ। 'ਜੰਗ' ਕਹਾਣੀ ਇਸੇ ਗੱਲ ਦਾ ਬਿਰਤਾਂਤਕ ਪ੍ਰਵਚਨ ਉਸਾਰਦੀ ਹੈ। ਕਹਾਣੀਕਾਰ ਨੇ ਆਪਣੀ ਚੌਧਰ ਦੀ ਸਥਾਪਤੀ ਲਈ ਦੇਸ਼ ਦੇ ਨੌਜਵਾਨਾਂ ਨੂੰ ਜੰਗ ਦੀ ਭੱਠੀ ਵਿਚ ਝੋਕ ਕੇ ਆਪਣੀ ਸੱਤਾ ਸਥਾਪਤ ਕਰਨ ਵਾਲੇ ਸਿਆਸੀ ਹਾਕਮਾਂ ਨੂੰ ਦੇਸ਼ ਦੇ ਅੰਦਰੂਨੀ ਦੁਸ਼ਮਣ ਕਿਹਾ ਹੈ। ਦੇਸ਼ ਨੂੰ ਬਾਹਰੀ ਦੁਸ਼ਮਣਾਂ ਦੀ ਥਾਂ ਉਸਦੇ ਅੰਦਰੂਨੀ ਦੁਸ਼ਮਣਾਂ ਤੋਂ ਵਧੇਰੇ ਖਤਰਾ ਹੈ।

ਕੜਿਆਲਵੀ ਇਸ ਕਹਾਣੀ ਸੰਗ੍ਰਹਿ ਰਾਹੀਂ ਦਲਿਤਾਂ ਦੀ ਸਿਆਸੀ ਚੇਤਨਾ, ਸਰਮਾਏਦਾਰਾਂ ਦੇ ਪੱਖ ਵਿਚ ਸੁੰਗੜ ਚੁੱਕੀ ਨਿਆਂ ਪਾਲਿਕਾ, ਸਮਕਾਲੀ ਮਨੁੱਖ ਨੂੰ ਦਰਪੇਸ਼ ਆਰਥਿਕ, ਧਾਰਮਿਕ ਤੇ ਮਾਨਸਿਕ ਸੰਕਟਾਂ ਦੀ ਬਾਤ ਛੋਹਦਾ ਹੈ। ਕਹਾਣੀਆਂ ਵਿਚ ਪੇਸ਼ ਕਾਰਿੰਦਾ ਉਕਤ ਸਮੱਸਿਆਵਾਂ ਤੋਂ ਹਾਰਦਾ ਨਹੀਂ ਬਲਕਿ ਉਹਨਾਂ ਨਾਲ ਆਢਾ ਲਾਉਂਦਾ ਨਜ਼ਰ ਆਉਂਦਾ ਹੈ। ਕੜਿਆਲਵੀ ਦੀਆਂ ਕਹਾਣੀਆਂ ਦੀ ਭਾਸ਼ਾ ਪਾਤਰਾਂ ਦੀ ਜਮਾਤੀ ਚੇਤਨਾ ਦੇ ਅਨੁਸਾਰੀ ਹੈ। 'ਤੂੰ ਜਾਹ ਡੈਡੀ' ਅਤੇ 'ਜੰਗ' ਕਹਾਣੀ ਵਿਚ ਤਿੱਖੇ ਵਿਅੰਗ ਅਤੇ ਤੁਲਨਾ ਦੀ ਜੁਗਤ ਪਾਠਕ ਦੀ ਮਾਨਸਿਕਤਾ ਨੂੰ ਹਲੂਣਦੀ ਹੈ। ਕਹਾਣੀਆਂ ਦਾ ਅੰਤ ਬੇਸ਼ੱਕ ਵਿਸਫੋਟਕ ਰੂਪ ਵਿਚ ਨਹੀਂ ਹੁੰਦਾ ਪਰੰਤੂ ਪਾਠਕ ਦੇ ਦਿਮਾਗ਼ ਵਿਚ ਚੇਤਨਾ ਦਾ ਵਿਸਫੋਟ ਜ਼ਰੂਰ ਕਰਦਾ ਹੈ। **-ਡਾ. ਹਰਿੰਦਰ ਸਿੰਘ**

## ਸ਼ੋਅ-ਰੂਮ (ਨਾਵਲ) ਬਲਬੀਰ ਪਰਵਾਨਾ

ਬਲਬੀਰ ਪਰਵਾਨਾ ਸਮਕਾਲ ਦੇ ਵਰਤ-ਵਰਤਾਰਿਆਂ ਨਾਲ ਅਪਡੇਟ ਰਹਿਣ ਵਾਲਾ ਅਤੇ ਲਗਾਤਾਰ ਲਿਖਦੇ ਰਹਿਣ ਵਾਲਾ ਲੇਖਕ ਹੈ। ਉਸ ਦੇ ਨਾਵਲਾਂ ਦੀ ਲੜੀ ਪੰਜਾਬ ਵਿਚ ਆਜ਼ਾਦੀ ਉਪਰੰਤ ਪੰਜਾਬੀ ਮਨੁੱਖ ਦੇ ਸੁਪਨਿਆਂ ਦੀ ਤਿੜਕਣ, ਹਰੀ ਕ੍ਰਾਂਤੀ ਦੇ ਪ੍ਰਭਾਵ, ਕਮਿਊਨਿਸਟ ਵਿਚਾਰਧਾਰਾ ਦੀ ਚੜ੍ਹਤ ਤੇ ਵਿਗਠਨ, ਪੰਜਾਬ ਸੰਕਟ ਅਤੇ ਵਿਸ਼ਵੀਕਰਨ ਦੇ ਦੌਰ ਵਿਚ ਉਪਜੇ ਉਪਭੋਗਤਾਵਾਦ ਨੂੰ ਗਲਪੀ ਇਤਿਹਾਸ ਦੀ ਵਿਧੀ ਨਾਲ ਪੇਸ਼ ਕਰਦੀ ਹੈ। ਪਰਵਾਨਾ ਦੇ ਨਾਵਲੀ ਪ੍ਰਵਚਨ ਵੀਹਵੀਂ ਸਦੀ ਦੇ ਪਿਛਲੇ ਅੱਧ ਦੀ ਬਦਲਦੀ ਪੰਜਾਬੀ ਜੀਵਨਸ਼ੈਲੀ ਨੂੰ ਸੁਹਜਵੰਤ ਢੰਗ ਨਾਲ ਰਜਿਸਟਰ ਕਰਦੇ ਹਨ। ਪੰਜਾਬ ਦੇ ਗ੍ਰਾਮੀਣ ਸਮਾਜ ਦੀ ਇਤਿਹਾਸਕ ਤੋਰ ਨੂੰ ਵਰਤਮਾਨ ਦੇ ਕਾਰਪੋਰੇਟ ਸੈਕਟਰ ਦੀ ਬੁਲੰਦੀ ਵਾਲੇ ਯੁੱਗ ਤਕ ਪੇਸ਼ ਕਰਦਿਆਂ ਲੇਖਕ ਨੇ ਘਰ, ਪਰਿਵਾਰ, ਰਿਸ਼ਤਾ-ਨਾਤਾ ਪ੍ਰਬੰਧ ਅਤੇ ਹੋਰ ਸਭਿਆਚਾਰਕ ਸੰਸਥਾਵਾਂ ਦੇ ਬਦਲਦੇ ਬਿਨਸਦੇ ਸਮੀਕਰਨ ਪੇਸ਼ ਕੀਤੇ ਹਨ। ਲੇਖਕ ਦਾ ਨਾਵਲ 'ਬਹੁਤ ਸਾਰੇ ਚੁਰੱਸਤੇ' ਇਸ ਪ੍ਰਸੰਗ ਵਿਚ ਵੱਡ-ਆਕਾਰੀ ਦਸਤਾਵੇਜ਼ ਦੇ ਰੂਪ ਵਿਚ ਪੇਸ਼ ਹੁੰਦਾ ਹੈ ਜਿਸ ਵਿਚ ਪੰਜਾਬ ਦੇ ਕੰਢੀ ਇਲਾਕੇ ਦੀ ਬਦਲਦੀ ਸਮਾਜਕ-ਸਭਿਆਚਾਰਕ ਤੋਰ ਨੂੰ ਸਿਰਜਿਆ ਗਿਆ ਹੈ। 'ਸਿਮਟਦਾ ਆਕਾਸ਼', 'ਬੰਜਰ ਧਰਤੀ' ਅਤੇ 'ਖਾਂਡਵ ਦਾਹ' ਨਾਵਲਾਂ ਵਿਚ ਲੇਖਕ ਪੰਜਾਬ ਅੰਦਰ ਫੈਲੇ ਖਪਤ ਸਭਿਆਚਾਰ ਦੀਆਂ ਜੜ੍ਹਾਂ ਦੀ ਤਲਾਸ਼

ਕਰਦਾ ਹੈ। ਉਹ ਵਿਤੀ ਪੂੰਜੀ ਦੀ ਹਾਬੜ ਅਤੇ ਖਪਤ ਸੰਸਕ੍ਰਿਤੀ ਦੇ ਵਿਰੋਧ ਤੋਂ ਪੈਦਾ ਹੁੰਦੀ ਵਿਅਕਤੀਗਤ ਟੁੱਟ-ਭੱਜ ਦਾ ਪ੍ਰਵਚਨ ਉਸਾਰ ਕੇ ਨਾਵਲ ਨੂੰ ਸੰਵਾਦੀ ਬਣਾਉਂਦਾ ਹੈ।

ਵਿਚਾਰ ਅਧੀਨ ਨਾਵਲ 'ਸ਼ੋਅਰੂਮ' (ਪੰਨੇ 187, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਬਲਬੀਰ ਪਰਵਾਨਾ ਦਾ ਨਵਾਂ ਨਾਵਲ ਹੈ ਜਿਸ ਵਿਚ ਕੰਢੀ ਇਲਾਕੇ ਵਿਚ ਚੱਲਦੇ ਨਾਜਾਇਜ਼ ਖਣਨ ਅਤੇ ਇਸ ਦੇ ਆਲ਼ੇ-ਦੁਆਲ਼ੇ ਫੈਲੇ ਸੱਤਾ-ਤੰਤਰ ਨੂੰ ਬੇਪਰਦ ਕਰਕੇ ਕਿਸੇ ਕੁਦਰਤੀ ਵਿਲੱਖਣਤਾ ਵਾਲੇ ਇਲਾਕੇ ਵਿਚ ਬਾਹਰੋਂ ਆਉਂਦੀ 'ਤੀਜੀ ਜਾਤ' ਦੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਨਾਵਲ ਵਿਚ ਲੇਖਕ ਨੇ ਪੰਜਾਬ ਦੇ ਕੰਢੀ ਇਲਾਕੇ ਵਿਚ ਨਾਜਾਇਜ਼ ਖਣਨ ਨਾਲ ਤਬਦੀਲ ਹੋ ਰਹੇ ਭੂਗੋਲਕ ਅਤੇ ਸਮਾਜਕ ਵਰਤਾਰਿਆਂ ਨੂੰ ਪੇਸ਼ ਕਰਨ ਦਾ ਉੱਦਮ ਕੀਤਾ ਹੈ। ਰਾਜਸੀ ਸੱਤਾ, ਭ੍ਰਿਸ਼ਟ ਅਫਸਰਸ਼ਾਹੀ ਅਤੇ ਕਾਰਪੋਰੇਟ ਦੇ ਗਠਜੋੜ ਦੁਆਰਾ ਪੈਦਾ ਹੋਇਆ ਨਾਜਾਇਜ਼ ਖਣਨ ਜਿਸ ਤਰ੍ਹਾਂ ਕੰਢੀ ਇਲਾਕੇ ਦੀ ਭੂਗੋਲਕ ਅਤੇ ਸੰਸਕ੍ਰਿਤਕ ਵਿਲੱਖਣਤਾ ਨੂੰ ਤਬਾਹ ਕਰ ਰਿਹਾ ਹੈ, ਉਸ ਦੇ ਵਸਤੂ ਵੇਰਵੇ ਨਾਵਲ ਦੇ ਬਿਰਤਾਂਤਕ ਸੰਗਠਨ ਵਿਚ ਪੇਸ਼ ਹੋਏ ਹਨ। ਪੂੰਜੀਵਾਦੀ ਵਿਕਾਸ ਮਾਡਲ ਨੇ ਮਨੁੱਖੀ ਸੁਭਾਅ ਅਤੇ ਸਮਾਜੀ ਸੰਬੰਧਾਂ ਦਾ ਤਾਣਾ-ਬਾਣਾ ਹੀ ਨਸ਼ਟ ਨਹੀਂ ਕੀਤਾ ਸਗੋਂ ਮਨੁੱਖ ਅਤੇ ਕੁਦਰਤ ਦੇ ਸੰਬੰਧਾਂ ਦਾ ਵੀ ਨਾਸ਼ ਕੀਤਾ ਹੈ।

ਕੁਦਰਤ ਨਾਲੋਂ ਟੁੱਟੇ ਅਤੇ ਇਸ ਦੀਆਂ ਜੜ੍ਹਾਂ ਖੋਖਲੀਆਂ ਕਰਨ ਵਾਲੇ ਬੰਦੇ ਦਾ ਖਪਤਵਾਦੀ ਚਿਹਰਾ ਇੰਨਾ ਭਿਆਨਕ ਹੋ ਗਿਆ ਹੈ ਕਿ ਉਸ ਨੇ ਆਪਣਾ ਆਲ਼ਾ-ਦੁਆਲ਼ਾ ਅਤੇ ਸਭਿਆਚਾਰਕ ਜੀਵਨ ਮੁੱਲ ਸਭ ਕੁੱਝ 'ਸ਼ੋਅਰੂਮ' ਬਣਾ ਕੇ ਵਿਕਾਊ ਕਰ ਦਿੱਤੇ ਹਨ। ਇਹ ਆਧੁਨਿਕ ਕਹਾਉਂਦੇ ਵਿਕਾਸ ਮਾਡਲ ਦਾ ਇਕ ਨਮੂਨਾ ਹੈ ਜਿਹੜਾ ਇਸ ਨਾਵਲ ਦੀ ਟੈਕਸਟ ਵਿਚ ਉਜਾਗਰ ਹੋਇਆ ਹੈ। ਲੇਖਕ ਇਸ ਵਿਕਾਸ/ਵਿਨਾਸ਼ ਨੂੰ ਪੰਜਾਬ ਦੇ ਕੰਢੀ ਇਲਾਕੇ ਦੀ ਕੁਦਰਤੀ ਧਰੋਹਰ ਨਾਲ ਹੋ ਰਹੇ ਖਿਲਵਾੜ ਦੇ ਰੂਪ ਵਿਚ ਪੇਸ਼ ਕਰਦਾ ਹੈ ਜਿੱਥੇ ਰੇਤਲੀ ਅਤੇ ਪਥਰੀਲੀ ਜ਼ਮੀਨ ਵਿਚੋਂ ਕੁਦਰਤੀ ਸਰੋਤ ਚੁੱਕ ਕੇ ਕੰਕਰੀਟ ਕਲਚਰ ਦੀ ਉਸਾਰੀ ਵਿਚ ਧੜਾਧੜ ਸਪਲਾਈ ਕੀਤੇ ਜਾ ਰਹੇ ਹਨ। ਇਹ ਵਰਤਾਰਾ ਜਿੱਥੇ ਇਲਾਕੇ ਦੇ ਕੁਦਰਤੀ ਭੂਗੋਲ ਨੂੰ ਵਿਗਾੜ ਰਿਹਾ ਹੈ, ਉੱਥੇ ਹੀ ਇਲਾਕੇ ਦੀ ਨਿੱਕੀ ਕਿਸਾਨੀ ਨੂੰ ਖੇਤੀ ਸੈਕਟਰ ਵਿਚੋਂ ਬਾਹਰ ਕਰਨ ਦਾ ਵੱਡਾ ਕਾਰਨ ਬਣ ਰਿਹਾ ਹੈ। ਖਪਤਵਾਦ ਅਤੇ ਵਾਤਾਵਰਨ ਵਿਗਾੜ ਦੇ ਭਾਰੂ ਪ੍ਰਚਲਨ ਵਾਲੇ ਇਸ ਦੌਰ ਵਿਚ ਪੰਜਾਬ ਦੀ ਸ਼ਾਹ-ਰਗ ਬਣਨ ਦੇ ਸਮਰੱਥ ਕੰਢੀ ਇਲਾਕੇ ਦੇ ਕੁਦਰਤੀ ਵਸੀਲਿਆਂ ਦੀ ਅੰਧਾ-ਧੁੰਦ ਪੁੱਟ-ਪੁਟਾਈ ਨੇ ਇਸ ਖੇਤਰ ਦਾ ਸਹਿਜ ਅਤੇ ਸੰਤੋਖੀ ਜੀਵਨ ਭੰਗ ਕਰ ਦਿੱਤਾ ਹੈ। ਇਸ ਦੇ ਬਦਲ ਵਿਚ ਜਿਹੜੀ ਉਪਭੋਗੀ ਜੀਵਨ-ਜਾਚ ਪਿੰਡ ਦੀ ਜੂਹ ਅੰਦਰ ਦਾਖਿਲ ਹੁੰਦੀ ਹੈ, ਉਸ ਨੂੰ ਨਾਵਲ ਵਿਚ ਭਰਵੀਂ ਸਪੇਸ ਦੇ ਕੇ ਲੇਖਕ ਨੇ ਸਮਕਾਲ ਦੇ ਵਰਤਾਰਿਆਂ ਪ੍ਰਤੀ ਆਪਣੇ ਕਾਟਵੇਂ ਪ੍ਰਤੀਕਰਮ ਪੇਸ਼ ਕੀਤੇ ਹਨ। ਨਾਵਲ ਵਿਚ ਮਾਈਨਿੰਗ ਦੇ ਦਿਸਦੇ ਕਾਰਨਾਂ ਦੀ ਰਿਪੋਰਟਿੰਗ ਨੁਮਾ ਨਿਸ਼ਾਨਦੇਹੀ ਕਰਨ ਦੇ ਨਾਲ-ਨਾਲ ਲੇਖਕ ਇਸ ਵਰਤਾਰੇ ਦੇ ਪਿੱਛੇ ਖੜ੍ਹੀ ਸੱਤਾ ਦੇ ਗਲਿਆਰਿਆਂ ਦਾ ਪਰਦਾ ਚਾਕ ਕਰਦਾ ਹੈ। ਪਰਵਾਨਾ ਆਪਣੇ ਨਾਵਲ ਵਿਚ ਕੰਢੀ ਦੇ ਕੁਝ ਪਿੰਡਾਂ ਦੀ ਬਿਰਤਾਂਤਕ ਲੋਕੇਲ ਤੇ ਲੋਕ-ਜੀਵਨ ਦੇ ਰਵਾਇਤੀ ਮਿਹਨਤੀ ਬਿੰਬ ਦੀ ਥਾਂ ਸਮਕਾਲ ਦੇ ਪ੍ਰਤੀਨਿਧ ਖਪਤਵਾਦੀ ਬਿੰਬ ਦੀ ਉਸਾਰੀ ਕਰਦਾ ਹੈ। ਇਹ ਖਪਤਵਾਦੀ ਬਿੰਬ ਨਾਵਲ ਦੇ ਨੌਜਵਾਨ ਪਾਤਰਾਂ ਦੀ ਜੀਵਨਸ਼ੈਲੀ ਵਿਚੋਂ ਝਲਕਦਾ ਹੈ।

ਨਾਵਲ ਦੋ ਪਰਿਵਾਰਾਂ ਦੀ ਸਮਾਨਅੰਤਰ ਜੀਵਨਸ਼ੈਲੀ 'ਤੇ ਉਸਰਿਆ ਹੈ। ਇਕ ਪਾਸੇ ਸਵਰਨ ਸਿੰਘ ਅਤੇ ਰਾਮ ਕੌਰ ਦਾ ਮਿਹਨਤੀ ਟੱਬਰ ਹੈ ਜਿੱਥੇ ਕਿਰਤੀ, ਸੰਘਰਸ਼ਸ਼ੀਲ ਅਤੇ ਚੇਤੰਨ ਮੈਂਬਰ ਵਸਦੇ ਹਨ। ਦੂਜੇ ਪਾਸੇ ਠਾਕੁਰੀ ਅਤੇ ਮੁਣਸ਼ੀ ਦਾ ਪਰਿਵਾਰ ਹੈ। ਮੁਣਸ਼ੀ ਪਹਿਲੇ ਸਮਿਆਂ ਵਿਚ ਦੋ ਪਿੰਡਾਂ ਦੀ ਹੱਦਬੰਦੀ ਦੇ ਜ਼ਮੀਨੀ ਝਗੜੇ ਵਿਚ ਮਾਰਿਆ ਜਾਂਦਾ ਹੈ, ਜਿਸ ਨੂੰ ਸ਼ਹੀਦ ਦਾ

ਰੁਤਬਾ ਦੇ ਕੇ ਪੂਰਾ ਪਿੰਡ ਪੂਜਦਾ ਹੈ। ਪਰ ਸਮਾਂ ਪਾ ਕੇ ਠਾਕੁਰੀ ਦਾ ਪੁੱਤਰ ਪ੍ਰਗਟ ਅਤੇ ਪੋਤਰਾ ਦੀਪਾ ਪੈਸੇ ਦੇ ਲਾਲਚ ਵਿਚ ਆਪਣੀ ਜ਼ਮੀਨ ਦਾ ਪੱਥਰ ਅਤੇ ਰੇਤ ਸਟੋਨ-ਕਰੱਸ਼ਰ ਵਾਲਿਆਂ ਨੂੰ ਵੇਚ ਦਿੰਦੇ ਹਨ। ਕਰੱਸ਼ਰ ਮਾਲਕ ਲੋਕਾਂ ਦੀਆਂ ਨਿੱਕੀਆਂ ਨਿੱਕੀਆਂ ਗਰਜ਼ਾਂ ਪੂਰੀਆਂ ਕਰਦੇ ਹੋਏ ਪਿੰਡ ਦੀ ਜ਼ਿਆਦਾਤਰ ਜ਼ਮੀਨ 'ਤੇ ਕਾਬਜ਼ ਹੋ ਜਾਂਦੇ ਹਨ। ਇਸ ਵਰਤਾਰੇ ਨਾਲ ਜਿੱਥੇ ਸਮੁੱਚਾ ਪਰੰਪਰਕ ਖੇਤੀ ਪ੍ਰਬੰਧ ਬਰਬਾਦ ਹੋ ਜਾਂਦਾ ਹੈ, ਉੱਥੇ ਹੀ ਇਲਾਕੇ ਵਿਚ ਭਾਰੀ ਵਾਹਨਾਂ ਨਾਲ ਸੜਕਾਂ ਦੀ ਬਰਬਾਦੀ ਅਤੇ ਲੋਕਾਂ ਨੂੰ ਸਰੀਰਕ ਬੀਮਾਰੀਆਂ ਦੀ ਲਾਗ ਲੱਗ ਜਾਂਦੀ ਹੈ। ਇਨ੍ਹਾਂ ਘਟਨਾਵੀ ਵੇਰਵਿਆਂ ਦੇ ਨਾਲ-ਨਾਲ ਲੇਖਕ ਪਿੰਡਾਂ ਵਿਚ ਪੂੰਜੀ ਦੇ ਅੱਥਰੇ ਪ੍ਰਵੇਸ਼ ਨਾਲ ਪੈਦਾ ਹੋ ਰਹੀ ਉਪਭੋਗੀ ਜੀਵਨ ਸ਼ੈਲੀ ਦੀ ਖੂਬਸੂਰਤ ਦ੍ਰਿਸ਼ਕਾਰੀ ਕਰਦਾ ਹੈ। ਸਟੋਨ-ਕਰੱਸ਼ਰ ਦਾ ਮਾਲਕ ਬੌਬੀ ਦੀਪੇ ਨਾਲ ਦੋਸਤੀ ਕਰ ਕੇ ਉਸ ਦੀ ਭੈਣ ਸੁੱਖੀ ਨਾਲ ਸੰਬੰਧ ਕਾਇਮ ਕਰਦਾ ਹੈ। ਸੁੱਖੀ ਘਰੋਂ ਨਿਕਲਣ ਲਈ ਬਿਊਟੀ ਪਾਰਲਰ ਦੇ ਕੋਰਸ ਦਾ ਸਹਾਰਾ ਲੈਂਦੀ ਹੈ ਪਰ ਉਪਭੋਗਤਾਵਾਦ ਦੇ ਵਹਿਣ ਵਿਚ ਵਹਿ ਕੇ ਨਾਵਲ ਦੇ ਅੰਤ ਤਕ ਦੇਹ ਵਪਾਰ ਦੇ ਅੱਡੇ ਦੀ ਸੰਚਾਲਕ ਬਣ ਕੇ ਗੁੰਮਰਾਹ ਹੋ ਜਾਂਦੀ ਹੈ। ਦੀਪਾ ਪੈਸੇ ਅਤੇ ਐਸ਼ੋ-ਇਸ਼ਰਤ ਦੀ ਹਾਬੜ ਵਿਚ ਜ਼ਿੰਦਗੀ ਬਰਬਾਦ ਕਰ ਲੈਂਦਾ ਹੈ।

ਪੂਰਾ ਨਾਵਲ 'ਘਰ', 'ਪਰਿਵਾਰ' ਅਤੇ 'ਪਿੰਡ' ਜਿਹੀਆਂ ਸੰਸਥਾਵਾਂ ਵਿਚ ਰਵਾਇਤੀ ਰਿਸ਼ਤਿਆਂ ਦੀ ਸਾਂਝ, ਇਖਲਾਕ ਅਤੇ ਇਕ ਦੂਜੇ ਲਈ ਸਮਰਪਣ ਵਾਲੀ ਭਾਵਨਾ ਦੀ ਥਾਂ ਪੂੰਜੀ ਲਈ ਬੰਦੇ ਦੀ ਭੁੱਖ ਅਤੇ ਵਧਦੇ ਖਪਤਵਾਦ ਦਾ ਪ੍ਰਵਚਨ ਬਣ ਕੇ ਪੇਸ਼ ਹੋਇਆ ਹੈ। ਨਾਵਲ ਵਿਚ ਪਾਤਰਾਂ ਦੀ ਗੋਲ ਚਪਟੀ ਵੰਡ ਸਪੱਸ਼ਟ ਦਿਸਦੀ ਹੈ। ਇਕ ਪਾਸੇ ਕਾਮਰੇਡ ਪਿਆਰਾ, ਡਾ. ਰਜਿੰਦਰ, ਰਣਜੀਤ ਕੌਰ, ਸਵਰਨ ਸਿੰਘ ਅਤੇ ਮਾਸਟਰ ਜੁਗਿੰਦਰ ਸਿੰਘ ਖਣਨ ਵਿਰੋਧੀ ਅੰਦੋਲਨ ਵਿਚ ਹਿੱਸਾ ਲੈਣ ਕਰਕੇ ਸੱਤਾ ਦੀਆਂ ਅੱਖਾਂ ਵਿਚ ਰੜਕਦੇ ਹਨ; ਦੂਜੇ ਪਾਸੇ ਦੀਪਾ, ਬੌਬੀ, ਪਰਗਟ, ਸੁੱਖੀ ਵਰਗੇ ਪਾਤਰ ਖਪਤਵਾਦੀ ਰੁਝਾਨਾਂ ਵਾਲੇ ਪੇਸ਼ ਹੋਏ ਹਨ। ਜੱਥੇਦਾਰ ਪਾਲਾ ਸਿੰਘ ਪਿੰਡ ਦੀ ਧੜੇਬੰਦਕ ਸਿਆਸਤ ਦਾ ਪੁਰਜ਼ਾ ਬਣ ਕੇ ਸੱਤਾ ਦਾ ਦਲਾਲ ਸਿੱਧ ਹੁੰਦਾ ਹੈ। ਠਾਕਰੀ, ਸੁਰਜੀਤ ਕੌਰ, ਸਵਰਨੀ, ਤੇਜਿੰਦਰ ਕੌਰ ਵਰਗੀਆਂ ਔਰਤ ਪਾਤਰਾਂ ਪਿੰਡ ਦੀ ਰਵਾਇਤੀ ਨੈਤਿਕ ਅਤੇ ਇਖਲਾਕੀ ਉੱਚਤਾ ਦੀ ਪ੍ਰਤੀਕ ਬਣ ਕੇ ਪੇਸ਼ ਹੋਈਆਂ ਹਨ। ਲੇਖਕ ਦੀ ਗਲਪੀ ਦ੍ਰਿਸ਼ਟੀ ਖਣਨ ਦਾ ਬਿਨਾਂ ਤਰਕ ਵਿਰੋਧ ਕਰਨ ਵਾਲੀ ਸਤਹੀ ਵਿਚਾਰਧਾਰਾ ਵਾਲੀ ਨਹੀਂ ਸਗੋਂ ਬੇਮੁਹਾਰੀ ਪੂੰਜੀ ਦੀ ਹਾਬੜ ਵਾਲੇ ਇਸ ਵਿਕਾਸ ਮਾਡਲ ਦਾ ਬਦਲ ਸਹਿਜ ਅਤੇ ਸੰਤੋਖੀ ਜ਼ਿੰਦਗੀ ਜੀਉਣ ਦੇ ਰੂਪ ਵਿਚ ਦੇਣ ਦੀ ਹੈ।

ਉਕਤ ਦੇ ਬਾਵਜੂਦ ਪਰਵਾਨਾ ਦੇ ਨਾਵਲ ਕੁਝ ਰਵਾਇਤੀ ਦੋਸ਼ਾਂ ਵਾਲੇ ਹਨ ਜਿਨ੍ਹਾਂ ਵਿਚ ਉਹ ਉੱਚੀ ਸੁਰ ਦੁਆਰਾ ਕਿਸੇ ਇਕ ਪਾਤਰ ਨੂੰ ਆਪਣਾ ਬੁਲਾਰਾ ਬਣਾ ਲੈਂਦਾ ਹੈ; ਜਿਵੇਂ ਪੰਨਾ 99, 100, 101 'ਤੇ ਮਾਈਨਿੰਗ ਅਤੇ ਸੱਤਾ ਦੇ ਸੰਬੰਧਾਂ ਅਤੇ ਇਸ ਦੇ ਵਿਰੁੱਧ ਉੱਠਦੇ ਅੰਦੋਲਨਾਂ ਬਾਰੇ ਉਹ ਲੰਮੀਆਂ ਟਿੱਪਣੀਆਂ ਕਰਦਾ ਮੁੱਢਲੇ ਪੰਜਾਬੀ ਨਾਵਲ ਦੀ ਰਚਨਾ ਰੂੜ੍ਹੀਆਂ ਦੀ ਯਾਦ ਦਿਵਾ ਦਿੰਦਾ ਹੈ। ਨਾਵਲ ਦੇ ਅੰਤ ਵਿਚ ਲੇਖਕ ਬਿਨਾਂ ਤਰਕ ਵਾਲੇ ਸੰਘਰਸ਼ੀ ਜਾਂ ਜੁਝਾਰੂ ਅੰਤ ਦਿਖਾ ਕੇ ਸੁਰਖਰੂ ਹੋਣ ਦੀ ਥਾਂ ਖਣਨ ਦੇ ਨਿਰਵਿਘਨ ਚੱਲਦੇ ਵਰਤਾਰੇ, ਖਪਤਵਾਦ ਦੇ ਲਗਾਤਾਰ ਵਹਿੰਦੇ ਵਹਿਣ ਅਤੇ ਸੱਤਾ ਦੀ ਸਾਂਝ ਭਿਆਲੀ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ ਪਰ ਨਾਲ ਹੀ ਇਸ ਦੇ ਵਿਰੋਧ ਵਿਚ ਉੱਠਦੀਆਂ ਆਵਾਜ਼ਾਂ ਵੀ ਰਜਿਸਟਰ ਕਰਦਾ ਹੈ। ਨਾਵਲ ਦੀ ਰਵਾਨੀ ਅਤੇ ਕਥਾ ਰਸ ਪਾਠਕਾਂ ਨੂੰ ਬੰਨ੍ਹੀਂ ਰੱਖਦੇ ਇਸ ਦੀ ਪੜ੍ਹਨਯੋਗਤਾ ਕਾਇਮ ਰੱਖਦੇ ਹਨ।

ਸਮਕਾਲੀ ਨਾਵਲ ਨੇ ਸਮਕਾਲ ਨੂੰ ਸਿੱਧਾ ਸੰਬੋਧਨ ਹੋਣ ਦੀ ਥਾਂ ਇਤਿਹਾਸ ਵੱਲ ਮੁੜਨ ਦੀ 'ਜੁਗਤ' ਅਪਣਾਈ ਹੈ। ਇਸ ਦਾ ਕਾਰਨ ਸਮਕਾਲ ਦੀ ਪੇਚੀਦਗੀ ਨੂੰ ਸਮਝਣ ਦੀ ਸੀਮਾ ਅਤੇ ਸਮਰੱਥਾ ਵੀ ਹੋ ਸਕਦੀ ਹੈ। ਵਿਚਾਰ ਅਧੀਨ ਨਾਵਲ ਮੌਲਿਕ ਵਿਸ਼ੇ ਦੇ ਨਾਲ-ਨਾਲ ਸਮਕਾਲ ਦੇ ਵਰਤਾਰਿਆਂ ਨੂੰ ਸਿੱਧਾ ਸੰਬੋਧਤ ਹੋਣ ਕਰਕੇ ਵੱਖਰੇ ਮਹੱਤਵ ਦਾ ਧਾਰਨੀ ਹੈ। **-ਜੇ.ਬੀ. ਸੇਖੋਂ**

## ਮਿਲ ਗਿਆ ਨੈੱਕਲੈਸ (ਕਹਾਣੀ ਸੰਗ੍ਰਹਿ) ਕੁਲਜੀਤ ਮਾਨ

ਕੁਲਜੀਤ ਮਾਨ ਪਰਵਾਸੀ ਗਲਪਕਾਰ ਹੈ। 'ਮਿਲ ਗਿਆ ਨੈੱਕਲੈਸ' ਉਸਦਾ ਤੀਜਾ ਕਹਾਣੀ ਸੰਗ੍ਰਹਿ ਹੈ। 'ਝੁਮਕੇ' ਤੇ 'ਵਿਚਲੀ ਉਂਗਲ' ਉਸਦੇ ਪਹਿਲੇ ਦੋ ਅਤੇ 'ਪੁੱਤਰਦਾਨ' ਅਨੁਵਾਦਤ ਕਹਾਣੀ ਸੰਗ੍ਰਹਿ ਹੈ। ਇਸ ਤੋਂ ਇਲਾਵਾ ਲੇਖਕ ਦੇ ਦੋ ਨਾਵਲ 'ਮਾਂ ਦਾ ਘਰ' ਤੇ 'ਕਿੱਟੀ ਮਾਰਸ਼ਲ' ਵੀ ਛਪ ਚੁੱਕੇ ਹਨ। ਹੱਥਲਾ ਕਹਾਣੀ ਸੰਗ੍ਰਹਿ (ਮਿਲ ਗਿਆ ਨੈੱਕਲੈਸ, ਪੰਨੇ 175, ਕੀਮਤ 250 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਪੱਛਮੀ ਸਮਾਜ ਵਿਚ ਵਿਆਹ, ਪਰਿਵਾਰ ਆਦਿ ਸਮਾਜਕ ਸੰਸਥਾਵਾਂ ਦੀ ਵਰਤਮਾਨ ਸਥਿਤੀ, ਔਰਤ-ਮਰਦ ਸੰਬੰਧਾਂ ਦੀ ਵਿਆਕਰਨ, ਮਾਨਵੀ ਮੁੱਲਾਂ ਅਤੇ ਸਭਿਆਚਾਰਕ ਸੰਸਕਾਰਾਂ ਦੀ ਬਾਤ ਪਾਉਂਦਾ ਹੈ। ਕਹਾਣੀ ਸੰਗ੍ਰਹਿ ਦੇ ਮੁੱਢ ਵਿਚ ਲੇਖਕ ਆਪਣੀ ਤਲਾਸ਼ ਦਾ ਜ਼ਿਕਰ ਕਰਦਾ ਹੈ। ਇਹ ਤਲਾਸ਼ ਪੁਸਤਕ ਵਿਚਲੀਆਂ ਸਾਰੀਆਂ ਕਹਾਣੀਆਂ ਦਾ ਕੇਂਦਰੀ ਧੁਰਾ ਹੋ ਨਿਬੜਦੀ ਹੈ। ਤਲਾਸ਼ ਕਿਸਦੀ ਹੈ? ਕੀ ਕੋਈ ਵਸਤ ਹੈ? ਕੋਈ ਮੁੱਲ/ਕੀਮਤ ਹੈ? ਕੋਈ ਗੁਆਚਿਆ ਵਿਸ਼ਵਾਸ ਜਾਂ ਸੰਬੰਧ ਹੈ? ਇਸ ਦੀ ਕੋਈ ਸੱਪਸ਼ਟਤਾ ਨਹੀਂ ਬਲਕਿ ਕਹਾਣੀਕਾਰ ਇਸੇ ਨੂੰ ਕਹਾਣੀ ਤਸਲੀਮ ਕਰਦਾ ਹੈ।

ਹੱਥਲੇ ਕਹਾਣੀ ਸੰਗ੍ਰਹਿ ਵਿਚ ਸੱਤ ਕਹਾਣੀਆਂ ਸ਼ਾਮਲ ਹਨ। 'ਵਰਜਿਤ ਫ਼ਲ' ਇਸ ਵਿਚ ਦਰਜ ਪਹਿਲੀ ਕਹਾਣੀ ਹੈ, ਜਿਸ ਵਿਚ ਸ਼ੇਰਾ ਤੇ ਸੰਦੀਪ (ਪਤੀ-ਪਤਨੀ) ਦੇ ਜੀਵਨ, ਸਮਾਜਕ ਵਿਵਹਾਰ, ਪਰਿਵਾਰਕ ਬੁਣਤ, ਟੁੱਟ-ਭੱਜ, ਮਾਨਵੀ ਰਹੱਸਾਂ, ਮਾਨਸਿਕਤਾ ਅਤੇ ਕਾਮੁਕ ਲੋੜਾਂ ਨੂੰ ਦਰਸ਼ਨੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਸ਼ੇਰਾ ਜੋ ਸੰਭੋਗ ਨੂੰ ਸਮਾਧੀ ਤੁਲ ਸਮਝਦਾ ਹੈ, ਰਿਸ਼ਤਿਆਂ ਵਿਚਲੀ ਰੂਹਾਨੀਅਤ ਵੱਲ ਉਲਾਰ ਹੈ। ਉਹ ਆਪਣੇ ਕਲਪਿਤ ਆਦਰਸ਼ਵਾਦ ਅਤੇ ਸਮਾਜਕ ਵਿਵਹਾਰ ਵਿਚਲੇ ਅਸੰਤੁਲਨ ਕਾਰਨ ਪੈਦਾ ਹੋਏ ਖ਼ਲਾਅ ਵਿਚ ਲਟਕਦਾ ਹੋਇਆ ਰੂਪਮਾਨ ਹੋਇਆ ਹੈ। ਇਸੇ ਕਾਰਨ ਉਹਨਾਂ ਦੇ ਖੁਸ਼ਹਾਲ ਗ੍ਰਹਿਸਥੀ ਜੀਵਨ ਵਿਚ ਤਣਾਅ ਪੈਦਾ ਹੋ ਜਾਂਦਾ ਹੈ। 'ਵਿਸ਼ ਕੰਨਿਆ' ਕਹਾਣੀ ਸੰਗ੍ਰਹਿ ਦੀ ਦੂਜੀ ਕਹਾਣੀ ਹੈ। ਇਸ ਦੇ ਪਾਤਰਾਂ ਦਾ ਵਿਵਹਾਰ ਤੇ ਜੀਵਨ ਬੜਾ ਰਹੱਸਮਈ ਹੈ। ਕਹਾਣੀ ਔਰਤ ਦੀ ਸਮਾਜਕ, ਪਰਿਵਾਰਕ, ਆਰਥਿਕ, ਰਾਜਨੀਤਕ ਤੇ ਮਾਨਸਿਕ ਸਥਿਤੀ ਨੂੰ ਸਿੱਧੇ ਰੂਪ ਵਿਚ ਮੁਖਾਤਬ ਹੁੰਦੀ ਹੈ। ਰਵੀ ਜੋ ਪੰਜਾਬ ਤੋਂ ਕੈਨੇਡਾ ਆਇਆ ਹੈ, ਇੱਥੇ ਵੀ ਆਪਣੇ ਅਤੀਤ ਵਿਚ ਨਾਲ ਸਿਝਦਾ, ਆਜ਼ਾਦ ਜੀਵਨ ਜਿਉਣ ਤੋਂ ਤ੍ਰਿਭਕਦਾ ਮਹਿਸੂਸ ਹੁੰਦਾ ਹੈ ਅਤੇ ਆਪਣੇ ਪੂਰਵਲੇ ਸਮਾਜਕ ਕੰਮਾਂ (ਮਜ਼ਦੂਰ ਜੱਥੇਬੰਦੀਆਂ) ਵਿਚ ਕਿਰਿਆਸ਼ੀਲ ਹੋਣਾ ਲੋਚਦਾ ਹੈ। ਨਾਲ ਹੀ ਉਸ ਦੀ ਦਿਲਚਸਪੀ ਔਰਤ ਦੀ ਸਮਾਜਕ, ਪਰਿਵਾਰਕ ਤੇ ਸਭਿਆਚਾਰਕ ਸਥਿਤੀ ਨੂੰ ਸਮਝਣ ਵਿਚ ਹੈ। ਕਹਾਣੀ ਵਿਚ ਸਰਕਾਰੀ ਏਜੰਸੀਆਂ ਦੇ ਬੰਦੇ ਦੀ ਨਿੱਜਤਾ ਦੇ ਦਾਇਰੇ ਨੂੰ ਪਾੜ ਲਾਉਣ ਅਤੇ ਬੰਦੇ ਨੂੰ ਪ੍ਰਭਾਵਤ ਕਰਨ ਦੀ ਅਦ੍ਰਿਸ਼ ਤੇ ਅਸਿੱਧੀ ਕਾਰਗੁਜ਼ਾਰੀ ਨੂੰ ਉਜਾਗਰ ਕੀਤਾ ਗਿਆ ਹੈ। ਕਿਵੇਂ ਸਰਕਾਰੀ ਤੰਤਰ ਹੀ ਅਸਿੱਧੇ ਢੰਗ ਨਾਲ ਦਰਸ਼ਨ ਵਰਗੇ ਪਾਤਰਾਂ ਨੂੰ ਪੈਦਾ ਕਰਦਾ ਹੈ ਅਤੇ ਪੂਰਨਿਮਾ ਵਰਗੀਆਂ ਸਮਾਜ ਸੇਵਿਕਾਵਾਂ ਦੇ ਜ਼ਰੀਏ ਕਿਵੇਂ ਔਰਤਾਂ-ਮਰਦਾਂ ਨੂੰ ਆਪਣੇ ਮੁਫ਼ਾਦ ਲਈ ਵਰਤਦਾ ਹੈ, ਨੂੰ ਕਹਾਣੀ ਵਿਚ ਬੜੀ ਖੂਬਸੂਰਤੀ ਨਾਲ ਚਿਤਰਿਆ ਗਿਆ ਹੈ। ਦਰਸ਼ਨ, ਪੂਰਨਿਮਾ ਤੇ ਸਿੰਮੀ ਵਰਗੇ ਪਾਤਰ ਏਜੰਸੀਆਂ ਦੇ ਹੱਥ ਠੋਕੇ ਬਣਨ ਤਕ ਸੀਮਤ ਰਹਿੰਦੇ ਹਨ ਅਤੇ ਸਿੰਮੀ ਦੇ ਰਾਹੀਂ ਨਵ ਭਾਰਤੀ ਮਜ਼ਦੂਰ ਸਭਾ ਦੇ ਸਕੱਤਰ ਰਵੀ ਉਪਰ ਪਰਵਾਸ ਵਿਚ ਵੀ ਨਜ਼ਰਸ਼ਾਨੀ ਕੀਤੀ ਜਾਂਦੀ ਹੈ। ਇਸ ਪ੍ਰਕਾਰ ਕਹਾਣੀ ਵਿਚ ਔਰਤ ਹੱਕੀ ਸਮਾਜਕ ਸੰਸਥਾਵਾਂ, ਸਮਾਜ ਸੇਵੀ ਕਾਰਕੁਨਾਂ ਤੇ ਏਜੰਸੀਆਂ ਦੀ ਵਾਸਤਵਿਕ ਕਾਰਗੁਜ਼ਾਰੀ ਨੂੰ ਰੂਪਮਾਨ ਕੀਤਾ ਗਿਆ ਹੈ ਅਤੇ ਨਾਲ-ਨਾਲ ਲੇਖਕ ਦੀ ਤਸਲੀਮ ਕੀਤੀ ਤਲਾਸ਼ ਰਵੀ ਦੀ ਔਰਤ ਨੂੰ ਸਮਝਣ ਦੇ ਅਕੀਦੇ ਦੀ ਤਲਾਸ਼ ਦੇ ਰੂਪ ਵਿਚ ਪੇਸ਼ ਹੋਈ ਹੈ।

ਸਮਾਜ ਦੀ ਬੁਨਿਆਦੀ ਇਕਾਈ ਪਰਿਵਾਰ ਹੈ। ਪਰਿਵਾਰ ਵਿਚ ਇਕ-ਦੂਜੇ ਉਪਰ ਵਿਸ਼ਵਾਸ, ਫ਼ਿਕਰ ਤੇ ਪਿਆਰ ਮੌਜੂਦ ਹੋਵੇ ਤਾਂ ਸਵਰਗ ਤੋਂ ਘੱਟ ਨਹੀਂ ਜਾਪਦਾ। ਪੱਛਮੀ ਸਮਾਜ ਵਿਚ ਹਰ

ਵਿਅਕਤੀ ਨਿੱਜੀ ਆਜ਼ਾਦੀ ਨੂੰ ਵਧੇਰੇ ਤਰਜੀਹ ਦਿੰਦਾ ਹੈ। ਉੱਥੇ ਪਰਿਵਾਰਕ ਰੋਕਾਂ ਤੇ ਆਪਣੇਪਣ ਦੇ ਘੇਰੇ ਦੇ ਸੰਘਣੇਪਣ ਕਾਰਨ ਮਾਪਿਆਂ ਤੇ ਬੱਚਿਆਂ ਵਿਚ ਟਕਰਾਅ ਪੈਦਾ ਹੋ ਜਾਂਦਾ ਹੈ, ਜਿਸ ਕਾਰਨ ਪਰਿਵਾਰਕ ਮਾਹੌਲ ਤਣਾਅਪੂਰਨ ਬਣ ਜਾਂਦਾ ਹੈ। ਨੌਜਵਾਨ ਪੀੜ੍ਹੀ ਦੀਆਂ ਅਕਾਂਖਿਆਵਾਂ, ਇੱਛਾਵਾਂ, ਕਾਮੁਕ ਲੋੜਾਂ ਤੇ ਮੰਜ਼ਿਲਾਂ ਵੱਖਰੀਆਂ ਹੋਣੀਆਂ ਸੁਭਾਵਕ ਹਨ। ਇਸ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਤੇ ਮੁਸ਼ਕਲਾਂ ਨੂੰ 'ਡਾਉਨ-ਟਾਉਨ' ਕਹਾਣੀ ਵਿਚ ਉਭਾਰਿਆ ਗਿਆ ਹੈ। ਰਾਮ ਆਪਣੇ ਪਰਿਵਾਰ ਨੂੰ ਸਮਝਣ ਤੇ ਸੰਭਾਲਣ ਵੱਲ ਅਗਰਸਰ ਹੈ ਜਿਸਦੇ ਕੇਂਦਰੀ ਨੁਕਤੇ ਦੀ ਥਾਹ ਉਸਨੂੰ ਪੈਰੀ ਦੀ ਕਹਾਣੀ ਤੋਂ ਪੈਂਦੀ ਹੈ।

ਸਮਕਾਲ ਵਿਚ ਮਨੁੱਖ ਦੀ ਸਭ ਤੋਂ ਵੱਡੀ ਜੰਗ ਸਵੈ ਨਾਲ ਹੈ। ਸਮਾਜ ਵਿਚ ਬਹੁਤ ਸਾਰੀਆਂ ਸਥਿਤੀਆਂ ਤੇ ਸੰਭਾਵਨਾਵਾਂ ਅਜਿਹੀਆਂ ਪੈਦਾ ਹੁੰਦੀਆਂ ਹਨ ਜਿਸ ਨਾਲ ਮਨੁੱਖੀ ਮਨ ਦਵੰਦ ਦਾ ਸ਼ਿਕਾਰ ਹੋ ਜਾਂਦਾ ਹੈ। ਇਸੇ ਪ੍ਰਕਾਰ ਦਾ ਦਵੰਦ 'ਸਵੈ-ਸ਼ਿਕਨ' ਕਹਾਣੀ ਵਿਚ ਪ੍ਰਸਤੁਤ ਹੋਇਆ ਹੈ। ਕਹਾਣੀ ਵਿਚ ਪੰਜਾਬੀ ਤੇ ਪੱਛਮੀ ਸਭਿਆਚਾਰ, ਰਹੁ-ਰੀਤਾਂ, ਸੰਸਕਾਰਾਂ, ਮੁੱਲ-ਵਿਧਾਨ ਆਦਿ ਨੂੰ ਇਕ-ਦੂਜੇ ਦੇ ਸਮਵਿੱਥ ਉਲੀਕਕੇ ਤੁਲਨਾਤਮਕ ਸਥਿਤੀ ਨੂੰ ਪ੍ਰਤੀਪਾਦਤ ਕੀਤਾ ਗਿਆ ਹੈ। ਜੋਗੀ ਇਕ ਕਲਾਕਾਰ ਹੈ। ਉਹ ਆਪਣੇ ਬਿਹਤਰ ਭਵਿੱਖ ਲਈ ਵਿਦੇਸ਼ ਜਾਂਦਾ ਹੈ ਪਰ ਮਨ ਵਿਚੋਂ ਪਤਨੀ (ਰਮਨ) ਤੇ ਬੱਚੇ ਨੂੰ ਨਹੀਂ ਵਿਸਾਰਦਾ। ਜੋਗੀ ਦਾ ਹੈਲਨ ਨਾਲ ਮਿਲਾਪ ਉਸਦੇ ਬੇਟੇ ਮਾਈਕ ਦੁਆਰਾ ਕਰਾਇਆ ਜਾਂਦਾ ਹੈ ਕਿਉਂਕਿ ਮਾਈਕ ਆਪਣੀ ਮਾਂ ਦੇ ਪਹਿਲੇ ਦੋਸਤ ਤੋਂ ਦੁਖੀ ਹੈ ਤੇ ਉਹ ਆਪਣੀ ਮਾ ਨੂੰ ਬਿਹਤਰ ਇਨਸਾਨ ਨਾਲ ਜ਼ਿੰਦਗੀ ਮਾਣਦੀ ਵੇਖਣੀ ਲੋਚਦਾ ਹੈ। ਹੈਲਨ ਜੋਗੀ ਨੂੰ ਪੂਰਨ ਰੂਪ ਵਿਚ ਪ੍ਰਾਪਤ ਕਰਨਾ ਚਾਹੁੰਦੀ ਹੈ। ਇਸ ਲਈ ਆਪਣੇ ਨਾਲ ਰਹਿ ਰਹੇ ਜੋਗੀ ਨੂੰ ਆਪਣੇ ਸੁਪਨਿਆਂ ਜਾਂ ਰਮਨ ਨੂੰ ਚੁਣਨ ਲਈ ਜ਼ੋਰ ਪਾਉਂਦੀ ਹੈ। ਪਰ ਜੋਗੀ ਆਪਣੀ ਮਰਦਾਵੀਂ ਹਉਂ ਤੇ ਪੰਜਾਬੀ ਸਭਿਆਚਾਰਕ ਮੁੱਲ ਵਿਧਾਨ ਅਨੁਸਾਰ ਹੈਲਨ ਦਾ ਸੰਗ ਮਾਣਨ ਲਈ ਵੀ ਤਿਆਰ ਹੈ ਤੇ ਰਮਨ ਨੂੰ ਵੀ ਆਪਣੇ ਨਾਲ ਬੰਨ੍ਹੀ ਰੱਖਣਾ ਚਾਹੁੰਦਾ ਹੈ। ਪਰ ਹੈਲਨ ਇਸ ਪ੍ਰਕਾਰ ਦੇ ਸਮਝੌਤੇ ਲਈ ਤਿਆਰ ਨਹੀਂ ਹੁੰਦੀ। ਆਖ਼ਰ ਜੋਗੀ ਸੁਪਨਿਆਂ ਤੇ ਪਤਨੀ (ਪਿਆਰ) 'ਚੋਂ ਇਕ ਨੂੰ ਚੁਣਨ ਦੇ ਮਾਨਸਿਕ ਦਵੰਦ ਦੀ ਸਥਿਤੀ ਵਿਚ ਸੁਪਨਿਆਂ ਨੂੰ ਚੁਣ ਕੇ ਸਵੈ ਦੀ ਸ਼ਿਕਨ ਮਹਿਸੂਸ ਕਰਦਾ ਹੈ।

ਪਰਿਵਾਰ ਨਾਲ ਪਿਆਰ, ਵਿਸ਼ਵਾਸ ਤੇ ਪਰਿਵਾਰ ਲਈ ਕੁਰਬਾਨੀ ਦਾ ਸੰਕਲਪ ਸਿਰਫ਼ ਪੰਜਾਬੀ ਸਭਿਆਚਾਰ ਵਿਚ ਹੀ ਨਹੀਂ ਬਲਕਿ ਪੱਛਮੀ ਸਭਿਆਚਾਰ ਵਿਚ ਵੀ ਉਵੇਂ ਹੀ ਮੌਜੂਦ ਹੈ। 'ਚੋਣ' ਕਹਾਣੀ ਪੱਛਮੀ ਸਭਿਆਚਾਰ ਵਿਚਲੇ ਇਸੇ ਮੁੱਲ ਨੂੰ ਉਸਾਰੂ ਰੂਪ ਵਿਚ ਚਿਤਰਦੀ ਹੈ। ਡੌਰਥੀ ਦਾ ਜਿੰਮੀ ਨਾਲ ਪਿਆਰ, ਜਿੰਮੀ ਦੇ ਅਪਾਹਜ ਹੋਣ ਤੋਂ ਉਹਦੀ ਦੇਖਭਾਲ ਕਰਨੀ ਤੇ ਜਿੰਮੀ ਦੁਆਰਾ ਡੌਰਥੀ ਨੂੰ ਐਲਬਾਨੀਆ ਤੋਂ ਕੈਨੇਡਾ ਭੇਜਣਾ ਆਦਿ ਆਪਸੀ ਪਿਆਰ ਤੇ ਇਕ-ਦੂਜੇ ਤੋਂ ਕੁਰਬਾਨ ਹੋਣ ਦੇ ਜਜ਼ਬੇ ਦਾ ਪ੍ਰਗਟਾਵਾ ਹੈ। ਡੌਰਥੀ ਦਾ ਅਮਰ ਨੂੰ ਜਿੰਮੀ ਸਮਝ ਉਸਦਾ ਸਰੀਰਕ ਸੁੱਖ ਮਾਣਨਾ ਅਤੇ ਉਹਨਾਂ ਪਲਾਂ ਨੂੰ ਜਿੰਮੀ ਨਾਲ ਸਾਂਝਾ ਕਰਨਾ ਭਾਵੇਂ ਵਚਿੱਤਰ ਵਰਤਾਰਾ ਹੈ ਪਰ ਇਸ ਤਰ੍ਹਾਂ ਹੋਣਾ ਕੋਈ ਅਣਹੋਣੀ ਗੱਲ ਨਹੀਂ। ਕਾਮ ਕ੍ਰੀੜਾ ਸਮੇਂ ਮਨ ਵਿਚ ਕਿਸੇ ਦੂਸਰੇ ਮਰਦ/ਔਰਤ ਨੂੰ ਚਿਤਵ ਪ੍ਰਾਪਤ ਸਾਧਨਾਂ/ਮਨੁੱਖ ਤੋਂ ਸਰੀਰਕ ਸੁੱਖ ਮਾਣਨਾ ਅਤੇ ਇਸ ਨੂੰ ਦੋਨਾਂ ਸਾਹਵੇਂ ਪ੍ਰਤੱਖ ਕਰਨਾ ਅਵੱਸ਼ ਮਨੁੱਖ ਦੀ ਵਿਲੱਖਣ ਰੁਚੀ ਨੂੰ ਪ੍ਰਗਟ ਕਰਦਾ ਹੈ।

ਜਿੰਦਗੀ ਵਿਚ ਜਿਸ ਤਰ੍ਹਾਂ ਵਿਆਹ ਤੇ ਜਨਮ ਖੁਸ਼ੀ ਦੇ ਅਹਿਮ ਮੌਕੇ ਹੁੰਦੇ ਹਨ, ਪੱਛਮੀ ਸਮਾਜ ਵਿਚ ਉਵੇਂ ਤਲਾਕ ਨੂੰ ਵੀ ਖੁਸ਼ੀ ਦੇ ਅਵਸਰ ਵਿਚ ਤਬਦੀਲ ਕਰ ਲਿਆ ਗਿਆ ਹੈ। ਵਾਸਤਵ ਵਿਚ ਸਮਕਾਲ ਵਿਚ ਮਨੁੱਖ ਦਾ ਜੀਵਨ ਗੁੰਝਲਦਾਰ ਤੇ ਆਤਮਪਰਕ ਹੁੰਦਾ ਜਾ ਰਿਹਾ ਹੈ। ਬਾਹਰੀ ਸਥੂਲ ਜੰਗ ਨਾਲੋਂ ਕਿਤੇ ਵੱਡੀ ਜੰਗ ਹਰ ਮਨੁੱਖ ਆਪਣੇ ਅੰਦਰ ਨਾਲ ਲੜ ਰਿਹਾ ਹੈ। ਪੱਛਮੀ ਸਮਾਜ ਆਪਣੇ ਅੰਦਰਲੇ ਖਲਾਅ ਤੇ ਖੋਖਲੇਪਣ ਨੂੰ ਪੂਰਨ ਲਈ ਜੀਵਨ ਵਿਚਲੀ ਹਰ ਸਥਿਤੀ ਨੂੰ ਖੁਸ਼ੀ ਵਿਚ ਤਬਦੀਲ ਕਰਨ ਵੱਲ ਅਗਰਸਰ ਹੈ। ਇਸ ਦੀ ਉਦਾਹਰਨ 'ਡਾਇਵੋਰਸ

ਪਾਰਟੀ' ਕਹਾਣੀ ਵਿਚ ਵੇਖੀ ਜਾ ਸਕਦੀ ਹੈ। ਜਦਕਿ ਪੰਜਾਬੀ ਸਭਿਆਚਾਰ ਵਿਚ ਜੰਮੇ-ਪਲ਼ੇ ਅਤੇ ਰਵਾਇਤੀ ਕਦਰਾਂ-ਕੀਮਤਾਂ ਨਾਲ ਜੁੜੇ ਜੋਗਿੰਦਰ ਸਿੰਘ ਤੇ ਮਹਿੰਦਰ ਕੌਰ ਲਈ ਤਲਾਕ ਦੇ ਅਰਥ ਨਕਾਰਾਤਮਕ ਹਨ। ਉਹਨਾਂ ਲਈ ਪਰਿਵਾਰ ਦੇ ਅਰਥ ਨਿੱਜੀ ਖ਼ੁਸ਼ੀ, ਆਜ਼ਾਦੀ, ਕਾਮੁਕ ਲੋੜਾਂ, ਸਮਾਜਕ ਜ਼ਰੂਰਤਾਂ ਆਦਿ ਤਕ ਸੀਮਤ ਨਹੀਂ ਬਲਕਿ ਉਹਨਾਂ ਲਈ ਪਰਿਵਾਰ ਸ਼ਬਦ ਦੇ ਅਰਥ ਸੁੱਖਾਂ-ਦੁੱਖਾਂ ਨਾਲ ਖਹਿੰਦੇ ਬ੍ਰਹਿਮੰਡੀ ਘੇਰੇ ਤੋਂ ਪਾਰ ਤਕ ਫੈਲਦੇ ਹਨ। ਅਤੇ ਉਹਨਾਂ ਦੀ ਸੋਚ ਅਨੁਸਾਰ ਏਨੇ ਵਿਸ਼ਾਲ ਘੇਰੇ ਵਾਲੇ ਸੰਬੰਧ ਨਿੱਕੀਆਂ-ਮੋਟੀਆਂ ਲੜਾਈਆਂ ਤੇ ਰੋਕਾਂ-ਟੋਕਾਂ ਕਰਕੇ ਨਹੀਂ ਤੋੜੇ ਜਾ ਸਕਦੇ।

'ਮਿਲ ਗਿਆ ਨੈੱਕਲੈਸ' ਕਹਾਣੀ ਸੰਗ੍ਰਹਿ ਦੀ ਆਖ਼ਰੀ ਕਹਾਣੀ ਹੈ। ਜੋ ਤਲਾਸ਼ ਕਹਾਣੀਕਾਰ ਪਹਿਲੀ ਕਹਾਣੀ ਤੋਂ ਪਹਿਲਾਂ ਤਸਲੀਮ ਕਰਦਾ ਹੈ, ਇਸ ਕਹਾਣੀ 'ਤੇ ਅੱਪੜ ਕੇ ਉਸ ਦੇ ਕਾਫ਼ੀ ਹੱਦ ਤਕ ਪੂਰੀ ਹੋ ਜਾਣ ਦੀ ਪ੍ਰਤੀਤੀ ਹੁੰਦੀ ਹੈ। ਕਹਾਣੀ ਦਾ ਸਿਰਲੇਖ ਵੀ ਇਸ ਵਿਚਾਰ ਦੀ ਹਾਮੀ ਪ੍ਰਤੀਕਾਤਮਕ ਰੂਪ ਵਿਚ ਭਰਦਾ ਹੈ। ਕਹਾਣੀ ਵਿਚ ਲੈਲਾ ਵੱਖ-ਵੱਖ ਸਭਿਆਚਾਰਾਂ ਵਿਚ ਘਰੇਲੂ ਹਿੰਸਾ ਦੇ ਰੂਪਾਂ, ਪ੍ਰਤੱਖ ਰੂਪ ਵਿਚ ਸਾਹਵੇਂ ਨਜ਼ਰ ਆਉਂਦੇ ਅਤੇ ਪਿੱਠਭੂਮੀ ਵਿਚ ਕਾਰਜਸ਼ੀਲ ਕਾਰਨਾਂ ਅਤੇ ਸਮਾਧਾਨਾਂ ਬਾਰੇ ਅਧਿਐਨ ਕਰ ਰਹੀ ਹੈ। ਚੰਦਨ, ਲੈਲਾ ਨੂੰ ਕੰਮਕਾਰੀ ਲੋੜਾਂ ਕਾਰਨ ਮਿਲਦਾ ਹੈ ਅਤੇ ਉਸਦੀ ਸਰੀਰਕ ਖ਼ੂਬਸੂਰਤੀ ਤੇ ਖੁੱਲ੍ਹੇ ਸੁਭਾਅ ਤੋਂ ਪ੍ਰਭਾਵਤ ਹੋ ਕੇ, ਉਸ ਤੋਂ ਸਰੀਰਕ ਆਨੰਦ ਦੀ ਪ੍ਰਾਪਤੀ ਲਈ, ਓਸਨੂੰ ਮੋਟਲ ਵਿਚ ਮਿਲਦਾ ਹੈ। ਚੰਦਨ ਦੀ ਬੇਟੀ ਬੰਟੀ ਕਿਸੇ ਇਟਾਲੀਅਨ ਦੀ ਦੋਸਤੀ ਵਿਚ ਹੈ ਅਤੇ ਉਹ ਉਸ ਨਾਲ ਇਕ-ਦੋ ਰਾਤਾਂ ਵੀ ਗੁਜ਼ਾਰਦੀ ਹੈ। ਚੰਦਨ ਆਪਣੀ ਪਤਨੀ ਸੁਨੀਲ ਨੂੰ ਬੰਟੀ ਨੂੰ ਪੰਜਾਬੀ ਸਭਿਆਚਾਰ ਦੇ ਸੰਸਕਾਰਾਂ ਤੇ ਕਦਰਾਂ-ਕੀਮਤਾਂ ਤੋਂ ਜਾਣੂ ਕਰਾਉਣ ਲਈ ਪ੍ਰੇਰਦਾ ਹੈ ਤਾਂ ਕਿ ਸਮਾਜਕ ਨੱਕ-ਨਮੂਜ ਬਚਾਇਆ ਜਾ ਸਕੇ। ਪਰ ਇਸ ਦੇ ਸਮਾਨਾਂਤਰ ਮਰਦਾਵੀਂ ਸੱਤਾ ਦੇ ਭੁਲਾਂਦਰੇ ਵਿਚ ਉਹ ਲੈਲਾ ਨਾਲ ਰਾਤ ਬਿਤਾਉਣ ਲਈ ਉਤਸ਼ਾਹਤ ਵੀ ਹੈ। ਲੈਲਾ ਉਸਨੂੰ ਇਹਨਾਂ ਦੋਹਰੇ ਮਾਪਦੰਡਾਂ ਦੀ ਪਹਿਚਾਣ ਕਰਾਉਂਦੀ ਹੈ। ਲੈਲਾ ਪ੍ਰਤੀ ਚੰਦਨ ਦੀ ਬਣੀ ਸਮਝ ਉਸਦੇ ਨਜ਼ਰੀਏ ਦਾ ਟੀਰ ਸਾਬਤ ਹੁੰਦੀ ਹੈ। ਮਰਦ ਪ੍ਰਧਾਨ ਸਮਾਜ ਦੇ ਖੋਖਲੇ ਤੇ ਪਿਛਾਂਹ-ਖਿੱਚੂ ਮੁੱਲਾਂ ਨੂੰ ਤਿਲਾਂਜਲੀ ਦੇ ਕੇ, ਔਰਤ-ਮਰਦ ਦਾ ਬਰਾਬਰੀ 'ਤੇ ਵਿਚਰਨਾ ਪਰਿਵਾਰ ਸੰਸਥਾ ਨੂੰ ਮਜ਼ਬੂਤੀ ਪ੍ਰਦਾਨ ਕਰ ਸਕਦਾ ਹੈ। ਕਹਾਣੀਕਾਰ ਦੀ ਤਲਾਸ਼ ਉਸਾਰੂ ਮੁੱਲ ਵਿਧਾਨ, ਸੰਸਕਾਰ ਤੇ ਸਭਿਆਚਾਰਕ ਕੀਮਤਾਂ ਵਿਚ ਹੋ ਨਿਬੜਦੀ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ 'ਮਿਲ ਗਿਆ ਨੈੱਕਲੈਸ' ਕਹਾਣੀ ਸੰਗ੍ਰਹਿ ਪੰਜਾਬੀ ਤੇ ਪੱਛਮੀ ਸਮਾਜ ਦੇ ਮੁੱਲ ਵਿਧਾਨ, ਸੰਸਕਾਰਾਂ, ਕਦਰਾਂ-ਕੀਮਤਾਂ, ਸਭਿਆਚਾਰਕ ਰੀਤਾਂ ਤੇ ਸਮਾਜਕ ਸੰਸਥਾਵਾਂ ਖ਼ਾਸ ਤੌਰ 'ਤੇ ਪਰਿਵਾਰ ਦੇ ਵਿਘਟਨ ਤੇ ਖੋਖਲੇਪਣ ਦੇ ਕਾਰਨਾਂ ਦੀ ਤਲਾਸ਼ ਕਰਦਾ ਹੈ ਅਤੇ ਪਰਿਵਾਰ ਦੇ ਨਿਰੋਏ ਉਸਾਰ ਲਈ ਲੋੜੀਂਦੀਆਂ ਸਥਿਤੀਆਂ ਤੇ ਵਿਚਾਰਾਂ ਦੇ ਧਰਾਤਲ ਦੀ ਨਿਸ਼ਾਨਦੇਹੀ ਕਰਦਾ ਹੈ। ਕਹਾਣੀਆਂ ਦੀ ਬੁਣਤ ਘਟਨਾਵਾਂ ਦੇ ਸੰਘਣੇਪਣ ਕਾਰਨ ਗਠੀਲੀ ਹੈ ਪਰ ਦਰਸ਼ਨ ਤੇ ਬੌਧਿਕਤਾ ਦਾ ਬੋਝ ਕਈ ਥਾਂਈਂ ਕਹਾਣੀ ਦੀ ਚਾਲ ਧੀਮੀ ਕਰਦਾ ਹੈ ਅਤੇ ਕਥਾ ਰਸ ਨੂੰ ਪੇਤਲਾ ਕਰਦਾ ਹੈ। ਐਪਰ, ਇਸ ਬਾਰੇ ਕੋਈ ਸੰਦੇਹ ਨਹੀਂ ਕਿ ਕੁਲਜੀਤ ਮਾਨ ਦਾ ਇਹ ਕਹਾਣੀ ਸੰਗ੍ਰਹਿ ਬਹੁਤ ਮਹੱਤਵਪੂਰਨ ਅਤੇ ਮੁੱਲਵਾਨ ਹੈ। **-ਪਰਗਟ ਸਿੰਘ ਬਰਾੜ**

## ਇਸ਼ਕ ਮਲੰਗੀ (ਕਹਾਣੀ ਸੰਗ੍ਰਹਿ) ਖ਼ਾਲਿਦ ਹੁਸੈਨ

ਆਪਣੇ ਹੱਥਲੇ ਕਹਾਣੀ ਸੰਗ੍ਰਹਿ 'ਇਸ਼ਕ ਮਲੰਗੀ' ਸਮੇਤ ਅੱਧੀ ਦਰਜਨ ਕਹਾਣੀ ਸੰਗ੍ਰਹਿ ਰਚ ਕੇ ਖ਼ਾਲਿਦ ਹੁਸੈਨ ਪੰਜਾਬੀ ਕਹਾਣੀ ਵਿਚ ਜ਼ਿਕਰਯੋਗ ਸਥਾਨ ਬਣਾ ਚੁੱਕਾ ਹੈ। ਉਹ ਸਾਧਾਰਨ ਭਾਸ਼ਾ ਵਿਚ ਸਾਧਾਰਨ ਜਾਪਦੀਆਂ ਗੱਲਾਂ ਵਿਚ ਲੁਕੀ ਅਸਾਧਾਰਨਤਾ ਦਾ ਬੇਬਾਕੀ ਨਾਲ ਪਰਦਾ ਚਾਕ ਕਰਨ ਵਾਲਾ ਕਹਾਣੀਕਾਰ ਹੈ। ਹੱਥਲੇ ਸੰਗ੍ਰਹਿ ਵਿਚ ਸ਼ਾਮਲ ਕੁੱਲ 22 ਕਹਾਣੀਆਂ ਵਿਚ ਵੀ

ਅਜਿਹੀ ਬੇਬਾਕੀ ਨੂੰ ਮਿੱਟੀ ਦਾ ਮੋਹ, ਮਾਨਵੀ ਸੰਵੇਦਨਾਵਾਂ, ਪਿਆਰ ਦੇ ਵੱਖ-ਵੱਖ ਰੰਗਾਂ, ਕਸ਼ਮੀਰੀ ਸੰਕਟ, ਅੱਤਵਾਦ, ਭਾਈਚਾਰਕ ਸਾਂਝ, ਸਿਆਸੀ ਮੁਫ਼ਾਦਾਂ, ਇਸਲਾਮ ਅਤੇ ਸੂਫ਼ੀਵਾਦ ਦੇ ਬੁਨਿਆਦੀ ਸਿਧਾਂਤਾਂ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਕਹਾਣੀਆਂ ਦੇ ਕੇਂਦਰ ਵਿਚ ਇਕ ਅਜਿਹਾ ਮਨੁੱਖ ਹੈ ਜਿਹੜਾ ਧਰਮਾਂ-ਜਾਤਾਂ ਤੇ ਹੱਦਬੰਦੀਆਂ ਦੀ ਕੈਦ ਤੋਂ ਮੁਕਤ ਹੈ।

ਖ਼ਾਲਿਦ ਹੁਸੈਨ ਨੇ ਪਛਾਣ ਦੇ ਸੰਕਟ ਨੂੰ ਬੜੀ ਕਲਾਤਮਿਕਤਾ ਨਾਲ ਉਭਾਰਿਆ ਹੈ। ਧਰਮ ਤੇ ਜਾਤ ਤੋਂ ਇਲਾਵਾ ਇਕ ਮਨੁੱਖ ਦੀ ਮਨੁੱਖ ਵਜੋਂ ਪਛਾਣ ਦੀ ਅਹਿਮੀਅਤ 'ਤੇ ਵਧੇਰੇ ਜ਼ੋਰ ਦਿੱਤਾ ਹੈ। ਭਾਰਤ, ਪਾਕਿਸਤਾਨ ਤੇ ਕਸ਼ਮੀਰ ਦੇ ਮਸਲੇ ਵਿਚ ਮਨੁੱਖ ਦੀ ਪਛਾਣ ਗੁੰਮ ਗਵਾਚ ਗਈ ਹੈ ਤੇ ਇਸ ਪਛਾਣ ਨੂੰ ਸਿੱਧ ਕਰਨ ਲਈ ਉਸ ਕੋਲ਼ ਜਾਨ ਦੇਣ ਤੋਂ ਸਿਵਾ ਕੋਈ ਰਾਹ ਨਹੀਂ ਬਚਦਾ। 'ਆਹੀਂ ਦਾ ਬਾਲਣ' ਕਹਾਣੀ ਵਿਚ ਆਪਣੀ ਪਛਾਣ ਬਣਾਉਣ ਤੇ ਸ਼ਰਾਬੀ ਪਤੀ ਦੇ ਤਸ਼ੱਦਦ ਤੋਂ ਛੁਟਕਾਰਾ ਪਾਉਣ ਲਈ ਘਰੋਂ ਭੱਜੀ ਰਾਬਿਆ ਦਰਿਆ ਵਿਚ ਰੁੜ੍ਹਦੀ ਹੋਈ ਭਾਰਤ ਦੇ ਕਬਜ਼ੇ ਹੇਠਲੇ ਉਸ ਇਲਾਕੇ ਵਿਚ ਪਹੁੰਚ ਜਾਂਦੀ ਹੈ ਜਿੱਥੇ ਉਸਦੀ ਕੋਈ ਪਛਾਣ ਨਹੀਂ ਹੁੰਦੀ। ਇਸ ਪਛਾਣ ਦਾ ਸੱਚ ਜਾਣਨ ਲਈ ਕੋਰਟ ਵਿਚ ਮੁਕੱਦਮਾ ਹੁੰਦਾ ਤੇ ਉਸਨੂੰ ਝੂਠੀ ਪਛਾਣ ਦੇ ਜੁਰਮ ਵਿਚ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਇਹ ਸਜ਼ਾ ਆਪਣੇ ਆਪ ਵਿਚ ਨਿਆਂ ਪ੍ਰਬੰਧ ਤੇ ਸੰਵਿਧਾਨਕ ਸੱਚ ਪਿੱਛੇ ਕੰਮ ਕਰਦੀ ਸਿਆਸੀ ਮਾਨਸਿਕਤਾ ਦਾ ਮੌਜੂ ਉਡਾਉਂਦੀ ਹੈ। ਜੇਲ੍ਹ ਕੈਦੀਆਂ ਨੂੰ ਦੀਨੀ ਸਬਕ ਪੜ੍ਹਾਉਣ ਵਾਲੇ ਅਨਵਰ ਦੁਆਰਾ ਆਪਣੇ ਨਾਮ ਦੀ ਪਛਾਣ ਦੇਣ ਦੇ ਸਬਜ਼ ਬਾਗ਼ ਦਿਖਾਉਣ 'ਤੇ ਉਸ ਨਾਲ ਬਣੇ ਸੰਬੰਧਾਂ ਤੋਂ ਰਾਬਿਆ ਗਰਭਵਤੀ ਹੋ ਜਾਂਦੀ ਹੈ। ਇਸੇ ਦੋਸ਼ ਵਿਚ ਅਨਵਰ ਨੂੰ ਸਜ਼ਾ ਹੋ ਜਾਂਦੀ ਹੈ। ਰਾਬਿਆ ਦੇ ਨਾਲ-ਨਾਲ ਉਸਦੀ ਬੱਚੀ ਵੀ ਬੇਪਛਾਣ ਹੋ ਜਾਂਦੀ ਹੈ।

'ਬਾਜੀ ਬਲਕੀਸ' ਕਹਾਣੀ ਦੀ ਮੁੱਖ ਪਾਤਰ ਬਲਕੀਸ ਦੀ ਸਮਾਜ ਤੇ ਮੁਹੱਲੇ ਵਿਚ ਬਹੁਤ ਗੂੜ੍ਹੀ ਪਛਾਣ ਹੈ। ਆਪਣੇ ਹੱਸਮੁਖ ਸੁਭਾਅ ਅਤੇ ਦੂਜਿਆਂ ਦੇ ਕੰਮ ਆਉਣ ਦੇ ਜਜ਼ਬੇ ਕਾਰਨ ਉਹ ਪੂਰੇ ਮੁਹੱਲੇ ਦੀ ਚਹੇਤੀ ਹੈ। ਆਰਥਿਕ ਪੱਖੋਂ ਵੀ ਉਸਦੀ ਪਛਾਣ ਮਜ਼ਬੂਤੀ ਵਾਲੀ ਹੈ। ਆਪਣੇ ਭਰਾਵਾਂ ਅਤੇ ਮਿੱਟੀ ਦੇ ਮੋਹ ਵਿਚ ਬੱਝੀ ਉਹ ਜੰਮੂ ਛੱਡ ਕੇ ਆਪਣੀ ਜਨਮ ਭੂਮੀ ਸਿਆਲਕੋਟ ਵਿਚ ਰਹਿਣ ਲੱਗਦੀ ਹੈ। ਭਰਾਵਾਂ, ਪੁੱਤਰਾਂ ਤੇ ਪੁੱਤਰਾਂ ਦੇ ਰਿਸ਼ਤੇਦਾਰਾਂ ਵੱਲੋਂ ਮਿਲ਼ ਕੇ ਲੁੱਟੇ ਜਾਣ 'ਤੇ ਉਹ ਉਦਾਸ ਹੋ ਜਾਂਦੀ ਹੈ। ਉਜਾੜਾ ਅਤੇ ਹੋਰ ਵੱਡੇ ਦੁਖਾਂਤਾਂ ਨੂੰ ਆਪਣੀ ਸਹਿਜਤਾ ਤੇ ਹਿੰਮਤ ਨਾਲ ਝੱਲਣ ਵਾਲੀ ਬਲਕੀਸ ਲਈ ਆਪਣਿਆਂ ਵੱਲੋਂ ਦਿੱਤੀ ਬੇਗਾਨਗੀ ਉਸਦੀ ਤੇ ਉਸਦੇ ਪਤੀ ਦੀ ਮੌਤ ਦਾ ਕਾਰਨ ਬਣ ਜਾਂਦੀ ਹੈ। 'ਲਕੀਰ' ਕਹਾਣੀ ਦੀ ਸਾਬਰੀ ਵੀ ਪਛਾਣ ਦਾ ਦੁਖਾਂਤ ਹੰਢਾਉਂਦੀ ਹੈ। ਕਸ਼ਮੀਰੀ ਸੰਕਟ ਦੇ ਪੈਦਾ ਹੋਣ ਸਮੇਂ ਉਹ ਆਪਣੇ ਪਿਆਰ ਸਜਾਵਲ ਤੋਂ ਅਲੱਗ ਹੋ ਜਾਂਦੀ ਹੈ। ਸਿਆਸੀ ਚੌਧਰੀਆਂ ਦੀ ਆਪਸੀ ਲੜਾਈ ਵਿਚ ਲੋਕਾਈ ਨਪੀੜੀ ਜਾਂਦੀ ਹੈ। ਕਹਾਣੀ ਦੇ ਅੰਤ 'ਤੇ ਸਜਾਵਲ ਨੂੰ ਮਿਲਣ ਆਈ ਸਾਬਰੀ ਵਾਪਸ ਜਾਣ ਸਮੇਂ ਨੋ ਮੈਨਜ਼ ਲੈਂਡ 'ਤੇ ਦਮ ਤੋੜ ਦਿੰਦੀ ਹੈ।

ਉਜਾੜੇ ਦਾ ਸੰਤਾਪ ਝੱਲ ਚੁੱਕੀ ਪੀੜ੍ਹੀ ਵਿਚ ਮਿੱਟੀ ਦਾ ਮੋਹ ਅਤੇ ਭਾਈਚਾਰਕ ਸਾਂਝ ਕਾਇਮ ਰਹਿੰਦੀ ਹੈ। ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਵਿਚ ਫ਼ਿਰਕੂ ਜ਼ਹਿਨੀਅਤ ਦੇ ਉਲਟ ਮਿੱਟੀ ਦੇ ਮੋਹ ਅਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਦਾ ਬਿਰਤਾਂਤ ਵਧੇਰੇ ਉਸਰਿਆ ਹੈ। 'ਦੀਵਾ ਬਲੇ ਉਜਾੜੀਂ' ਕਹਾਣੀ ਵਿਚ ਫ਼ੌਜੀ ਅਫਸਰ ਆਦਰਸ਼ ਭਾਟੀਆ ਦਾ ਕਸ਼ਮੀਰ ਪੋਸਟਿੰਗ ਦੌਰਾਨ ਫੌਜ ਦੀ ਗੋਲੀ ਨਾਲ ਮਰੇ ਕਸ਼ਮੀਰੀ ਦੀ ਧੀ ਰੁਖਸਾਨਾ ਨੂੰ ਭੈਣ ਬਣਾ ਕੇ ਮੱਦਦ ਕਰਨਾ ਤੇ ਪੜ੍ਹਾ-ਲਿਖਾ ਕੇ ਡਾਕਟਰ ਬਣਾ ਦੇਣਾ ਇਸੇ ਭਾਈਚਾਰਕ ਸਾਂਝ ਦਾ ਪ੍ਰਗਟਾਵਾ ਹੈ। 'ਰੂਹ ਨਗਰ ਦਾ ਸਫਰਨਾਮਾ' ਕਹਾਣੀ ਵਿਚ ਬਿਰਤਾਂਤਕਾਰ ਨੇ ਇਸੇ ਭਾਈਚਾਰਕ ਸਾਂਝ ਦੀ ਤਰਜਮਾਨੀ ਕਰਦੀਆਂ ਕੁਝ ਰੂਹਾਂ ਦੀ ਗੱਲ ਕੀਤੀ ਹੈ। ਰੀਨੂੰ ਬਖਸ਼ੀ, ਰਾਜਨ ਜੁਤਸ਼ੀ, ਬ੍ਰਿਜਨਾਥ ਦੇ ਬਿਰਤਾਂਤ ਧਰਮਾਂ ਤੋਂ ਪਾਸੇ ਇਨਸਾਨੀ ਕਦਰਾਂ-ਕੀਮਤਾਂ ਤੇ ਸਾਂਝੇ ਸਭਿਆਚਾਰ ਦੀ ਮੁੜ ਉਸਾਰੀ ਦਾ ਯਤਨ ਹੈ।

ਖ਼ਾਲਿਦ ਹੁਸੈਨ ਫ਼ਿਰਕੂ ਭਾਵਨਾਵਾਂ ਤੇ ਦਹਿਸ਼ਤਗਰਦੀ ਦੇ ਮਾਹੌਲ ਵਿਚ ਵੀ ਮਨੁੱਖੀ ਜਜ਼ਬਿਆਂ ਨੂੰ ਪ੍ਰਮੁੱਖਤਾ ਦਿੰਦਾ ਹੈ। ਜਜ਼ਬੇ ਕਿਸੇ ਵੀ ਵਿਚਾਰ, ਧਰਮ ਤੇ ਮਾਨਤਾਵਾਂ ਦੇ ਗ਼ੁਲਾਮ ਨਹੀਂ ਹੁੰਦੇ। 'ਇਕ ਮਰੇ ਬੰਦੇ ਦੀ ਕਹਾਣੀ', 'ਜੁੱਤੀ ਕਸੂਰੀ' ਕਹਾਣੀਆਂ ਵਿਚ ਇਹਨਾਂ ਜਜ਼ਬਿਆਂ ਦੀ ਭਰਵੀਂ ਪੇਸ਼ਕਾਰੀ ਹੋਈ ਹੈ। 'ਇਕ ਮਰੇ ਬੰਦੇ ਦੀ ਕਹਾਣੀ' ਦਾ ਨਾਇਕ ਮੰਜ਼ੂਰ ਪੁਲਿਸ ਦੇ ਰਵੱਈਏ ਤੋਂ ਤੰਗ ਆਇਆ ਅੱਤਵਾਦੀਆਂ ਨਾਲ ਰਲ਼ ਜਾਂਦਾ ਹੈ। ਅੱਤਵਾਦੀਆਂ ਨਾਲ ਰਲ਼ਣ ਦੇ ਬਾਵਜੂਦ ਉਸਦੇ ਮਨੁੱਖੀ ਜਜ਼ਬੇ ਮਰਦੇ ਨਹੀਂ। ਆਪਣੇ ਜਜ਼ਬਿਆਂ ਦਾ ਪ੍ਰਗਟਾਵਾ ਕਰਨ ਬਦਲੇ ਉਹ ਅੱਤਵਾਦੀਆਂ ਵੱਲੋਂ ਮਾਰਿਆ ਜਾਂਦਾ ਹੈ। 'ਖੂਹ ਤੇ ਖਾਈ' ਕਹਾਣੀ ਵਿਚ ਬਦਲੇ ਦੀ ਭਾਵਨਾ ਨਾਲ ਅੱਤਵਾਦੀਆਂ ਨਾਲ ਰਲ਼ੇ ਸਲਾਮ ਪੰਡਤ ਦਾ ਮਨ ਵੀ ਅੱਤਵਾਦੀਆਂ ਦੀਆਂ ਮਨੁੱਖ-ਵਿਰੋਧੀ ਗਤੀਵਿਧੀਆਂ ਤੋਂ ਉਚਾਟ ਰਹਿੰਦਾ ਹੈ। ਆਪਣੇ ਜਜ਼ਬਿਆਂ ਵਿਚ ਘਿਰਿਆ ਉਹ ਪੁਲਿਸ ਅਤੇ ਅੱਤਵਾਦੀਆਂ ਦੀ ਨਜ਼ਰ ਵਿਚ ਦੋਸ਼ੀ ਬਣ ਜਾਂਦਾ ਹੈ। 'ਜੁੱਤੀ ਕਸੂਰੀ' ਕਹਾਣੀ ਵਿਚ ਪੱਤਰਕਾਰਾਂ ਦੇ ਹਵਾਲੇ ਨਾਲ ਗੱਲ ਕਰਦਿਆਂ ਇਹਨਾਂ ਜਜ਼ਬਿਆਂ ਦੀ ਸੁੱਚਤਾ ਨੂੰ ਸਹੀ ਸੰਦਰਭ ਵਿਚ ਸਮਝਣ ਦੀ ਬਜਾਏ ਜਜ਼ਬਿਆਂ ਦਾ ਸਿਆਸੀਕਰਨ ਕਰਦੇ ਮੀਡੀਆ 'ਤੇ ਵਿਅੰਗ ਕਸਿਆ ਗਿਆ ਹੈ। 'ਸੋਨੇ ਦੀ ਝੱਕਰੀ' ਕਹਾਣੀ ਵਿਚ ਰਘੂਨੰਦਨ ਵਰਗਿਆਂ ਦੇ ਮਨ ਵਿਚ ਪਏ ਫ਼ਿਰਕੂ ਵਿਚਾਰਾਂ ਕਾਰਨ ਮੁਸਲਮਾਨਾਂ ਪ੍ਰਤੀ ਨਫ਼ਰਤ ਨੂੰ ਭਾਈਚਾਰਕ ਸਾਂਝ ਤੇ ਮੁਹੱਬਤ ਦੇ ਜਜ਼ਬਿਆਂ ਰਾਹੀਂ ਘੱਟ ਕਰਨ ਦਾ ਬਿਰਤਾਂਤ ਹੈ।

'ਸ਼ਾਦਾਂ ਬਿੱਲੀ ਜੰਮੂ ਵਾਲੀ' ਅਤੇ 'ਇਸ਼ਕ ਮਲੰਗੀ' ਕਹਾਣੀਆਂ ਵਿਚ ਖ਼ਾਲਿਦ ਹੁਸੈਨ ਨੇ ਕੋਠਿਆਂ 'ਤੇ ਅਮੀਰਜ਼ਾਦਿਆਂ ਲਈ ਨੱਚਣ ਗਾਉਣ ਵਾਲੀਆਂ ਨਰਤਕੀਆਂ ਤੇ ਉਹਨਾਂ ਨਾਲ ਜੁੜੇ ਵਿਅਕਤੀਆਂ ਦੇ ਬਿਰਤਾਂਤ ਸਿਰਜੇ ਹਨ। 'ਸ਼ਾਦਾਂ ਬਿੱਲੀ ਜੰਮੂ ਵਾਲੀ' ਕਹਾਣੀ ਸੋਹਣੀ ਤੇ ਸੁਰੀਲੀ ਗਾਇਕਾ ਸ਼ਾਦਾਂ ਲਈ ਮਰ ਮਿਟਣ ਵਾਲੇ ਗ਼ਫ਼ੂਰ ਭਲਵਾਨ, ਸ਼ਾਦਾਂ ਨੂੰ ਧੱਕੇ ਨਾਲ ਆਪਣੀ ਕਹਿਣ ਵਾਲੇ ਅੜਬ ਰਾਜਪੂਤ ਅਜੇ ਸਿੰਘ ਚਾੜਕ ਅਤੇ ਸ਼ਾਦਾਂ ਦੇ ਮਨਪਸੰਦ ਯੂਸਫ ਦੇ ਆਪਸੀ ਟਕਰਾਓ ਦੀ ਕਹਾਣੀ ਹੈ। ਅਜੇ ਸਿੰਘ ਚਾੜਕ ਯੂਸਫ ਨੂੰ ਕਤਲ ਕਰ ਦਿੰਦਾ ਹੈ ਅਤੇ ਇਸ ਗੱਲ 'ਤੇ ਗ਼ਫ਼ੂਰਾ ਭਲਵਾਨ ਅਜੇ ਸਿੰਘ ਚਾੜਕ ਨੂੰ ਕਤਲ ਕਰਕੇ ਕੈਦ ਹੋ ਜਾਂਦਾ ਹੈ। ਇਸ ਘਟਨਾ ਤੋਂ ਨਿਰਾਸ ਹੋਈ ਸ਼ਾਦਾਂ ਨੱਚਣਾ-ਗਾਉਣਾ ਛੱਡ ਕੇ ਫ਼ਕੀਰੀ ਜੀਵਨ ਧਾਰਨ ਕਰ ਲੈਂਦੀ ਹੈ। ਗ਼ਫ਼ੂਰਾ ਵੀ ਜੇਲ੍ਹ ਵਿਚ ਰਹਿੰਦਿਆਂ ਸੂਫ਼ੀਆਂ ਦਾ ਬਾਣਾ ਪਾ ਲੈਂਦਾ ਹੈ। ਦੋਹਾਂ ਵੱਲੋਂ ਫਕੀਰੀ ਜੀਵਨ ਧਾਰਨ ਕਰਨਾ ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ ਵਿਚ ਪਰਿਵਰਤਤ ਹੋਣ ਦਾ ਚਿਹਨ ਹੈ। 'ਪ੍ਰੇਮ ਖੇਲਣ ਕਾ ਚਾਓ' ਕਹਾਣੀ ਦਾ ਮੁੱਖ ਪਾਤਰ ਹਮਾਯੂੰ ਆਪਣੇ ਪੁੱਤਰਾਂ ਵੱਲੋਂ ਤ੍ਰਿਸਕਾਰੇ ਜਾਣ 'ਤੇ ਫ਼ਕੀਰੀ ਜੀਵਨ ਧਾਰਨ ਕਰ ਲੈਂਦਾ ਹੈ। 'ਇਸ਼ਕ ਮਲੰਗੀ' ਕਹਾਣੀ ਵਿਚ ਕਾਲੇ ਖਾਨ ਦੀਆਂ ਫਿਰੋਜ਼ਾ ਬੀਬੀ ਪ੍ਰਤੀ ਪਿਆਰ ਭਾਵਨਾਵਾਂ ਦਾ ਭਾਵੁਕ ਵਰਨਣ ਹੈ। ਕਾਲੇ ਖਾਨ ਸੱਚੀਆਂ ਪਿਆਰ ਭਾਵਨਾਵਾਂ ਦਾ ਪ੍ਰਤੀਕ ਹੈ ਜਦਕਿ ਫਿਰੋਜ਼ਾ ਪੈਸੇ ਦੀ ਚਮਕ ਦਮਕ ਤੇ ਝੂਠੀ ਦੀਵਾਨਗੀ ਦੀ ਪ੍ਰਸ਼ੰਸਕ ਹੈ।

ਖ਼ਾਲਿਦ ਹੁਸੈਨ ਨੇ ਆਪਣੀਆਂ ਕਹਾਣੀਆਂ ਵਿਚ ਜਿੱਥੇ ਕਸ਼ਮੀਰ ਸੰਕਟ ਪਿੱਛੇ ਕੰਮ ਕਰਦੀ ਸਿਆਸੀ ਮਾਨਸਿਕਤਾ ਦੀ ਪੇਸ਼ਕਾਰੀ ਕੀਤੀ ਹੈ ਉੱਥੇ ਆਮ ਲੋਕਾਂ ਅਤੇ ਨਵੀਂ ਪੀੜ੍ਹੀ ਦੇ ਕਸ਼ਮੀਰ ਨਜ਼ਰੀਏ ਅਤੇ ਵਿਰੋਧ ਨੂੰ ਵੀ ਅੰਕਿਤ ਕੀਤਾ ਹੈ। 'ਜਿਉਂਦਿਆਂ ਮਰ ਰਹੀਏ' ਸਿਆਸੀ ਖਿੱਚੋਤਾਣ ਦੀ ਪ੍ਰਤੀਕਮਈ ਰੂਪ ਵਿਚ ਗੱਲ ਕਰਦੀ ਕਹਾਣੀ ਹੈ। ਕਹਾਣੀ ਵਿਚੋਂ ਭਾਰਤ, ਪਾਕਿਸਤਾਨ (ਯਾਜੂਜ, ਮਾਜੂਜ) ਅਤੇ ਅਮਰੀਕਾ (ਗਲੋਬਲੀ ਸਰਪੰਚ) ਦੇ ਚਿਹਨ ਆਸਾਨੀ ਨਾਲ ਪਛਾਣੇ ਜਾ ਸਕਦੇ ਹਨ। 'ਵੇਲ਼ੇ ਦੀ ਵਾਰ' ਕਹਾਣੀ ਵਿਚ ਹਨੀਮੂਨ 'ਤੇ ਕਸ਼ਮੀਰ ਗਏ ਨਵੇਂ ਵਿਆਹੇ ਹਿੰਦੂ ਜੋੜੇ ਨੂੰ ਅੱਤਵਾਦੀਆਂ ਵੱਲੋਂ ਰੋਕ ਕੇ ਕੁਰਾਨ ਦੀ ਆਇਤ ਸੁਣਾਉਣ ਲਈ ਕਿਹਾ ਜਾਂਦਾ ਹੈ ਪਰ ਉਹਨਾਂ ਵੱਲੋਂ ਗਾਇਤਰੀ ਮੰਤਰ ਸੁਣਾ ਕੇ ਬਚ ਨਿਕਲਣ ਦਾ ਬਿਰਤਾਂਤ ਸਪੱਸ਼ਟ ਕਰਦਾ ਹੈ ਕਿ ਜੇਹਾਦ ਦੇ ਨਾਂਅ 'ਤੇ ਇਕੱਠੇ ਹੋਏ ਅੱਤਵਾਦੀ ਕੁਰਾਨ ਦੇ ਪਾਠ ਅਤੇ ਸਿੱਖਿਆ ਤੋਂ

ਕੋਹਾਂ ਦੂਰ ਹਨ। ਉਹਨਾਂ ਦਾ ਬਰੇਨ ਵਾਸ਼ ਕਰਕੇ ਜਹਾਦੀ ਬਣਾ ਦਿੱਤਾ ਜਾਂਦਾ ਹੈ। ਮਨੁੱਖਤਾ ਅਤੇ ਭਾਈਚਾਰਕ ਸਾਂਝ ਲਈ ਕੰਮ ਕਰਦੇ ਲੋਕ ਮਰ ਕੇ ਵੀ ਸਿਮਰਤੀਆਂ ਵਿਚ ਜਿਉਂਦੇ ਰਹਿੰਦੇ ਹਨ। ਖ਼ਾਲਿਦ ਹੁਸੈਨ ਆਪਣੀਆਂ ਕਹਾਣੀਆਂ ਵਿਚ ਅਜਿਹੇ ਕਿਰਦਾਰਾਂ ਨੂੰ ਵਿਸ਼ੇਸ਼ ਥਾਂ ਦਿੰਦਾ ਹੈ। 'ਜਿਉਂਦੀਆਂ ਅੱਖਾਂ ਦੀ ਦਾਸਤਾਨ' ਕਹਾਣੀ ਭਾਈਚਾਰਕ ਸਾਂਝ ਲਈ ਮਰ ਮਿਟਣ ਵਾਲੇ ਲੋਕਾਂ ਦੀ ਕਿਰਦਾਰਕਸ਼ੀ ਹੈ। ਇਸੇ ਲਈ ਬਿਰਤਾਂਤਕਾਰ ਦੇ ਬੋਝੇ ਵਿਚ ਪਈਆਂ ਵੱਖ-ਵੱਖ ਅੱਖਾਂ ਬਿਰਤਾਂਤਕਾਰ ਨੂੰ ਜਿਉਂਦੀਆਂ ਜਾਗਦੀਆਂ ਪ੍ਰਤੀਤ ਹੁੰਦੀਆਂ ਹਨ।

ਖ਼ਾਲਿਦ ਹੁਸੈਨ ਕਸ਼ਮੀਰ ਸੰਕਟ ਦੇ ਸੰਦਰਭ ਵਿਚ ਭਾਰਤੀ ਫੌਜ ਦੇ ਚੰਗੇ ਤੇ ਬੁਰੇ ਦੋਨਾਂ ਪੱਖਾਂ ਦੀ ਗੱਲ ਕਰਦਾ ਹੈ। 'ਖੂਹ ਤੇ ਖਾਈ', 'ਖੇਡਣ ਨੂੰ ਮੰਗੇ ਚੰਨ' ਕਹਾਣੀਆਂ ਵਿਚ ਫੌਜ ਦੀਆਂ ਬੇਕਿਰਕ ਕਾਰਵਾਈਆਂ, ਤਲਾਸ਼ੀ ਦੇ ਨਾਂਅ 'ਤੇ ਇਸਤਰੀਆਂ ਦੀ ਬੇਪਤੀ ਆਦਿ ਨੂੰ ਰੂਪਮਾਨ ਕੀਤਾ ਗਿਆ ਹੈ। 'ਖੇਡਣ ਨੂੰ ਮੰਗੇ ਚੰਨ' ਕਹਾਣੀ ਵਿਚ ਪੱਥਰਬਾਜ਼ੀ ਕਰਦੇ ਨੌਜਵਾਨਾਂ, ਬੱਚਿਆਂ ਉੱਤੇ ਗੋਲੀਬਾਰੀ ਕਰਨ ਦੌਰਾਨ ਮਾਰੇ ਗਏ ਕਿਸੇ ਆਪਣੇ ਦੀ ਲਾਸ਼ ਕੋਲ ਬੈਠੇ ਦੋ-ਢਾਈ ਸਾਲ ਦੇ ਬੱਚੇ ਨੂੰ ਫੌਜੀ ਅਫਸਰ ਚਾਕਲੇਟ ਅਤੇ ਟਾਫੀਆਂ ਦੇ ਕੇ ਚੁੱਪ ਕਰਾਉਂਦਾ ਹੈ। ਅਫਸਰ ਬੱਚੇ ਨੂੰ ਪੁੱਛਦਾ ਹੈ ਕਿ ਕੁਝ ਹੋਰ ਚਾਹੀਦਾ ਹੈ? ਬੱਚਾ ਆਖਦਾ ਹੈ, "ਆਜ਼ਾਦੀ..।" ਬੱਚੇ ਦਾ ਜਵਾਬ ਸੰਕਟ ਭੋਗ ਰਹੀ ਨਵੀਂ ਪੀੜ੍ਹੀ ਦੀ ਚੇਤਨਾ ਦਾ ਪ੍ਰਤੀਕ ਹੈ। ਇਹ ਨਵੀਂ ਪੀੜ੍ਹੀ ਫੌਜ ਦਾ ਤਸ਼ੱਦਦ ਸਹਿ ਕੇ ਵੀ ਆਪਣੇ ਬੁਨਿਆਦੀ ਹੱਕਾਂ ਦੀ ਲੜਾਈ ਲੜਦੀ ਹੈ। ਪੱਥਰਬਾਜ਼ੀ ਕਰਕੇ ਆਪਣਾ ਵਿਰੋਧ ਜਤਾਉਂਦੀ ਹੈ।

'ਬਾਬੇ ਨੂਰੇ ਦੀ ਵੇਲ' ਕਹਾਣੀ ਸਿਆਸੀ ਭ੍ਰਿਸ਼ਟਤਾ ਦੀ ਯਥਾਰਥਕ ਪੇਸ਼ਕਾਰੀ ਹੈ। ਭੱਠਾ ਮਾਲਕ ਸ਼ੰਕਰ ਆਪਣੇ ਸਿਆਸੀ ਭਾਈਵਾਲ ਨਾਲ ਮਿਲ ਕੇ ਇੱਟਾਂ ਬਣਾਉਣ ਲਈ ਕਬਰਸਤਾਨ ਵਿਚੋਂ ਮਿੱਟੀ ਪੁੱਟਦਾ ਹੈ। ਇਸ ਅਫਸਰਸ਼ਾਹੀ ਅਤੇ ਪੂੰਜੀਪਤੀਆਂ ਦੀ ਮਿਲੀ ਭੁਗਤ ਨਾਲ ਉਸਰੇ ਲੁੱਟ ਪ੍ਰਬੰਧ ਨੂੰ ਖਤਮ ਕਰਨ ਦੇ ਇੱਛੁਕ ਕਹਾਣੀ ਦੇ ਮੈਂ ਪਾਤਰ ਡੀ.ਸੀ. ਨੂੰ ਜ਼ਿਲ੍ਹਾ ਪ੍ਰਸ਼ਾਸ਼ਨ ਦੀ ਥਾਂ ਕਿਸੇ ਹੋਰ ਮਹਿਕਮੇ ਵਿਚ ਬਦਲ ਦਿੱਤਾ ਜਾਂਦਾ ਹੈ। ਦੋ ਛੋਟੀਆਂ ਕਹਾਣੀਆਂ 'ਕਾਗ ਨਾ ਥੀਂਦੇ ਬੱਗੇ' ਅਤੇ 'ਗਊ ਰਕਸ਼ਕ' ਵਿਚ ਰਾਸ਼ਟਰਵਾਦ, ਪ੍ਰਾਚੀਨ ਸਭਿਆਚਾਰਕ ਤੇ ਧਾਰਮਿਕ ਪਰੰਪਰਾ ਦੇ ਅਖੌਤੀ ਰਾਖੇ ਹੋਣ ਦਾ ਵਿਅੰਗਮਈ ਬਿਰਤਾਂਤ ਸਿਰਜਿਆ ਗਿਆ ਹੈ। ਇਹਨਾਂ ਕਹਾਣੀਆਂ ਵਿਚ ਆਏ ਚਰਿੱਤਰ ਸਮਕਾਲੀ ਰਾਜਨੀਤੀ ਵਿਚ ਰਾਸ਼ਟਰਵਾਦ ਦੇ ਨਾਂਅ ਹੇਠ ਗੁੰਡਾਗਰਦੀ ਕਰਨ ਵਾਲੇ ਦੰਭੀ ਕਿਰਦਾਰਾਂ ਨਾਲ ਸਹਿਜੇ ਹੀ ਮੇਲ ਖਾਂਦੇ ਹਨ।

ਕਲਾਤਮਕ ਪੱਖ ਤੋਂ ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਦਾ ਬਿਰਤਾਂਤਕ ਸੰਗਠਨ ਬਹੁਤ ਸੁਚੇਤ ਤੇ ਸਹਿਜ ਰੂਪ ਵਿਚ ਬੁਣਿਆ ਹੋਇਆ ਹੈ। ਕਹਾਣੀਆਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਹਨਾਂ ਦੀ ਭਾਸ਼ਾਈ ਯੋਗਤਾ ਹੈ। ਲੋਕ ਮੁਹਾਵਰੇਦਾਰ ਵਾਰਤਾਲਾਪ ਨੂੰ ਅਲੰਕਾਰਕ ਸ਼ੈਲੀ ਵਿਚ ਪੇਸ਼ ਕਰਨਾ ਔਖਾ ਕਾਰਜ ਹੁੰਦਾ ਹੈ ਪਰ ਖ਼ਾਲਿਦ ਹੁਸੈਨ ਨੇ ਇਹ ਕਾਰਜ ਐਨੀ ਸਹਿਜਤਾ ਨਾਲ ਕੀਤਾ ਹੈ ਕਿ ਇਸਦੀ ਪੜ੍ਹਨਯੋਗਤਾ ਹੋਰ ਵੀ ਵਧ ਜਾਂਦੀ ਹੈ। ਮੁਹਾਵਰੇਦਾਰ ਵਾਰਤਾਲਾਪ ਉਸਦੀ ਕਹਾਣੀ ਦੀ ਰੌਚਕਤਾ ਵੀ ਵਧਾਉਂਦੀ ਹੈ ਤੇ ਕਟਾਖਸ਼ ਨੂੰ ਵੀ ਤਿੱਖਾ ਕਰਦੀ ਹੈ। ਭਾਸ਼ਾ ਦੀ ਵਰਤੋਂ ਬਾਰੇ ਉਹ ਸ਼ੋਲੋਖੋਵ ਤੋਂ ਦਿਸ਼ਾ ਨਿਰਦੇਸ਼ ਲੈਂਦਾ ਹੈ। ਉਕਤ ਵਿਸ਼ਾਗਤ ਤੇ ਵਿਧਾਗਤ ਵਿਸ਼ੇਸ਼ਤਾਵਾਂ ਕਰਕੇ ਖ਼ਾਲਿਦ ਹੁਸੈਨ ਦਾ ਇਹ ਕਹਾਣੀ ਸੰਗ੍ਰਹਿ ਪੜ੍ਹਨਯੋਗ ਹੈ। **-ਡਾ. ਹਰਿੰਦਰ ਸਿੰਘ**

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਅਕਤੂਬਰ, 2020

ਉੱਘੇ ਕਰਮਸ਼ੀਲ ਲੇਖਕ
ਗੁਲਜ਼ਾਰ ਸਿੰਘ ਸੰਧੂ ਦਾ ਨਵਾਂ ਨਾਵਲ

# ਪਰੀ ਸੁਲਤਾਨਾ




'ਨਾਵਲ 'ਪਰੀ ਸੁਲਤਾਨਾ' ਦੀ ਨਾਇਕਾ ਇਰਾਨੀ ਮੁਸਲਮਾਨਾਂ ਦੇ ਘਰ ਜੰਮੀ, ਪਿਸ਼ਾਵਰ ਦੇ ਬਹਾਈ ਸਿੱਖਾਂ ਨੇ ਗੋਦ ਲਈ ਅਤੇ ਪਾਣੀਪਤ ਦੇ ਹਿੰਦੂ ਬੇਦੀ ਪਰਿਵਾਰ ਵਿਚ ਵਿਆਹੀ ਗਈ। ਧਾਰਨਾ ਅਗਾਂਹਵਧੂ ਰਹੀ । ਅਮਲੀ ਜਾਮਾ ਕਾਂਗਰਸੀ ਵੀ ਰਿਹਾ, ਸਮਾਜਵਾਦੀ ਵੀ ਤੇ ਮਾਰਕਸਵਾਦੀ ਵੀ। ਇਤਿਹਾਸਕ, ਮਿਥਿਹਾਸਕ ਤੇ ਸਥਾਨਕ ਵੇਰਵੇ ਸੇਧ ਦੱਸਣ ਲਈ ਵਰਤੇ ਗਏ, ਇਤਿਹਾਸ ਜਾਂ ਭੂਗੋਲ ਪੜ੍ਹਾਉਣ ਲਈ ਨਹੀਂ'। -ਗੁਲਜ਼ਾਰ ਸਿੰਘ ਸੰਧੂ

ਪੰਨੇ 184 ਸੁੰਦਰ ਦਿੱਖ ਮੁੱਲ 250 ਰੁਪਏ

ਲੋਕਗੀਤ ਪ੍ਰਕਾਸ਼ਨ, ਮੁਹਾਲੀ

**SIRJANA** Literary Punjabi Quarterly Chandigarh
No. 198 ISSN 2455-1058 October-December 2020
Registered with the Registrar of Newspapers for India vide R.N. 10215/65

'ਵਿਚਲੀ ਉਂਗਲ' ਅਤੇ 'ਝੁਮਕੇ' ਤੋਂ ਪਿੱਛੋਂ ਕੈਨੇਡਾ ਵਸਦੇ
ਚਿੰਤਨਸ਼ੀਲ ਸਮਰੱਥ ਲੇਖਕ ਕੁਲਜੀਤ ਮਾਨ ਦਾ ਸੱਜਰਾ ਕਹਾਣੀ ਸੰਗ੍ਰਹਿ

## ਮਿਲ ਗਿਆ ਨੈੱਕਲਸ




'ਮਿਲ ਗਿਆ ਨੈੱਕਲੈਸ' ਕਹਾਣੀ ਸੰਗ੍ਰਹਿ ਪੰਜਾਬੀ ਤੇ ਪੱਛਮੀ ਸਮਾਜ ਦੇ ਮੂਲ ਵਿਧਾਨ, ਸੰਸਕਾਰਾਂ, ਕਦਰਾਂ-ਕੀਮਤਾਂ, ਸਭਿਆਚਾਰਕ ਰੀਤਾਂ ਤੇ ਸਮਾਜਕ ਸੰਸਥਾਵਾਂ ਖ਼ਾਸ ਤੌਰ 'ਤੇ ਪਰਿਵਾਰ ਦੇ ਵਿਘਟਨ ਤੇ ਖੋਖਲੇਪਣ ਦੇ ਕਾਰਨਾਂ ਦੀ ਤਲਾਸ਼ ਕਰਦਾ ਹੈ ਅਤੇ ਪਰਿਵਾਰ ਦੇ ਨਰੋਏ ਉਸਾਰ ਲਈ ਲੋੜੀਂਦੀਆਂ ਸਥਿਤੀਆਂ ਤੇ ਵਿਚਾਰਾਂ ਦੇ ਧਰਾਤਲ ਦੀ ਨਿਸ਼ਾਨਦੇਹੀ ਕਰਦਾ ਹੈ। ਸੰਘਣੀ ਤੇ ਗਠੀਲੀ ਬੁਣਤੀ ਵਾਲੀਆਂ ਇਸ ਸੰਗ੍ਰਹਿ ਦੀਆਂ ਕਹਾਣੀਆਂ ਪਾਠਕ ਨੂੰ ਸੋਚਣ ਵੀ ਲਾਉਂਦੀਆਂ ਹਨ।

ਪੰਨੇ 175 ਸੁੰਦਰ ਦਿੱਖ ਮੁੱਲ 250 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ